ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 11 | Issue 23 | 11 June 2021 to 17 June 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਘੱਲੂਘਾਰਾ 84 ਦੀ ਬਰਸੀ ਮੌਕੇ ਅਕਾਲ ਤਖ਼ਤ ਸਾਹਿਬ ਖਾਲਿਸਤਾਨ ਦੇ ਨਾਅਰਿਆਂ ਨਾਲ ਗੂੰਜਿਆ










- ਸੰਗਤਾਂ ਭਾਰੀ ਗਿਣਤੀ ਵਿਚ ਵਹੀਰਾਂ ਘਤਕੇ ਪਹੁੰਚੀਆਂ
- ਜਥੇਦਾਰ ਨੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਗਾਉਣ ਨੂੰ ਜਾਇਜ਼ ਦੱਸਿਆ
- ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬੇਦੋਸ਼ਿਆਂ 'ਤੇ ਹਮਲਾ ਸ਼ਰਮਨਾਕ ਕਾਰਾ : ਦੀਪ ਸਿੱਧੂ
- 84 ਦੇ ਫ਼ੌਜੀ ਹਮਲੇ ਸਬੰਧੀ ਸ਼੍ਰੋਮਣੀ ਕਮੇਟੀ ਵਲੋਂ ਛਾਪਿਆ ਵਾਈਟ ਪੇਪਰ ਮੁੜ ਕੀਤਾ ਜਾਵੇਗਾ ਪ੍ਰਕਾਸ਼ਿਤ-ਬੀਬੀ ਜਗੀਰ ਕੌਰ

**ਅੰਮ੍ਰਿਤਸਰ/ਏ.ਟੀ.ਨਿਊਜ਼** : ਜੂਨ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਦੇ ਘੱਲੂਘਾਰਾ ਦਿਹਾੜੇ ਨੂੰ ਛੇ ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਵੱਲੋਂ ਮਨਾਇਆ ਗਿਆ। ਭਾਰੀ ਗਿਣਤੀ ਵਿਚ ਸੰਗਤਾਂ ਵਹੀਰਾਂ ਘਤਕੇ ਪਹੁੰਚੀਆਂ । ਕੀਰਤਨ ਉਪਰੰਤ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਸੰਦੇਸ਼ ਦਿਤਾ ਗਿਆ। 1984 ਨੂੰ ਯਾਦ ਕਰਦਿਆਂ ਉਨਾਂ ਕਿਹਾ ਕਿ ਜਿਸ ਤਰਾਂ 1962 ਵਿੱਚ ਚੀਨ ਨੇ ਹਮਲਾ ਕੀਤਾ ਤੇ 1971 ਵਿੱਚ ਪਾਕਿਸਤਾਨ 'ਤੇ ਹਮਲਾ ਕੀਤਾ, ਬਿਲਕੁਲ ਉਸੇ ਤਰਾਂ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ।ਇਹ ਇੱਕ ਨਾਸੂਰ ਬਣ ਚੁੱਕਿਆ ਹੈ । ਨਾਸੂਰ ਦੀ ਪੀੜ ਠੰਡੀ ਕਰਨ ਲਈ ਅਸੀਂ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਮਾਰਦੇ ਹਾਂ।

ਇਸ ਨਾਸੂਰ ਦੀ ਦਵਾਈ ਅਸੀਂ ਸਾਰੇ ਜਾਣਦੇ ਹਾਂ ਪਰ ਇਹ ਪ੍ਰਾਪਤ ਕਿਵੇਂ ਹੋਣੀ ਹੈ ਇਸ ਬਾਰੇ ਅਸੀਂ ਕਦੇ ਸਿਰ ਜੋੜ ਕੇ ਵਿਚਾਰ ਨਹੀਂ ਕੀਤਾ। ਅੱਜ ਮਤਭੇਦ ਭੁਲਾ ਕੇ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਵਿੱਚ ਇਕੱਠੇ ਹੋ ਕੇ ਬੈਠੀਏ।ਨਸਲਕੁਸ਼ੀ ਇੱਕ ਨਵੰਬਰ ਤੋਂ ਚਾਰ ਨਵੰਬਰ ਤੱਕ ਹੋਈ ਹੈ। ਦਿੱਲੀ, ਕਾਨਪੁਰ, ਟਾਟਾ ਨਗਰ ਦੀਆਂ ਸੜਕਾਂ 'ਤੇ, ਇੱਥੇ (ਅਸੀਂ) ਜਰਵਾਣਿਆਂ ਨਾਲ ਅਕਾਲ ਪੁਰਖ਼ ਦੀ ਬਖ਼ਸ਼ੀ ਸਮਰੱਥਾ ਮੁਤਾਬਕ ਮੁਕਾਬਲਾ ਕੀਤਾ ਹੈ। ਬਿਲਕੁਲ ਉਸੇ ਤਰਾਂ ਜਿਵੇਂ 1747 ਵਿੱਚ ਕਾਹਨੂੰਵਾਨ ਦੇ ਛੰਭ ਦੇ ਵਿੱਚ ਕੀਤਾ ਸੀ ਭਾਵੇਂ ਸੱਤ ਹਜ਼ਾਰ ਸਿੰਘ ਬੱਚੇ-ਬੱਚੀਆਂ ਸ਼ਹੀਦ ਹੋਏ। ਜਿਉਂ ਹੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕੌਮ ਦੇ ਨਾਂ ਸੰਦੇਸ਼ ਜਾਰੀ ਕਰਨ ਲੱਗੇ ਤਾਂ ਉਸ ਵੇਲੇ ਦਲ ਖਾਲਸਾ, ਅਕਾਲੀ ਦਲ ਅੰਮ੍ਰਿਤਸਰ ਤੇ ਸਰਬਤ ਖਾਲਸਾ ਦੇ ਵਰਕਰਾਂ ਵੱਲੋਂ ਖਾਲਿਸਤਾਨ ਜ਼ਿੰਦਾਬਾਦ ਦੀ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਗਈ। ਜਦੋਂ ਤਕ ਜਥੇਦਾਰ ਅਕਾਲ ਤਖ਼ਤ 'ਤੇ ਆਪਣਾ ਸੰਦੇਸ਼ ਦਿੰਦੇ ਰਹੇ, ਉਦੋਂ ਤਕ ਕੰਪਲੈਕਸ ਵਿਚ ਨਾਅਰੇਬਾਜ਼ੀ ਹੁੰਦੀ ਰਹੀ।ਕਈ ਗਰਮ ਖ਼ਿਆਲੀਆਂ ਦੇ ਹੱਥਾਂ ਵਿਚ 'ਖ਼ਾਲਿਸਤਾਨ ਜ਼ਿੰਦਾਬਾਦ' ਤੇ 'ਖ਼ਾਲਿਸਤਾਨ ਸਾਡਾ ਹੱਕ ਹੈ' ਲਿਖੇ ਬੈਨਰ ਨਜ਼ਰ ਆਏ ਹਨ। ਸੰਤ ਭਿੰਡਰਾਂਵਾਲੇ ਦੇ ਪੋਸਟਰ ਲਹਿਰਾਏ ਗਏ ਤੇ ਖ਼ਾਲਿਸਤਾਨ ਦੇ ਝੰਡੇ ਤੇ ਤਲਵਾਰਾਂ ਵੀ ਲਹਿਰਾਈਆਂ ਗਈਆਂ।

ਸ਼ਹੀਦਾਂ ਦੇ ਪਰਿਵਾਰਾਂ ਨੂੰ ਅਕਾਲ ਤਖ਼ਤ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵੱਲੋਂ ਸਨਮਾਨਿਤ ਕੀਤਾ ਗਿਆ।

ਇਸ ਤੋਂ ਬਾਅਦ ਸਰਬਤ ਖਾਲਸਾ ਦੇ ਜਥੇਦਾਰ ਧਿਆਨ ਸਿੰਘ ਮੰਡ ਨੇ ਸ਼ਹੀਦੀ ਯਾਦਗਾਰ ਗੁਰਦੁਆਰਾ ਕੋਲ ਜਿਵੇਂ ਹੀ ਕੌਮ ਦੇ ਨਾਂ ਸੰਦੇਸ਼ ਦੇਣਾ ਸ਼ੁਰੂ ਕੀਤਾ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਗੁਰਬਾਣੀ ਕੀਰਤਨ ਦੀ ਆਵਾਜ਼ ਤੇਜ਼ ਕਰ ਦਿੱਤੀ ਗਈ। ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਆਪਣੇ ਪੁੱਤਰ ਤੇ ਵੱਡੀ ਗਿਣਤੀ 'ਚ ਵਰਕਰਾਂ ਦੇ ਨਾਲ ਸ੍ਰੀ ਅਕਾਲ ਤਖ਼ਤ ਤਕ ਪਹੁੰਚੇ।ਮਾਨ ਨੇ ਵੀ ਜਿਵੇਂ ਹੀ ਪੰਥ ਦੇ ਨਾਂ ਸੰਦੇਸ਼ ਸ਼ੁਰੂ ਕੀਤਾ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਗੁਰਬਾਣੀ ਕੀਰਤਨ ਦੀ ਆਵਾਜ਼ ਤੇਜ਼ ਕਰ ਦਿੱਤੀ ਗਈ।ਅਕਾਲ ਤਖ਼ਤ ਸਾਹਿਬ ਨਾ ਪਹੁੰਚਣ ਦਿੱਤੇ ਜਾਣ 'ਤੇ ਲਾਈਆਂ ਗਈਆਂ ਰੋਕਾਂ ਬਾਰੇ ਸਿਮਰਨਜੀਤ ਸਿੰਘ ਮਾਨ ਨੇ ਕਿਹਾ, 'ਇੰਡੀਆ ਦੀ ਹਿੰਦੂਤਵਾ ਸਰਕਾਰ ਸਾਡੇ ਉੱਤੇ ਜ਼ੁਲਮ ਕਰ ਰਹੀ ਹੈ। ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਹੈ ਜਿਸ ਨੇ ਬਲੂ ਸਟਾਰ ਕਰਵਾਇਆ ਸੀ। ਇਨਾਂ ਲੋਕਾਂ ਨੂੰ ਸਿੱਖਾਂ ਨਾਲ ਕੋਈ ਹਮਦਰਦੀ ਨਹੀਂ ਹੈ।' ਉਨਾਂ ਨੇ ਕਿਹਾ ਕਿ ਦਰਬਾਰ ਸਾਹਿਬ 'ਤੇ ਹਮਲਾ ਸਿਰਫ਼ ਭਾਰਤ ਦੀ ਸਰਕਾਰ ਅਤੇ ਸਿਆਸੀ ਧਿਰਾਂ ਨੇ ਇਕੱਠੇ ਹੋ ਕੇ ਹੀ ਨਹੀਂ ਸਗੋਂ ਬਰਤਾਨੀਆ ਅਤੇ ਸੋਵੀਅਤ ਰੂਸ ਦੀ ਮਦਦ ਨਾਲ ਕੀਤਾ।ਰਵਾਇਤੀ ਅਕਾਲੀਆਂ ਨੇ ਇੰਦਰਾ ਗਾਂਧੀ ਨੂੰ ਯਕੀਨ ਦਵਾਇਆ ਕਿ ਜਦੋਂ ਫੌਜਾਂ ਅਕਾਲ ਤਖ਼ਤ ਸਾਹਿਬ ਪਹੁੰਚੀ ਤਾਂ ਸੰਤ ਭਿੰਡਰਾਵਾਂਲੇ ਹੱਥ ਉੱਪਰ ਕਰ ਕੇ ਬਾਹਰ ਆ ਜਾਣਗੇ ਤੇ ਉਸ ਤੋਂ ਬਾਅਦ ਹੀ ਸਾਡੀ ਸਰਕਾਰ ਆ ਸਕੇਗੀ। ਉਨਾਂ ਨੇ ਕਿਹਾ ਕਿ ਖਾਲਿਸਤਾਨ ਹਿੰਦੂ ਇੰਡੀਆ, ਇਸਲਾਮਿਕ ਪਾਕਿਸਤਾਨ ਅਤੇ ਕਾਮਰੇਡ ਚੀਨ ਦੇ ਵਿਚਕਾਰ ਇੱਕ ਬਫ਼ਰ ਸਟੇਟ ਹੋਵੇਗਾ।ਉਨਾਂ ਨੇ ਕਿਹਾ ਕਿ ਇਸ ਵਿੱਚ 'ਪੰਜਾਬ, ਹਰਿਆਣਾ, ਹਿਮਾਚਲ, ਜੰਮੂ-ਕਸ਼ਮੀਰ, ਰਾਜਸਥਾਨ ਅਤੇ ਕੱਛ ਗੁਜਰਾਤ ਦਾ ਇਲਾਕਾ ਸ਼ਾਮਲ ਹੋਣਗੇ।

ਪੁਲਿਸ ਪ੍ਰਸ਼ਾਸਨ ਵੱਲੋਂ ਇਸ ਦਿਹਾੜੇ ਨੂੰ ਮਨਾਉਣ ਮੌਕੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ ਇਸ ਲਈ ਵੱਡੀ ਤਾਦਾਦ 'ਚ ਸਾਦੇ ਕੱਪੜਿਆਂ ਵਿਚ ਸੁਰੱਖਿਆ ਬਲ ਲਗਾਇਆ ਜਾਂਦਾ ਹੈ। ਸਮਾਗਮ 'ਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਸਮੇਤ ਬਹੁਤ ਸਾਰੀਆਂ ਜਥੇਬੰਦੀਆਂ ਦੇ ਆਗੂ ਸ਼ਾਮਲ ਹੋਏ। ਸਾਕਾ ਨੀਲਾ ਤਾਰਾ ਦੀ ਬਰਸੀ 'ਤੇ ਪੰਜਾਬੀ ਕਲਾਕਾਰ ਦੀਪ ਸਿੱਧੂ ਵੀ ਅਕਾਲ ਤਖ਼ਤ ਸਾਹਿਬ ਪਹੁੰਚੇ। ਇਸ ਦੌਰਾਨ ਦੀਪ ਸਿੱਧੂ ਨੇ ਕਿਹਾ ਕਿ ਘਲੂਕਾਰੇ ਦਾ 'ਜ਼ਿੰਮੇਵਾਰ ਸਿਆਸੀ ਸਿਸਟਮ ਹੈ, ਜੋ ਸਰਹੱਦਾਂ 'ਤੇ ਤਾਂ ਸਿੱਖਾਂ ਨੂੰ ਪੰਥ ਕੀ ਜੀਤ ਅਤੇ ਦੇਗ਼ ਤੇਗ਼ ਫਤਿਹ ਦੇ ਨਾਅਰੇ ਲਗਾਉਣ ਨੂੰ ਕਹਿੰਦਾ ਹੈ ਪਰ ਹੁਣ ਕਿਸਾਨ ਅੰਦੋਲਨ ਦੇਖ ਲਓ ਹੱਕ ਮੰਗਣ ਤੇ ਉਨਾਂ ਹੀ ਲੋਕਾਂ ਨੂੰ ਅੱਤਵਾਦੀ ਦਸਦਾ ਹੈ।' ਉਨਾਂ ਕਿਹਾ ਕਿ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ 'ਤੇ ਹਮਲਾ, ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੋਲੀਆਂ ਨਾਲ ਛੱਲਣੀ-ਛੱਲਣੀ ਕਰ ਦੇਣਾ, ਬੇਦੋਸ਼ਿਆਂ ਬਜ਼ੁਰਗਾਂ, ਮਾਤਾਵਾਂ, ਭੈਣਾਂ ਤੇ ਬੱਚਿਆਂ ਨੂੰ ਸਮੇਂ ਦੀ ਸਰਕਾਰ ਵਲੋਂ ਸ਼ਹੀਦ ਕਰ ਦੇਣਾ ਇਕ ਸ਼ਰਮਨਾਕ ਕਾਰਾ ਹੈ। ਕੇਂਦਰ ਸਰਕਾਰ ਸਟੇਟ ਦੇ ਅਧਿਕਾਰ ਆਪਣੇ ਕੋਲ ਲੈ ਕੇ ਕਾਲੇ ਕਾਨੂੰਨ ਪਾਸ ਕਰ ਰਹੀ ਹੈ। ਇਸੇ ਕਰਕੇ ਮੁਸ਼ਕਿਲ ਖੜੀ ਹੋ ਰਹੀ ਹੈ।

**ਖਾਲਿਸਤਾਨੀ ਨਾਅਰੇ ਜਾਇਜ਼**

ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਅਕਾਲ ਤਖ਼ਤ 'ਤੇ ਲੱਗੇ ਖ਼ਾਲਿਸਤਾਨ ਪੱਖੀ ਨਾਅਰਿਆਂ ਨੂੰ ਜਾਇਜ਼ ਕਰਾਰ ਦਿੱਤਾ। ਉਨਾਂ ਖੁਲਾਸਾ ਕੀਤਾ ਕਿ ਜੂਨ 1984 ਘੱਲੂਘਾਰੇ ਸਮੇਂ ਫੌਜ ਵਲੋਂ ਚਲਾਈ ਗਈ ਗੋਲੀ ਨਾਲ ਹਰਿਮੰਦਰ ਸਾਹਿਬ ਵਿਖੇ ਪਹਿਲੀ ਮੰਜ਼ਿਲ 'ਤੇ ਹਰ ਕੀ ਪੌੜੀ ਵਾਲੀ ਥਾਂ 'ਤੇ ਵੱਡ ਅਕਾਰੀ ਹੱਥ ਲਿਖਤ ਪਾਵਨ ਸਰੂਪ ਵੀ ਗੋਲੀ ਲੱਗਣ ਨਾਲ ਜ਼ਖ਼ਮੀ ਹੋਇਆ ਸੀ। ਇਸ ਦੀ ਤਾਬਿਆ ਬੈਠਾ ਗ੍ਰੰਥੀ ਸਿੰਘ ਵੀ ਜ਼ਖ਼ਮੀ ਹੋ ਗਿਆ ਸੀ। ਉਨਾਂ ਇਸ ਜ਼ਖ਼ਮੀ ਸਰੂਪ ਨੂੰ ਦੇਖਣ ਮਗਰੋਂ ਦੱਸਿਆ ਕਿ ਉਸ ਵੇਲੇ ਹੋਏ ਨੁਕਸਾਨ ਸਬੰਧੀ ਜਾਰੀ ਕੀਤੇ ਵਾਈਟ ਪੇਪਰ ਦਾ ਅਧਿਐਨ ਕਰ ਰਹੇ ਹਨ ਅਤੇ ਜਲਦੀ ਹੀ ਇਸ ਵਾਈਟ ਪੇਪਰ ਨੂੰ ਮੁੜ ਪ੍ਰਕਾਸ਼ਤ ਕੀਤਾ ਜਾਵੇਗਾ। ਉਨਾਂ ਕਿਹਾ ਕਿ ਸਿੱਖ ਸੰਗਤ ਦੀ ਮੰਗ ਮੁਤਾਬਕ ਜ਼ਖ਼ਮੀ ਪਾਵਨ ਸਰੂਪ ਦੇ ਦਰਸ਼ਨ ਸੰਗਤ ਨੂੰ ਅਗਾਂਹ ਵੀ ਕਰਵਾਏ ਜਾਣਗੇ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੇ ਸ੍ਰੀ ਹਰਿਮੰਦਰ ਸਾਹਿਬ ਤੇ ਲੱਗੇ ਸੋਨੇ ਦੇ ਪੱਤਰੇ ਜੋ ਫੌਜੀ ਗੋਲੀਆਂ ਨਾਲ ਛਲਣੀ ਹੋ ਗਏ ਸਨ। ਉਨਾਂ ਨੂੰ ਵੀ ਸਿੱਖ ਸੰਗਤ ਦੇ ਦਰਸ਼ਨਾਂ ਲਈ ਰੱਖਿਆ ਜਾਵੇਗਾ। ਇਸ ਤੋਂ ਇਲਾਵਾ ਅਕਾਲ ਤਖ਼ਤ ਦੇ ਹੇਠਾਂ ਗੁਰੂ ਸਾਹਿਬ ਵੇਲੇ ਦਾ ਬਣਿਆ ਖ਼ੂਹ ਵੀ ਸੰਗਤ ਦਰਸ਼ਨ ਲਈ ਖੋਲਿਆ ਜਾਵੇਗਾ। ਇਸ ਤੋਂ ਇਲਾਵਾ ਸ਼ਹੀਦ ਗੈਲਰੀ ਵੀ ਜਲਦੀ ਤਿਆਰ ਕਰਕੇ ਸੰਗਤ ਅਰਪਣ ਕੀਤੀ ਜਾਵੇਗੀ।ਉਨਾਂ ਆਖਿਆ ਕਿ ਗੁਰਦੁਆਰਾ ਸਾਹਿਬਾਨ ਸਿੱਖਾਂ ਲਈ ਭਗਤੀ ਅਤੇ ਸ਼ਕਤੀ ਦਾ ਸੋਮਾ ਹਨ, ਪਰੰਤੂ ਦੁੱਖ ਦੀ ਗੱਲ ਹੈ ਕਿ ਜੂਨ 1984 'ਚ ਸਮੇਂ ਦੀ ਕਾਂਗਰਸ ਹਕੂਮਤ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਸਮੇਤ 37 ਗੁਰਦੁਆਰਿਆਂ ਨੂੰ ਆਪਣਾ ਨਿਸ਼ਾਨਾ ਬਣਾ ਕੇ ਸਿੱਖ ਜਗਤ ਨੂੰ ਮਾਨਸਿਕ ਤੌਰ 'ਤੇ ਅਸਹਿ ਅਤੇ ਅਕਹਿ ਜ਼ਖ਼ਮ ਦਿੱਤੇ। ਉਨਾਂ ਦੱਸਿਆ ਕਿ ਫੌਜੀ ਹਮਲੇ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋ ਪਾਵਨ ਸਰੂਪ ਗੋਲੀ ਲੱਗਣ ਕਾਰਣ ਜ਼ਖ਼ਮੀ ਹੋਏ ਸਨ, ਜਿਨਾਂ ਵਿਚ ਹਰਿ ਕੀ ਪਉੜੀ ਵਿਖੇ ਪ੍ਰਕਾਸ਼ਮਾਨ ਹੱਥ ਲਿਖਤ ਪਾਵਨ ਸਰੂਪ ਵੀ ਸ਼ਾਮਿਲ ਸੀ।

ਉਨਾਂ ਕੋਰੋਨਾ ਮਹਾਂਮਾਰੀ ਅਤੇ ਕਿਸਾਨ ਸੰਘਰਸ਼ ਦੌਰਾਨ ਵਿਚ ਜਾਨਾਂ ਗਵਾ ਚੁੱਕੇ ਕਿਸਾਨਾਂ ਤੇ ਹੋਰ ਲੋਕਾਂ ਦੇ ਬੱਚਿਆਂ ਦੀ ਮਦਦ ਲਈ ਅਹਿਮ ਐਲਾਨ ਕਰਦਿਆਂ ਕਿਹਾ ਕਿ ਅਜਿਹੇ ਪਰਿਵਾਰਾਂ ਦੇ ਬੱਚਿਆਂ ਦੀ ਮੁਫਤ ਵਿੱਦਿਆ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ

**ਬਾਕੀ ਸਫ਼ਾ 30 'ਤੇ**

# ਫਰੀਮਾਂਟ ਵਿੱਚ ਛੋਟੇ ਘੱਲੂਘਾਰੇ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਅਤੇ ਵੈਕਸੀਨ ਡਰਾਈਵ

**ਫਰੀਮਾਂਟ/ਏ.ਟੀ.ਨਿਊਜ਼** : ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਐਤਵਾਰ ਨੂੰ ਸਜੇ ਵਿਸ਼ੇਸ਼ ਦੀਵਾਨ ਵਿੱਚ 17 ਮਈ 1746 ਨੂੰ ਹੋਏ ਸਿੱਖ ਕਤਲੇਆਮ ਦੀ ਯਾਦ ਮਨਾਈ ਗਈ ।ਇਸ ਖੂਨੀ ਦੁਖਾਂਤ ਨੂੰ ਸਿੱਖ ਇਤਿਹਾਸ ਨੇ ਛੋਟੇ ਘੱਲੂਘਾਰੇ ਦਾ ਨਾਮ ਦਿੱਤਾ ਇਕ ਦਿਨ ਵਿੱਚ ਅੱਠ ਤੋਂ ਦੱਸ ਹਜਾਰ ਸਿੱਖ ਸ਼ਹੀਦ ਹੋਏ ਉਹਨਾਂ ਮਹਾਨ ਸਹਾਦਤਾਂ ਨੂੰ ਯਾਦ ਕਰਦਿਆਂ ਸਜਾਏ ਦੀਵਾਨ ਵਿੱਚ ਪੰਥ ਦੇ ਮਹਾਨ ਪ੍ਰਚਾਰਕ ਭਾਈ ਪਿੰਦਰਪਾਲ ਸਿੰਘ ਅਤੇ ਗਿਆਨੀ ਪੂਰਨ ਸਿੰਘ ਜੀ ਲੁਧਿਆਣੇ ਵਾਲੇ ਨੇ ਇਤਿਹਾਸ ਨਾਲ ਸਾਂਝ ਪਵਾਈ ,ਭਾਈ ਹਰਚਰਨ ਸਿੰਘ ਖਲਾਸਾ ਅਤੇ ਭਾਈ ਦਿਲਬਾਗ ਸਿੰਘ ਦੇ ਕੀਰਤਨੀਏ ਜਥਿਆਂ ਨੇ ਸੰਗਤਾਂ ਨੂੰ ਛੋਟੇ ਘੱਲੂਘਾਰੇ ਦੇ ਸਮਰਪਿਤ ਦਿਹਾੜੇ ਤੇ ਕੀਰਤਨ ਸਰਵਣ ਕਰਾਇਆਂ ।ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਕਰੌਨਾ ਤੋਂ ਬਚਾਅ ਲਈ ਲਗਾਤਾਰ ਵੈਕਸੀਨ ਲਗਾਈ ਜਾ ਰਹੀ ਹੈ ਆਉਣ ਵਾਲੇ ਦਿਨਾਂ ਵਿੱਚ ਵੀ ਹਫਤੇ ਦੇ ਆਖਰੀ ਐਤਵਾਰ ਵੈਕਸੀਨ ਲਗਾਈ ਜਾਵੇਗੀ ।ਲੰਮੇ ਸਮੇ ਬਾਅਦ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਪਹੁੰਚਕੇ ਕਥਾ, ਕੀਰਤਨ ਸਰਵਣ ਕਰ ਰਹੀਆਂ ਹਨ ਗੁਰੂ ਕੇ ਲੰਗਰ ਅਤੁੱਟ ਵਰਤ ਰਹੇ ਸਨ। ਅੱਜ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਲਗਾਤਾਰ ਚੱਲ ਰਹੀ ਵੈਕਸੀਨ ਡਰਾਈਵ ਦੌਰਾਨ ਫਰੀਮਾਂਟ ਸਿਟੀ ਦੀ ਮੇਅਰ , ਸਿਟੀ ਦੇ ਨੁਮਾਇੰਦੇ ਅਤੇ ਫਾਇਰ ਡਿਪਾਰਟਮੈਂਟ ਦੇ ਆਫੀਸਰ ਵਿਸ਼ੇਸ਼ ਤੌਰ ਤੇ ਪਹੁੰਚੇ ਜਹਿਨਾਂ ਨੇ ਸਿੱਖ ਕਮਿਊਨਿਟੀ ਵੱਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਸਲਾਘਾ ਕਰਦਿਆਂ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਮੌਜੂਦਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ । ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਿੱਖ ਪੰਚਾਇਤ ਦੇ ਸੇਵਾਦਾਰਾਂ ਵੱਲੋਂ ਸਿੱਖਸ ਫਾਰ ਹਿਊਮੈਨਟੀ ਦੇ ਸਹਿਯੋਗ ਨਾਲ ਇਸ ਐਤਵਾਰ 840 ਵੈਕਸੀਨ ਲਗਾਏ ਗਏ ਜਿਹੜੇ ਕਿ ਹੁਣ ਤੱਕ ਦੀ ਸਭ ਤੋਂ ਵੱਧ ਗਿਣਤੀ ਵਿੱਚ ਲਗਾਏ ਗਏ ਹਨ ਹੁਣ ਤੱਕ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ 9000 ਦੇ ਕਰੀਬ ਵੈਕਸੀਨ ਲਗਾਏ ਜਾ ਚੁੱਕੇ ਹਨ ।ਸਾਰੇ ਸੇਵਾਦਾਰਾਂ ਦਾ ਸਾਰੇ ਵਲੰਟੀਅਰਾਂ ਦੇ ਸਹਿਯੋਗ ਸਦਕਾ ਵਾਹਿਗੁਰੂ ਦੀ ਕਿਰਪਾ ਸਦਕਾ ਇਹ ਸੇਵਾਵਾਂ ਲਗਾਤਾਰ ਚੱਲਦੀਆਂ ਰਹਿਣਗੀਆਂ ।

## ਭਾਰਤੀ ਕੌਂਸਲੇਟ ਸੈਨ ਫਰਾਂਸਿਸਕੋ ਵਿਖੇ ਹਰ ਸਾਲ ਦੀ ਤਰਾਂ ਇਸ ਸਾਲ ਵੀ ਪੰਥਕ ਜੱਥੇਬੰਦੀਆਂ ਅਤੇ ਗੁਰਦੁਆਰਾ ਕਮੇਟੀਆਂ ਵੱਲੋਂ ਮੁਜ਼ਾਹਰਾ ਕੀਤਾ ਗਿਆ। ਮੁਜ਼ਾਹਰੇ ਦੀਆਂ ਕੁੱਝ ਤਸਵੀਰਾਂ



# ਹੋਬੋਕਨ, ਨਿਊਜਰਸੀ ਦੇ ਮੇਅਰ ਰਵੀ ਭੱਲਾ ਵੱਲੋਂ ਮੁੜ ਚੋਣ ਲੜਨ ਦਾ ਐਲਾਨ

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਹੋਬੋਕਨ, ਨਿਊਜਰਸੀ ਦੇ ਮੇਅਰ ਰਵਿੰਦਰ ਰਵੀ ਭੱਲਾ ਨੇ ਮੁੜ ਚੋਣ ਲੜਨ ਦਾ ਐਲਾਨ ਕੀਤਾ ਹੈ। ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਰਵੀ ਭੱਲਾ ਨੇ ਚੋਣ ਲੜਨ ਦਾ ਰਸਮੀ ਐਲਾਨ ਕਰਦਿਆਂ ਖੇਤਰੀ ਤੇ ਕੌਮੀ ਲੀਡਰ ਵਜੋਂ ਸਮਾਜ ਦੀ ਸੇਵਾ ਕਰਨ ਦਾ ਪ੍ਰਣ ਲਿਆ। ਉਨਾਂ ਕਿਹਾ ਕਿ ਰਸਮੀ ਤੌਰ 'ਤੇ ਚੋਣ ਮੁਹਿੰਮ ਦੀ ਸ਼ੁਰੂਆਤ 24 ਜੂਨ ਨੂੰ ਹੋਵੇਗੀ ਤੇ ਉਸ ਦਿਨ ਪਿਲਸੇਨਰ, ਹੌਸ ਤੇ ਬੀਰਗਾਰਟਨ ਵਿਖੇ ਸਮਾਗਮ ਕੀਤੇ ਜਾਣਗੇ। ਭੱਲਾ ਅਜਿਹੇ ਪਹਿਲੇ ਅਮਰੀਕੀ ਸਿੱਖ ਹਨ ਜੋ 2017 ਵਿਚ ਸਿੱਧੇ ਤੌਰ 'ਤੇ ਮੇਅਰ ਦੀ ਚੋਣ ਜਿੱਤੇ ਸਨ। ਉਨਾਂ ਨੇ 6 ਉਮੀਦਵਾਰਾਂ ਨੂੰ ਹਰਾ ਕੇ ਚੋਣ ਜਿੱਤੀ ਸੀ। ਉਸ ਸਮੇਂ ਸਾਬਕਾ ਮੇਅਰ ਡਾਨ ਜ਼ਿਮਰ ਨੇ ਚੋਣ ਨਾ ਲੜਨ ਦਾ ਐਲਾਨ ਕੀਤਾ ਸੀ ਤੇ ਮੇਅਰ ਦੇ ਅਹੁੱਦੇ ਲਈ ਭੱਲਾ ਦਾ ਸਮਰਥਨ ਕੀਤਾ ਸੀ। ਉਹ ਪਹਿਲੇ ਮੇਅਰ



ਹਨ ਜਿਨਾਂ ਨੇ ਮਾਰਚ 2020 ਵਿਚ 'ਸ਼ੈਲਟਰ ਇਨ ਪਲੇਸ' ਆਦੇਸ਼ ਜਾਰੀ ਕੀਤਾ ਸੀ । ਇਸ ਤੋਂ ਪਹਿਲਾਂ ਉਹ ਹੋਬੋਕਨ ਸ਼ਹਿਰ ਦੀ ਕੌਂਸਲ ਵਿਚ 6 ਸਾਲ ਕੌਂਸਲਰ ਵਜੋਂ ਵੀ ਕੰਮ ਕਰਦੇ ਰਹੇ ਹਨ। ਹੋਬੋਕਨ ਸ਼ਹਿਰ ਦੀ ਵਸੋਂ 55000 ਹੈ ਤੇ ਇਹ ਇਕ ਵਰਗ ਮੀਲ ਵਿਚ ਵਸਿਆ ਹੋਇਆ ਹੈ। ਭੱਲਾ ਨੇ ਕਿਹਾ ਕਿ ਉਨਾਂ ਦੀ ਮੁੱਢਲੀ ਚਿੰਤਾ ਆਉਂਦੇ ਤੂਫਾਨ ਤੇ ਖਰਾਬ ਮੌਸਮ ਕਾਰਨ ਹੁੰਦੀ ਤਬਾਹੀ ਨੂੰ ਘਟਾਉਣਾ ਹੈ ਜਿਨਾਂ ਨਾਲ ਸ਼ਹਿਰ ਦੀ 85% ਆਬਾਦੀ ਪ੍ਰਭਾਵਿਤ ਹੁੰਦੀ ਹੈ। ਕਰੋੜਾਂ ਡਾਲਰਾਂ ਦੀ ਜਾਇਦਾਦ ਦਾ ਨੁਕਸਾਨ ਹੁੰਦਾ ਹੈ। ਉਨਾਂ ਕਿਹਾ ਕਿ 20 14 ਵਿਚ ਵਿਗਿਆਨੀਆਂ ਨੇ ਇਕ ਰਿਪੋਰਟ ਵਿਚ ਕਿਹਾ ਸੀ ਕਿ ਇਸ ਤੱਟੀ ਸ਼ਹਿਰ ਦੀ ਅੱਧੀ ਆਬਾਦੀ ਔਸਤ ਸਮੁੰਦਰੀ ਪੱਧਰ ਤੋਂ 5 ਫੁੱਟ ਹੇਠਲੇ ਖੇਤਰਾਂ ਵਿਚ ਰਹਿੰਦੀ ਹੈ ਜਿਸ ਕਾਰਨ ਸਭ ਤੋਂ ਵਧ ਖਤਰਾ ਇਸ ਅਬਾਦੀ ਨੂੰ ਰਹਿੰਦਾ ਹੈ। ਉਨਾਂ ਕਿਹਾ ਕਿ ਅਸੀਂ ਹੜਾਂ ਤੋਂ ਬਚਾਅ ਲਈ ਸ਼ਹਿਰ ਨੂੰ ਵਧੇਰੇ ਸੁਰੱਖਿਅਤ ਬਣਾਇਆ ਹੈ ਤੇ ਇਸ ਸਬੰਧੀ ਭਵਿੱਖ ਵਿਚ ਵੀ ਕੋਸ਼ਿਸ਼ਾਂ ਜਾਰੀ ਰਹਿਣਗੀਆਂ।

# ਬਰਾਡਸ਼ਾਅ ਗੁਰਦੁਆਰਾ ਵਿੱਚ ਮਨਾਇਆ ਗਿਆ ਘੱਲੂਘਾਰਾ ਦਿਵਸ

## ਨੌਜਵਾਨਾਂ ਵਲੋਂ 10 ਹਜ਼ਾਰ ਡਾਲਰ ਇਕੱਤਰ ਕੀਤੇ

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਗੁਰਦੁਆਰਾ ਬਰਾਡਸ਼ਾਅ ਰੋਡ ਸੈਕਰਾਮੇਂਟੋ ਵਿਖੇ ਸ਼ਹੀਦੀ ਦਿਵਸ ਮਨਾਇਆ ਗਿਆ। ਇਸ ਦੌਰਾਨ ਗੁਰਦੁਅਰਾ ਦੀ ਸੰਗਤ ਤੇ ਟਰੱਕ ਡਰਾਇਵਰ ਭਰਾਵਾਂ ਵਲੋਂ ਅਖੰਡ ਪਾਠ ਦੇ ਭੋਗ ਪੁਆਏ ਗਏ ਤੇ ਮੌਕੇ ਤੇ ਦਸ ਹਜ਼ਾਰ ਤੋਂ ਉਪਰ ਡਾਲਰ ਇਕੱਠਾ ਕਰਕੇ ਗੁਰੂਘਰ ਦੀ ਬਣ ਰਹੀ ਆਲੀਸ਼ਾਨ ਬਿਲਡਿੰਗ ਵਿੱਚ ਦਾਨ ਕੀਤਾ। ਇਸ ਮੌਕੇ ਕੀਰਤਨੀਏ ਭਾਈ ਆਤਮਜੋਤ ਸਿੰਘ ਦੇ ਜੱਥੇ ਵਲੋਂ ਰਸਭਿੰਨਾ ਕੀਰਤਨ ਕੀਤਾ ਗਿਆ ਤੇ ਕਥਾ ਵਾਚਕ ਭਾਈ ਹਰਮਨਪ੍ਰੀਤ ਸਿੰਘ ਵਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਤੋਂ ਗੁਰਦੁਆਰਾ ਸਾਹਿਬ ਦੀ ਬਣ ਰਹੀ ਬਿਲਡਿੰਗ ਲਗਭਗ ਪੂਰੀ ਹੋ ਚੁੱਕੀ ਤੇ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ ਤੇ ਇਸ ਗੁਰਦੁਆਰਾ ਸਾਹਿਬ ਦਾ ਨਾਂ ਨਾਰਥ ਅਮਰੀਕਾ ਦੇ ਖ਼ੂਬਸੂਰਤ ਗੁਰਦੁਆਰਿਆਂ ਦੀ ਸ਼ੁਮਾਰ ਵਿਚ ਸ਼ਾਮਲ ਹੋਵੇਗਾ। ਇਸ ਸਮਾਗਮ ਦੌਰਾਨ ਪ੍ਰਬੰਧਕ ਕਮੇਟੀ ਨੇ ਨਵੇਂ ਬਣੀ ਗੁਰਦੁਆਰਾ ਸਾਹਿਬ ਬਿਲਡਿੰਗ ਵਿੱਚ ਸੰਗਤ ਵਲੋਂ ਪਾਏ ਯੋਗਦਾਨ ਬਦਲੇ ਧੰਨਵਾਦ ਕੀਤਾ ਤੇ ਜਲਦੀ ਹੀ ਇਹ ਨਵਾਂ ਗੁਰੂਘਰ ਸੰਗਤ ਨੂੰ ਸਮਰਪਤ ਹੋਵੇਗਾ।




# ਨਾਟੋ ਫ਼ੌਜਾਂ ਹੋਰ ਜ਼ਿਆਦਾ ਮਜ਼ਬੂਤ ਹੋਣਗੀਆਂ

## ਬਾਈਡਨ ਨੂੰ ਮਿਲੇ ਨਾਟੋ ਸਕੱਤਰ

**ਵਾਸ਼ਿੰਗਟਨ/ਏ.ਟੀ.ਨਿਊਜ਼ :** ਬਰੱਸਲਜ਼ ਸਿਖਰ ਸੰਮੇਲਨ ਤੋਂ ਪਹਿਲਾਂ ਨਾਟੋ ਦੇ ਸਕੱਤਰ ਜਨਰਲ ਸਟੋਲਟੈਨਬਰਗ ਨੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡਨ ਨੇ ਮੁਲਾਕਾਤ ਕੀਤੀ। ਇਸ ਮੁਲਾਕਾਤ ਵਿਚ ਉਨਾਂ ਨੇ 2030 ਤਕ ਲਈ ਨਾਟੋ ਫ਼ੌਜਾਂ ਨੂੰ ਆਧੁਨਿਕ ਤੇ ਮਜ਼ਬੂਤ ਕੀਤੇ ਜਾਣ ਦੀ ਯੋਜਨਾ ਬਾਰੇ ਜਾਣਕਾਰੀ ਦਿੱਤੀ। ਉਨਾਂ ਨੇ ਰੱਖਿਆ ਮੰਤਰੀ ਲਾਇਡ ਆਸਟਿਨ ਨਾਲ ਵੀ ਮੁਲਾਕਾਤ ਕੀਤੀ।

ਵਾਈਟ ਹਾਊਸ ਦੀ ਪ੍ਰੈੱਸ ਸਕੱਤਰ ਜੇਨ ਸਾਕੀ ਨੇ ਕਿਹਾ ਕਿ ਜੇਂਸ ਨਾਲ ਮੁਲਾਕਾਤ ਦੌਰਾਨ ਕੌਮਾਂਤਰੀ ਸਮੱਸਿਆਵਾਂ 'ਤੇ ਗੱਲਬਾਤ ਹੋਈ। ਨਾਲ ਹੀ ਪਿਛਲੇ ਸੱਤ ਸਾਲਾਂ ਦੌਰਾਨ ਰੱਖਿਆ ਖ਼ਰਚਾ ਤੇ ਸਹਿਯੋਗੀ ਦੇਸ਼ਾਂ ਦੇ ਯੋਗਦਾਨ 'ਤੇ ਵੀ ਚਰਚਾ ਹੋਈ।

14 ਜੂਨ ਨੂੰ ਨਾਟੋ ਦੇਸ਼ਾਂ ਦੇ ਰਾਸ਼ਟਰ ਮੁਖੀਆਂ ਦਾ ਸਿਖਰ ਸੰਮੇਲਨ ਬਰੱਸਲਜ਼ ਵਿਚ ਕੀਤਾ ਗਿਆ। ਇਸ ਸੰਮੇਲਨ ਦੀ ਅਗਵਾਈ ਸਟੋਲਟੈਨਬਰਗ ਕਰਨਗੇ। ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) 30 ਯੂਰਪੀ ਤੇ ਉੱਤਰੀ ਅਮਰੀਕੀ ਦੇਸ਼ਾਂ



ਦਾ ਫ਼ੌਜੀ ਸੰਗਠਨ ਹੈ। ਇਸ ਦਾ ਮੂਲ ਟੀਚਾ ਸਿਆਸੀ ਤੇ ਫ਼ੌਜੀ ਤਰੀਕਿਆਂ ਨਾਲ ਸਹਿਯੋਗੀ ਦੇਸ਼ਾਂ ਨੂੰ ਅਜ਼ਾਦੀ ਤੇ ਸੁਰੱਖਿਆ ਮੁਹੱਈਆ ਕਰਨਾ ਹੈ।

**ਨਾਟੋ ਸਿਆਸੀ-ਫ਼ੌਜੀ ਗਠਜੋੜ : ਜੇਂਸ**

ਨਾਟੋ ਦੇ ਸਕੱਤਰ ਜਨਰਲ ਜੇਂਸ ਸਟੋਲਟੈਨਬਰਗ ਨੇ ਕਿਹਾ ਨਾਟੋ ਸਿਰਫ਼ ਫ਼ੌਜੀ ਗਠਜੋੜ ਨਹੀਂ, ਇਹ ਸਿਆਸੀ-ਫ਼ੌਜੀ ਗਠਜੋੜ ਹੈ। ਜਦੋਂ ਅਸੀਂ ਫ਼ੌਜੀ ਕਾਰਵਾਈ ਨਹੀਂ ਕਰਦੇ, ਉਦੋਂ ਵੀ ਸਾਡੀ ਸਿਆਸੀ ਏਕਤਾ ਮਾਇਨੇ ਰੱਖਦੀ ਹੈ। ਉਨਾਂ ਕਿਹਾ ਕਿ ਬਰੱਸਲਜ਼ ਸਮਿਟ ਵਿਚ ਨਾਟੋ 2030 ਯੋਜਨਾ ਨੂੰ ਰੱਖਿਆ ਜਾ ਰਿਹਾ ਹੈ। ਇਸ ਯੋਜਨਾ ਜ਼ਰੀਏ ਜ਼ਮੀਨ, ਸਮੁੰਦਰੀ ਖੇਤਰ, ਸਾਈਬਰ ਸਪੇਸ ਤੇ ਪੁਲਾੜ ਵਿਚ ਤਾਕਤ ਵਧਾਉਣ ਵੱਲ ਕਦਮ ਵਧਾਏ ਜਾਣਗੇ।

# ਸਨਰੂਪ ਕੌਰ ਸਮੇਤ ਵੱਖ ਵੱਖ ਭਾਈਚਾਰਿਆਂ ਦੇ ਕਲਾਕਾਰ ਚਲਾ ਰਹੇ ਹਨ ਕੋਵਿਡ ਵਿਰੁੱਧ ਜਾਗਰੂਕਤਾ ਮੁਹਿੰਮ



**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ) :** ਭਾਰਤੀ ਮੂਲ ਦੀ ਅਮਰੀਕਨ ਨਾਗਰਿਕ ਸਨਰੂਪ ਕੌਰ ਸਮੇਤ ਸਮੁੱਚੇ ਕੈਲੀਫੋਰਨੀਆ ਵਿਚੋਂ 20 ਤੋਂ ਵਧ ਕਲਾਕਾਰ 'ਯੂਅਰ ਐਕਸ਼ਨ ਸੇਵ ਲਿਵਜ਼' ਮੁਹਿੰਮ ਚਲਾ ਰਹੇ ਹਨ ਜਿਸ ਤਹਿਤ ਉਹ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ ਕਿ ਉਹ ਕੋਵਿਡ ਨੂੰ ਫੈਲਣ ਤੋਂ ਰੋਕਣ ਲਈ ਆਪਣਾ ਯੋਗਦਾਨ ਕਿਸ ਤਰਾਂ ਪਾ ਸਕਦੇ ਹਨ। ਸਟਾਕਟਨ ਦੀ ਰਹਿਣ ਵਾਲੀ ਸਨਰੂਪ ਕੌਰ ਇਸ ਮੁਹਿੰਮ ਵਿਚ ਅਹਿਮ ਭੂਮਿਕਾ ਨਿਭਾ ਰਹੀ ਹੈ। ਇਨਾਂ ਵਿਚ ਲਾਤੀਨੋ, ਸ਼ਿਆਹਫਾਮ/ਅਫਰੀਕੀ ਮੂਲ ਦੇ ਅਮਰੀਕੀ, ਏਸ਼ੀਅਨ ਮੂਲ ਦੇ ਅਮਰੀਕੀ, ਪੈਸੀਫਿਕ ਆਈਸਲੈਂਡਰ, ਅਮਰੀਕਨ ਮੂਲ ਵਾਸੀ ਤੇ ਲੈਸਬੀਅਨ ਕਲਾਕਾਰ ਸ਼ਾਮਿਲ ਹਨ। ਮੁਹਿੰਮ ਵਿਚ 14 ਅਸਲ ਕਲਾਕ੍ਰਿਤਾਂ ਸ਼ਾਮਿਲ ਕੀਤੀਆਂ ਗਈਆਂ ਹਨ ਜਿਨਾਂ ਵਿਚ ਜਨਤਿਕ ਸਿਹਤ ਨੂੰ ਮਜਬੂਤ ਕਰਨ, ਇਕ ਦੂਸਰੇ ਨੂੰ ਬਚਾਉਣ ਤੇ ਸਮਾਜ ਵਿਚ ਰਹਿੰਦਿਆਂ ਲਚਕਦਾਰ ਪਹੁੰਚ ਅਪਣਾਉਣ ਦਾ ਸੱਦਾ ਦਿੱਤਾ ਗਿਆ ਹੈ। ਮੁਹਿੰਮ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਸਾਨੂੰ ਇਹ ਹਮੇਸ਼ਾ ਯਾਦ ਰਖਣਾ ਚਾਹੀਦਾ ਹੈ ਕਿ ਮਾਸਕ ਪਹਿਣਨ ਤੇ ਸਮਾਜਿਕ ਦੂਰੀ ਨੇ ਕੋਵਿਡ ਨੂੰ ਫੈਲਣ ਤੋਂ ਰੋਕਣ ਵਿਚ ਮਦਦ ਕੀਤੀ ਹੈ।

# ਭਾਰਤੀ ਮੂਲ ਦੀ ਅਮਰੀਕੀ ਕੁੜੀ ਸ਼ਰੇਯਾ ਮਿਸ ਵਿਸਕਾਨਸਿਨ ਚੁਣੀ ਗਈ




**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਭਾਰਤੀ ਮੂਲ ਦੀ ਅਮਰੀਕੀ ਕੁੜੀ ਸ਼ਰੇਯਾ ਗੁਨਡੈਲੀ ਨਵੀਂ ਮਿਸ ਵਿਸਕਾਨਸਿਨ ਟੀਨ ਯੂ ਐਸ ਏ-2021 ਚੁਣੀ ਗਈ। 19 ਸਾਲ ਦੀ ਸ਼ਰੇਯਾ ਨਿਊਯਾਰਕ ਯੂਨੀਵਰਸਿਟੀ ਵਿਚ ਪ੍ਰੀ-ਮੈਡੀਕਲ ਕਲਾਸ ਦੀ ਵਿਦਿਆਰਥਣ ਹੈ। ਮਿਸ ਵਿਸਕਾਨਸਿਨ ਦਾ ਖਿਤਾਬ ਜਿੱਤਣ ਉਪਰੰਤ ਉਸ ਨੇ ਕਿਹਾ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਹੈ। ਇਹ ਮੇਰੀ ਜਿੰਦਗੀ ਦੇ ਸਭ ਤੋਂ ਵੱਧ ਸ਼ਾਨਦਾਰ ਪਲ ਹਨ। ਮੈਂ ਇਨਾਂ ਪਲਾਂ ਨੂੰ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦੀ। ਕਲਾਸਿਕ ਭਾਰਤੀ ਡਾਂਸਰ ਸ਼ਰੇਯਾ ਪਹਿਲੀ ਭਾਰਤੀ ਮੂਲ ਦੀ ਅਮਰੀਕਨ ਕੁੜੀ ਹੈ ਜਿਸ ਨੇ ਮਿਸ ਵਿਸਕਾਨਸਿਨ ਟੀਨ ਯੂ ਐਸ ਏ ਦਾ ਖਿਤਾਬ ਜਿੱਤਿਆ ਹੈ।

# ਪੁਲਿਸ ਵੱਲੋਂ ਚਲਾਈ ਗੋਲੀ ਨਾਲ ਇਕ ਵਿਅਕਤੀ ਦੀ ਮੌਤ ਉਪਰੰਤ ਹਿੰਸਾ ਤੇ ਅਗਜ਼ਨੀ, 9 ਗ੍ਰਿਫਤਾਰ

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਮਿਨੀਆਪੋਲਿਸ ਵਿਚ ਦੋ ਪੁਲਿਸ ਅਧਿਕਾਰੀਆਂ ਵੱਲੋਂ ਚਲਾਈ ਗੋਲੀ ਨਾਲ ਇਕ ਵਿਅਕਤੀ ਦੀ ਮੌਤ ਹੋਣ ਉਪਰੰਤ ਹਿੰਸਾ ਤੇ ਅਗਜ਼ਨੀ ਦੀਆਂ ਘਟਨਾਵਾਂ ਵਾਪਰੀਆਂ। ਪੁਲਿਸ ਨੇ ਸਾੜਫੂਕ ਤੇ ਜਾਇਦਾਦਾਂ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ਾਂ ਤਹਿਤ ਹੁਣ ਤੱਕ 9 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਯੂ ਐਸ ਮਾਰਸ਼ਲ ਸਰਵਿਸ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਟਾਸਕ ਫੋਰਸ ਇਕ ਵਿਅਕਤੀ ਨੂੰ ਗੈਰ ਕਾਨੂੰਨੀ ਅਗਨ ਸ਼ਸ਼ਤਰ ਰਖਣ ਦੇ ਮਾਮਲੇ ਵਿਚ ਗ੍ਰਿਫਤਾਰ ਕਰਨ ਗਈ ਸੀ। ਉਸ ਸਮੇ ਇਹ ਵਿਅਕਤੀ ਇਕ ਕਾਰ ਵਿਚ ਬੈਠਾ ਸੀ। ਇਸ ਵਿਅਕਤੀ ਨੇ ਪੁਲਿਸ ਅਫਸਰਾਂ ਦੀਆਂ ਹਦਾਇਤਾਂ ਮੰਨਣ ਦੀ ਬਜਾਏ ਇਕ ਹੈਂਡਗੰਨ ਕੱਢ ਲਈ ਜਿਸ ਉਪਰੰਤ 2 ਡਿਪਟੀ ਸ਼ੈਰਿਫਾਂ ਵੱਲੋਂ ਚਲਾਈ ਗੋਲੀ ਨਾਲ ਉਸ ਦੀ ਮੌਤ ਹੋ ਗਈ। ਬਿਆਨ ਅਨੁਸਾਰ ਟਾਸਕ ਫੋਰਸ ਦੇ ਮੈਂਬਰਾਂ ਨੇ ਵਿਅਕਤੀ ਨੂੰ ਬਚਾਉਣ ਦਾ ਯਤਨ ਕੀਤਾ ਪ੍ਰੰਤੂ ਉਹ ਮੌਕੇ ਉਪਰ ਹੀ ਦਮ ਤੋੜ ਗਿਆ। ਕਾਰ ਵਿਚ



ਸਵਾਰ ਇਕ ਔਰਤ ਮਾਮੂਲੀ ਜਖਮੀ ਹੋਈ ਹੈ ਉਸ ਦੀ ਮੌਕੇ ਉਪਰ ਹੀ ਮਰਹਮ ਪੱਟੀ ਕਰ ਦਿੱਤੀ ਗਈ। ਹਾਲਾਂਕਿ ਪੁਲਿਸ ਨੇ ਮਾਰ ਗਏ ਵਿਅਕਤੀ ਦਾ ਨਾਂ ਨਹੀਂ ਦਸਿਆ ਹੈ ਪਰ ਉਸ ਦੇ ਪਰਿਵਾਰ ਤੇ ਦੋਸਤਾਂ ਨੇ ਉਸ ਦੀ ਪਛਾਣ 32 ਸਾਲਾ ਵਿੰਸਟਨ ਬੂਗੀ ਸਮਿੱਥ ਜੂਨੀਅਰ ਵਜੋਂ ਕੀਤੀ ਹੈ ਜੋ 3 ਬੱਚਿਆਂ ਦਾ ਪਿਤਾ ਸੀ। ਜਾਂਚ ਅਧਿਕਾਰੀਆਂ ਅਨੁਸਾਰ ਕਾਰ ਵਿਚੋਂ ਇਕ ਹੈਂਡਗੰਨ ਤੇ ਚੱਲਿਆ ਹੋਇਆ ਕਾਰਤੂਸ ਵੀ ਮਿਲਿਆ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਵੀ ਗੋਲੀ ਚਲਾਈ ਸੀ। ਪੁਲਿਸ ਨੇ ਘਟਨਾ ਦੀ ਕੋਈ ਵੀਡੀਓ ਜਾਰੀ ਨਹੀਂ ਕੀਤੀ ਹੈ। ਘਟਨਾ ਦੀ ਖਬਰ ਫੈਲਣ 'ਤੇ ਭੀੜ ਇਕੱਠੀ ਹੋ ਗਈ। ਮਿਨੀਆਪੋਲਿਸ ਪੁਲਿਸ ਦੇ ਬੁਲਾਰੇ ਜੌਹਨ ਐਲਡਰ ਨੇ ਕਿਹਾ ਹੈ ਕਿ ਸ਼ੁਰੂ ਵਿਚ ਭੀੜ ਸ਼ਾਂਤਮਈ ਸੀ ਪ੍ਰੰਤੂ ਬਾਅਦ ਦੁਪਹਿਰ ਲੋਕ ਭੜਕ ਉਠੇ ਤੇ ਉਨਾਂ ਨੇ ਅਨੇਕਾਂ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਤੇ ਲੁੱਟ ਮਾਰ ਕੀਤੀ।

# ਫਲੋਰੀਡਾ ਪਬਲਿਕਸ ਸੁਪਰ ਮਾਰਕੀਟ ਵਿਚ ਬੰਦੂਕਧਾਰੀ ਵੱਲੋਂ ਦਾਦੀ ਤੇ ਪੋਤਰੇ ਦੀ ਹੱਤਿਆ ਉਪਰੰਤ ਖੁਦ ਵੀ ਕੀਤੀ ਆਤਮ ਹੱਤਿਆ



**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਲੰਘੇ ਦਿਨ ਫਲੋਰੀਡਾ ਦੀ ਰਾਇਲ ਪਾਮ ਬੀਚ ਵਿਖੇ ਇਕ ਪਬਲਿਕਸ ਸੁਪਰ ਮਾਰਕੀਟ ਵਿਚ ਇਕ ਵਿਅਕਤੀ ਨੇ ਗੋਲੀਆਂ ਮਾਰ ਕੇ ਇਕ ਔਰਤ ਤੇ ਬੱਚੇ ਦੀ ਹੱਤਿਆ ਕਰ ਦਿੱਤੀ ਉਪਰੰਤ ਖੁਦ ਨੂੰ ਵੀ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ। ਇਹ ਜਾਣਕਾਰੀ ਪਾਲਮ ਬੀਚ ਕਾਊਂਟੀ ਸ਼ੈਰਿਫ ਦੇ ਦਫਤਰ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਪੁਲਿਸ ਅਨੁਸਾਰ ਇਹ ਘਟਨਾ 11.30 ਵਜੇ ਸਵੇਰੇ ਵਾਪਰੀ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਗੋਲੀਬਾਰੀ ਵਿਚ ਮਾਰੇ ਗਏ ਦਾਦੀ ਤੇ ਪੋਤਰਾ ਬੰਦੂਕਧਾਰੀ ਨੂੰ ਜਾਣਦੇ ਸਨ। ਮਾਰਿਆ ਗਿਆ ਬੱਚਾ ਇਸ ਮਹੀਨੇ ਹੀ 2 ਸਾਲ ਦਾ ਹੋਇਆ ਸੀ। ਮ੍ਰਿਤਕਾਂ ਦੇ ਨਾਵਾਂ ਦਾ ਪਤਾ ਨਹੀਂ ਲੱਗ ਸਕਿਆ। ਸ਼ੈਰਿਫ ਦੇ ਬੁਲਾਰੇ ਟੈਰੀ ਬਰਬੇਰਾ ਨੇ ਕਿਹਾ ਹੈ ਕਿ ਮਾਮਲੇ ਦੀ ਜਾਂਚ ਲਈ ਪੁਲਿਸ ਅਧਿਕਾਰੀ ਮੌਕੇ 'ਤੇ ਮੌਜੂਦ ਲੋਕਾਂ ਨਾਲ ਗੱਲਬਾਤ ਕਰ ਰਹੇ ਹਨ ਤੇ ਸੀ ਸੀ ਟੀ ਵੀ ਕੈਮਰਾ ਵੀਡੀਓ ਦੀ ਛਾਣਬੀਣ ਕੀਤੀ ਜਾ ਰਹੀ ਹੈ। ਬਰਬੇਰਾ ਨੇ ਕਿਹਾ ਕਿ ਲੱਗਦਾ ਹੈ ਕਿ ਘਟਨਾ ਵਿਚ ਸ਼ਾਮਿਲ ਸ਼ੂਟਰ ਆਦੀ ਮੁਜਰਮ ਨਹੀਂ ਸੀ।

# ਟੈਕਸਾਸ ਵਿਚ ਭਾਰੀ ਬਾਰਸ਼, ਹੜ ਵਰਗੇ ਹਾਲਾਤ

## ✪ ਜਨਜੀਵਨ ਉਪਰ ਵਿਆਪਕ ਅਸਰ ✪ ਗਵਰਨਰ ਨੇ ਸੰਭਾਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਦੇ ਦਿੱਤੇ ਨਿਰਦੇਸ਼

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਪਿਛਲੇ ਦਿਨਾਂ ਤੋਂ ਪੈ ਰਹੀ ਬਾਰਿਸ਼ ਨੇ ਟੈਕਸਾਸ ਤੋਂ ਲੂਸੀਆਨਾ ਤੱਕ ਹੜ ਵਰਗੇ ਹਾਲਾਤ ਪੈਦਾ ਕਰ ਦਿੱਤੇ ਹਨ। ਹੂਸਟਨ ਵਿਚ ਪਿਛਲੇ 23 ਦਿਨਾਂ ਦੌਰਾਨ 19 ਦਿਨ ਬਾਰਿਸ਼ ਹੋਈ ਹੈ ਜਿਸ ਕਾਰਨ ਹਰ ਪਾਸੇ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਹੈ। ਮੌਸਮ ਵਿਭਾਗ ਅਨੁਸਾਰ ਅਗਲੇ ਪੰਜ ਦਿਨਾਂ ਦੌਰਾਨ ਟੈਕਸਾਸ ਤੋਂ ਲੂਸੀਆਨਾ ਤੱਕ ਭਾਰੀ ਬਾਰਿਸ਼ ਪੈਣ ਦਾ ਅਨੁਮਾਨ ਹੈ ਜਿਸ ਨਾਲ ਖੇਤਰ ਵਿਚ ਹੜ ਆ ਸਕਦੇ ਹਨ।




ਵਿਕਟੋਰੀਆ, ਟੈਕਸਾਸ ਵਿਚ ਪਿਛਲੇ ਮਈ ਮਹੀਨੇ ਦੌਰਾਨ 20.28 ਇੰਚ ਬਾਰਿਸ਼ ਹੋਈ ਹੈ ਜਿਸ ਨੇ ਪਿਛਲੇ ਤਕਰੀਬਨ 30 ਸਾਲ ਦਾ ਰਿਕਾਰਡ ਤੋੜ ਦਿੱਤਾ ਹੈ। 1993 ਦੇ ਮਈ ਮਹੀਨੇ ਵਿਚ ਵਿਕਟੋਰੀਆ ਵਿੱਚ 14 ਇੰਚ ਬਾਰਿਸ਼ ਰਿਕਾਰਡ ਹੋਈ ਸੀ। ਹੂਸਟਨ ਵਿਚ 11 ਮਈ ਤੋਂ 3 ਜੂਨ ਤੱਕ ਤਕਰੀਬਨ 14 ਇੰਚ ਬਾਰਿਸ਼ ਹੋਈ ਹੈ। ਭਾਰੀ ਬਾਰਿਸ਼ ਦੀ ਚਿਤਾਵਨੀ ਦੇ ਮੱਦੇਨਜਰ ਟੈਕਸਾਸ ਦੇ ਗਵਰਨਰ ਗਰੇਗ ਅਬੋਟ ਨੇ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਸਬੰਧਤ ਵਿਭਾਗਾਂ ਨੂੰ ਤਿਆਰ ਬਰ ਤਿਆਰ ਰਹਿਣ ਲਈ ਕਿਹਾ ਹੈ ਇਨਾਂ ਵਿਚ ਵੱਖ ਵੱਖ ਵਿਭਾਗਾਂ ਦੇ ਕਿਸ਼ਤੀ ਦਸਤੇ, ਬਚਾਅ ਟੀਮਾਂ, ਉੱਚ ਸਮਰੱਥਾ ਵਾਲੀਆਂ ਗੱਡੀਆਂ ਤੇ ਹੈਲੀਕਾਪਟਰ ਸ਼ਾਮਿਲ ਹਨ। ਗਵਰਨਰ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ 'ਇਸ ਸਾਲ ਬਹਾਰ ਰੁੱਤ ਦੌਰਾਨ ਅਣਕਿਆਸੀ ਬਾਰਿਸ਼ ਹੋ ਰਹੀ ਹੈ ਤੇ ਬਹੁਤ ਸਾਰੀਆਂ ਥਾਵਾਂ 'ਤੇ ਹੜ ਵਰਗੇ ਹਾਲਾਤ ਬਣ ਗਏ ਹਨ। ਰਾਜ ਦੇ ਸਮੁੱਚੇ ਪੂਰਬੀ ਤੇ ਦੱਖਣੀ ਖੇਤਰਾਂ ਵਿਚ ਲੋਕ ਚੌਕਸ ਰਹਿਣ ਤੇ ਉਹ ਸਥਾਨਕ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨ।' ਬਾਰਿਸ਼ ਨੇ ਜਨ ਜੀਵਨ ਉਪਰ ਵਿਆਪਕ ਅਸਰ ਪਾਇਆ ਹੈ। ਹੋਰ ਸਰਗਰਮੀਆਂ ਦੇ ਨਾਲ ਨਾਲ ਆਰਥਿਕ ਗਤੀਵਿਧੀਆਂ ਵੀ ਪ੍ਰਭਾਵਿਤ ਹੋਈਆਂ ਹਨ।

# ਫੇਸਬੁੱਕ ਨੇ ਸਾਬਕਾ ਰਾਸ਼ਟਰਪਤੀ ਟਰੰਪ ਦੇ ਖਾਤੇ ਉਪਰ ਲਾਈ ਰੋਕ ਦੋ ਸਾਲ ਲਈ ਵਧਾਈ



**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਫੇਸਬੁੱਕ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਾਤੇ ਉਪਰ ਲਾਈ ਰੋਕ ਦੋ ਸਾਲ ਲਈ ਵਧਾ ਦਿੱਤੀ ਹੈ ਜੋ ਰੋਕ 2024 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਖਤਮ ਹੋ ਜਾਵੇਗੀ। ਫੇਸਬੁੱਕ ਦੇ ਅਧਿਕਾਰੀਆਂ ਨੇ ਕਿਹਾ ਹੈ ਕਿ ਦੋ ਸਾਲ ਪੂਰੇ ਹੋਣ ਉਪਰੰਤ ਉਹ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਨਗੇ ਤੇ ਇਹ ਪਤਾ ਲਾਉਣ ਦਾ ਯਤਨ ਕਰਨਗੇ ਕੀ ਆਮ ਲੋਕਾਂ ਦੀ ਸੁਰੱਖਿਆ ਨੂੰ ਖਤਰਾ ਘਟਿਆ ਹੈ ਤੇ ਕੀ ਟਰੰਪ ਫੇਸਬੁੱਕ ਉਪਰ ਆਪਣੀ ਗੱਲ ਕਹਿ ਸਕਦੇ ਹਨ ? ਟਰੰਪ ਨੇ ਫੇਸਬੁੱਕ ਦੇ ਇਸ ਨਿਰਨੇ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਜੇਕਰ ਉਹ 2024 ਵਿਚ ਰਾਸ਼ਟਰਪਤੀ ਚੁਣੇ ਜਾਂਦੇ ਹਨ ਤਾਂ ਫੇਸਬੁੱਕ ਨਾਲ ਸੁਖਾਵੇਂ ਸਬੰਧਾਂ ਦਾ ਦੌਰ ਸਦਾ ਲਈ ਖਤਮ ਹੋ ਜਾਵੇਗਾ।

# ਅਲ-ਕਾਇਦਾ ਦਾ ਮੁਖੀ ਅਲ ਜ਼ਵਾਹਰੀ ਜ਼ਿੰਦਾ ਹੈ ਤੇ ਉਹ ਪਾਕਿ ਦੇ ਸਰਹੱਦੀ ਇਲਾਕੇ 'ਚ ਲੁਕਿਆ



**ਸੰਯੁਕਤ ਰਾਸ਼ਟਰ/ਏ.ਟੀ.ਨਿਊਜ਼ :** ਦੁਨੀਆ ਦੇ ਸਭ ਤੋਂ ਵੱਡੇ ਅੱਤਵਾਦੀ ਸੰਗਠਨ ਅਲ-ਕਾਇਦਾ ਦਾ ਮੁਖੀ ਅਮਾਨ ਅਲ ਜ਼ਵਾਹਰੀ ਅਜੇ ਵੀ ਜ਼ਿੰਦਾ ਹੈ ਤੇ ਉਹ ਪਾਕਿਸਤਾਨ ਦੇ ਸਰਹੱਦੀ ਇਲਾਕੇ 'ਚ ਲੁਕਿਆ ਹੋਇਆ ਹੈ। ਸੰਯੁਕਤ ਰਾਸ਼ਟਰ (ਯੂ. ਐਨ.) ਦੀ ਰਿਪੋਰਟ ਅਨੁਸਾਰ ਅੱਤਵਾਦੀ ਸੰਗਠਨ ਅਲ-ਕਾਇਦਾ ਦੇ ਜ਼ਿਆਦਾਤਰ ਕੱਟੜ ਅੱਤਵਾਦੀ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਸਰਹੱਦੀ ਖੇਤਰ ਵਿਚ ਰਹਿ ਰਹੇ ਹਨ । ਜਿਨਾਂ 'ਚ ਸੰਗਠਨ ਦਾ ਸਾਬਕਾ ਸਰਗਨਾ ਅਮਾਨ ਅਲ ਜ਼ਵਾਹਰੀ ਵੀ ਸ਼ਾਮਿਲ ਹੈ। ਰਿਪੋਰਟ ਅਨੁਸਾਰ ਜ਼ਵਾਹਰੀ ਜ਼ਿੰਦਾ ਹੈ ਪਰ ਐਨਾ ਕਮਜ਼ੋਰ ਹੋ ਗਿਆ ਹੈ ਕਿ ਉਸ ਸਬੰਧੀ ਦੱਸਿਆ ਨਹੀਂ ਜਾਂਦਾ ਹੈ ।ਦੱਸਣਯੋਗ ਹੈ ਕਿ ਅਲ-ਕਾਇਦਾ ਮੁਖੀ ਜ਼ਵਾਹਰੀ ਦੀ ਸਿਹਤ ਖ਼ਰਾਬ ਹੋਣ 'ਤੇ ਪਿੱਛੇ ਜਿਹੇ ਅਫ਼ਗਾਨਿਸਤਾਨ ਵਿਚ ਉਸ ਦੀ ਮੌਤ ਹੋ ਜਾਣ ਦੀਆਂ ਖ਼ਬਰਾਂ ਆਈਆਂ ਸਨ, ਪਰ ਇਸ ਸਬੰਧੀ ਪੱਕੇ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਗਈ ਸੀ ।ਅਲ ਜ਼ਵਾਹਰੀ ਨੇ 1988 'ਚ ਅਲ-ਕਾਇਦਾ ਨੂੰ ਸਥਾਪਤ ਕਰਨ ਵਿਚ ਓਸਾਮਾ ਬਿਨ-ਲਾਦੇਨ ਦੀ ਸਹਾਇਤਾ ਕੀਤੀ ਅਤੇ ਸੰਗਠਨ ਦੀਆਂ ਅਫ਼ਗਾਨਿਸਤਾਨ ਅਤੇ ਪਾਕਿ ਵਿਚ ਗਤੀਵਿਧੀਆਂ ਦੀ ਅਗਵਾਈ ਵੀ ਕੀਤੀ । ਲਾਦੇਨ ਦੇ ਮਾਰੇ ਜਾਣ ਬਾਅਦ ਜ਼ਵਾਹਰੀ ਅਲ-ਕਾਇਦਾ ਦਾ ਮੁਖੀ ਬਣ ਗਿਆ । ਉਹ ਅਮਰੀਕਾ ਦੀ ਅੱਤਵਾਦੀਆਂ ਦੀ ਸਭ ਤੋਂ 'ਮੋਸਟ ਵਾਂਟੇਡ' ਸੂਚੀ ਵਿਚ ਸ਼ਾਮਿਲ ਹੈ। ਸੰਯੁਕਤ ਰਾਸ਼ਟਰ ਤੋਂ ਬਾਹਰ ਅਮਰੀਕੀ ਨਾਗਰਿਕਾਂ ਦੀ ਹੱਤਿਆ ਦੀ ਸਾਜਿਸ਼ ਵੀ ਸ਼ਾਮਿਲ ਜ਼ਵਾਹਰੀ 'ਤੇ ਅਮਰੀਕੀ ਸਰਕਾਰ ਵਲੋਂ 2.5 ਕਰੋੜ ਡਾਲਰ ਦਾ ਇਨਾਮ ਰੱਖਿਆ ਗਿਆ ਹੈ ।

# 6 ਸਾਲਾ ਬੱਚੇ ਦੀ ਮੌਤ ਦੇ ਮਾਮਲੇ ਵਿਚ ਗ੍ਰਿਫਤਾਰ ਜੋੜੇ ਵਿਰੁੱਧ ਹੱਤਿਆ ਦੇ ਦੋਸ਼ ਆਇਦ

## ਚਲਦੀ ਕਾਰ ਉਪਰ ਚਲਾਈ ਗੋਲੀ ਨਾਲ ਹੋਈ ਸੀ ਬੱਚੇ ਦੀ ਮੌਤ

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਕੈਲੀਫੋਰਨੀਆ ਫਰੀਵੇਅ ਉਪਰ ਚਲਦੀ ਕਾਰ ਉਪਰ ਚਲਾਈ ਗੋਲੀ ਨਾਲ ਮਾਰੇ ਗਏ 6 ਸਾਲ ਦੇ ਬੱਚੇ ਏਡਨ ਲੀਓਸ ਦੇ ਮਾਮਲੇ ਵਿਚ ਗ੍ਰਿਫਤਾਰ ਵਿਅਕਤੀ 26 ਸਾਲਾ ਐਨਥਨੀ ਐਰਿਜ਼ ਵਿਰੁੱਧ ਹਤਿਆ ਦੇ ਦੋਸ਼ ਆਇਦ ਕੀਤੇ ਗਏ ਹਨ ਜਦ ਕਿ ਉਸ ਦੀ ਦੋਸਤ ਕੁੜੀ 23ਸਾਲਾ ਵਾਇਨ ਲੀ ਨੂੰ ਸਹਿ ਦੋਸ਼ੀ ਬਣਾਇਆ ਗਿਆ ਹੈ। ਲੀ ਵਿਰੁੱਧ ਗੈਰਕਾਨੂੰਨੀ ਹਥਿਆਰ ਰੱਖਣ ਦੇ ਦੋਸ਼ ਵੀ ਲਾਏ ਗਏ ਹਨ। ਪੁਲਿਸ ਦਾ ਮੰਨਣਾ ਹੈ ਕਿ ਗੋਲੀ ਐਰਿਜ਼ ਨੇ ਚਲਾਈ ਜਦ ਕਿ ਵਾਇਨ ਲੀ ਕਾਰ ਚਲਾ ਰਹੀ ਸੀ। ਔਰੇਂਜ ਕਾਊਂਟੀ ਦੇ ਡਿਸਟ੍ਰਿਕਟ ਅਟਾਰਨੀ ਟੌਡ ਸਪਿਟਜ਼ਰ ਨੇ ਕਿਹਾ ਹੈ ਕਿ ਦੋਨਾਂ ਵਿਰੁੱਧ ਆਇਦ ਕੀਤੇ ਗਏ ਦੋਸ਼ਾਂ ਨਾਲ ਉਹ ਮੁਕੰਮਲ ਰੂਪ ਵਿਚ ਸਹਿਮਤ ਹਨ। ਗ੍ਰਿਫਤਾਰ ਜੋੜੇ ਨੂੰ ਔਰੇਂਜ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ ਤੇ ਇਨਾਂ ਨੂੰ 18 ਜੂਨ ਨੂੰ



ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਜੱਜ ਨੇ ਐਰਿਜ਼ ਦੀ ਜ਼ਮਾਨਤ ਲਈ 20 ਲੱਖ ਡਾਲਰ ਤੇ ਲੀ ਦੀ ਜ਼ਮਾਨਤ ਲਈ 5 ਲੱਖ ਡਾਲਰ ਰਾਸ਼ੀ ਤੈਅ ਕੀਤੀ ਹੈ। ਇਨਾਂ ਦੋਨਾਂ ਨੂੰ ਤਕਰੀਬਨ ਦੋ ਹਫਤਿਆਂ ਦੀ ਨੱਠ ਭੱਜ ਤੇ ਜਾਂਚ ਉਪਰੰਤ ਐਤਵਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਦੋਸ਼ੀ ਪਾਏ ਜਾਣ 'ਤੇ ਐਰਿਜ਼ ਨੂੰ 40 ਸਾਲ ਜੇਲ ਦੀ ਸਜ਼ਾ ਤੇ ਲੀ ਨੂੰ 3 ਸਾਲ ਜੇਲ ਹੋ ਸਕਦੀ ਹੈ। ਇਨਾਂ ਦੋਨਾਂ ਦੀ ਗ੍ਰਿਫਤਾਰੀ ਲਈ 5 ਲੱਖ ਡਾਲਰ ਦਾ ਇਨਾਮ ਵੀ ਰਖਿਆ ਗਿਆ ਸੀ। ਅਜੇ ਇਹ ਪਤਾ ਨਹੀਂ ਲੱਗ ਸਕਿਆ ਕਿ ਇਹ ਇਨਾਮ ਕਿਸ ਨੂੰ ਦਿੱਤਾ ਜਾਵੇਗਾ ਕਿਉਂਕਿ ਇਨਾਮ ਦੀ ਰਾਸ਼ੀ ਐਲਾਨਣ ਉਪਰੰਤ ਬਹੁਤ ਸਾਰੇ ਲੋਕਾਂ ਨੇ ਪੁਲਿਸ ਨੂੰ ਸੰਭਾਵੀ ਦੋਸ਼ੀਆਂ ਬਾਰੇ ਜਾਣਕਾਰੀ ਦਿੱਤੀ ਸੀ। ਇਥੇ ਜਿਕਰਯੋਗ ਹੈ ਕਿ ਏਡਨ ਦੀ ਪਿਛਲੇ ਮਹੀਨੇ 21 ਮਈ ਨੂੰ ਉਸ ਸਮੇ ਗੋਲੀ ਮਾਰ ਕੇ ਹਤਿਆ ਕਰ ਦਿੱਤੀ ਗਈ ਸੀ ਜਦੋਂ ਉਸ ਦੀ ਮਾਂ ਉਸ ਨੂੰ ਆਪਣੀ ਕਾਰ ਵਿਚ ਸਕੂਲ ਛੱਡਣ ਜਾ ਰਹੀ ਸੀ। ਦੋਸ਼ੀ ਵੱਲੋਂ ਕਾਰ ਉਪਰ ਗੋਲੀ ਚਲਾਈ ਗਈ ਜੋ ਸਿੱਧੀ ਪਿਛਲੀ ਸੀਟ ਉਪਰ ਬੈਠੇ ਬੱਚੇ ਦੇ ਢਿੱਡ ਵਿਚ ਜਾ ਵੱਜੀ ਤੇ ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ ਸੀ।

# ਦੱਖਣੀ ਕੈਲੀਫੋਰਨੀਆ ਵਿਚ ਭੂਚਾਲ ਦੇ ਝਟਕੇ, ਜਾਨੀ ਨੁਕਸਾਨ ਤੋਂ ਬਚਾਅ

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਦੱਖਣੀ ਕੈਲੀਫੋਰਨੀਆ ਵਿਚ ਲੰਘੇ ਦਿਨ ਸਵੇਰ ਵੇਲੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਯੁਨਾਈਟਿਡ ਸਟੇਟਸ ਜੀਆਲੋਜੀਕਲ ਸਰਵੇ ਅਨੁਸਾਰ ਚੂਲਾ ਵਿਸਟਾ, ਸੈਨ ਡਇਏਗੋ, ਐਲ ਸੈਂਟਰੋ ਤੇ ਇੰਡੀਓ ਵਿਚ 5.3 ਦੀ ਤੀਬਰਤਾ ਨਾਲ ਭੂਚਾਲ ਆਇਆ। ਭੂਚਾਲ ਦੇ ਕੇਂਦਰ ਬਿੰਦੂ ਤੋਂ ਤਕਰੀਬਨ 95 ਮੀਲ ਦੂਰ ਡੈਲ ਮਰ, ਕੈਲੀਫੋਰਨੀਆ ਨੇੜੇ ਵੀ ਲੋਕਾਂ ਨੇ ਭੂਚਾਲ ਦੇ ਝਟਕਿਆਂ ਨੂੰ ਮਹਿਸੂਸ ਕੀਤਾ। ਯੁਨਾਈਟਿਡ ਸਟੇਟਸ ਜੀਆਲੋਜੀਕਲ ਸਰਵੇ ਨੇ ਕਿਹਾ ਹੈ ਕਿ ਭੂਚਾਲ ਦਾ ਕੇਂਦਰ ਬਿੰਦੂ ਕੈਲੀਪੈਟਰੀਆ, ਕੈਲੀਫੋਰਨੀਆ ਤੋਂ 7 ਮੀਲ ਦੂਰ ਦੱਖਣ ਖੇਤਰ ਸੀ ਜੋ ਇੰਪੀਰੀਅਲ ਕਾਊਂਟੀ ਵਿਚ ਪੈਂਦਾ ਹੈ। ਇੰਪੀਰੀਅਲ ਕਾਊਂਟੀ ਫਾਇਰ ਵਿਭਾਗ ਤੇ ਐਮਰਜੈਂਸੀ ਸਰਵਿਸਜ ਦਫਤਰ ਦੇ ਅਧਿਕਾਰੀਆਂ ਅਨੁਸਾਰ ਭੂਚਾਲ ਨਾਲ ਜਾਨੀ ਜਾਂ ਮਾਲੀ ਨੁਕਸਾਨ ਹੋਣ ਦੀ ਰਿਪੋਰਟ ਨਹੀਂ ਹੈ। ਲੋਕਾਂ ਵਿਚ ਡਰ ਜਰੂਰ ਪਾਇਆ ਜਾ ਰਿਹਾ ਹੈ। ਭੂਚਾਲ ਵਿਗਿਆਨੀ ਲਕੀ ਜੋਨਜ ਨੇ ਕਿਹਾ ਹੈ ਕਿ ਇਸ ਖੇਤਰ ਵਿਚ ਭੂਚਾਲ ਸਮੂਹਿਕ ਰੂਪ ਵਿਚ ਆਉਂਦੇ ਹਨ ਤੇ ਇਨਾਂ ਦੀ ਤੀਬਰਤਾ 5.8 ਤੋਂ ਵਧ ਨਹੀਂ ਹੁੰਦੀ। ਉਨਾਂ ਨੇ ਚਿਤਾਵਨੀ ਦਿੱਤੀ ਹੈ ਕਿ ਅਗਲੇ ਸਮੇਂ ਵਿਚ ਅਜਿਹੇ ਹੋਰ ਭੂਚਾਲ ਵੀ ਆ ਸਕਦੇ ਹਨ।

# ਮਾਮਲਾ ਕੋਵਿਡ ਵੈਕਸੀਨ ਫਰਿਜ਼ ਵਿਚੋਂ ਬਾਹਰ ਰੱਖਣ ਦਾ

## ਫਾਰਮਾਸਿਸਟ ਨੂੰ 3 ਸਾਲ ਦੀ ਜੇਲ

**ਸੈਕਰਾਮੈਂਟੋ/(ਹੁਸਨ ਲੜੋਆ ਬੰਗਾ):** ਇਕ ਅਦਾਲਤ ਨੇ ਵਿਸਕਾਨਸਿਨ ਦੇ ਫਾਰਮਾਸਿਸਟ ਸਟੀਵਨ ਬਰੈਂਡਨਬਰਗ ਨੂੰ 3 ਸਾਲ ਜੇਲ ਦੀ ਸਜ਼ਾ ਸੁਣਾਈ ਹੈ ਜਿਸ ਨੇ ਜਾਣਬੁੱਝ ਕੇ ਮੋਡਰਨਾ ਵੈਕਸੀਨ ਵਾਲੇ ਡੱਬੇ ਨੂੰ ਫਰਿਜ਼ ਵਿਚੋਂ ਬਾਹਰ ਰਖ ਦਿੱਤਾ ਸੀ। ਸੁਣਵਾਈ ਦੌਰਾਨ ਬਰੈਂਡਨਬਰਗ ਨੇ ਸਵਿਕਾਰ ਕੀਤਾ ਕਿ ਉਸ ਨੇ ਜਾਣਬੁਝ ਕੇ ਵੈਕਸੀਨ ਨੂੰ ਤਬਾਹ ਕਰਨ ਦਾ ਯਤਨ ਕੀਤਾ ਕਿਉਂਕਿ ਉਹ ਸਮਝਦਾ ਸੀ ਕਿ ਇਹ ਲੋਕਾਂ ਲਈ ਸੁਰੱਖਿਅਤ ਨਹੀਂ ਹੈ। 46 ਸਾਲਾ ਬਰੈਂਡਨਬਰਗ ਨੂੰ ਵੈਕਸੀਨ ਨਾਲ ਛੇੜਛਾੜ ਕਰਨ ਜਿਸ ਨਾਲ ਹੋਰ ਵਿਅਕਤੀਆਂ ਦੀ ਜਿੰਦਗੀ ਨੂੰ ਖਤਰਾ ਪੈਦਾ ਹੋ ਸਕਦਾ ਸੀ, ਦਾ ਦੋਸ਼ੀ ਪਾਇਆ ਗਿਆ। ਜਸਟਿਸ ਵਿਭਾਗ ਵੱਲੋਂ ਜਾਰੀ ਬਿਆਨ ਅਨੁਸਾਰ ਬਰੈਂਡਨਬਰਗ ਨੇ ਦਸੰਬਰ 2020 ਵਿਚ ਆਪਣੀ ਰਾਤ ਵੇਲੇ ਦੀ ਡਿਊਟੀ ਦੌਰਾਨ ਹਸਪਤਾਲ ਦੇ ਫਰਿਜ਼ ਵਿਚੋਂ ਮੋਡਰਨਾ ਵੈਕਸੀਨ ਬਾਹਰ ਕੱਢਕੇ ਰਖੀ, ਹਾਲਾਂਕਿ ਉਹ ਜਾਣਦਾ ਸੀ ਕਿ ਵੈਕਸੀਨ ਨੂੰ ਇਕ ਵਿਸ਼ੇਸ਼ ਤਾਪਮਾਨ ਵਿੱਚ ਰਖਿਆ ਜਾਂਦਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh, Sarbjeet Kaur Sarb Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਇੱਕ ਵੀ ਵੋਟ ਜਾਅਲੀ ਨਹੀਂ - ਕਿਸ਼ਤ 1

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਹਰਜੀਤ ਸਿੰਘ ਜੋ ਬਾਸਾ-ਗੁਰਮੀਤ ਗਰੁੱਪ ਦਾ ਕਚਹਿਰੀ ਵਿੱਚ ਗਵਾਹ ਸੀ ਉਸ ਵੱਲੋਂ ਦਿੱਤੇ ਬਿਆਨਾਂ ਦੀ ਲੜੀ ਲਾਈ ਜਾ ਰਹੀ ਤਾਂ ਜੋ ਗੁਰਦੁਆਰਾ ਸਾਹਿਬ ਫਰੀਮਾਂਟ ਦੀ ਸੰਗਤ ਨੂੰ ਪਤਾ ਲੱਗ ਸਕੇ ਕਿ ਇਹ ਸੰਗਤ ਨੂੰ ਕੀ ਕਹਿ ਰਹੇ ਸਨ ਅਤੇ ਕਚਹਿਰੀ ਵਿੱਚ ਕੀ ਸਬੂਤ ਪੇਸ਼ ਕਰ ਰਹੇ ਸਨ।

ਗਵਾਈ ਹਮੇਸ਼ਾਂ ਲੰਬੀ ਹੁੰਦੀ ਹੈ ਤੇ ਹਰਜੀਤ ਸਿੰਘ ਵੱਲੋਂ ਇੱਧਰ-ਉੱਧਰ ਦੀਆਂ ਕਹਾਣੀਆਂ ਸੁਣਾ ਕੇ ਸਮਾਂ ਤਾਂ ਖਰਾਬ ਕੀਤਾ ਹੀ ਪਰ ਹਰੇਕ ਸਬਦ ਛਾਪਣਾ ਮੁਮਕਿਨ ਨਹੀਂ। ਇਸਦੀ ਗਵਾਹੀ ਦਾ ਤੱਤਸਾਰ ਪੇਸ਼ ਹੈ।

ਸੱਜੇ ਹੱਥ ਲੱਗੀਆਂ ਤਸਵੀਰਾਂ ਵੇਰਵੇ ਸਹਿਤ:

ਬਾਸਾ-ਗੁਰਮੀਤ ਧੜੇ ਵੱਲੋਂ 8 ਮਾਰਚ ਦੀ ਚੋਣ ਵਿੱਚ ਬੁਰੀ ਤਰਾਂ ਹਾਰ ਤੋਂ ਬਾਅਦ ਕਾਵਾਂਰੌਲੀ ਪਾਉਣੀ ਸੁਰੂ ਹੋਈ ਕਿ ਚੋਣਾਂ ਵਿੱਚ ਵੱਡੀ ਪੱਧਰ ਤੇ ਹੇਰਾ-ਫੇਰੀ ਹੋਈ ਹੈ।

ਹਰਜੀਤ ਸਿੰਘ ਨੇ 7 ਅਪ੍ਰੈਲ ਨੂੰ ਕੋਰਟ ਨੂੰ ਹਲਫਨਾਮਾ ਦਿੱਤਾ ਕਿ ਉਸਦੀ ਖੋਜ ਮੁਤਾਬਕ 4414 ਜਾਅਲੀ ਵੋਟਰਾਂ ਨੇ ਵੋਟਾਂ ਪਾਈਆਂ ਹਨ।

ਉਸਤੋਂ ਬਾਅਦ ਵੀ ਵਿਰੋਧੀ ਧੜੇ ਵੱਲੋਂ ਸੰਗਤ ਨੂੰ ਅਖਬਾਰਾਂ , ਫੇਸਬੁੱਕ ਅਤੇ ਨਿੱਜੀ ਕਾਲਾਂ ਅਤੇ ਮਿਲਨੀਆਂ ਵਿੱਚ ਇਹ ਗੁੰਮਰਾਹ ਕੀਤਾ ਗਿਆ ਕਿ 4414 ਵੋਟਾਂ ਜਾਅਲੀ ਪਈਆਂ ਹਨ।

***ਦੇਖੋ ਫੇਸਬੁੱਕ ਦੀ ਪੋਸਟ***

ਸਿੱਖ ਪੰਚਾਇਤ ਦੇ ਵਕੀਲ ਨੇ ਪਹਿਲੇ ਸੁਆਲ ਵਿੱਚ ਹੀ ਹਰਜੀਤ ਸਿੰਘ ਨੂੰ ਪੁੱਛਿਆ ਕਿ ਅੱਜ ਤੂੰ 8 ਮਹੀਨੇ ਦੀ ਖੋਜ ਤੋਂ ਬਾਅਦ ਕਿਸੇ ਇੱਕ ਵਿਅਕਤੀ ਬਾਰੇ ਦੱਸ ਸਕਦਾ ਹੈ ਜਿਸਨੇ ਜਾਅਲੀ ਵੋਟ ਪਾਈ ਹੋਵੇ। ਪਹਿਲਾਂ ਜੁਆਬ ਸੀ ਕਿ ਮੈਂ ਤਾਂ ਖੋਜ ਹੀ ਕੀਤੀ ਹੈ ਪਰ ਮੈਨੂੰ ਨਹੀਂ ਲੱਗਦਾ ਮੈਂ ਕਿਸੇ ਇੱਕ ਵਿਅਕਤੀ ਦੀ ਨਿਸਾਨਦੇਹੀ ਕਰ ਸਕਦਾ ਹਾਂ।

ਅਗਲਾ ਸੁਆਲ ਵਕੀਲ ਨੇ ਫੇਰ ਕੀਤਾ ਕਿ ਕਿ ਇੱਕ ਵੋਟਰ ਦੱਸ ਜਿਸਨੇ ਧੋਖੇ ਨਾਲ ਵੋਟ ਪਾਈ ਹੋਵੇ। ਇਹ ਕਹਿੰਦਾ ਮੈਂ 4 ਵੋਟਾਂ ਬਾਰੇ ਦੱਸਿਆ ਹੈ। ਵਕੀਲ ਨੇ ਪੁੱਛਿਆ ਉਹਨਾਂ ਦੇ ਨਾਮ ਦੱਸ ਤਾਂ ਇਹਦਾ ਜੁਆਬ ਸੀ ਕਿ ਮੈਂ ਨਾਮ ਨਹੀਂ ਦੱਸਣੇ ਚਾਹੁੰਦਾ

(ਚਲਦਾ...)

**ਨੋਟ: ਇਹਨਾਂ ਵੱਲੋਂ ਕੇਸ ਲਮਕਾਉਣ ਦੀਆਂ ਬਹੁਤ ਚਾਲਾਂ ਚੱਲੀਆਂ ਗਈਆਂ ਪਰ ਸਿੱਖ ਪੰਚਾਇਤ ਨੇ ਇਹਨਾਂ ਦੀ ਹਰ ਗੱਲ ਅਤੇ ਮੰਗ ਪੂਰੀ ਕੀਤੀ ਪਰ ਸਿੱਖ ਪੰਚਾਇਤ ਵੀ ਚਾਹੁੰਦੀ ਸੀ ਕਿ ਕੇਸ ਦਾ ਫੈਸਲਾ ਜਨਵਰੀ 2021 ਤੋਂ ਬਾਅਦ ਹੋਵੇ ਤਾਂ ਜੋ ਚੋਣਾਂ 2023 ਵਿੱਚ ਹੀ ਹੋਣ ਕਿਉਂ ਕਿ ਕੋਵਿਡ ਕਰਕੇ ਗੁਰਦੁਆਰਾ ਸਾਹਿਬ ਬੰਦ ਸੀ ਅਤੇ ਇੱਕ ਸਾਲ ਬਾਅਦ ਹੀ ਚੋਣਾਂ ਦਾ ਖਰਚਾ ਜਾਇਜ ਨਹੀਂ। ਵਿਰੋਧੀ ਧਿਰ ਵੱਲੋਂ ਇਹ ਰਟ ਲਾਈ ਗਈ ਕਿ ਉਹ ਇੱਕ ਸਾਲ ਸਿੱਖ ਪੰਚਾਇਤ ਨੂੰ ਅਦਾਲਤ ਵਿੱਚ ਹੀ ਘੁੰਮਾਈ ਫਿਰਣਗੇ ਅਤੇ ਅਗਲੇ ਸਾਲ ਹੀ ਚੋਣ ਹੋ ਜਾਵੇਗੀ। ਅਜਿਹੇ ਸੁਪਨੇ ਸਾਇਦ ਕੋਰਟਾਂ ਵਿੱਚ ਤਜੁਰਬੇ ਦੀ ਘਾਟ ਕਰਕੇ ਸੀ।**



**ਹਰਜੀਤ ਸਿੰਘ ਜਿਸਨੂੰ ਕੋਰਟ ਨੇ ਵੀ Hostile ਗਵਾਹ ਗਰਦਾਨਿਆ ਭਾਵ ਜੁਆਬ ਸਿੱਧੀ ਤਰਾਂ ਨਹੀਂ ਦੇ ਰਿਹਾ। ਉੱਥੇ ਵੀ ਜਿਆਦਾ ਚਲਾਕ ਬਣਦਾ ਸੀ**

Sikh Sangat Bay Area
March 9, 2020

Big election fraud discovered by the election authority in Fremont gurdwara
At primary investigation more than 175 ballots are over than total vote cast by the voters
Nd people from Turlock etc voted with false ids

Sikh Sangat Bay Area
March 18, 2020

ਫਰੀਮਾਂਟ ਗੁਰੂਘਰ ਦੀਆ ਚੋਣਾਂ ਦੇ ਨਤੀਜਿਆਂ ਨੂੰ ਚਣੌਤੀ ਅਦਾਲਤ ਵੱਲੋਂ ਪਰਵਾਨ
੧ ਅਪ੍ਰੈਲ ੨੦੨੦ ਤੱਕ ਫਰਾਡ ਦੇ ਸਬੂਤ
ਪੇਸ ਕਰਨ ਸਮਾਂ ਮਿਲਿਆਂ ਹੈ
ਸਿੱਖ ਸੰਗਤ ਬੇ ਏਰੀਆ ਵੱਲੋਂ
ਅਦਾਲਤ ਵਿੱਚ ਨਤੀਜਿਆਂ ਤੋਂ ਪਹਿਲਾਂ ਹੀ ਅਰਜ਼ੀ ਦਾਇਰ ਕੀਤੀ ਗਈ ਸੀ
ਸਿੱਖ ਸੰਗਤ ਬੇ ਏਰੀਆ ਦਾ ਮੰਨਣਾ ਹੈ
ਕਿ ਸਿੱਖ ਪੰਚਾਇਤ ਵੱਲੋਂ ਚੋਣਾਂ ਜਿੱਤਣ ਲਈ ਵੱਡੀ ਪੱਧਰ ਤੇ ਧਾਂਦਲੀ ਕੀਤੀ ਗਈ ਹੈ। ਪੰਚਾਇਤ ਦੇ ਵਕੀਲ ਵੱਲੋਂ ਅਦਾਲਤ ਨੂੰ
ਸੋਪੀ ਵੋਟਰ ਵਿੱਚ ਵਿਖਾਏ
ਕੁਝ ਮਰੇ ਵਿਅਕਤੀ ਵੀ ਵੋਟਾਂ ਪਾ ਗਏ
ਅਤੇ ਉਸੇ ਲਿਸਟ ਚ ਜੋ ਮੂਵ ਹਨ , ਉਹ ਵੀ ਵੋਟਾਂ ਪਾ ਗਏ ।
ਸਿੱਖ ਸੰਗਤ ਬੇ ਏਰੀਆ ਪਾਸ ਪੁਖ਼ਤਾ ਸਬੂਤ ਹਨ ਕਿ ਸੈਂਕੜੇ ਲੋਕਾਂ ਵੋਟਾਂ ਦੀ ਗਲਤ ਵਰਤੋਂ ਕੀਤੀ ।
ਅਦਾਲਤ ਵਿੱਚ ਕੇਸ ਚੱਲੇਗਾ , ਹੱਕ ਸੱਚ ਤੇ ਇਨਸਾਫ ਦੀ ਲੜਾਈ ਵਿੱਚ ਜ਼ਿਹਨਾਂ ਪ੍ਰਾਣੀਆਂ ਸਾਡਾ ਸਾਥ ਦਿੱਤਾ
ਅਸੀਂ ਉਹਨਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ ।
ਅਸੀਂ ਸ਼ੰਗਤ ਤੋਂ ਆਸ ਰੱਖਦੇ ਹਾਂ ਕਿ ਸੰਗਤ ਹੇਰਾ ਫੇਰੀਆਂ ਕਰਨ ਵਾਲੇ ਲੋਕਾਂ ਨੂੰ ਮੂੰਹ ਨਹੀਂ ਲਾਵੇਗੀ
ਇਨਸਾਫ ਲੈਣ ਲਈ ਸਾਡਾ ਸਾਥ ਦੇਵੇਗੀ

**DECLARATION. OF HARJEET SINGH ISO ELECTION VIOLATION CHALLENGE-CHALLENGED VOTES**

The margin of difference between the two slates was approximately 1,052 votes. I have identified far more ineligible voters who cast ballots than this number. In total, I have identified 4,414

I declare under penalty of perjury that the foregoing is true and correct and if called upon to testify thereto, I would and could, except for those statements made on information and belief.

Executed this 7th day of April, 2020 at Alameda, California.

Harjeet Randhawa

HARJEET SINGH

Sikh Sangat Bay Area

**Breaking news**
**ਫ਼ਰੀਮਾਂਟ ਗੁਰਦੁਆਰਾ ਸਾਹਿਬ ਦੀ ਚੋਣਾਂ ਵਿਚ ਵੱਡੇ ਪੱਧਰ ਤੇ ਹੇਰਾਫੇਰੀ ਦਾ ਖੁਲਾਸਾ**
**ਸਿਕ ਪੰਚਾਇਤ ਦੀ ਹੇਰਾਫੇਰੀ ਦੇ ਪੁਖਤਾ ਸਬੂਤ**

Sikh Sangat Bay Area
May 12, 2020

ਸਾਧ ਸੰਗਤ ਜੀ ਗੁਰਦੁਆਰਾ ਸਾਹਿਬ ਦੀਆਂ ਹੋਇਆਂ ੮ ਮਾਰਚ ਦੀਆਂ ਚੋਣਾਂ ਬਾਰੇ ਝੂਠੇ ਪ੍ਰਾਪੇਗੰਡੇ ਦਾ ਪੜਦਾਫਾਸ਼ ਕਰਦੀ ਹੋਈ ਰੀਪੋਰਟ ਸਾਂਝੀ ਕੀਤੀ ਜਾ ਰਹੀ ਹੈ। ਨਤੀਜੇ ਅਦਾਲਤ ਖੁੱਲਣ ਤੱਕ ਤੇ ਸਪੈਸ਼ਲ ਮਾਸਟਰ ਨਿਯੁੱਕਤ ਹੋਨ ਬਾਅਦ ਨਸ਼ਰ ਹੋਣਗੇ।
Sadh Sangat Ji the Mar8 elections results are interim and Gurdwara Management is still being run by last Supreme Council. Beware of any fake news being floated by Chela Jandi Panchayat Group.
Court will be appointing Special Master to review the challenge votes and issue expedited subpoenas for proofs from challenged voter. There are 4414 total challenged voters. Vast majority of these are due to alleged Court Order violations by HP Singh who was a co-ordinator of elections.

## ਕਚਹਿਰੀ ਵਿੱਚ ਹਰਜੀਤ ਸਿੰਘ ਦੀ ਗਵਾਹੀ

**Trevor**: I want to start by asking you, as you sit here today more than eight months after the election, how many names of individuals who purportedly voted can you identify with any sense of certainty as being fraudulent votes?

**Harjeet**. .... if you ask me that question personally, I don't think so I can pinpoint to a person.

Trevor: Give me one voter you know cheated.

**Harjeet.** I gave you -- I gave you four duplicate voters who actually cheated.

**Trevor.** Who are the names?

**Harjeet.** I don't want to put names on my record here.

# ਕਿਸਾਨ ਮੋਰਚਿਆਂ ’ਤੇ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਨੂੰ ਕੀਤਾ ਸਿਜਦਾ

**ਚੰਡੀਗੜ੍ਹ/ਏ.ਟੀ.ਨਿਊਜ਼ :** ਪੰਜਾਬ ਦੇ ਸੰਘਰਸ਼ੀ ਅਖਾੜਿਆਂ ’ਚ ਅੱਜ ਦਾ ਦਿਨ ਸਿੱਖ ਰਾਜ ਦੇ ਪਹਿਲੇ ਸੰਸਥਾਪਕ ਅਤੇ ਜ਼ਮੀਨ ਦਾ ਮਾਲਿਕਾਨਾ ਹੱਕ ਹਲਵਾਹਕਾਂ ਨੂੰ ਦੇ ਕੇ ਭੂਮੀ ਸੁਧਾਰਾਂ ਦਾ ਮੁੱਢ ਬੰਨਣ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਮਰਪਿਤ ਕੀਤਾ ਗਿਆ। ਕਿਸਾਨ ਜਥੇਬੰਦੀਆਂ ਨੇ ਆਦਿਵਾਸੀ ਅਜ਼ਾਦੀ ਘੁਲਾਟੀਏ ਬਿਰਸਾ ਮੁੰਡਾ ਨੂੰ ਵੀ ਸ਼ਰਧਾਂਜਲੀਆਂ ਦਿੱਤੀਆਂ। ਧਰਨਿਆਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਅੱਜ ਦੇ ਦਿਨ ਹੀ ਸੰਨ 1716 ਵਿੱਚ ਮੁਗਲ ਹਕੂਮਤ ਨੇ ਅਕਹਿ ਅਤੇ ਅਸਹਿ ਤਸੀਹੇ ਦੇ ਕੇ ਬਾਬਾ ਬੰਦਾ ਬਹਾਦਰ ਨੂੰ ਉਨਾਂ ਦੇ ਬੇਟੇ ਅਤੇ ਸੈਂਕੜੇ ਸਾਥੀਆਂ ਸਮੇਤ ਦਿੱਲੀ ਵਿਚ ਸ਼ਹੀਦ ਕਰ ਦਿੱਤਾ ਸੀ। ਬੰਦਾ ਸਿੰਘ ਬਹਾਦਰ ਨੇ ਸਰਹਿੰਦ ਨੂੰ ਫਤਹਿ ਕਰਨ ਤੋਂ ਬਾਅਦ ਪੰਜਾਬ ਦੇ ਵੱਡੇ ਇਲਾਕੇ ਉਪਰ ਕਬਜ਼ਾ ਕੀਤਾ ਸੀ। ਉਸ ਨੇ ਜਾਗੀਰਦਾਰਾਂ ਤੋਂ ਜ਼ਮੀਨਾਂ ਖੋਹ ਕੇ ਹਲਵਾਹਕਾਂ ਨੂੰ ਤਕਸੀਮ ਕੀਤੀਆਂ, ਜਿਸ ਕਰਕੇ ਪੰਜਾਬੀ ਕਿਸਾਨ ਸਤਿਕਾਰ ਵਜੋਂ ਉਸ ਨੂੰ ਅੱਜ ਵੀ ਆਪਣਾ ਪਹਿਲਾ ਤਹਿਸੀਲਦਾਰ ਆਖਦੇ ਹਨ। ਕਿਸਾਨ ਬੁਲਾਰਿਆਂ ਨੇ ਕਿਹਾ ਕਿ ਸਹੀ ਅਰਥਾਂ ’ਚ ਬਾਬਾ ਬੰਦਾ ਸਿੰਘ ਬਹਾਦਰ ਨੇ ਹੀ ਦੇਸ਼ ਅੰਦਰ ਸਭ ਤੋਂ ਪਹਿਲਾਂ ਭੂਮੀ ਸੁਧਾਰਾਂ ਦਾ ਮੁੱਢ ਬੰਨਿਆ ਸੀ। ਉਨਾਂ ਕਿਹਾ, ‘ਬਾਬਾ ਬੰਦਾ ਸਿੰਘ ਬਹਾਦਰ ਨੂੰ ਇਹੋ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਮੋਦੀ ਸਰਕਾਰ ਵੱਲੋਂ ਕਿਸਾਨੀ ਅਤੇ ਖੇਤੀ ਦੀ ਤਬਾਹੀ ਲਈ ਲਿਆਂਦੇ ਕਾਨੂੰਨਾਂ ਦੀ ਵਾਪਸੀ ਲਈ ਵਿੱਢੇ ਗਏ ਸੰਘਰਸ਼ ਨੂੰ ਹੋਰ ਮਜ਼ਬੂਤ ਕੀਤਾ ਜਾਵੇ।’ ਬੁਲਾਰਿਆਂ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਅੱਜ ਦੇ ਹੀ ਦਿਨ ਸੰਨ 1900 ਵਿੱਚ, ਮੌਜੂਦਾ ਝਾਰਖੰਡ ਇਲਾਕੇ ਦਾ ਆਦਿਵਾਸੀ ਲੋਕ ਨਾਇਕ ਅਤੇ ਆਜ਼ਾਦੀ ਘੁਲਾਟੀਆ ਬਿਰਸਾ ਮੁੰਡਾ ਅੰਗਰੇਜ਼ ਹਕੂਮਤ ਦੀ ਜੇਲ ਵਿੱਚ ਹੀ ਸ਼ਹੀਦੀ ਪਾ ਗਿਆ ਸੀ। ਉਸ ਨੇ ਤਾਉਮਰ ਲੋਕ ਹਿੱਤਾਂ ਲਈ ਸੰਘਰਸ਼ ਕੀਤਾ ਅਤੇ ਅੰਗਰੇਜ਼ ਹਕੂਮਤ ਤੋਂ ਆਜ਼ਾਦੀ ਹਾਸਲ ਕਰਨ ਲਈ ਲੜਦੇ ਰਹੇ। ਧਰਨਿਆਂ ’ਚ ਇਨਾਂ ਦੋਵੇਂ ਮਹਾਨ ਸ਼ਖਸੀਅਤਾਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਬੁਲਾਰਿਆਂ ਨੇ ਕਿਹਾ ਕਿ ਸਾਡਾ ਵਿਰਸਾ ਅਨਿਆਂ, ਜਬਰ, ਜ਼ੁਲਮ ਅਤੇ ਹਰ ਤਰਾਂ ਦੇ ਦਾਬੇ ਵਿਰੁੱਧ ਲੜਨ ਤੇ ਕੁਰਬਾਨੀਆਂ ਦੇਣ ਵਾਲਾ ਵਿਰਸਾ ਹੈ। ‘ਇਹ ਵਿਰਸਾ ਸਾਡੇ ਲਈ ਬਹੁਤ ਵੱਡਾ ਪ੍ਰੇਰਣਾ ਸਰੋਤ ਹੈ ਅਤੇ ਮੌਜੂਦਾ ਕਿਸਾਨ ਅੰਦੋਲਨ ਵਿੱਚ ਵੀ ਇਹ ਵਿਰਸਾ ਸਾਨੂੰ ਜਬਰ-ਜ਼ੁਲਮ ਵਿਰੁੱਧ ਲੜਨ ਤੇ ਕੁਰਬਾਨੀਆਂ ਦੇਣ ਲਈ ਪ੍ਰੇਰਦਾ ਰਹਿੰਦਾ ਹੈ। ਜਿਹੜੀਆਂ ਜ਼ਮੀਨਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਜਗੀਰਦਾਰਾਂ ਤੋਂ ਖੋਹ ਕੇ ਸਾਨੂੰ ਸੌਂਪੀਆਂ ਸਨ, ਸਰਕਾਰ ਉਹੀ ਜ਼ਮੀਨਾਂ ਫਿਰ ਤੋਂ ‘ਵੱਡਿਆਂ’ ਕਾਰਪੋਰੇਟੀ ਜ਼ੋਰਾਵਰਾਂ ਨੂੰ ਸੌਂਪਣ ਲਈ ਰੱਸੇ ਪੈੜੇ ਵੱਟ ਰਹੀ ਹੈ। ਬਾਬਾ




ਬੰਦਾ ਸਿੰਘ ਬਹਾਦਰ ਜੀ ਦੇ ਬਲੀਦਾਨ ਦਿਵਸ ਮੌਕੇ ਅਸੀਂ ਇੱਕ ਵਾਰ ਫਿਰ ਤੋਂ ਅਹਿਦ ਕਰਦੇ ਹਾਂ ਕਿ ਤਿੰਨੋਂ ਕਾਲੇ ਖੇਤੀ ਕਾਨੂੰਨ ਰੱਦ ਕਰਵਾਉਣ ਤੱਕ ਅੰਦੋਲਨ ਦੇ ਮੈਦਾਨ ਵਿੱਚ ਡਟੇ ਰਹਾਂਗੇ।’ ਇਸ ਦੌਰਾਨ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵੱਲੋਂ ਕਿਸਾਨਾਂ ਦੇ ਕਾਫ਼ਲਿਆਂ ਦਾ ਸਿੰਘੂ ਅਤੇ ਟਿਕਰੀ ਮੋਰਚਿਆਂ ’ਤੇ ਜਾਣਾ ਜਾਰੀ ਹੈ। ਭਾਰਤੀ ਕਿਸਾਨ ਯੂਨੀਅਨ (ਕਾਦੀਆਂ), ਕੁੱਲ ਹਿੰਦ ਕਿਸਾਨ ਸਭਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਅਤੇ ਕਿਰਤੀ ਕਿਸਾਨ ਯੂਨੀਅਨ ਸਮੇਤ ਪੰਜਾਬ ਤੋਂ ਆਂਗਣਵਾੜੀ ਵਰਕਰਾਂ ਅਤੇ ਡੈਮੋਕ੍ਰੈਟਿਕ ਮੁਲਾਜ਼ਮ ਫਰੰਟ ਦੇ ਜਥਿਆਂ ਨੇ ਦਿੱਲੀ ਲਈ ਕੂਚ ਕੀਤਾ।

ਕਿਸਾਨ ਆਗੂਆਂ ਨੇ ਕਿਹਾ ਕਿ ਉਨਾਂ ਦੇ ਅੰਦੋਲਨ ਨੂੰ ਜਿਸ ਤਰਾਂ ਦਾ ਦੇਸ਼ ਵਿਆਪੀ ਸਮਰਥਨ ਮਿਲਿਆ ਹੈ, ਉਸ ਨੇ ਸੱਤਾਧਾਰੀ ਸਿਆਸਤਦਾਨਾਂ ਦੀਆਂ ਸਾਰੀਆਂ ਚਾਲਾਂ ਨੂੰ ਫੇਲ ਕਰ ਦਿੱਤਾ ਹੈ। ਉਨਾਂ ਕਿਹਾ ਕਿ ਇਖਲਾਕ ਤੇ ਏਕੇ ਦੇ ਜ਼ੋਰ ’ਤੇ ਕਿਸਾਨ ਵਿਰੋਧੀ ਤਾਕਤਾਂ ਨੂੰ ਹਰਾ ਕੇ ਹੀ ਉਹ ਦਮ ਲੈਣਗੇ।

## ਬਾਬਾ ਬੰਦਾ ਸਿੰਘ ਬਹਾਦਰ ਨੇ ਕਿਰਤੀਆਂ ਨੂੰ ਜ਼ਮੀਨਾਂ ਦੇ ਮਾਲਕਾਨਾ ਹੱਕ ਦਿੱਤੇ ਸਨ : ਮਾਨ

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ’ਤੇ ਅੱਜ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਨੇ ਜਗੀਰਦਾਰਾਂ ਤੋਂ ਜ਼ਮੀਨਾਂ ਖੋਹ ਕੇ ਮੁਜਾਰੇ ਕਿਸਾਨਾਂ ’ਚ ਵੰਡਣ ਵਾਲੇ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਹਾੜਾ ਮਨਾਇਆ। ਇਸ ਦੌਰਾਨ ਆਦਿਵਾਸੀ ਯੋਧੇ ਬਿਰਸਾ ਮੁੰਡਾ ਅਤੇ ਹਰਕਿਸ਼ਨ ਸਰਹੱਦੀ ਦੇ ਸ਼ਹੀਦੀ ਦਿਹਾੜੇ ’ਤੇ ਉਨਾਂ ਨੂੰ ਵੀ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦਾ ਜ਼ਿਕਰ ਕਰਦਿਆਂ ਸ਼ਿੰਗਾਰਾ ਸਿੰਘ ਮਾਨ ਨੇ ਕਿਹਾ, ‘ਕਿਰਤੀ ਲੋਕਾਂ ਨੂੰ ਜ਼ਮੀਨਾਂ ਦੇ ਮਾਲਕੀ ਹੱਕ ਦਿਵਾਉਣ ਵਾਲੇ ਉਹ ਪਹਿਲੇ ਮਹਾਨ ਯੋਧੇ ਹਨ ਜਿਨਾਂ ‘ਜ਼ਮੀਨ ਹਲਵਾਹਕ ਦੀ’ ਦਾ ਨਾਅਰਾ ਦਿੱਤਾ।’ ਜ਼ਿਲਾ ਬਠਿੰਡਾ ਦੇ ਆਗੂ ਬਸੰਤ ਸਿੰਘ ਕੋਠਾ ਗੁਰੂ ਨੇ ਕਿਹਾ ਕਿ ਮੋਦੀ ਹਕੂਮਤ ਖੇਤੀ ਸਬੰਧੀ ਕਾਲੇ ਕਾਨੂੰਨਾਂ ਨੂੰ ਬਾਹਰੀ ਤੌਰ ’ਤੇ ਭਾਵੇਂ ਮੰਨਣ ਵਾਸਤੇ ਤਿਆਰ ਨਹੀਂ ਪਰ ਭਾਜਪਾ ਅੰਦਰ ਅੰਦਰੂਨੀ ਤੌਰ ’ਤੇ ਸੰਕਟ ਦਾ ਵਿਸ਼ਾ ਬਣਿਆ ਹੋਇਆ ਹੈ। ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਵੱਲੋਂ ਫ਼ਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਵਿੱਚ ਕੀਤੇ ਨਿਗੂਣੇ ਵਾਧੇ ਨੂੰ ਮੁੱਢੋਂ ਰੱਦ ਕਰਦਿਆਂ ਕਿਹਾ ਕਿ ਮੋਦੀ ਸਰਕਾਰ 2022 ਵਿਚ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਦਾਅਵਾ ਕਰਦੀ ਹੈ ਪਰ ਇਸ ਨਾਲ ਤਾਂ ਪੂਰੇ ਲਾਗਤ ਖ਼ਰਚੇ ਤਾਂ ਕੀ ਮੁੜਨੇ ਹਨ ਸਗੋਂ ਇਕੱਲੇ ਡੀਜ਼ਲ ਦਾ ਲਾਗਤ ਖ਼ਰਚ ਵੀ ਪੂਰਾ ਨਹੀਂ ਹੁੰਦਾ ਹੈ।

# ਡੇਰਾ ਮੁਖੀ ਗਰਮ ਚਿਮਟੇ ਲਗਾ ਕਰਦਾ ਸੀ ਤਸ਼ੱਦਦ

## ਨਾਬਾਲਗ ਬੱਚੇ ਨੇ ਭੱਜ ਕੇ ਬਚਾਈ ਜਾਨ

**ਭਗਤਾ ਭਾਈ/ਏ.ਟੀ.ਨਿਊਜ਼ :** ਦਿੱਲੀ ਦੇ ਰਹਿਣ ਵਾਲੇ 16 ਸਾਲਾ ਬੱਚੇ ਨੇ ਡੇਰੇ ਵਿਚੋਂ ਭੱਜ ਕੇ ਆਪਣੀ ਜਾਨ ਬਚਾਈ। ਬੱਚੇ ਨੇ ਦੱਸਿਆ ਕਿ ਉਸ ਨੂੰ ਪਿੰਡ ਗੁਰੂਸਰ ਵਿਖੇ ਦੋ ਕਮਰਿਆਂ ਦੀ ਇਮਾਰਤ ਵਿਚ ਬਣਾਏ ਗਏ ਇਕ ਡੇਰੇ ਵਿਚ ਰੱਖਿਆ ਗਿਆ ਸੀ ਤੇ ਡੇਰੇ ਦਾ ਸੰਚਾਲਕ ਜਗਰਾਜ ਸਿੰਘ ਰਾਜੂ ਜਿੱਥੇ ਗਰਮ ਸਰੀਏ ਤੇ ਚਿਮਟੇ ਲਗਾ ਕੇ ਉਸ ’ਤੇ ਤਸ਼ੱਦਦ ਕਰਦਾ ਸੀ, ਉਥੇ ਉਸ ਨਾਲ ਬਦਫੈਲੀ ਕਰਨ ਦੀ ਵੀ ਕੋਸ਼ਿਸ਼ ਕਰਦਾ ਸੀ। ਜਿੱਥੋਂ ਕਿ ਉਹ ਅੱਖ ਬਚਾ ਕੇ ਭੱਜ ਆਇਆ ਅਤੇ ਆਪਣੀ ਜਾਨ ਬਚਾਈ।

ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਗੁਰਲਾਲ ਸਿੰਘ ਵਾਸੀ ਕੋਠਾ ਗੁਰੂ ਨੇ ਦੱਸਿਆ ਕਿ ਉਹ ਕਿਸੇ ਕੰਮ ਆਪਣੇ ਦੁਕਾਨ ਤੋਂ ਭਗਤਾ ਭਾਈ ਸ਼ਹਿਰ ਵਿਖੇ ਆ ਰਿਹਾ ਸੀ ਕਿ ਉਸ ਨੂੰ ਇਕ ਬੱਚਾ ਨੰਗੇ ਪੈਰੀਂ ਘਬਰਾਈ ਹੋਈ ਹਾਲਤ ਵਿਚ ਭੱਜਿਆ ਜਾਂਦਾ ਮਿਲਿਆ। ਉਸ ਨੇ ਬੱਚੇ ਨੂੰ ਰੋਕਿਆ ਅਤੇ ਪਿਆਰ ਨਾਲ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਇਸ ਬੱਚੇ ਦਾ ਨਾਂ ਕੁਨਾਲ ਸ਼ਰਮਾ ਹੈ ਅਤੇ ਕਰੀਬ ਪੰਜ ਸਾਲ ਪਹਿਲਾਂ 12 ਸਾਲ ਦੀ ਉਮਰ ਵਿਚ ਉਹ ਆਪਣੇ ਸ਼ਾਦਰਾ ਦਿੱਲੀ ਵਿਚਲੇ ਘਰੋਂ ਭੱਜ ਕੇ ਪੰਜਾਬ ਆ ਗਿਆ ਸੀ। ਉਹ ਪਹਿਲਾਂ ਅੰਮ੍ਰਿਤਸਰ ਸਾਹਿਬ ਵਿਖੇ ਰਿਹਾ ਅਤੇ ਉਥੋਂ ਜਗਰਾਜ ਸਿੰਘ ਰਾਜੂ ਆਪਣੇ ਨਾਲ ਲੈ ਆਇਆ ਸੀ। ਗੁਰਲਾਲ ਸਿੰਘ ਨੇ ਆਪਣੇ ਕੁਝ ਦੋਸਤਾਂ ਦੀ ਮਦਦ ਨਾਲ ਦਿੱਲੀ ਵਿਖੇ ਸੰਸਥਾ ਨਾਲ

ਬਾਕੀ ਸਫ਼ਾ 30 ’ਤੇ

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਓਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਸ਼੍ਰੋਮਣੀ ਕਮੇਟੀ ਕਾਨੂੰਨੀ ਮਾਹਿਰਾਂ ਦੀ ਸਲਾਹ ਮਗਰੋਂ ਬਣਾਏਗੀ ਰਣਨੀਤੀ

## ਮਾਮਲਾ ਜੂਨ '84 ਫ਼ੌਜੀ ਹਮਲੇ 'ਚ ਹੋਏ ਨੁਕਸਾਨ ਦੇ ਮੁਆਵਜ਼ੇ ਦਾ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਜੂਨ 1984 ਵਿੱਚ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਮੇਤ ਹੋਰ ਗੁਰਧਾਮਾਂ 'ਤੇ ਕੀਤੇ ਗਏ ਫ਼ੌਜੀ ਹਮਲੇ ਵਿਚ ਹੋਏ ਨੁਕਸਾਨ ਦੇ ਮੁਆਵਜ਼ੇ ਲਈ ਕੇਂਦਰ ਸਰਕਾਰ ਖ਼ਿਲਾਫ਼ ਦਾਇਰ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨੀ ਮਾਹਿਰਾਂ ਦੀ ਰਾਏ ਲੈਣ ਮਗਰੋਂ ਅਗਲਾ ਫ਼ੈਸਲਾ ਲਿਆ ਜਾਵੇਗਾ। ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਫ਼ੌਜੀ ਹਮਲੇ ਸਬੰਧੀ 1985 ਵਿੱਚ ਦਿੱਲੀ ਹਾਈ ਕੋਰਟ 'ਚ ਕੇਂਦਰ ਸਰਕਾਰ ਖ਼ਿਲਾਫ਼ ਇਕ ਹਜ਼ਾਰ ਕਰੋੜ ਰੁਪਏ ਦੇ ਮੁਆਵਜ਼ੇ ਦਾ ਕੇਸ ਦਾਇਰ ਕੀਤਾ ਹੋਇਆ ਹੈ। ਇਸ ਸਬੰਧੀ 10 ਕਰੋੜ ਰੁਪਏ ਕੋਰਟ ਫੀਸ ਵਜੋਂ ਵੀ ਜਮਾਂ ਹਨ। ਕੇਸ ਦਾਇਰ ਕੀਤਿਆਂ ਲਗਭਗ 36 ਸਾਲ ਬੀਤ ਚੁੱਕੇ ਹਨ ਪਰ ਇਹ ਹਾਲੇ ਅਦਾਲਤ ਦੇ ਵਿਚਾਰ ਅਧੀਨ ਹੈ। ਹੁਣ ਇਸ ਮਾਮਲੇ ਵਿਚ ਦਿੱਲੀ ਹਾਈ ਕੋਰਟ ਵੱਲੋ ਸਿੱਖ ਸੰਸਥਾ ਨੂੰ ਇਹ ਮਸਲਾ ਹੱਲ ਕਰਨ ਲਈ ਅਦਾਲਤ ਦੇ ਬਾਹਰ ਦੂਜੀ ਧਿਰ ਨਾਲ ਗੱਲ ਕਰਨ ਲਈ ਕਿਹਾ ਗਿਆ ਹੈ। ਬੀਬੀ ਜਗੀਰ ਕੌਰ ਨੇ ਦੱਸਿਆ ਕਿ ਕੇਸ ਬਾਰੇ ਅਦਾਲਤ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਬਾਰੇ ਉਨਾਂ ਵੱਲੋਂ ਵਿਚਾਰ ਕੀਤਾ ਜਾ ਰਿਹਾ ਹੈ। ਸੰਸਥਾ ਦੇ ਮੁੱਖ ਸਕੱਤਰ ਨੂੰ ਅਦਾਲਤੀ ਨਿਰਦੇਸ਼ ਚੰਗੀ ਤਰਾਂ ਘੋਖਣ ਵਾਸਤੇ ਆਖਿਆ ਗਿਆ ਹੈ। ਇਸ ਮਗਰੋਂ ਕਾਨੂੰਨੀ ਮਾਹਿਰਾਂ ਦੀ ਸਲਾਹ ਲੈ ਕੇ ਅਗਲਾ ਫ਼ੈਸਲਾ ਲਿਆ ਜਾਵੇਗਾ।

ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਅਦਾਲਤ ਨੇ ਕੇਸ ਹੱਲ ਕਰਨ ਲਈ ਕੇਂਦਰ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੂੰ ਅਦਾਲਤ ਦੇ ਬਾਹਰ ਆਪਸ ਵਿਚ ਗੱਲਬਾਤ ਕਰਨ ਲਈ ਕਿਹਾ ਸੀ ਪਰ ਕਰੋਨਾ ਕਾਰਨ ਇਸ ਮਾਮਲੇ ਵਿਚ ਅੱਗੇ ਕੋਈ ਕਾਰਵਾਈ ਨਹੀਂ ਹੋਈ। ਫਿਲਹਾਲ ਸ਼੍ਰੋਮਣੀ ਕਮੇਟੀ ਇਸ ਮਾਮਲੇ ਵਿੱਚ ਇਹ ਤੈਅ ਨਹੀਂ ਕਰ ਸਕੀ ਕਿ ਕੇਸ ਬਾਰੇ



ਅਦਾਲਤ ਤੋਂ ਬਾਹਰ ਰਹਿ ਕੇ ਕੇਂਦਰ ਸਰਕਾਰ ਨਾਲ ਕੋਈ ਗੱਲ ਕੀਤੀ ਜਾਵੇ ਜਾਂ ਨਹੀਂ।

ਮੁੱਖ ਦਫ਼ਤਰ ਬਾਹਰ ਅੱਜ ਵੀ ਦੇਖੇ ਜਾ ਸਕਦੇ ਹਨ ਗੋਲੀਆਂ ਦੇ ਨਿਸ਼ਾਨ

ਹਰਿਮੰਦਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਵਿੱਚ ਜਾਨੀਂ ਨੁਕਸਾਨ ਦੇ ਨਾਲ ਨਾਲ ਕਮੇਟੀ ਦਫਤਰ ਦਾ ਰਿਕਾਰਡ ਵੀ ਅੱਗ ਲੱਗਣ ਕਾਰਨ ਨੁਕਸਾਨਿਆ ਗਿਆ ਸੀ। ਸਿੱਖ ਰੈਫਰੈਂਸ ਲਾਇਬਰੇਰੀ ਦੇ ਖ਼ਜ਼ਾਨੇ ਬਾਰੇ ਹੁਣ ਤਕ ਸਥਿਤੀ ਸਪੱਸ਼ਟ ਨਹੀਂ ਹੈ। ਅਕਾਲ ਤਖਤ ਦੀ ਇਮਾਰਤ ਢਹਿ ਢੇਰੀ ਹੋ ਗਈ ਸੀ, ਜਿਸ ਨੂੰ ਸਿੱਖ ਕੌਮ ਵੱਲੋਂ ਮੁੜ ਉਸਾਰਿਆ ਗਿਆ। ਇਸੇ ਤਰਾਂ ਹਰਿਮੰਦਰ ਸਾਹਿਬ ਅੰਦਰ ਪਾਵਨ ਸਰੂਪ ਨੂੰ ਗੋਲੀਆਂ ਲੱਗਣ ਕਾਰਨ ਅਤੇ ਮਹਾਰਾਜਾ ਰਣਜੀਤ ਸਿੰਘ ਵੇਲੇ ਦੇ ਸੋਨੇ ਦੇ ਪੱਤਰੇ ਗੋਲੀਆਂ ਕਾਰਨ ਨੁਕਸਾਨੇ ਗਏ ਸਨ। ਕਮੇਟੀ ਦੇ ਮੁੱਖ ਦਫ਼ਤਰ ਬਾਹਰ ਅੱਜ ਵੀ ਗੋਲੀਆਂ ਦੇ ਨਿਸ਼ਾਨ ਦੇਖੇ ਜਾ ਸਕਦੇ ਹਨ।।

**ਸਾਡੇ ਵਿਸ਼ੇਸ਼ ਪ੍ਰਤੀਨਿਧ ਦਾ ਮੰਨਣਾ ਹੈ ਕਿ ਇਹ ਮੁਆਵਜਾ ਮਿਲਣਾ ਚਾਹੀਦਾ ਹੈ ।ਸ਼੍ਰੋਮਣੀ ਕਮੇਟੀ ਦਾ ਪੱਖ ਠੀਕ ਤੇ ਹੱਕੀ ਹੈ। ਇਸ ਘਟਨਾ ਨੇ ਪੰਜਾਬ ਦੀ ਰਾਜਨੀਤੀ ਅਤੇ ਸਮਾਜਿਕ ਜੀਵਨ ਨੂੰ ਬਦਲ ਕੇ ਰੱਖ ਦਿੱਤਾ। ਸਮੇਂ ਦਾ ਲੰਬਾ ਦੌਰ ਬੀਤ ਜਾਣ ਤੋਂ ਬਾਅਦ ਵੀ 3 ਤੋਂ 6 ਜੂਨ ਦੀਆਂ ਇਹ ਦਰਦਨਾਕ, ਖੌਫ਼ਨਾਕ ਘਟਨਾਵਾਂ ਹਰ ਸਾਲ ਰੌਂਗਟੇ ਖੜੇ ਕਰ ਦਿੰਦੀਆਂ ਹਨ। ਅਜ਼ਾਦ ਭਾਰਤ ਦਾ ਰਾਜਸੀ, ਸਮਾਜਿਕ, ਆਰਥਿਕ ਅਤੇ ਕਾਨੂੰਨੀ ਤਾਣਾ-ਬਾਣਾ ਲਿਖਤੀ ਸੰਵਿਧਾਨ ਅਨੁਸਾਰ ਚੱਲਦਾ ਹੈ। ਭਾਰਤੀ ਸੰਵਿਧਾਨ ਦੀ ਆਤਮਾ 'ਪ੍ਰਸਤਾਵਨਾ' ਵਿਚ ਸਪੱਸ਼ਟ ਲਿਖਿਆ ਹੋਇਆ ਹੈ ਕਿ ਇਹ ਦੇਸ਼ ਪ੍ਰਭੂਸੱਤਾ ਸੰਪੰਨ, ਧਰਮ-ਨਿਰਪੱਖ ਤੇ ਲੋਕਤੰਤਰੀ ਰਾਜ ਹੈ। ਭਾਰਤੀ ਸੰਵਿਧਾਨ ਨਾ ਸਿਰਫ਼ ਇਕ ਕਾਨੂੰਨੀ ਦਸਤਾਵੇਜ਼ ਹੈ ਜੋ ਦੇਸ਼ ਦੇ ਢਾਂਚੇ ਤੇ ਅੰਗਾਂ ਦਾ ਵੇਰਵਾ ਦਿੰਦਾ ਹੈ ਸਗੋਂ ਦੇਸ਼ ਦੇ ਨਾਗਰਿਕਾਂ ਦੇ ਅਧਿਕਾਰ, ਕਰਤੱਵ ਅਤੇ ਆਜ਼ਾਦੀ ਦਾ ਇਕ ਚਾਰਟਰ ਹੈ। ਭਾਵ ਇੱਥੋਂ ਦੀਆਂ ਸਰਕਾਰਾਂ ਲੋਕਾਂ ਹਿਤਾਂ ਲਈ ਕੰਮ ਕਰਨਗੀਆਂ। ਦੇਸ਼ ਦੇ ਹਰ ਨਾਗਰਿਕ ਨੂੰ ਆਪਣੇ ਵਿਚਾਰ ਰੱਖਣ ਤੇ ਲਿਖਣ ਦੀ ਪੂਰੀ ਅਜ਼ਾਦੀ ਹੋਵੇਗੀ। ਸਾਰੇ ਧਰਮਾਂ ਨੂੰ ਬਰਾਬਰ ਦਾ ਸਨਮਾਨ ਦਿੱਤਾ ਜਾਵੇਗਾ। ਸੰਵਿਧਾਨ 'ਚ ਦਰਜ ਮੌਲਿਕ ਨਾਗਰਿਕ ਅਧਿਕਾਰ ਅਤੇ ਬੁਨਿਆਦੀ ਅਜ਼ਾਦੀ ਭਾਰਤੀ ਲੋਕਤੰਤਰ ਦੀ ਹੋਂਦ ਦੇ ਮਹੱਤਵਪੂਰਨ ਤੱਤਾਂ 'ਚੋਂ ਇਕ ਹਨ ਪਰ ਜੂਨ 1984 ਵਿਚ ਭਾਰਤ ਸਰਕਾਰ ਨੇ ਮੁਲਕ ਦੇ ਇਕ ਬਹੁਤ ਛੋਟੇ ਪਰ ਮਹੱਤਵਪੂਰਨ ਘੱਟ-ਗਿਣਤੀ ਭਾਈਚਾਰੇ ਸਿਖ ਪੰਥ ਦੇ ਸਭ ਤੋਂ ਮੁਕੱਦਸ ਅਸਥਾਨ 'ਤੇ ਫ਼ੌਜੀ ਅਪ੍ਰੇਸ਼ਨ ਕਰਾ ਕੇ ਮੁਲਕ ਦੇ ਸੰਵਿਧਾਨ ਦੀ ਰੂਹ ਨੂੰ ਵੀ ਕਤਲ ਕਰ ਦਿੱਤਾ ਸੀ। ਇਹ ਮੁਜਰਮਾਨਾ ਕਾਰਵਾਈ ਸੀ ਭਾਰਤੀ ਸਟੇਟ ਦੀ।**

# ਅਦਾਲਤ ਤੋਂ ਬਾਹਰ ਕੋਈ ਸਮਝੌਤਾ ਪ੍ਰਵਾਨ ਨਹੀਂ: ਟਕਸਾਲ

## ਮਾਮਲਾ ਜੂਨ '84 ਫ਼ੌਜੀ ਹਮਲੇ ਵਿੱਚ ਹੋਏ ਨੁਕਸਾਨ ਦਾ



**ਅੰਮ੍ਰਿਤਸਰ/ਏ.ਟੀ.ਨਿਊਜ਼ :** ਜੂਨ 1984 ਵਿੱਚ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਮੇਤ ਹੋਰ ਗੁਰੂਧਾਮਾਂ 'ਤੇ ਕੀਤੇ ਗਏ ਫ਼ੌਜੀ ਹਮਲੇ ਵਿਚ ਹੋਏ ਨੁਕਸਾਨ ਦੇ ਮੁਆਵਜ਼ੇ ਲਈ ਕੇਂਦਰ ਸਰਕਾਰ ਖ਼ਿਲਾਫ਼ ਦਾਇਰ ਮਾਮਲੇ ਬਾਰੇ ਦਮਦਮੀ ਟਕਸਾਲ ਨੇ ਆਖਿਆ ਕਿ ਦਮਦਮੀ ਟਕਸਾਲ ਦੀ ਸਹਿਮਤੀ ਤੋਂ ਬਿਨਾਂ ਸ਼੍ਰੋਮਣੀ ਕਮੇਟੀ ਕੇਂਦਰ ਸਰਕਾਰ ਨਾਲ ਕੋਈ ਗੱਲਬਾਤ ਨਾ ਕਰੇ। ਦਮਦਮੀ ਟਕਸਾਲ ਫ਼ੌਜੀ ਹਮਲੇ ਦਾ ਮੁਕਾਬਲਾ ਕਰਨ ਵਾਲੀ ਮੁੱਖ ਧਿਰ ਸੀ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਾਕਾ ਨੀਲਾ ਤਾਰਾ ਫ਼ੌਜੀ ਹਮਲੇ ਤੋਂ ਸਾਲ ਬਾਅਦ ਦਿੱਲੀ ਹਾਈ ਕੋਰਟ ਵਿੱਚ ਉਸ ਵੇਲੇ ਦੀ ਕੇਂਦਰੀ ਹਕੂਮਤ ਖ਼ਿਲਾਫ਼ ਇਕ ਹਜ਼ਾਰ ਕਰੋੜ ਰੁਪਏ ਦੇ ਮੁਆਵਜ਼ੇ ਦਾ ਕੇਸ ਦਾਇਰ ਕੀਤਾ ਸੀ। ਇਹ ਕੇਸ ਪਿਛਲੇ 35 ਸਾਲਾਂ ਤੋਂ ਸੁਣਵਾਈ ਅਧੀਨ ਹੈ ਪਰ ਇਸ ਸਬੰਧੀ ਹਾਲੇ ਤੱਕ ਕੋਈ ਫ਼ੈਸਲਾ ਨਹੀਂ ਹੋਇਆ। ਕੁਝ ਸਮਾਂ ਪਹਿਲਾਂ ਦਿੱਲੀ ਹਾਈ ਕੋਰਟ ਨੇ ਸ਼੍ਰੋਮਣੀ ਕਮੇਟੀ ਅਤੇ ਕੇਂਦਰ ਸਰਕਾਰ ਨੂੰ ਅਦਾਲਤ ਦੇ ਬਾਹਰ ਗੱਲਬਾਤ ਕਰ ਕੇ ਮਸਲਾ ਸੁਲਝਾਉਣ ਲਈ ਕਿਹਾ ਸੀ। ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿੱਚ ਅਦਾਲਤ ਦੇ ਨਿਰਦੇਸ਼ ਘੋਖੇ ਜਾ ਰਹੇ ਹਨ ਅਤੇ ਕਾਨੂੰਨੀ ਮਾਹਿਰਾਂ ਦੀ ਸਲਾਹ ਅਨੁਸਾਰ ਅਗਲਾ ਫ਼ੈਸਲਾ ਲੈਣ ਦੀ ਗੱਲ ਆਖੀ ਜਾ ਰਹੀ ਹੈ। ਇਹ ਮਾਮਲਾ ਜਨਤਕ ਹੋਣ ਮਗਰੋ ਅੱਜ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਦਮਦਮੀ ਟਕਸਾਲ ਫ਼ੌਜੀ ਹਮਲੇ ਦਾ ਮੁਕਾਬਲਾ ਕਰਨ ਵਾਲੀ ਮੁੱਖ ਧਿਰ ਸੀ। ਇਸ ਮਾਮਲੇ ਵਿਚ ਸਿੱਖ ਸੰਗਤ ਅਤੇ ਦਮਦਮੀ ਟਕਸਾਲ ਦੀ ਸਹਿਮਤੀ ਤੋਂ ਬਿਨਾਂ ਕੇਂਦਰ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ। ਉਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਦਾਲਤ ਤੋਂ ਬਾਹਰ ਸਮਝੌਤਾ ਕਰਨ ਦਾ ਜੋਖ਼ਮ ਨਾ ਉਠਾਵੇ ਕਿਉਂਕਿ ਇਹ ਮਾਮਲਾ ਸਿਰਫ ਮਾਲੀ ਨੁਕਸਾਨ ਦੇ ਮੁਆਵਜ਼ੇ ਦਾ ਹੀ ਨਹੀਂ ਸਗੋਂ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ।

ਦਮਦਮੀ ਟਕਸਾਲ ਨੇ ਸਮੁੱਚੇ ਪੰਥ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਅਗਾਊਂ ਸੁਚੇਤ ਕਰਦਿਆਂ ਕਿਹਾ ਕਿ ਉਹ ਇਸ ਮਾਮਲੇ 'ਚ ਪੰਥ ਦੀਆਂ ਭਾਵਨਾਵਾਂ ਨੂੰ ਸਮਝਣ। ਉਨਾਂ ਕਿਹਾ ਕਿ ਅਦਾਲਤ ਤੋਂ ਬਾਹਰ ਕਿਸੇ ਕਿਸਮ ਦਾ ਸਮਝੌਤਾ ਪੰਥ ਪਰਵਾਨ ਨਹੀਂ ਕਰੇਗਾ। ਇਸ ਮੌਕੇ ਉਨਾਂ ਨਾਲ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਖਾਲਸਾ, ਭਾਈ ਅਜੈਬ ਸਿੰਘ ਅਭਿਆਸੀ ਅਤੇ ਪ੍ਰੋ. ਸਰਚਾਂਦ ਸਿੰਘ ਵੀ ਮੌਜੂਦ ਸਨ।

When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਣਨ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)

Homeopathicvibes
We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਮੁੱਦਾ ਹਰਿਆਣਾ ਵਿਚ ਭਾਜਪਾ ਆਗੂਆਂ ਦੇ ਘਿਰਾਓ ਦਾ

## ✪ ਕਿਸਾਨਾਂ ਦਾ ਪੁਲਿਸ ਨਾਲ ਹੋਇਆ ਟਕਰਾਅ ✪ ਇਕੱਠ ਦੇ ਦਬਾਅ ਹੇਠ ਹਰਿਆਣਾ ਸਰਕਾਰ ਵਲੋਂ ਕਿਸਾਨਾਂ ਦੇ ਮੁਕੱਦਮੇ ਵਾਪਸ ਲੈਣ ਦਾ ਫ਼ੈਸਲਾ ✪ ਟੋਹਾਣਾ ਵਿਚ ਕਿਸਾਨਾਂ ਨੇ ਖ਼ਤਮ ਕੀਤਾ ਧਰਨਾ

**ਟੋਹਾਣਾ/ਏ.ਟੀ.ਨਿਊਜ਼ :** ਸੰਯੁਕਤ ਕਿਸਾਨ ਮੋਰਚੇ ਵੱਲੋਂ ਹਰ ਸੂਬੇ ਵਿਚ ਭਾਜਪਾ ਆਗੂਆਂ ਦੇ ਘਿਰਾਓ ਕਰਨ ਅਤੇ ਉਨਾਂ ਨੂੰ ਪਿੰਡਾਂ ਵਿਚ ਨਾ ਵੜਨ ਦੇਣ ਦਾ ਐਲਾਨ ਕੀਤਾ ਹੋਇਆ ਹੈ। ਕਾਰਪੋਰੇਟ ਘਰਾਣਿਆਂ ਖ਼ਿਲਾਫ਼ ਸੰਕੇਤਕ ਲੜਾਈ ਵਜੋਂ ਪੰਜਾਬ ਅਤੇ ਹਰਿਆਣਾ ਵਿਚ ਤਾਂ ਟੋਲ ਪਲਾਜ਼ੇ ਵੀ ਬੰਦ ਕੀਤੇ ਹੋਏ ਹਨ। ਇਸ ਸਮੇਂ ਹਰਿਆਣਾ ਅੰਦਰ ਸਰਕਾਰ ਅਤੇ ਕਿਸਾਨਾਂ ਦਰਮਿਆਨ ਟਕਰਾਅ ਲਗਾਤਾਰ ਵਧ ਰਿਹਾ ਹੈ। ਪਿਛਲੇ ਦਿਨੀਂ ਹਿਸਾਰ ਵਿਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਇਕ ਅਸਥਾਈ ਕੋਵਿਡ ਹਸਪਤਾਲ ਦਾ ਉਦਘਾਟਨ ਕਰਨ ਸਮੇਂ ਵਿਰੋਧ ਕਰ ਰਹੇ ਕਿਸਾਨਾਂ ਨੂੰ ਹਿਰਾਸਤ ਵਿਚ ਲੈਣ ਅਤੇ ਪਰਚੇ ਦਰਜ ਕਰਨ ਕਾਰਨ ਟਕਰਾਅ ਵਿਚ ਵਾਧਾ ਹੋਇਆ। ਸੂਬੇ ਵੱਲੋਂ ਵੱਡੀ ਪੱਧਰ ਉੱਤੇ ਹੋਏ ਇਕੱਠ ਦੇ ਦਬਾਅ ਹੇਠ ਹਰਿਆਣਾ ਸਰਕਾਰ ਨੇ ਕਿਸਾਨਾਂ ਦੇ ਮੁਕੱਦਮੇ ਵਾਪਸ ਲੈਣ ਦਾ ਫ਼ੈਸਲਾ ਕਰ ਲਿਆ। ਹੁਣ ਭਾਜਪਾ ਨਾਲ ਸੱਤਾ ਵਿੱਚ ਭਾਈਵਾਲ ਜਨਨਾਇਕ ਜਨਤਾ ਪਾਰਟੀ (ਜੇਜੇਪੀ) ਦੇ ਇਕ ਵਿਧਾਇਕ ਦੇ ਘਿਰਾਓ ਦੌਰਾਨ ਉਸ ਵੱਲੋਂ ਕਿਸਾਨਾਂ ਖ਼ਿਲਾਫ਼ ਬੋਲੀ ਮੰਦੀ ਭਾਸ਼ਾ ਕਰ ਕੇ ਟਕਰਾਅ ਵਧ ਗਿਆ ਹੈ।

ਟੋਹਾਣਾ ਪੁਲਿਸ ਨੇ ਤਿੰਨ ਸਥਾਨਕ ਕਿਸਾਨ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਤਾਂ ਰਕੇਸ਼ ਟਿਕੈਤ, ਗੁਰਨਾਮ ਸਿੰਘ ਚੜੂਨੀ ਤੇ ਯੋਗੇਂਦਰ ਯਾਦਵ ਦੀ ਅਗਵਾਈ 'ਚ ਕਿਸਾਨਾਂ ਨੇ ਥਾਣੇ ਅੰਦਰ ਅਣਮਿੱਥੇ ਸਮੇਂ ਲਈ ਧਰਨਾ ਦੇਣ ਦਾ ਐਲਾਨ ਕਰ ਦਿੱਤਾ। ਤੀਸਰੇ ਦਿਨ ਤਿੰਨੇ ਕਿਸਾਨ ਰਵੀ ਅਜ਼ਾਦ ਅਤੇ ਵਿਕਾਸ ਸਿਸਰ ਅਤੇ ਮੱਖਣ ਸਿੰਘ ਨੂੰ ਰਿਹਾਅ ਕਰਨ ਕਾਰਨ ਮੋਰਚੇ ਨੇ ਆਪਣਾ ਧਰਨਾ ਵਾਪਸ ਲੈ ਲਿਆ।



ਅਸਲ ਵਿਚ ਮਾਮਲਾ ਸਰਕਾਰ ਅਤੇ ਕਿਸਾਨਾਂ ਦਰਮਿਆਨ ਬੇਭਰੋਸਗੀ ਦਾ ਹੈ। ਕੇਂਦਰ ਸਰਕਾਰ ਨੇ 22 ਜਨਵਰੀ ਤੋਂ ਬਾਅਦ ਕਿਸਾਨ ਆਗੂਆਂ ਨਾਲ ਗੱਲਬਾਤ ਦਾ ਰਾਹ ਬੰਦ ਕੀਤਾ ਹੋਇਆ ਹੈ। ਸਰਕਾਰ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਸਾਨਾਂ ਦੇ ਸਬਰ ਦੀ ਪ੍ਰੀਖਿਆ ਲੈ ਰਹੀ ਹੈ।

ਕਿਸਾਨਾਂ ਦਾ ਵਿਰੋਧ ਪੂਰੀ ਤਰਾਂ ਨਾਲ ਸ਼ਾਂਤਮਈ ਸੀ। ਉਨਾਂ ਨੇ ਪੁਲਿਸ ਮੁਲਾਜ਼ਮਾਂ ਨੂੰ ਵੀ ਥਾਣੇ ਵਿਚ ਲੰਗਰ ਛਕਾਇਆ ਪਰ ਆਪਣੇ ਸਾਥੀਆਂ ਦੀ ਰਿਹਾਈ ਲਈ ਡਟੇ ਰਹੇ। ਕਿਸਾਨ ਅੰਦੋਲਨ ਦੇ ਸ਼ੁਰੂਆਤੀ ਸਮੇਂ ਵਿਚ ਹੀ ਟਕਰਾਅ ਵਧਣ ਲੱਗੇ ਸਨ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਹੋਈ ਮੀਟਿੰਗ ਦੌਰਾਨ ਭਾਜਪਾ ਆਗੂਆਂ ਨੂੰ ਜਨਤਕ ਸਰਗਰਮੀਆਂ ਰੋਕਣ ਦਾ ਇਸ਼ਾਰਾ ਕੀਤਾ ਗਿਆ ਸੀ। ਇਸੇ ਦੌਰਾਨ ਕਰੋਨਾ ਦੇ ਕੇਸ ਵਧਣ ਲੱਗੇ ਤਾਂ ਪਾਬੰਦੀਆਂ ਦੇ ਬਾਵਜੂਦ ਮੁੱਖ ਮੰਤਰੀ ਅਤੇ ਕੁਝ ਮੰਤਰੀ ਉਦਘਾਟਨਾਂ ਜਾਂ ਹੋਰ ਜਨਤਕ ਸਮਾਗਮਾਂ ਵਿਚ ਜਾਣ ਦੀ ਕੋਸ਼ਿਸ਼ ਕਰਨ ਲੱਗੇ। ਹਰ ਜਗਾ ਕਿਸਾਨਾਂ ਨਾਲ ਟਕਰਾਅ ਹੋਇਆ। ਇਸ ਸਮੇਂ ਕਿਸਾਨਾਂ ਅੰਦਰ ਸਰਕਾਰ ਖ਼ਿਲਾਫ਼ ਨਾਰਾਜ਼ਗੀ ਹੈ। ਅਜਿਹੇ ਸਮਾਗਮ ਕਿਸਾਨਾਂ ਨੂੰ ਉਤੇਜਿਤ ਕਰਦੇ ਹਨ ਅਤੇ ਟਕਰਾਅ ਨੂੰ ਜਨਮ ਦਿੰਦੇ ਹਨ।

ਅੰਮ੍ਰਿਤਸਰ ਟਾਈਮਜ ਦਾ ਮੰਨਣਾ ਹੈ ਕਿ ਸਰਕਾਰ ਨੂੰ ਅਜਿਹੇ ਸਮਾਗਮ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਕਿਸਾਨਾਂ ਆਗੂਆਂ ਨੂੰ ਇੰਨੇ ਲੰਮੇ ਸਮੇਂ ਤੋਂ ਸ਼ਾਂਤਮਈ ਅੰਦੋਲਨ ਚਲਾ ਕੇ ਇਤਿਹਾਸ ਰਚਿਆ ਹੈ। ਇਸ ਲਈ ਸਰਕਾਰਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਦੁਬਾਰਾ ਸ਼ੁਰੂ ਕੀਤੀ ਜਾਏ।

# ਸੌਦਾ ਸਾਧ 2022 ਦੀਆਂ ਚੋਣਾਂ ਲਈ ਭਾਜਪਾ ਦਾ ਸਹਾਰਾ

## ✪ ਦਲਿਤਵਾਦ ਦਾ ਫਿਰਕੂ ਏਜੰਡਾ ਅਪਨਾਉਣ ਲਈ ਮਜਬੂਰ ✪ ਸੌਦਾ ਸਾਧ ਨਾਲ ਭਾਜਪਾ ਦੀ ਪਕ ਰਹੀ ਏ ਸਿਆਸੀ ਖਿਚੜੀ

**ਜਲੰਧਰ/ਏ.ਟੀ.ਨਿਊਜ਼ :** ਪੰਜਾਬ ਵਿਚ ਆਗਾਮੀ ਵਿਧਾਨ ਸਭਾ ਚੋਣਾਂ ਲਈ ਭਾਜਪਾ ਵਲੋਂ ਆਪਣੀਆਂ ਅੰਦਰੂਨੀ ਸਰਗਰਮੀਆਂ ਤੇਜ਼ੀ ਨਾਲ ਜਾਰੀ ਹਨ ਪਰ ਪਾਰਟੀ ਅਜੇ ਲੋਕਾਂ ਵਿਚ ਆਉਣ ਤੋਂ ਸੰਕੋਚ ਕਰ ਰਹੀ ਹੈ। ਅਕਾਲੀ ਦਲ (ਬ) ਨਾਲੋਂ ਗੱਠਜੋੜ ਟੁੱਟਣ ਤੋਂ ਬਾਅਦ ਭਾਜਪਾ ਵਲੋਂ 2022 ਦੀਆਂ ਵਿਧਾਨ ਸਭਾ ਚੋਣਾਂ ਇਕੱਲੇ ਤੌਰ 'ਤੇ ਲੜੇ ਜਾਣ ਦਾ ਐਲਾਨ ਕੀਤਾ ਗਿਆ ਹੈ । ਪੰਜਾਬ ਦੇ ਮਾਝਾ ਅਤੇ ਦੁਆਬਾ ਖੇਤਰ ਵਿਚ ਪਾਰਟੀ ਦਾ ਥੋੜਾ ਬਹੁਤ ਆਧਾਰ ਹੈ ਪਰ ਮਾਲਵਾ ਖੇਤਰ 'ਚ ਪਾਰਟੀ ਦੀ ਸਥਿਤੀ ਬਹੁਤ ਪੇਤਲੀ ਹੈ। ਇਸੇ ਲਈ ਪਾਰਟੀ ਵਲੋਂ ਜਿੱਥੇ ਮਾਝਾ ਅਤੇ ਦੋਆਬਾ ਵਿਚ ਦਲਿਤ ਵੋਟ ਬੈਂਕ ਵੱਲ ਨਿਗਾਹ ਰੱਖੀ ਜਾ ਰਹੀ ਹੈ ਉੱਥੇ ਮਾਲਵਾ ਖੇਤਰ ਵਿਚ ਦਲਿਤ ਵੋਟ ਬੈਂਕ ਦੇ ਨਾਲ-ਨਾਲ ਡੇਰਾ ਸਿਰਸਾ ਵੱਲ ਵੀ ਝੁਕਾਅ ਕੀਤਾ ਜਾਣਾ ਸ਼ੁਰੂ ਹੋ ਗਿਆ ਹੈ। ਉਹ ਦਲਿਤਵਾਦ ਦਾ ਫਿਰਕੂ ਪਤਾ ਖੇਡਕੇ ਜਟ ਭਾਈਚਾਰੇ ਤੇ ਕਿਸਾਨਾਂ ਵਿਰੁਧ ਗੈਰ ਸਿਧਾਂਤਕ ਸਿਆਸਤ ਖੇਡ ਰਹੀ ਹੈ। ਸਿਰਸਾ ਡੇਰਾ ਮੁਖੀ ਨੂੰ ਕਦੀ ਮਾਂ ਨਾਲ ਮਿਲਾਉਣ ਲਈ ਤੇ ਕਦੇ ਖੁਦ ਦੀ ਸਿਹਤ ਜਾਂਚ ਕਰਵਾਉਣ ਲਈ ਜੇਲ 'ਚੋਂ ਬਾਹਰ ਲਿਆਂਦਾ ਜਾਣਾ ਭਾਜਪਾ ਦੀਆਂ ਸਿਆਸੀ ਸਰਗਰਮੀਆਂ ਦਾ ਹਿੱਸਾ ਮੰਨਿਆ ਜਾ ਰਿਹਾ ਹੈ । ਡੇਰਾ ਮੁਖੀ ਵਾਂਗ ਬਾਪੂ ਆਸਾ ਰਾਮ ਵੀ ਸੰਗੀਨ ਅਪਰਾਧਾਂ ਕਤਲਾਂ ਤੇ ਬਲਾਤਕਾਰਾਂ ਤਹਿਤ ਲੰਬੇ ਸਮੇਂ ਤੋਂ ਜੇਲ ਵਿਚ ਬੰਦ ਹੈ ।ਉਸ ਨੇ ਕਈ ਵਾਰ ਪੈਰੋਲ ਲੈਣ ਲਈ ਦਰਖਾਸਤ ਲਗਾਈ, ਆਪਣਾ ਇਲਾਜ ਆਯੁਰਵੈਦਿਕ ਢੰਗ ਨਾਲ ਕਰਵਾਉਣ ਲਈ ਫਰਿਆਦ ਕੀਤੀ ਪਰ ਉਸ ਦੀ ਹਰ ਫਰਿਆਦ ਖਾਰਜ ਕਰ ਦਿੱਤੀ ਗਈ। ਇਧਰ ਡੇਰਾ ਮੁਖੀ ਦਾ ਮਾਲਵਾ ਖੇਤਰ ਵਿਚ ਚੰਗਾ ਪ੍ਰਭਾਵ ਦੱਸਿਆ ਜਾ ਰਿਹਾ ਹੈ, ਇਸ ਲਈ ਡੇਰਾ ਮੁਖੀ ਨੂੰ ਜੇਲ ਵਿਚੋਂ ਵਾਰ-ਵਾਰ ਕੱਢਣ ਨੂੰ ਸਿਆਸੀ ਹਲਕੇ ਬੜੀ ਗੰਭੀਰਤਾ ਨਾਲ ਲੈ ਰਹੇ ਹਨ ।ਹੁਣ ਤੱਕ ਡੇਰਾ ਸਿਰਸਾ ਦੇ ਪ੍ਰੇਮੀ ਭਾਜਪਾ ਨੂੰ ਪਾਣੀ ਪੀ-ਪੀ ਕੇ ਕੋਸਦੇ ਰਹੇ ਹਨ ਪਰ ਹੁਣ ਅਚਾਨਕ ਵਰਤੀ ਚੁੱਪ ਸਿਆਸੀ ਇਸ਼ਾਰੇ ਕਰਦੀ ਵਿਖਾਈ ਦੇ ਰਹੀ ਹੈ ।ਇਹ ਵੱਖਰੀ ਗੱਲ ਹੈ ਕਿ ਹਰ ਵਾਰ ਦੀ ਤਰਾਂ ਇਸ ਵਾਰ ਡੇਰਾ ਪ੍ਰੇਮੀ 'ਉੱਪਰੋਂ' ਮਿਲੇ ਇਸ਼ਾਰੇ ਉੱਤੇ ਪੂਰੀ ਤਰਾਂ



ਨਹੀਂ ਭੁਗਤਣਗੇ, ਕਿਉਂਕਿ ਬਹੁਤਿਆਂ ਦੇ ਮਨ ਵਿਚ ਭਾਜਪਾ ਸਰਕਾਰ ਪ੍ਰਤੀ ਬਹੁਤ ਜ਼ਿਆਦਾ ਗੁੱਸਾ ਹੈ। ਨਾਰਾਜ਼ ਪ੍ਰੇਮੀਆਂ ਦਾ ਕਹਿਣਾ ਹੈ ਕਿ ਭਾਜਪਾ ਸਰਕਾਰ ਨੇ ਉਨਾਂ ਦੇ ਗੁਰੂ ਨੂੰ ਨਾ ਕੇਵਲ ਜੇਲ ਵਿਚ ਰੱਖਿਆ ਸਗੋਂ ਮੀਡੀਆ ਰਾਹੀਂ ਬਦਨਾਮ ਵੀ ਕੀਤਾ ਗਿਆ। ਪਾਰਟੀ ਦੇ ਆਗੂਆਂ ਨੂੰ ਜਾਣਕਾਰੀ ਹੈ ਕਿ ਪਿਛਲੇ ਵਾਰ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਡੇਰਾ ਸਿਰਸਾ ਨੇ ਭਾਜਪਾ ਦੀ ਖੁੱਲ ਕੇ ਹਮਾਇਤ ਕੀਤੀ ਸੀ ਪਰ ਜ਼ਿਲਾ ਸਿਰਸਾ ਵਿਚ ਸਾਰੇ ਹਲਕਿਆਂ ਤੋਂ ਭਾਜਪਾ ਦੇ ਉਮੀਦਵਾਰਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਸੀ। ਇਸ ਦੇ ਬਾਵਜੂਦ ਭਾਜਪਾ ਇਹ ਸੋਚ ਕੇ ਚੱਲ ਰਹੀ ਹੈ ਕਿ ਮਾਲਵਾ ਖੇਤਰ ਵਿਚ ਡੇਰਾ ਸਿਰਸਾ ਦੀ ਹਮਾਇਤ ਨਾਲ ਉਸ ਦੀ ਸਥਿਤੀ ਹਾਸੋ-ਹੀਣੀ ਹੋਣ ਤੋਂ ਬਚ ਜਾਵੇ ।ਪਿਛਲੇ ਵਾਰ ਅਕਾਲੀ ਦਲ ਵਲੋਂ ਜਿੱਤੀਆਂ ਸੀਟਾਂ ਵਿਚੋਂ ਅੱਧੀ ਦਰਜਨ ਦੇ ਕਰੀਬ ਉਹ ਸੀਟਾਂ ਹਨ ਜਿੱਥੇ ਅਕਾਲੀ ਉਮੀਦਵਾਰ ਬਹੁਤ ਥੋੜੇ ਫਰਕ ਨਾਲ ਜਿੱਤੇ ਸਨ। ਜੇ ਉਸ ਸਮੇਂ ਭਾਜਪਾ ਨਾਲ ਗੱਠਜੋੜ ਨਾ ਹੁੰਦਾ ਤਾਂ ਅਕਾਲੀ ਦਲ ਨੇ ਇਹ ਸੀਟਾਂ ਗੁਆ ਲੈਣੀਆਂ ਸਨ। ਭਾਜਪਾ ਆਗੂਆਂ ਨੂੰ ਆਸ ਹੈ ਕਿ ਕਿਸਾਨ ਅੰਦੋਲਨ ਦੀ ਇਸੇ ਮਹੀਨੇ ਸਮਾਪਤੀ ਹੋ ਜਾਵੇਗੀ । ਅਕਾਲੀ ਦਲ ਦਾ ਬੇਸ਼ੱਕ ਆਪਣਾ ਦਲਿਤ ਵਿੰਗ ਹੈ ਪਰ ਉਹ ਦਲਿਤ ਵੋਟ ਪ੍ਰਤੀ ਅਵੇਸਲਾ ਨਹੀਂ ਹੋਣਾ ਚਾਹੁੰਦਾ ਇਸ ਲਈ ਭਾਜਪਾ ਦਾ ਸਾਥ ਛੱਡਣ ਪਿੱਛੋਂ ਉਸ ਦਾ ਝੁਕਾਅ ਬਹੁਜਨ ਸਮਾਜ ਪਾਰਟੀ ਵੱਲ ਹੋਣ ਲੱਗਾ।

# ਚੰਦਾ ਲੈਣ ਵਿਚ ਭਾਜਪਾ ਸਭ ਤੋਂ ਅੱਗੇ

## 276.45 ਕਰੋੜ ਰੁਪਏ ਮਿਲਿਆ ਦਾਨ, ਬਾਕੀ ਪਛੜੇ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਭਾਜਪਾ ਨੇ ਦਾਨ ਦੇ ਮਾਮਲੇ ਵਿਚ ਸਾਰੀਆਂ ਸਿਆਸੀ ਪਾਰਟੀਆਂ ਨੂੰ ਪਿੱਛੇ ਛੱਡ ਦਿੱਤਾ ਹੈ। ਭਾਜਪਾ ਨੇ ਸਾਲ 2019-20 ਲਈ ਇਲੈਕਟ੍ਰੋਲ ਫੰਡ ਰਾਹੀਂ 271.5 ਕਰੋੜ ਰੁਪਏ ਇਕੱਤਰ ਕੀਤੇ, ਜੋ ਕੁੱਲ ਫੰਡਾਂ ਦਾ 80 ਫ਼ੀਸਦੀ ਹੈ। ਇਨਾਂ ਵਿਚੋਂ ਏਅਰਟੈੱਲ ਗਰੁੱਪ ਤੇ ਡੀਐਲਐਫ ਲਿਮਟਿਡ ਸਭ ਤੋਂ ਵੱਡੇ ਦਾਨੀ ਹਨ।

ਵੱਖ-ਵੱਖ ਇਲੈਕਟੋਰਲ ਟਰੱਸਟ ਤੋਂ ਪਤਾ ਲੱਗਦਾ ਹੈ ਕਿ ਵਿੱਤੀ ਸਾਲ 2019-20 ਵਿਚ ਭਾਜਪਾ ਨੂੰ ਕੁੱਲ 276.45 ਕਰੋੜ ਰੁਪਏ ਦਾਨ ਮਿਲਿਆ। ਪਰੂਡੈਂਟ ਤੋਂ 217.75 ਕਰੋੜ, ਜਨ ਕਲਿਆਣ ਇਲੈਕਟ੍ਰੋਲ ਟਰੱਸਟ ਤੋਂ 45.95 ਕਰੋੜ, ਏਬੀ ਜਨਰਲ ਟਰੱਸਟ ਤੋਂ 9 ਕਰੋੜ ਤੇ ਸਮਾਜ ਇਲੈਕਟ੍ਰੋਲ ਟਰੱਸਟ ਤੋਂ 3.75 ਕਰੋੜ ਰੁਪਏ ਮਿਲੇ ਹਨ। ਇਸ ਦੇ ਨਾਲ ਹੀ ਕਾਂਗਰਸ ਨੂੰ 58 ਕਰੋੜ ਦਾ ਦਾਨ ਮਿਲਿਆ ਹੈ। ਕਾਂਗਰਸ ਨੂੰ ਪਰੂਡੈਂਟ ਇਲੈਕਟ੍ਰੋਲ ਟਰੱਸਟ ਤੋਂ 31 ਕਰੋੜ, ਜਨ ਕਲਿਆਣ ਇਲੈਕਟ੍ਰੋਲ ਟਰੱਸਟ ਤੋਂ 25 ਕਰੋੜ ਤੇ ਸਮਾਜ ਇਲੈਕਟ੍ਰੋਲ ਟਰੱਸਟ ਤੋਂ 2 ਕਰੋੜ ਰੁਪਏ ਦਾ ਦਾਨ ਮਿਲਿਆ।



**ਭਾਜਪਾ ਤੋਂ ਬਾਅਦ ਟੀਆਰਐਸ ਨੂੰ ਸਭ ਤੋਂ ਵੱਧ ਫੰਡ**

ਹੁਣ ਤਕ ਚੋਣ ਕਮਿਸ਼ਨ ਵਿਚ ਦੇਸ਼ ਦੀਆਂ 35 ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਨੇ ਸਾਲ 2019-20 ਲਈ ਆਪਣੀ ਆਡਿਟ ਰਿਪੋਰਟ ਦਿੱਤੀ ਹੈ। ਇਸ ਰਿਪੋਰਟ ਅਨੁਸਾਰ ਟੀਆਰਐਸ ਨੇ ਸਭ ਤੋਂ ਵੱਧ 130.46 ਕਰੋੜ ਰੁਪਏ ਦੀ ਫੰਡ ਪ੍ਰਾਪਤੀ ਦੱਸੀ ਹੈ। ਇਸ ਤੋਂ ਬਾਅਦ ਸ਼ਿਵ ਸੈਨਾ ਨੂੰ 130.46 ਕਰੋੜ ਰੁਪਏ, ਵਾਈਐਸਆਰਸੀਪੀ ਨੂੰ 92.2 ਕਰੋੜ, ਬੀਜੇਡੀ ਨੂੰ 90.35 ਕਰੋੜ, ਏਆਈਡੀਐਮਕੇ ਨੂੰ 89.6 ਕਰੋੜ, ਡੀਐਮਕੇ ਨੂੰ 64.90 ਕਰੋੜ ਤੇ ਆਮ ਆਦਮੀ ਪਾਰਟੀ ਨੂੰ 49.65 ਕਰੋੜ ਰੁਪਏ ਫੰਡ ਮਿਲੇ।

ਖੇਤਰੀ ਪਾਰਟੀਆਂ ਨੂੰ ਸਭ ਤੋਂ ਵੱਧ ਆਮਦਨੀ ਇਲੈਕਟੋਰਲ ਬਾਂਡਸ ਨਾਲ ਹੋਈ ਹੈ। ਇਸ ਰਾਹੀਂ ਟੀਆਰਐਸ ਨੂੰ 89.15 ਕਰੋੜ, ਵਾਈਐਸਆਰਸੀਪੀ ਨੂੰ 74.35 ਕਰੋੜ, ਬੀਜੇਡੀ ਨੂੰ 50.5 ਕਰੋੜ, ਡੀਐਮਕੇ ਨੂੰ 45.5 ਕਰੋੜ, ਸ਼ਿਵ ਸੈਨਾ ਨੂੰ 40.98 ਕਰੋੜ, ਆਮ ਆਦਮੀ ਪਾਰਟੀ ਨੂੰ 17.76 ਕਰੋੜ, ਸਮਾਜਵਾਦੀ ਪਾਰਟੀ ਨੂੰ 10.84 ਕਰੋੜ, ਜੇਡੀਐਸ ਨੂੰ 7.5 ਕਰੋੜ ਤੇ ਆਰਜੇਡੀ ਨੂੰ 2.5 ਕਰੋੜ ਰੁਪਏ ਦਾਨ ਵਜੋਂ ਮਿਲੇ।

# ਸੌਦਾ ਸਾਧ ਨੂੰ ਵੀਆਈਪੀ ਟ੍ਰੀਟਮੈਂਟ ਦੇਣ 'ਤੇ ਛਤਰਪਤੀ ਨੇ ਹਾਈ ਕੋਰਟ ਨੂੰ ਲਿਖਿਆ ਪੱਤਰ

ਚੰਡੀਗੜ/ਏ.ਟੀ.ਨਿਊਜ਼ : ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਗੁਰੂਗ੍ਰਾਮ ਦੇ ਨਿੱਜੀ ਹਸਪਤਾਲ ਵਿਚ ਇਲਾਜ ਲਈ ਭੇਜਣ ਦੇ ਹਰਿਆਣਾ ਸਰਕਾਰ ਦੇ ਫ਼ੈਸਲੇ ਤੇ ਹਸਪਤਾਲ ਵਿਚ ਹਨੀਪ੍ਰੀਤ ਸਣੇ ਉਸ ਦੇ ਪਰਿਵਾਰ ਵਾਲਿਆਂ ਨੂੰ ਨਾਲ ਰਹਿਣ ਦੀ ਇਜਾਜ਼ਤ ਦੇਣ ਖਿਲਾਫ ਅੰਸ਼ੁਲ ਛਤਰਪਤੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਪੱਤਰ ਲਿਖ ਕੇ ਇਸ ਮਾਮਲੇ ਵਿਚ ਦਖ਼ਲ ਦੇਣ ਦੀ ਮੰਗ ਕੀਤੀ ਹੈ। ਚੀਫ ਜਸਟਿਸ ਨੂੰ ਲਿਖੇ ਮੰਗ ਪੱਤਰ ਵਿਚ ਛਤਰਪਤੀ ਨੇ ਕਿਹਾ ਕਿ ਇਹ ਕਾਨੂੰਨ ਦੀ ਦੁਰਵਰਤੋਂ ਹੈ ਜਿਸ ਵਿਚ ਹੱਤਿਆ ਤੇ ਜਬਰ ਜਨਾਹ ਦੇ ਦੋਸ਼ੀ ਨੂੰ ਅਜਿਹੀ ਸਹੂਲਤ ਦਿੱਤੀ ਜਾ ਰਹੀ ਹੈ। ਅੱਜ ਤੱਕ ਸਰਕਾਰ ਨੇ ਅਜਿਹੇ ਕਿਸੇ ਵੀ ਮਾਮਲੇ ਵਿਚ ਅਜਿਹੇ ਅਪਰਾਧੀ ਨੂੰ ਅਜਿਹੀ ਇਲਾਜ ਦੀ ਸਹੂਲਤ ਨਹੀਂ ਦਿੱਤੀ ਹੈ। ਹਾਈ ਕੋਰਟ ਇਸ ਮਾਮਲੇ ਵਿਚ ਤੁਰੰਤ ਦਖ਼ਲ ਦੇਵੇ ਤੇ ਸਰਕਾਰ ਦੇ ਹੁਕਮ ਨੂੰ ਰੱਦ ਕਰੇ।

# ਗੈਂਗਸਟਰ ਜੈਪਾਲ ਭੁੱਲਰ ਤੇ ਜਸਪ੍ਰੀਤ ਦਾ ਸ਼ੱਕੀ ਪੁਲਿਸ ਮੁਕਾਬਲਾ

## ✪ 7 ਲੱਖ ਨਕਦੀ, ਪਿਸਤੌਲ ਤੇ 89 ਰੌਂਦਾਂ ਸਮੇਤ ਕਾਫੀ ਅਸਲਾ ਬਰਾਮਦ ✪ ਪੰਜਾਬ ਪੁਲਿਸ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਕੋਲਕਾਤਾ ਦੀ ਐਸ.ਟੀ.ਐਫ. ਨੇ ਕੀਤੀ ਕਾਰਵਾਈ-ਡੀ. ਜੀ. ਪੀ. ✪ ਪੁਲਿਸ ਮੁਕਾਬਲਾ ਝੂਠਾ ਲੱਗਦਾ ਹੈ ਜੈਪਾਲ ਦੇ ਪਰਿਵਾਰ ਨੂੰ ✪ 8 ਸਾਲ ਤੋਂ ਮਾਂ ਨੇ ਪੁੱਤ ਦੀ ਆਵਾਜ ਵੀ ਨਹੀਂ ਸੀ ਸੁਣੀ

**ਚੰਡੀਗੜ੍ਹ/ਏ.ਟੀ.ਨਿਊਜ਼ :** ਕੋਲਕਾਤਾ ਦੇ ਨਿਊਟਨ ਨਗਰ ਵਿੱਚ ਸਥਾਨਕ ਪੁਲਿਸ ਨਾਲ ਹੋਏ ਮੁਕਾਬਲੇ ਵਿੱਚ ਜੈਪਾਲ ਭੁੱਲਰ ਤੇ ਉਸ ਦੇ ਸਾਥੀ ਜਸਪ੍ਰੀਤ ਜੱਸੀ ਦੀ ਬੀਤੇ ਹਫਤੇ ਮੌਤ ਹੋ ਗਈ। ਇਸ ਮੁਕਾਬਲੇ ਵਿਚ ਇਕ ਪੁਲਿਸ ਅਧਿਕਾਰੀ ਕਾਰਤਿਕ ਮੋਹਨ ਜ਼ਖਮੀ ਵੀ ਹੋਇਆ। ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਪੁਲਿਸ ਦਾ ਦਾਅਵਾ ਹੈ ਕਿ ਭੁੱਲਰ ਤੇ ਜੱਸੀ ਇੱਥੇ ਕਿਰਾਏ ਦੇ ਫਲੈਟ ਵਿੱਚ ਰਹਿ ਰਹੇ ਸਨ। 39 ਸਾਲ ਦੇ ਜੈਪਾਲ ਦਾ ਸਬੰਧ ਫਿਰੋਜ਼ਪੁਰ ਜਿਲੇ ਨਾਲ ਹੈ ਤੇ ਉਹ ਪੰਜਾਬ ਪੁਲਿਸ ਦੇ ਸਾਬਕਾ ਇੰਸਪੈਕਟਰ ਭੁਪਿੰਦਰ ਭੁੱਲਰ ਦਾ ਪੁੱਤਰ ਸੀ।

ਜੈਪਾਲ 'ਤੇ ਪੰਜਾਬ ਸਮੇਤ ਪੰਜ ਸੂਬਿਆਂ ਵਿਚ ਘੱਟੋ-ਘੱਟ 40 ਮਾਮਲੇ ਦਰਜ ਸਨ । ਜਸਪ੍ਰੀਤ 'ਤੇ 5 ਲੱਖ ਦਾ ਇਨਾਮ ਸੀ। ਸੂਬਾ ਐਸ.ਟੀ.ਐਫ. ਦੇ ਏ. ਡੀ. ਜੀ. ਪੀ. ਵਿਨੀਤ ਗੋਇਲ ਨੇ ਦੱਸਿਆ ਕਿ ਅਸੀਂ ਉਨਾਂ ਨੂੰ ਗ੍ਰਿਫਤਾਰ ਕਰਨਾ ਚਾਹੁੰਦੇ ਸੀ ਤੇ ਉਨਾਂ ਨੂੰ ਆਤਮ ਸਮਰਪਣ ਕਰਨ ਨੂੰ ਕਿਹਾ ਪਰ ਜਦ ਉਨਾਂ ਨੇ ਗੋਲੀਬਾਰੀ ਕਰਨੀ ਸ਼ੁਰੂ ਕਰ ਦਿੱਤੀ ਤਾਂ ਸਾਨੂੰ ਜਵਾਬੀ ਕਾਰਵਾਈ ਕਰਨੀ ਪਈ, ਜਿਸ ਵਿਚ ਉਹ ਦੋਵੇਂ ਮਾਰੇ ਗਏ। ਉਨਾਂ ਦੱਸਿਆ ਕਿ ਫਲੈਟ ਵਿਚੋਂ 7 ਲੱਖ ਦੀ ਨਕਦੀ, 9 ਐਮ.ਐਮ. ਪਿਸਤੌਲਾਂ ਤੇ 89 ਰੌਂਦਾਂ ਸਮੇਤ ਕਾਫੀ ਅਸਲਾ ਬਰਾਮਦ ਹੋਇਆ ਹੈ। ਇਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਉਹ ਕੁਝ ਸਮੇਂ ਤੋਂ ਪੱਛਮੀ ਬੰਗਾਲ ਦੇ ਅਪਰਾਧੀਆਂ ਨੂੰ ਹਥਿਆਰ ਤੇ ਅਸਲੇ ਦੀ ਸਪਲਾਈ ਕਰਦੇ ਸਨ। ਗੈਂਗਸਟਰਾਂ ਦੇ ਕਿਸੇ ਹੋਰ ਸਾਥੀ ਦੇ ਲੁਕੇ ਹੋਣ ਸਬੰਧੀ ਤਲਾਸ਼ੀ ਕੀਤੀ ਜਾ ਰਹੀ ਹੈ। ਪੁਲਿਸ ਨੇ ਦੱਸਿਆ ਕਿ ਦੋਵੇਂ 22 ਮਈ ਤੋਂ ਇਥੇ ਰਹਿ ਰਹੇ ਸਨ ।

ਡੀ.ਜੀ.ਪੀ. ਪੰਜਾਬ ਦਿਨਕਰ ਗੁਪਤਾ ਨੇ ਕਿਹਾ ਕਿ ਗੈਂਗਸਟਰਾਂ ਤੋਂ ਨਸ਼ਾ ਤਸਕਰ ਬਣੇ ਦੋਵੇਂ ਮੁਲਜਮ 15 ਮਈ ਦੀ ਸ਼ਾਮ ਨੂੰ ਜਗਰਾਉਂ ਦੀ ਅਨਾਜ ਮੰਡੀ ਵਿਖੇ ਜਗਰਾਉਂ ਪੁਲਿਸ ਦੇ ਦੋ ਏ.ਐਸ.ਆਈਜ਼ ਭਗਵਾਨ ਸਿੰਘ ਤੇ ਦਲਵਿੰਦਰਜੀਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਲੋੜੀਂਦੇ ਸਨ । ਡੀ.ਜੀ.ਪੀ ਨੇ ਦੱਸਿਆ ਕਿ ਫਰਾਰ ਨਸ਼ਾ ਤਸਕਰਾਂ ਜੈਪਾਲ ਭੁੱਲਰ ਤੇ ਜਸਪ੍ਰੀਤ ਸਿੰਘ ਨੂੰ ਕਾਬੂ ਕਰਨ ਲਈ ਪੰਜਾਬ ਪੁਲਿਸ ਨੇ 'ਜੈਕ' ਮੈਨਹੰਟ ਨਾਮੀ ਆਪ੍ਰੇਸ਼ਨ ਚਲਾਇਆ ਸੀ ਤੇ ਪੁਲਿਸ ਦੀਆਂ ਕਈ ਟੀਮਾਂ ਨੂੰ ਹੋਰਨਾਂ ਰਾਜਾਂ ਦੇ ਪੁਲਿਸ ਬਲਾਂ ਦੀ ਸਹਾਇਤਾ ਨਾਲ ਇਨਾਂ ਗੈਂਗਸਟਰਾਂ ਨੂੰ ਫੜਨ ਲਈ ਵੱਖ-ਵੱਖ ਰਾਜਾਂ ਵਿਚ ਭੇਜਿਆ ਗਿਆ। ਉਨਾਂ ਦੱਸਿਆ ਕਿ ਪੰਜਾਬ ਪੁਲਿਸ ਨੇ ਜੈਪਾਲ ਭੁੱਲਰ ਦੇ ਕਰੀਬੀ ਭਰਤ ਕੁਮਾਰ ਵਾਸੀ ਸਾਹਨੇਵਾਲ, ਲੁਧਿਆਣਾ ਨੂੰ ਰਾਜਪੁਰਾ ਖੇਤਰ ਵਿਚ ਸ਼ੰਭੂ ਬਾਰਡਰ ਨੇੜੇ ਗ੍ਰਿਫਤਾਰ ਕੀਤਾ ਸੀ ਤੇ ਟੀਮ ਨੇ ਉਸ ਪਾਸੋਂ ਇਕ ਹੌਂਡਾ ਅਕੌਰਡ ਗੱਡੀ ਸਮੇਤ .30 ਬੋਰ ਦਾ ਪਿਸਤੌਲ ਬਰਾਮਦ ਕੀਤਾ। ਡੀ.ਜੀ.ਪੀ ਨੇ ਦੱਸਿਆ ਕਿ ਭਰਤ ਨੇ ਖੁਲਾਸਾ ਕੀਤਾ ਕਿ ਜੈਪਾਲ ਤੇ ਜੱਸੀ ਦੋਵੇਂ ਕੋਲਕਾਤਾ 'ਚ ਕਿਰਾਏ ਦੇ ਅਪਾਰਟਮੈਂਟ ਵਿਚ ਰਹਿ ਰਹੇ ਹਨ। ਉਨਾਂ ਦੱਸਿਆ ਕਿ ਪੰਜਾਬ ਪੁਲਿਸ ਨੇ ਤੁਰੰਤ ਕੋਲਕਾਤਾ ਲਈ ਉਡਾਣ ਰਾਹੀਂ ਇਕ ਵਿਸ਼ੇਸ਼ ਟੀਮ ਰਵਾਨਾ ਕੀਤੀ । ਉਨਾਂ ਕਿਹਾ ਕਿ ਇਸ ਦੌਰਾਨ, ਸਾਡੇ ਵਲੋਂ ਕੋਲਕਾਤਾ



ਪੁਲਿਸ ਨਾਲ ਤਾਲਮੇਲ ਕੀਤਾ ਗਿਆ ਤੇ ਉਨਾਂ ਨੂੰ ਉਕਤ ਦੋਸ਼ੀਆਂ ਦੇ ਮੌਜੂਦਾ ਟਿਕਾਣਿਆਂ ਬਾਰੇ ਜਾਣਕਾਰੀ ਦਿੱਤੀ। ਡੀ.ਜੀ.ਪੀ. ਨੇ ਦੱਸਿਆ ਕਿ ਕੋਲਕਾਤਾ ਪੁਲਿਸ ਦੇ ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਬਾਅਦ ਦੁਪਹਿਰ ਜਾਣਕਾਰੀ ਦਿੱਤੀ ਕਿ ਐਸ.ਟੀ.ਐਫ. ਕੋਲਕਾਤਾ ਵਲੋਂ ਕੀਤੀ ਗਈ ਜਵਾਬੀ ਗੋਲੀਬਾਰੀ ਵਿਚ ਦੋਵੇਂ ਅਪਰਾਧੀ ਮਾਰੇ ਗਏ ਹਨ । ਪੁਲਿਸ ਸੂਤਰਾਂ ਦਾ ਆਖਣਾ ਹੈ ਕਿ ਭੁੱਲਰ ਇਸ ਲਈ ਵੀ ਨਹੀਂ ਕਾਬੂ ਆ ਰਿਹਾ ਸੀ ਕਿਉਂਕਿ ਉਹ ਲਗਾਤਾਰ ਆਪਣਾ ਭੇਸ ਬਦਲ ਰਿਹਾ ਸੀ। ਜਗਰਾਓਂ ਵਿਚ ਵੀ ਜਦੋਂ ਇਸ ਨੂੰ ਦੇਖਿਆ ਗਿਆ ਤਾਂ ਇਸ ਨੇ ਭੇਸ ਬਦਲਿਆ ਹੋਇਆ ਸੀ ਪਰ ਇਸ ਦੇ ਬਾਵਜੂਦ ਥਾਣੇਦਾਰਾਂ ਨੇ ਇਸ ਨੂੰ ਪਛਾਣ ਲਿਆ ਜਿਸ ਤੋਂ ਬਾਅਦ ਭੁੱਲਰ ਵਲੋਂ ਸਾਥੀ ਗੈਂਗਸਟਰਾਂ ਨਾਲ ਦੋਵਾਂ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਭੁੱਲਰ ਉੱਤੇ 10 ਲੱਖ ਰੁਪਏ ਅਤੇ ਜੱਸੀ ਉੱਤੇ ਪੰਜ ਲੱਖ ਰੁਪਏ ਦਾ ਇਨਾਮ ਸੀ।

**ਝੂਠੇ ਪੁਲਿਸ ਮੁਕਾਬਲੇ ਦੇ ਦੋਸ਼**

ਜੈਪਾਲ ਦੇ ਪਰਿਵਾਰ ਦਾ ਕਹਿਣਾ ਹੈ ਕਿ ਜੈਪਾਲ ਤੇ ਉਸ ਦੇ ਸਾਥੀ ਜਸਪ੍ਰੀਤ ਜੱਸੀ ਦੀ ਮੌਤ ਤੋਂ ਤੁਰੰਤ ਬਾਅਦ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਤਸਵੀਰਾਂ ਤੋਂ ਸਾਫ਼ ਹੈ ਕਿ ਪੁਲਿਸ ਮੁਕਾਬਲੇ ਵਕਤ ਦੋਵੇਂ ਆਪਣੇ ਕਮਰੇ ਵਿਚ ਅਰਾਮ ਕਰ ਰਹੇ ਸਨ। ਪੁਲਿਸ ਚਾਹੁੰਦੀ ਤਾਂ ਦੋਵਾਂ ਤੋਂ ਆਤਮ ਸਮਰਪਣ ਕਰਵਾ ਸਕਦੀ ਸੀ ਪਰ ਪੁਲਿਸ ਨੇ ਅਜਿਹਾ ਕਰਨ ਦੀ ਬਜਾਏ ਦੋਵਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਪਰਿਵਾਰ ਨੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਪਾਸੋਂ ਇਸ ਮੁਕਾਬਲੇ ਦੀ ਉੱਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਜੈਪਾਲ ਦਾ ਅਸਲ ਨਾਂ ਮਨਜੀਤ ਸਿੰਘ ਸੀ ਤੇ ਉਸ ਉਪਰ ਪੰਜਾਹ ਦੇ ਕਰੀਬ ਅਪਰਾਧਿਕ ਮਾਮਲੇ ਦਰਜ ਸਨ। ਜੈਪਾਲ ਦੀ ਮਾਂ ਦਾ ਕਹਿਣਾ ਹੈ ਕਿ ਅੱਠ ਸਾਲ ਤੋਂ ਉਨਾਂ ਦਾ ਜੈਪਾਲ ਦੇ ਨਾਲ ਕਦੇ ਸੰਪਰਕ ਨਹੀਂ ਹੋਇਆ

**ਫਿਰੋਜਪੁਰ ਦਾ ਰਹਿਣ ਵਾਲਾ ਸੀ ਭੁੱਲਰ**

ਜੈਪਾਲ ਭੁੱਲਰ ਏ-ਕੈਟਾਗਰੀ ਦਾ ਗੈਂਗਸਟਰ ਸੀ ਤੇ ਪੰਜਾਬ ਪੁਲਸ ਪਿਛਲੇ ਲੰਬੇ ਸਮੇਂ ਤੋਂ ਉਸ ਦੀ ਭਾਲ ਕਰ ਰਹੀ ਸੀ। ਭੁੱਲਰ 'ਤੇ ਪੰਜਾਬ ਤੋਂ ਇਲਾਵਾ ਹਰਿਆਣਾ, ਰਾਜਸਥਾਨ ਅਤੇ ਯੂ. ਪੀ. ਵਿਚ ਵੀ ਅਨੇਕਾਂ ਮਾਮਲੇ ਦਰਜ ਸਨ। ਜੈਪਾਲ ਭੁੱਲਰ ਦੇ ਗੈਂਗਸਟਰ ਵਿੱਕੀ ਗੌਂਡਰ ਅਤੇ ਪ੍ਰੇਮਾ ਲਾਹੌਰੀਆ ਨਾਲ ਵੀ ਗੂੜੇ ਸਬੰਧ ਸਨ ਅਤੇ ਗੌਂਡਰ ਅਤੇ ਪ੍ਰੇਮਾ ਲਾਹੌਰੀਆ ਦੀ ਮੌਤ ਤੋਂ ਬਾਅਦ ਭੁੱਲਰ ਉਨਾਂ ਦੇ ਗੈਂਗ ਨੂੰ ਚਲਾ ਰਿਹਾ ਸੀ। ਗੈਂਗਸਟਰ ਸੁੱਖਾ ਕਾਹਲਵਾਂ ਤੇ ਰੌਕੀ ਫਾਜ਼ਿਲਕਾ ਕਤਲ ਕਾਂਡ ਵਿਚ ਵੀ ਭੁੱਲਰ ਦਾ ਨਾਮ ਮੁੱਖ ਤੌਰ 'ਤੇ ਸਾਹਮਣੇ ਆਇਆ ਸੀ।

**ਖੇਡ ਦੇ ਮੈਦਾਨ ਤੋਂ ਜੁਰਮ ਦੀ ਦੁਨੀਆਂ ਤੱਕ**

ਜੈਪਾਲ ਭੁੱਲਰ ਕਿਸੇ ਸਮੇਂ ਖੇਡ ਦੀ ਦੁਨੀਆ ਵਿੱਚ ਚਮਕਦਾ ਸਿਤਾਰਾ ਸੀ। ਹੈਮਰ ਥਰੋ ਅਤੇ ਸ਼ਾਟਪੁੱਟ ਦੀ ਖੇਡ ਵਿੱਚ ਜੈਪਾਲ ਭੁੱਲਰ ਆਪਣਾ ਕੈਰੀਅਰ ਬਣਾਉਣਾ ਚਾਹੁੰਦਾ ਸੀ ਜਿਸ ਦੇ ਲਈ ਉਹ ਮਿਹਨਤ ਵੀ ਕਰ ਰਿਹਾ ਸੀ। ਗੁਰਸ਼ਾਦ ਸਿੰਘ ਉਰਫ ਸ਼ੇਰਾ ਖੁੱਬਣ ਅਤੇ ਜੈਪਾਲ ਦੋਵੇਂ ਹੀ ਇੱਕੋ ਖੇਡ ਕਰਦੇ ਸਨ ਅਤੇ ਇਸ ਲਈ ਦੋਵਾਂ ਨੇ ਜਿੰਮ ਵੀ ਇੱਕ ਹੀ ਜੁਆਇਨ ਕੀਤਾ ਹੋਇਆ ਸੀ। ਜੈਪਾਲ ਦੇ ਪਿਤਾ ਭੁਪਿੰਦਰ ਸਿੰਘ ਭੁੱਲਰ ਨੇ ਕੁਝ ਸਮਾਂ ਪਹਿਲਾਂ ਇੱਕ ਟੀਵੀ ਇੰਟਰਵਿਊ ਦੌਰਾਨ ਦੱਸਿਆ ਕਿ ਜਿੰਮ ਦੇ ਵਿੱਚ ਹੀ ਜੈਪਾਲ ਦਾ ਮੇਲ ਕੁਝ ਅਜਿਹੇ ਮੁੰਡਿਆਂ ਨਾਲ ਹੋਇਆ ਜਿਨਾਂ ਦਾ ਸਬੰਧ ਜੁਰਮ ਦੀ ਦੁਨੀਆ ਨਾਲ ਸੀ। ਜੈਪਾਲ ਉੱਤੇ ਪਹਿਲਾਂ ਕੇਸ ਲੁਧਿਆਣਾ ਵਿਖੇ ਕਿਸੇ ਪ੍ਰਾਪਰਟੀ ਵਿਵਾਦ ਨੂੰ ਲੈ ਕੇ ਹੋਇਆ ਸੀ। ਇਸ ਮਾਮਲੇ ਨੂੰ ਲੈ ਕੇ ਜੈਪਾਲ ਜੇਲ ਵਿੱਚ ਰਿਹਾ ਅਤੇ ਕੁਝ ਸਮੇਂ ਬਾਅਦ ਜਮਾਨਤ ਉੱਤੇ ਘਰ ਆ ਗਿਆ। ਪਰਿਵਾਰ ਦੀ ਕੋਸ਼ਿਸ਼ਾਂ ਦੇ ਬਾਵਜੂਦ ਜੈਪਾਲ ਆਪਣੇ ਆਪ ਨੂੰ ਜਿਆਦਾ ਦੇਰ ਜੁਰਮ ਤੋਂ ਦੂਰ ਨਾ ਰੱਖ ਸਕਿਆ ਅਤੇ ਹੌਲੀ-ਹੌਲੀ ਫਿਰ ਤੋਂ ਉਹ ਅਪਰਾਧਿਕ ਗਤੀਵਿਧੀਆਂ ਵਿੱਚ ਸਰਗਰਮ ਹੋ ਗਿਆ। ਜੈਪਾਲ ਦੇ ਪਿਤਾ ਮੁਤਾਬਕ ਇੱਕ ਮਾਮਲੇ ਵਿੱਚ ਚੰਡੀਗੜ ਦੀ ਬੁੜੈਲ ਜੇਲ ਵਿਚ ਬੰਦ ਜੈਪਾਲ ਅਤੇ ਸੇਰੇ ਦੀ ਮੁਲਾਕਾਤ ਉੱਥੇ ਪਹਿਲਾਂ ਤੋਂ ਬੰਦ ਜਸਵਿੰਦਰ ਸਿੰਘ ਰੌਕੀ ਨਾਲ ਹੋਈ। ਰੌਕੀ ਦਾ ਸਬੰਧ ਫਾਜਿਲਕਾ ਨਾਲ ਸੀ ਤੇ ਜੈਪਾਲ ਤੇ ਸ਼ੇਰੇ ਦਾ ਫਿਰੋਜ਼ਪੁਰ ਨਾਲ ਇਸ ਕਰ ਕੇ ਤਿੰਨਾਂ ਦੀ ਦੋਸਤੀ ਗੂੜੀ ਹੋ ਗਈ।

ਹਾਲਾਂਕਿ ਪਰਿਵਾਰ ਨੇ ਜੈਪਾਲ ਨੂੰ ਜੁਰਮ ਦੀ ਦੁਨੀਆ ਤੋਂ ਵਾਪਸ ਲਿਆਉਣ ਦੀ ਕਾਫੀ ਕੋਸ਼ਿਸ਼ ਕੀਤੀ ਪਰ ਉਹ ਇਸ ਵਿੱਚੋਂ ਬਾਹਰ ਨਹੀਂ ਨਿਕਲ ਪਾਇਆ। ਵਿੱਕੀ ਗੌਂਡਰ, ਜੈਪਾਲ ਭੁੱਲਰ ਅਤੇ ਸੇਰਾ ਖੁੱਬਣ ਤਿੰਨੇ ਜੁਰਮ ਦੀ ਦੁਨੀਆ ਵਿੱਚ ਹੌਲੀ-ਹੌਲੀ ਵੱਡੇ ਨਾਮ ਬਣਦੇ ਗਏ।

**ਬਾਕੀ ਸਫ਼ਾ 30 'ਤੇ**

# ਕੋਰੋਨਾ ਵਾਇਰਸ ਦਾ ਨਵਾਂ ਜੀਟਾ ਵੈਰੀਐਂਟ ਅਤਿਅੰਤ ਖ਼ਤਰਨਾਕ

## ਬ੍ਰਿਟੇਨ ਤੇ ਬ੍ਰਾਜ਼ੀਲ ਤੋਂ ਆਉਣ ਵਾਲੇ ਅੰਤਰਰਾਸ਼ਟਰੀ ਮੁਸਾਫ਼ਰਾਂ ਵਿਚ ਮਿਲਿਆ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਪੁਣੇ ਦੇ ਨੈਸ਼ਨਲ ਇੰਸਟੀਚਿਊਟ ਆਫ਼ ਵਾਇਰੋਲੌਜੀ ਨੇ ਆਪਣੀ ਇੱਕ ਰਿਸਰਚ ਵਿੱਚ ਕੋਰੋਨਾਵਾਇਰਸ ਦੇ ਇੱਕ ਨਵੇਂ ਰੂਪ ਦੇ ਮਿਲਣ ਦੀ ਪੁਸ਼ਟੀ ਕੀਤੀ ਹੈ।ਮੈਡੀਕਲ ਖ਼ੇਤਰ ਨਾਲ ਜੁੜੀ ਪ੍ਰੀ-ਪ੍ਰਿੰਟ ਰਿਪੋਰਟਾਂ ਛਾਪਣ ਵਾਲੀ ਵੈੱਬਸਾਈਟ **bioRxiv** 'ਤੇ ਛਪੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਇਹ ਵੈਰੀਏਂਟ ਬ੍ਰਿਟੇਨ ਤੇ ਬ੍ਰਾਜ਼ੀਲ ਤੋਂ ਆਉਣ ਵਾਲੇ ਅੰਤਰਰਾਸ਼ਟਰੀ ਮੁਸਾਫ਼ਰਾਂ ਦੇ ਨੱਕ ਤੇ ਗਲੇ ਦੇ ਸਵੈਬ ਤੋਂ ਮਿਲਿਆ ਹੈ।ਇਸ ਰਿਪੋਰਟ ਦੇ ਜਨਤਕ ਹੋਣ ਤੋਂ ਬਾਅਦ ਸੋਸ਼ਲ ਮੀਡੀਆ ਤੋਂ ਲੈ ਕੇ ਮੀਡੀਆ ਰਿਪੋਰਟਾਂ ਵਿੱਚ ਕਈ ਤਰਾਂ ਦੇ ਖ਼ਦਸ਼ੇ ਜ਼ਾਹਰ ਕੀਤੇ ਜਾ ਰਹੇ ਹਨ। ਕੁਝ ਮੀਡੀਆ ਰਿਪੋਰਟਾਂ ਵਿੱਚ ਦੱਸਿਆ ਗਿਆ ਹੈ ਕਿ ਇਹ ਵੈਰੀਏਂਟ ਕਾਫ਼ੀ ਖ਼ਤਰਨਾਕ ਹੈ।

ਸੋਸ਼ਲ ਮੀਡੀਆ 'ਤੇ ਇਸ ਨੂੰ ਬੇਹੱਦ ਘਾਤਕ ਵੈਰੀਏਂਟ ਦੱਸਿਆ ਜਾ ਰਿਹਾ ਹੈ ਤਾਂ ਕਿਤੇ ਇਸ ਦੀ ਤੁਲਨਾ ਡੇਲਟਾ ਵੈਰੀਏਂਟ ਨਾਲ ਕੀਤੀ ਜਾ ਰਹੀ ਹੈ।

ਇਸ ਵੈਰੀਏਂਟ ਨਾਲ ਜੁੜੇ ਸਵਾਲਾਂ ਦੇ ਜਵਾਬ ਲੱਭਣ ਲਈ ਇਸ ਨੂੰ ਡਿਟੈਕਟ ਕਰਨ ਵਾਲੇ ਨੈਸ਼ਨਲ ਇੰਸਟੀਚਿਊਟ ਆਫ਼ ਵਾਇਰੋਲੌਜੀ ਦੀ ਵਿਗਿਆਨੀ ਡਾ. ਪ੍ਰਗਿਆ ਯਾਦਵ ਨਾਲ ਗੱਲਬਾਤ ਕੀਤੀ ਹੈ।

**ਕਿੱਥੋਂ ਆਇਆ ਇਹ ਨਵਾਂ ਵੈਰੀਏਂਟ ?**

ਨੈਸ਼ਨਲ ਇੰਸਟੀਚਿਊਟ ਆਫ਼ ਵਾਇਰੋਲੌਜੀ ਨੇ ਇਸ ਵਾਇਰਸ ਨੂੰ ਬ੍ਰਾਜ਼ੀਲ ਅਤੇ ਬ੍ਰਿਟੇਨ ਤੋਂ ਭਾਰਤ ਆਏ ਮੁਸਾਫ਼ਰਾਂ ਦੇ ਗਲੇ ਅਤੇ ਨੱਕ ਦੇ ਸਵੈਬ ਤੋਂ ਡਿਟੈਕਟ ਕੀਤਾ ਹੈ। ਡਾ. ਪ੍ਰਗਿਆ ਯਾਦਵ ਦੱਸਦੇ ਹਨ, 'ਕੋਰੋਨਾਵਾਇਰਸ ਦਾ ਵੈਰੀਏਂਟ 2.1.1.28.2 ਸਭ ਤੋਂ ਪਹਿਲਾਂ ਬ੍ਰਾਜ਼ੀਲ ਵਿਚ ਅਪ੍ਰੈਲ, 2020 ਵਿੱਚ ਮਿਲਿਆ ਸੀ। ਵਿਸ਼ਵ ਸਿਹਤ ਸੰਗਠਨ ਨੇ ਇਸ ਨੂੰ ਇੱਕ ਅਹਿਮ ਵੈਰੀਏਂਟ ਦੇ ਰੂਪ ਵਿੱਚ ਕੈਟੇਗਰਾਈਜ਼ਡ ਕੀਤਾ ਹੈ। ਹਾਲ ਹੀ ਵਿੱਚ ਇਸ ਨੂੰ ਜੀਟਾ ਵੈਰੀਏਂਟ ਦਾ ਨਾਮ ਦਿੱਤਾ ਗਿਆ।'

'ਸਾਰਸ ਕੋਵ-2 ਦੇ ਜੀਨੋਮਿਕ ਸਰਵਿਲਾਂਸ ਦੇ ਤਹਿਤ ਵੈਰੀਏਂਟ 2.1.1.28.2 ਨੂੰ ਬ੍ਰਿਟੇਨ (ਦਸੰਬਰ 2020 ਵਿੱਚ) ਅਤੇ ਬ੍ਰਾਜ਼ੀਲ (ਜਨਵਰੀ 2021 ਵਿੱਚ) ਤੋਂ ਭਾਰਤ ਆਉਣ ਵਾਲੇ ਅੰਤਰਰਾਸ਼ਟਰੀ ਮੁਸਾਫ਼ਰਾਂ ਦੇ ਨਮੂਨਿਆਂ ਤੋਂ ਪ੍ਰਾਪਤ ਕੀਤਾ ਗਿਆ ਸੀ। ਇਨਾਂ ਦੋਵਾਂ ਦੇਸ਼ਾਂ ਦੇ ਯਾਤਰੀਆਂ ਨੂੰ ਲਾਗ ਤੋਂ ਪਹਿਲਾਂ ਕਿਸੇ ਤਰਾਂ ਦੀਆਂ ਬਿਮਾਰੀਆਂ ਨਹੀਂ ਸਨ ਅਤੇ ਲਾਗ ਹੋਣ ਤੋਂ ਠੀਕ ਹੋਣ ਤੱਕ ਇਨਾਂ ਵਿੱਚ ਕੋਰੋਨਾਵਾਇਰਸ ਦੇ ਲੱਛਣ ਨਜ਼ਰ ਨਹੀਂ ਆਏ।'

**ਕਿੰਨਾ ਖ਼ਤਰਨਾਕ ਹੈ ਨਵਾਂ ਵੈਰੀਏਂਟ ?**

ਕੋਰੋਨਵਾਇਰਸ ਦੇ ਕਈ ਵੈਰੀਏਂਟਸ ਵਾਂਗ ਵਿਗਿਆਨੀ ਇਸ ਵੈਰੀਏਂਟ ਨੂੰ ਵੀ ਕਾਫ਼ੀ ਅਹਿਮ ਮੰਨ ਰਹੇ ਹਨ। ਹਾਲਾਂਕਿ, ਕੁਝ ਮੀਡੀਆ ਰਿਪੋਰਟਾਂ ਵਿਚ ਇਸ ਨੂੰ ਡੇਲਟਾ ਵੈਰੀਏਂਟ ਜਿੰਨਾ ਖ਼ਤਰਨਾਕ ਦੱਸਿਆ ਗਿਆ ਹੈ।

ਡਾ. ਯਾਦਵ ਵੈਰੀਏਂਟ ਨਾਲ ਜੁੜੇ ਵਿਗਿਆਨਕ ਪਹਿਲੂਆਂ ਨੂੰ ਸਾਹਮਣੇ ਰੱਖਦੇ ਹੋਏ ਦੱਸਦੇ ਹਨ, 'ਵਿਸ਼ਵ ਸਿਹਤ ਸੰਗਠਨ ਕਿਸੇ ਵੀ ਵੈਰੀਏਂਟ ਨੂੰ ਵੈਰੀਏਂਟ ਆਫ਼ ਇੰਟਰੇਸਟ ਦੀ ਕੈਟੇਗਰੀ ਵਿੱਚ ਉਦੋਂ ਪਾਉਂਦਾ ਹੈ ਜਦੋਂ ਇੱਕ ਵੈਰੀਏਂਟ ਕਈ ਦੇਸ਼ਾਂ ਵਿੱਚ ਪਾਇਆ ਜਾਵੇ। ਇਸ ਦੇ ਨਾਲ ਹੀ ਜੇ ਇਹ ਮੰਨਿਆ ਜਾਵੇ ਕਿ ਵੈਰੀਏਂਟ ਵੱਡੀ ਆਬਾਦੀ ਵਿੱਚ ਫ਼ੈਲ ਕੇ ਕਮਿਊਨਿਟੀ ਟ੍ਰਾਂਸਮਿਸ਼ਨ ਦੀ ਸਥਿਤੀ ਪੈਦਾ ਕਰ ਸਕਦਾ ਹੈ, ਤਾਂ ਵੀ ਇਸ ਨੂੰ ਅਹਿਮ ਵੈਰੀਏਂਟ ਦੀ ਕੈਟੇਗਰੀ ਵਿੱਚ ਰੱਖਿਆ ਜਾ ਸਕਦਾ ਹੈ, ਜਿਸ ਉੱਤੇ ਨਜ਼ਰ ਰੱਖੀ ਜਾਣੀ ਚਾਹੀਦੀ ਹੈ।'

ਸੌਖੇ ਸ਼ਬਦਾਂ ਵਿੱਚ ਕਹੀਏ ਤਾਂ ਕੁਝ ਵੈਕਸੀਨ ਇਸ ਵੈਰੀਏਂਟ ਦੇ ਖ਼ਿਲਾਫ਼ ਪੂਰੀ ਤਰਾਂ ਨਾਲ ਪ੍ਰਭਾਵਸ਼ਾਲੀ ਸਾਬਤ ਨਹੀਂ ਹੋਵੇਗੀ।

**ਕਿਵੇਂ ਨੁਕਸਾਨ ਪਹੁੰਚਾ ਸਕਦਾ ਹੈ ਇਹ ਵੈਰੀਏਂਟ ?**

ਵੈਰੀਏਂਟ ਦੀ ਸੀਰੀਅਨ ਹੇਮਸਟਰ ਮੌਡਲ ਸਟੱਡੀ ਵਿੱਚ ਪਾਇਆ ਗਿਆ ਹੈ ਕਿ ਇਸ ਵੈਰੀਏਂਟ ਨਾਲ ਲਾਗ ਹੋਣ ਤੋਂ ਬਾਅਦ ਭਾਰ ਘੱਟ ਜਾਣਾ, ਸਾਹ ਲੈਣ ਦੀ ਪ੍ਰਕਿਰਿਆ ਵਿੱਚ ਵਾਇਰਸ ਦੇ ਨਮੂਨੇ ਤਿਆਰ ਹੋਣੇ ਅਤੇ ਫ਼ੇਫੜਿਆਂ ਦੇ ਗੰਭੀਰ ਰੂਪ ਤੋਂ ਪ੍ਰਭਾਵਿਤ ਹੋਣ ਦਾ ਜ਼ੋਖ਼ਿਮ ਹੈ।

ਡਾ. ਪ੍ਰਗਿਆ ਯਾਦਵ ਦੱਸਦੇ ਹਨ, 'ਅਸੀਂ ਸੀਰੀਅਨ ਹੇਮਸਟਰ ਮੌਡਲ ਉੱਤੇ ਇਸ ਵੈਰੀਏਂਟ ਦਾ ਅਧਿਐਨ ਕੀਤਾ ਹੈ। ਇਹ ਕੋਵਿਡ-19 ਨੂੰ ਸਮਝਣ ਦਾ ਇੱਕ ਪ੍ਰਚਲੱਤ ਤਰੀਕਾ ਹੈ ਜਿਸ ਵਿੱਚ ਜਾਨਵਰਾਂ ਉੱਤੇ ਟੈਸਟਿੰਗ ਕੀਤੀ ਜਾਂਦੀ ਹੈ। ਇਸ ਪ੍ਰਕਿਰਿਆ ਨਾਲ ਹਿਸਾਬ ਲਗਾਇਆ ਜਾਂਦਾ ਹੈ ਕਿ ਵਾਇਰਸ ਵਿੱਚ ਬਿਮਾਰੀ ਪੈਦਾ ਕਰਨ ਦੀ ਕਿੰਨੀ ਸਮਰੱਥਾ ਹੈ।'

'ਅਸੀਂ ਇਸੇ ਮੌਡਲ ਤਹਿਤ ਇਸ ਵੈਰੀਏਂਟ ਦੀਆਂ ਸਮਰੱਥਾਂ ਦੀ ਤੁਲਨਾ ਇੱਕ ਪਹਿਲਾਂ ਪਾਏ ਗਏ ਵੈਰੀਏਂਟ ਤੋਂ ਕੀਤੀ ਹੈ। ਇਸ ਤਰੀਕੇ ਨਾਲ ਕੀਤੀ ਗਈ ਜਾਂਚ ਵਿੱਚ ਅਸੀਂ ਦੇਖਿਆ ਹੈ ਕਿ ਇਸ ਵੈਰੀਏਂਟ ਨੇ ਕਾਫ਼ੀ ਗੰਭੀਰ ਬਿਮਾਰੀਆਂ ਪੈਦਾ ਕੀਤੀਆਂ ਹਨ।'

**ਕਿਹੜੀ ਵੈਕਸੀਨ ਹੋਵੇਗੀ ਪ੍ਰਭਾਵੀ ?**

ਡਾ. ਯਾਦਵ ਦੱਸਦੇ ਹਨ ਕਿ ਉਨਾਂ ਦੀ ਟੀਮ ਨੇ ਇਸ ਵੈਰੀਏਂਟ ਦੇ ਖ਼ਿਲਾਫ਼ ਕੋਵਿਡ-19 ਤੋਂ ਬਚਾਅ ਲਈ ਤਿਆਰ ਕੀਤੀ ਗਈ ਵੈਕਸੀਨ 'ਕੋ-ਵੈਕਸੀਨ' ਦੀ ਸਮਰੱਥਾ ਦਾ ਅਧਿਐਨ ਕੀਤਾ ਹੈ।ਉਹ ਕਹਿੰਦੇ ਹਨ, 'ਸਾਡੇ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਕੋਵਿਡ-19 ਵੈਕਸੀਨ 'ਕੋ-ਵੈਕਸੀਨ' ਇਸ ਵੈਰੀਏਂਟ ਤੋਂ ਬਚਾਉਣ ਵਿੱਚ ਸਮਰੱਥ ਹੋ ਸਕਦੀ ਹੈ। ਇਸ ਵੈਕਸੀਨ ਨਿਰਮਾਤਾ ਵੱਲੋਂ ਵੈਕਸੀਨ ਰਾਹੀਂ ਨਵੇਂ ਵੈਰੀਏਂਟ ਪੈਦਾ ਹੋਣ ਵਾਲੇ ਖ਼ਤਰੇ ਨੂੰ ਘੱਟ ਕਰਨ ਨਾਲ ਜੁੜਿਆ ਡੇਟਾ ਨਹੀਂ ਦਿੱਤਾ ਹੈ। ਪਰ ਵੈਕਸੀਨ ਦੇ ਟੀਕਾਕਰਨ ਰਾਹੀਂ ਇਸ ਵੈਰੀਏਂਟ ਤੋਂ ਵੀ ਬਚਾਅ ਮਿਲਣਾ ਚਾਹੀਦਾ ਹੈ।

# ਤਵਾਰੀਖ਼ ਸ਼ਹੀਦ-ਏ-ਖ਼ਾਲਿਸਤਾਨ (ਭਾਗ ਦੂਜਾ) ਕਿਤਾਬ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੀਤੀ ਜਾਰੀ

## ਸ਼ਹੀਦਾਂ ਦੇ ਪਰਿਵਾਰਾਂ ਅਤੇ ਪੰਥਕ ਆਗੂਆਂ ਵੱਲੋਂ ਲੇਖਕ ਰਣਜੀਤ ਸਿੰਘ ਦਾ ਸਨਮਾਨ



**ਅੰਮ੍ਰਿਤਸਰ/ਏ.ਟੀ.ਨਿਊਜ਼:** ਸਿੱਖ ਪ੍ਰਚਾਰਕ, ਪੰਥਕ ਲੇਖਕ ਅਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਸੀਨੀਅਰ ਮੀਤ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਵੱਲੋਂ ਮੌਜੂਦਾ ਸਿੱਖ ਸੰਘਰਸ਼ ਸਬੰਧੀ ਲਿਖੀ ਤਵਾਰੀਖ਼ ਸ਼ਹੀਦ-ਏ-ਖ਼ਾਲਿਸਤਾਨ ਕਿਤਾਬ (ਭਾਗ ਦੂਜਾ) ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਅਮਰ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਸਪੁੱਤਰੀ ਬੀਬਾ ਸਤਵੰਤ ਕੌਰ, ਖ਼ਾਲਿਸਤਾਨੀ ਸੰਘਰਸ਼ ਦੇ ਜਰਨੈਲ ਭਾਈ ਦਲਜੀਤ ਸਿੰਘ ਬਿੱਟੂ ਅਤੇ ਖ਼ਾਲਿਸਤਾਨੀ ਚਿੰਤਕ ਭਾਈ ਸਰਬਜੀਤ ਸਿੰਘ ਘੁਮਾਣ ਵੱਲੋਂ ਜੂਨ 1984 ਦੇ ਤੀਜੇ ਘੱਲੂਘਾਰੇ ਦੀ 37ਵੀਂ ਵਰੇਗੰਢ ਉੱਤੇ ਖ਼ਾਲਸਈ ਜੈਕਾਰਿਆਂ ਦੀ ਗੂੰਜ ਵਿਚ ਰਿਲੀਜ਼ ਕੀਤੀ ਗਈ। ਇਸ ਮੌਕੇ ਬੀਬਾ ਸਤਵੰਤ ਕੌਰ, ਭਾਈ ਦਲਜੀਤ ਸਿੰਘ ਬਿੱਟੂ, ਭਾਈ ਸਰਬਜੀਤ ਸਿੰਘ ਘੁਮਾਣ ਵੱਲੋਂ ਸ਼ਹੀਦਾਂ ਦੀਆਂ ਜੀਵਨੀਆਂ ਵਾਲ਼ੀਆਂ ਦੋ ਕਿਤਾਬਾਂ ਕੌਮ ਦੀ ਝੋਲ਼ੀ ਵਿਚ ਪਾਉਣ ਦੀਆਂ ਸੇਵਾਵਾਂ ਪ੍ਰਤੀ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੂੰ ਸਿਰੋਪਿਆਂ ਤੇ ਦੁਸ਼ਾਲਿਆਂ ਨਾਲ ਸਨਮਾਨਿਤ ਕੀਤਾ ਗਿਆ ਤੇ ਲੇਖਕ ਦੇ ਇਸ ਕਾਰਜ ਦੀ ਭਰਪੂਰ ਪ੍ਰਸੰਸਾ ਕੀਤੀ। ਮੀਡੀਆ ਨਾਲ ਗੱਲਬਾਤ ਕਰਦਿਆਂ ਲੇਖਕ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਇਸ ਕਿਤਾਬ ਵਿੱਚ ਉਨਾਂ ਸਿੰਘਾਂ-ਸੂਰਮਿਆਂ ਦੀ ਤਵਾਰੀਖ਼ ਹੈ, ਜਿਨਾਂ ਨੇ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਦੇ ਬਚਨਾਂ ਨੂੰ ਸਕਾਰਥ ਕਰਨ ਲਈ ਮੈਦਾਨ ਮੱਲਿਆ ਕਿ ਜੇ ਦਰਬਾਰ ਸਾਹਿਬ ਤੇ ਹਮਲਾ ਹੋਇਆ ਤਾਂ ਖ਼ਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ। ਉਨਾਂ ਕਿਹਾ ਕਿ ਇਹ ਕਿਤਾਬ ਉਨਾਂ ਜੁਝਾਰੂ ਤੇ ਸਿਦਕੀ ਸਿੱਖਾਂ ਬਾਰੇ ਹੈ ਜਿਹੜੇ ਜੂਨ 1984 ਤੇ ਨਵੰਬਰ 1984 ਦੇ ਘੱਲੂਘਾਰੇ ਤੋਂ ਬਾਅਦ ਕੌਮੀ ਘਰ ਖ਼ਾਲਿਸਤਾਨ ਦੀ ਅਜ਼ਾਦੀ ਲਈ ਮੈਦਾਨ-ਏ-ਜੰਗ ਵਿੱਚ ਕੁੱਦੇ ਸਨ। ਉਸ ਦੌਰ ਨੂੰ ਸਿੱਖ ਇਤਿਹਾਸ ਦਾ ਸੁਨਹਿਰੀ ਦੌਰ ਕਿਹਾ ਜਾਂਦਾ ਹੈ। ਹਕੂਮਤ ਨੇ ਉਸ ਦੌਰ ਨੂੰ ਕਾਲ਼ਾ ਦੌਰ ਗਰਦਾਨਣ ਵਿੱਚ ਕੋਈ ਕਸਰ ਨਹੀਂ ਛੱਡੀ, ਪਰ ਪੰਜਾਬ ਦੀ ਧਰਤੀ ਨੇ ਫ਼ੈਸਲਾ ਦੇ ਦਿੱਤਾ ਹੈ ਕਿ ਹੱਕ-ਸੱਚ ਅਤੇ ਧਰਮ ਦੀ ਰਾਖੀ ਲਈ ਸਿਰਾਂ ਤੇ ਕੱਫ਼ਨ ਬੰਨ ਕੇ ਨਿੱਤਰੇ ਉਹ ਸੂਰਮੇ ਖ਼ਾਲਸਾ ਪੰਥ ਦਾ ਮਾਣ ਹਨ। ਉਨਾਂ ਕਿਹਾ ਕਿ ਖ਼ਾਲਿਸਤਾਨ ਦੀ ਸਿਰਜਣਾ ਲਈ ਜਿਨਾਂ ਸਿੰਘਾਂ ਨੇ ਕੁਰਬਾਨੀਆਂ ਕੀਤੀਆਂ, ਘਾਲਣਾਵਾਂ ਘਾਲੀਆਂ ਤੇ ਸ਼ਹਾਦਤਾਂ ਪਾਈਆਂ ਉਹਨਾਂ ਵਿੱਚੋਂ ਕਈਆਂ ਦੀ ਬੜੀ ਚਰਚਾ ਹੋਈ, ਪਰ ਬਹੁਤ ਸਾਰੇ ਅਣਗੌਲ਼ੇ ਹੀ ਰਹਿ ਗਏ। ਤਵਾਰੀਖ਼ ਸ਼ਹੀਦ-ਏ-ਖ਼ਾਲਿਸਤਾਨ ਕਿਤਾਬ ਦੇ ਇਸ ਦੂਜੇ ਭਾਗ ਵਿੱਚ ਇਹੋ ਜਿਹੇ ਸੈਂਕੜੇ ਸ਼ਹੀਦਾਂ ਦੀ ਦਾਸਤਾਨ ਬਿਆਨੀ ਗਈ ਹੈ ਜਿਨਾਂ ਬਾਰੇ ਤੁਸੀਂ ਪਹਿਲਾਂ ਕਦੇ ਪੜਿਆ-ਸੁਣਿਆ ਨਹੀਂ ਹੋਵੇਗਾ। ਉਹਨਾਂ ਦੱਸਿਆ ਕਿ 512 ਪੰਨਿਆਂ ਦੀ ਇਸ ਕਿਤਾਬ ਵਿੱਚ ਅਨੇਕਾਂ ਜੁਝਾਰੂ ਸਿੰਘਾਂ ਦੀਆਂ ਜੀਵਨੀਆਂ, ਸੰਘਰਸ਼ ਨਾਲ ਸਬੰਧਤ ਘਟਨਾਵਾਂ ਤੇ ਅਹਿਮ ਦਸਤਾਵੇਜ਼ ਹਨ ਤੇ ਖ਼ਾਸ ਕਰਕੇ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਬਾਰੇ ਪਾਏ ਭੁਲੇਖਿਆਂ ਦਾ ਤੱਥਾਂ ਦਲੀਲਾਂ ਸਹਿਤ ਜਵਾਬ ਦਿੱਤਾ ਗਿਆ ਹੈ। ਇਸ ਮੌਕੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ, ਦਲ ਖ਼ਾਲਸਾ ਦੇ ਮੀਤ ਪ੍ਰਧਾਨ ਬਾਬਾ ਹਰਦੀਪ ਸਿੰਘ ਮਹਿਰਾਜ, ਖ਼ਾਲਸਾ ਫ਼ਤਹਿਨਾਮਾ ਦੇ ਮੁੱਖ ਸੰਪਾਦਕ ਸ. ਰਣਜੀਤ ਸਿੰਘ, ਵਕੀਲ ਜਸਪਾਲ ਸਿੰਘ ਮੰਝਪੁਰ, ਭਾਈ ਭੁਪਿੰਦਰ ਸਿੰਘ ਛੇ ਜੂਨ, ਸ਼ਹੀਦ ਭਾਈ ਦਾਰਾ ਸਿੰਘ ਡਰਾਇਵਰ ਦੀ ਸਿੰਘਣੀ ਬੀਬੀ ਅਮਰਜੀਤ ਕੌਰ, ਸ਼ਹੀਦ ਬਾਬਾ ਕੁੰਦਨ ਸਿੰਘ ਨਿਹੰਗ ਦੇ ਸਪੁੱਤਰ ਭਾਈ ਮਨਜੀਤ ਸਿੰਘ, ਸ਼ਹੀਦ ਭਾਈ ਬਲਜਿੰਦਰ ਸਿੰਘ ਰਾਜੂ ਦੇ ਮਾਤਾ ਬੀਬੀ ਸੁਰਜੀਤ ਕੌਰ, ਸ਼ਹੀਦ ਭਾਈ ਭੁਪਿੰਦਰ ਸਿੰਘ ਪੱਪੀ ਦੇ ਭਰਾ ਬੌਬੀ ਸਿੰਘ, ਭਾਈ ਨਿਸ਼ਾਨ ਸਿੰਘ ਮੂਸੇ, ਭਾਈ ਜਰਨੈਲ ਸਿੰਘ ਬਾਬਾ ਬਕਾਲਾ, ਭਾਈ ਗਗਨਦੀਪ ਸਿੰਘ ਸੁਲਤਾਨਵਿੰਡ, ਭਾਈ ਜਸਵਿੰਦਰ ਸਿੰਘ ਬਹੋੜੂ, ਭਾਈ ਮਨਪ੍ਰੀਤ ਸਿੰਘ ਮੰਨਾ, ਭਾਈ ਹਰਪ੍ਰੀਤ ਸਿੰਘ ਬੰਟੀ, ਭਾਈ ਮਨਜੀਤ ਸਿੰਘ ਡੱਲਾ, ਭਾਈ ਜਸ਼ਨਦੀਪ ਸਿੰਘ, ਭਾਈ ਸਤਵਿੰਦਰ ਸਿੰਘ ਨਿਹੰਗ, ਭਾਈ ਭੁਪਿੰਦਰ ਸਿੰਘ ਭੂਰਾ ਕੋਹਨਾ, ਭਾਈ ਮਲਕੀਤ ਸਿੰਘ ਸਮੇਤ ਅਨੇਕਾਂ ਜਥੇਬੰਦੀਆਂ ਦੇ ਆਗੂ, ਵਰਕਰ ਅਤੇ ਸੰਗਤਾਂ ਹਾਜ਼ਰ ਸਨ।

# ਕਿਸਾਨ ਆਗੂ ਰਾਜੇਵਾਲ ਦਾ ਤਿੱਖਾ ਹਮਲਾ

## ✪ ਭਾਜਪਾ ਗੱਪੀਆਂ ਦੀ ਪਾਰਟੀ ✪ ਸਰਕਾਰ ਨਾਲ ਮੀਟਿੰਗਾਂ 'ਚ ਖੇਤੀ ਕਾਨੂੰਨਾਂ ਦੀਆਂ ਮੱਦਾਂ ਨੂੰ ਕਾਰਪੋਰੇਟ ਪੱਖੀ ਸਾਬਿਤ ਕਰਨ ਦਾ ਦਾਅਵਾ

**ਨਵੀਂ ਦਿੱਲੀ/ਏ.ਟੀ.ਨਿਊਜ਼:** ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕੇਂਦਰ ਸਰਕਾਰ ਵੱਲੋਂ ਝੋਨੇ ਦੇ ਭਾਅ 'ਚ ਕੀਤੇ ਗਏ ਵਾਧੇ ਨੂੰ ਰੱਦ ਕਰਦਿਆਂ ਕਿਹਾ ਕਿ ਹੁਕਮਰਾਨ ਭਾਜਪਾ ਵਿੱਚ ਪ੍ਰਧਾਨ ਮੰਤਰੀ ਤੋਂ ਲੈ ਕੇ ਧੁਰ ਹੇਠਾਂ ਤੱਕ ਸਾਰੇ ਆਗੂ ਅਤੇ ਵਰਕਰ ਸਾਰਾ ਦਿਨ ਦੇਸ਼ ਵਾਸੀਆਂ ਨੂੰ ਝੂਠ ਬੋਲ-ਬੋਲ ਕੇ ਗੁੰਮਰਾਹ ਕਰਨ 'ਤੇ ਲੱਗੇ ਹੋਏ ਹਨ। ਉਨਾਂ ਕਿਹਾ ਕਿ ਪ੍ਰਧਾਨ ਮੰਤਰੀ ਅਤੇ ਖੇਤੀ ਮੰਤਰੀ ਬਹੁਤ ਚੰਗੀ ਤਰਾਂ ਜਾਣਦੇ ਹਨ ਕਿ ਕਿਸਾਨ ਜਥੇਬੰਦੀਆਂ ਨੇ ਸਰਕਾਰ ਨਾਲ ਹੋਈਆਂ 11 ਮੀਟਿੰਗਾਂ ਵਿੱਚ ਤਿੰਨੋਂ ਕਾਲੇ ਕਾਨੂੰਨਾਂ ਵਿੱਚ ਅਣਗਿਣਤ ਮੱਦਾਂ ਨੂੰ ਕਿਸਾਨ ਤੇ ਦੇਸ਼ ਵਿਰੋਧੀ ਅਤੇ ਕਾਰਪੋਰੇਟ ਪੱਖੀ ਸਾਬਤ ਕੀਤਾ ਹੈ। ਉਨਾਂ ਕਿਹਾ ਕਿ ਕਾਨੂੰਨ ਲਾਗੂ ਹੋਣ ਨਾਲ ਖੇਤੀ ਦੇ ਬਰਬਾਦ ਹੋਣ, ਬੇਰੁਜ਼ਗਾਰੀ ਬੇਤਹਾਸ਼ਾ ਵਧਣ ਅਤੇ ਮਹਿੰਗਾਈ ਬੇਲਗਾਮ ਹੋਣ ਦੇ ਖਦਸ਼ਿਆਂ ਨੂੰ ਸਹੀ ਸਾਬਤ ਕਰ ਦਿੱਤਾ ਹੈ। ਇਹ ਵੀ ਸਾਬਿਤ ਕੀਤਾ ਹੈ ਕਿ ਖੇਤੀ ਅਤੇ ਇਸ ਦੀਆਂ ਜਿਣਸਾਂ ਦਾ ਮੰਡੀਕਰਨ ਸੰਵਿਧਾਨ ਅਨੁਸਾਰ ਰਾਜਾਂ ਦਾ ਵਿਸ਼ਾ ਹੈ, ਜਿਸ ਨਾਲ ਸਬੰਧਤ ਕੋਈ ਵੀ ਕਾਨੂੰਨ ਬਣਾਉਣਾ ਕੇਂਦਰ ਸਰਕਾਰ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ। ਇਕ ਬਿਆਨ 'ਚ ਰਾਜੇਵਾਲ ਨੇ ਕਿਹਾ ਕਿ ਕੇਂਦਰੀ ਮੰਤਰੀਆਂ ਖਾਸ ਕਰਕੇ ਪ੍ਰਧਾਨ ਮੰਤਰੀ ਤੋਂ ਲੋਕ ਸੱਚ ਜਾਨਣਾ ਚਾਹੁੰਦੇ ਹਨ। ਉਨਾਂ ਮੰਗ ਕੀਤੀ ਕਿ ਸਰਕਾਰ



ਕਿਸਾਨ ਜਥੇਬੰਦੀਆਂ ਨਾਲ ਹੋਈਆਂ 11 ਮੀਟਿੰਗਾਂ ਦੀ ਵੀਡੀਓ ਰਿਕਾਰਡਿੰਗ ਜਾਰੀ ਕਰੇ ਤਾਂ ਜੋ ਦੇਸ਼ ਨੂੰ ਪਤਾ ਲੱਗ ਸਕੇ ਕਿ ਕੌਣ ਝੂਠ ਅਤੇ ਕੌਣ ਸੱਚ ਬੋਲ ਰਿਹਾ ਹੈ। ਉਨਾਂ ਮੰਗ ਕੀਤੀ ਕਿ ਭਾਜਪਾ ਸਰਕਾਰ ਰਾਜ ਹੱਠ ਤੋਂ ਬਾਹਰ ਆ ਕੇ ਕਿਸਾਨ ਜਥੇਬੰਦੀਆਂ ਨਾਲ ਗੱਲ ਕਰੇ ਤਾਂ ਹੀ ਉਹ ਗੱਲਬਾਤ ਲਈ ਤਿਆਰ ਹੋਣਗੇ।

ਕੇਂਦਰ ਸਰਕਾਰ ਵੱਲੋਂ ਝੋਨੇ ਅਤੇ ਬਾਕੀ ਫਸਲਾਂ ਦੀ ਐੱਮਐੱਸਪੀ ਸਬੰਧੀ ਉਨਾਂ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਝੋਨੇ ਦਾ ਪੈਦਾਵਾਰੀ ਖਰਚਾ ਕੱਢ ਕੇ 2880 ਰੁਪਏ ਭਾਅ ਮਿੱਥਣ ਦੀ ਸਿਫਾਰਿਸ਼ ਕੀਤੀ ਸੀ, ਪਰ ਕੇਂਦਰ ਸਰਕਾਰ ਨੇ ਸੁਪਰਫਾਈਨ ਝੋਨੇ ਦਾ ਭਾਅ 1960 ਰੁਪਏ ਮਿੱਥਿਆ ਹੈ। ਉਨਾਂ ਕਿਹਾ ਕਿ ਇਹ ਭਾਅ ਪਿਛਲੇ ਸਾਲ ਦੇ ਖਰਚਿਆਂ ਉੱਤੇ ਆਧਾਰਿਤ ਹੈ। 'ਪਿਛਲੇ ਇਕ ਮਹੀਨੇ ਵਿੱਚ ਹੀ ਡੀਜ਼ਲ 5 ਰੁਪਏ 76 ਪੈਸੇ ਪ੍ਰਤੀ ਲਿਟਰ ਵਧਿਆ ਹੈ। ਖਾਦਾਂ ਦੇ ਰੇਟ ਵਿੱਚ ਕੀਤੇ ਵਾਧੇ 'ਚੋਂ ਕੇਵਲ ਡੀਏਪੀ ਦੀ ਕੀਮਤ ਵਿੱਚ ਵਾਧਾ ਵਾਪਸ ਲਿਆ ਗਿਆ ਹੈ। ਬਾਕੀ ਦੀਆਂ ਖਾਦਾਂ ਜਿਵੇਂ ਪੋਟਾਸ਼, ਸੁਪਰ ਫਾਸਫ਼ੇਟ, ਐੱਨਪੀਕੇ. ਦੀ ਕੀਮਤ ਵਿੱਚ 43 ਤੋਂ 50 ਪ੍ਰਤੀਸ਼ਤ ਵਾਧਾ ਅਜੇ ਵੀ ਬਰਕਰਾਰ ਹੈ।' ਰਾਜੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਕਾਰਪੋਰੇਟਾਂ ਦੀ ਗੁਲਾਮ ਹੈ ਅਤੇ ਉਹ ਜਾਣ-ਬੁੱਝ ਕੇ ਕਿਸਾਨਾਂ ਨੂੰ ਬਰਬਾਦ ਕਰਨਾ ਚਾਹੁੰਦੀ ਹੈ ਤਾਂ ਜੋ ਉਹ ਜ਼ਮੀਨਾਂ ਵੇਚਣ ਲਈ ਮਜਬੂਰ ਹੋ ਜਾਣ ਅਤੇ ਫਿਰ ਕਾਰਪੋਰੇਟ ਖੇਤੀ ਲਾਗੂ ਕੀਤੀ ਜਾ ਸਕੇ। ਉਨਾਂ ਕਿਹਾ ਕਿ ਕਿਸਾਨ ਯੂਪੀ ਅਤੇ ਉੱਤਰਾਖੰਡ ਵਿੱਚੋਂ ਭਾਜਪਾ ਦਾ ਭੋਗ ਪਾਉਣ ਲਈ ਉੱਥੋਂ ਦੇ 85 ਲੋਕ ਸਭਾ ਹਲਕਿਆਂ ਵਿੱਚ ਭਾਜਪਾ ਵਿਰੋਧੀ ਮੁਹਿੰਮ ਸ਼ੁਰੂ ਕਰਨਗੇ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

• California to Michigan, New Jersey Florida & Texas • Dedicated Load (ਪੱਕੇ ਲੋਡ)




○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।

○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

# ਕੈਨੇਡਾ ਵਿਚ ਦਸਤਾਰਧਾਰੀ ਸਿੰਘਾਂ ਦਾ ਹਰੇਕ ਖੇਤਰ ਵਿਚ ਬੋਲਬਾਲਾ

## ਫਰਾਂਸ ਵਾਂਗ ਹੀ, ਕਿਊਬਿਕ ਵਿਚ ਵੀ ਸੁਆਲ ਉੱਠੇਗਾ ਕਿ ਕੀ ਦਸਤਾਰ ਸਿੱਖਾਂ ਦਾ ਸੱਭਿਆਚਾਰਕ ਪਹਿਰਾਵਾ ਹੈ ਕਿ ਧਾਰਮਿਕ ਪਹਿਚਾਣ ਚਿੰਨ






**ਆਸਾ ਸਿੰਘ ਘੁੰਮਣ**

ਜੇ ਦਸਤਾਰਧਾਰੀ ਸਿੱਖਾਂ ਦੀ ਵਿਸ਼ਵ ਪੱਧਰ ’ਤੇ ਚੜਦੀ ਕਲਾ ਦੀ ਗੱਲ ਕਰਨੀ ਹੋਵੇ ਤਾਂ ਸ਼ਾਇਦ ਮੌਜੂਦਾ ਸੰਸਾਰ ਵਿਚ ਕੈਨੇਡਾ ਤੋਂ ਵਧੀਆ ਕੋਈ ਮਿਸਾਲ ਨਹੀਂ ਜਿੱਥੇ ਹਰਜੀਤ ਸਿੰਘ ਸੱਜਣ ਵਰਗੇ ਰੱਖਿਆ ਮੰਤਰੀ ਹੋਣ ਅਤੇ ਨਵਦੀਪ ਸਿੰਘ ਬੈਂਸ ਜਿਹੇ ਸਭ ਤੋਂ ਛੋਟੀ ਉਮਰ ਦੇ ਸੰਸਦ ਮੈਂਬਰ ਭਾਵ ਮੈਂਬਰ ਪਾਰਲੀਮੈਂਟ ਅਤੇ ਫਿਰ ਕੈਬਨਿਟ ਮੰਤਰੀ ਬਣੇ ਹੋਣ। ਕੈਨੇਡਾ ਵਿਚ 2015 ਦੀ ਚੋਣ ਵਿਚ ਹਿੰਦੁਸਤਾਨ ਨਾਲੋਂ ਵੀ ਵੱਧ ਗਿਣਤੀ ਵਿਚ ਐਮ.ਪੀ. ਚੁਣੇ ਗਏ ਅਤੇ ਵੱਧ ਗਿਣਤੀ ਵਿਚ ਹੀ ਮੰਤਰੀ ਬਣੇ। 2019 ਵਿਚ ਤਾਂ ਹੋਰ ਵੀ ਲਾਲਾ ਲਾਲਾ ਹੋ ਗਈ ਜਦੋਂ ਇਹ ਕਿਆਸਅਰਾਈਆਂ ਲੱਗਣ ਲੱਗੀਆਂ ਕਿ ਜੇ ਐਨ.ਡੀ.ਪੀ. ਜਿੱਤ ਜਾਂਦੀ ਹੈ ਤਾਂ ਉਸ ਦਾ ਦਸਤਾਰਧਾਰੀ ਪਾਰਟੀ ਪ੍ਰਧਾਨ ਜਗਮੀਤ ਸਿੰਘ ਧਾਲੀਵਾਲ ਦੇਸ਼ ਦਾ ਪ੍ਰਧਾਨ ਮੰਤਰੀ ਵੀ ਬਣ ਸਕਦਾ ਹੈ। ਖ਼ੈਰ, ਅਜਿਹਾ ਭਾਵੇਂ ਸੰਭਵ ਨਹੀਂ ਸੀ ਕਿਉਂਕਿ ਟਰੂਡੋ ਦੀ ਪ੍ਰਧਾਨਗੀ ਹੇਠ ਸਿੱਖ ਭਾਵਨਾਵਾਂ ਟਰੂਡੋ ਨਾਲ ਜਗਮੀਤ ਸਿੰਘ ਨਾਲੋਂ ਬੜੀਆਂ ਗਹਿਰੀਆਂ ਜੁੜੀਆਂ ਹੋਈਆਂ ਸਨ, ਪ੍ਰੰਤੂ ਟਰੂਡੋ ਜਗਮੀਤ ਸਿੰਘ ਧਾਲੀਵਾਲ ਦੇ ਬਾਹਰੀ ਸਮਰਥਨ ਬਿਨਾਂ ਸਰਕਾਰ ਨਾ ਬਣਾ ਸਕਿਆ। ਅੱਜ ਵੀ ਕੈਨੇਡਾ ਦੀ ਸੰਸਦ (ਪਾਰਲੀਮੈਂਟ) ਵਿਚ 18 ਸਿੱਖ ਸੰਸਦ ਮੈਂਬਰ ਹਨ। ਇਨਾਂ ਤੋਂ ਬਿਨਾਂ ਸਿੱਖ ਐਮ.ਐਲ.ਏ. ਅਤੇ ਸਿਟੀ ਕੌਂਸਲਰਾਂ ਦੀ ਗਿਣਤੀ ਵੀ ਗੌਲਣਯੋਗ ਹੈ। ਖ਼ਾਸ ਤੌਰ ’ਤੇ ਓਂਟਾਰੀਓ ਵਿਚ ਪੰਜਾਬੀ ਲੋਕ ਸ਼ਾਨਦਾਰ ਪੱਗਾਂ ਅਤੇ ਖੁੱਲੀਆਂ-ਲੰਬੀਆਂ ਦਾਹੜੀਆਂ ਦਾ ਪ੍ਰਕਾਸ਼ ਕਰੀ, ਉੱਤੋਂ ਦੀ ਗਾਤਰਾ ਪਾਈ, ਤੁਹਾਨੂੰ ਬੜੇ ਆਤਮ-ਵਿਸ਼ਵਾਸ ਨਾਲ ਵਿਚਰਦੇ ਨਜ਼ਰ ਆਉਣਗੇ, ਵਿਸ਼ੇਸ਼ ਤੌਰ ’ਤੇ ਬਰੈਂਪਟਨ ਵਰਗੇ ਸ਼ਹਿਰਾਂ ਵਿਚ। ਇੰਝ ਲਗਦਾ ਹੈ ਕਿ ਇੱਥੇ ਸਿੰਘਾਂ ਦਾ ਪੂਰਾ ਬੋਲਬਾਲਾ ਹੈ। ਰਾਜਸੀ ਸੱਤਾ ਵਿਚ ਭਾਈਵਾਲ ਹੋਣ ਨਾਲ ਅਤੇ ਖ਼ਾਸ ਤੌਰ ’ਤੇ ਹਰਜੀਤ ਸਿੰਘ ਸੱਜਣ ਦੇ ਰੱਖਿਆ ਮੰਤਰੀ ਬਣਨ ਤੋਂ ਬਾਅਦ ਇਹ ਇੱਜ਼ਤ-ਮਾਣ ਅਤੇ ਭਾਈਚਾਰਕ ਵਿਸ਼ਵਾਸ ਵਧਣਾ ਸੁਭਾਵਿਕ ਸੀ। ਸਿੱਖਾਂ ਦਾ ਰਾਜਨੀਤਕ ਬੋਲਬਾਲਾ ਸਿਰਫ ਉਨਾਂ ਦੀ ਗਿਣਤੀ ’ਤੇ ਹੀ ਆਧਾਰਿਤ ਨਹੀਂ। ਕਈ ਸੰਸਦਾਂ ਮੈਂਬਰਾਂ ਨੇ ਉਥੋਂ ਚੋਣਾਂ ਜਿੱਤੀਆਂ ਹਨ ਜਿੱਥੇ ਉਨਾਂ ਦੀ ਬਰਾਦਰੀ ਦੀ ਗਿਣਤੀ 20 ਫ਼ੀਸਦੀ ਵੀ ਨਹੀਂ ਸੀ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਉਨਾਂ ਨੇ ਸਥਾਨਕ ਲੋਕਾਂ ਦਾ ਚੰਗੇਰੇ ਕਾਰਜਾਂ ਰਾਹੀਂ ਵਿਸ਼ਵਾਸ ਜਿੱਤਿਆ ਹੈ।

ਇਹ ਸਾਰਾ ਕੁਝ ਐਵੇਂ ਨਹੀਂ ਪ੍ਰਾਪਤ ਹੋ ਗਿਆ। ਪੁਰਾਣੀ ਪੀੜੀ ਨੂੰ ਇਸ ਲਈ ਬਹੁਤ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਖ਼ਾਸ ਤੌਰ ’ਤੇ 1984 ਦੇ ਸਾਕਾ ਨੀਲਾ ਤਾਰਾ ਤੋਂ ਬਾਅਦ ਕੈਨੇਡਾ ਦੇ ਨੌਜਵਾਨਾਂ ਨੇ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਬਣਾ ਕੇ ਪੰਜਾਬੀਆਂ ਨੂੰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ। ਇਸ ਸੰਸਥਾ ਨੇ ਹੀ ਇਹ ਫ਼ੈਸਲਾ ਕੀਤਾ ਕਿ ਆਪਣੇ ਬੱਚਿਆਂ ਨੂੰ ਕੈਨੇਡਾ ਦੀ ਰਾਜਨੀਤੀ ਵਿਚ ਆਉਣਾ ਚਾਹੀਦਾ ਹੈ। ਅਸਲੀਅਤ ਇਹ ਹੈ ਕਿ ਇਸ ਸਫਲਤਾ-ਸਥਿਤੀ ਤੱਕ ਪਹੁੰਚਣ ਲਈ ਖ਼ਾਸ ਤੌਰ ’ਤੇ ਦਸਤਾਰਧਾਰੀਆਂ ਨੂੰ ਕਈ ਮੁਸ਼ਕਿਲ ਵੰਗਾਰਾਂ ’ਤੇ ਫ਼ਤਹਿ ਪਾਉਣੀ ਪਈ।

ਕੈਨੇਡਾ ਵਿਚ ਕਿਹਾ ਜਾਂਦੈ ਕਿ ਸਭ ਤੋਂ ਪਹਿਲਾਂ ਪੰਜਾਬੀ 1897 ਦੇ ਕਰੀਬ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਪਹੁੰਚੇ। ਪਹੁੰਚੇ ਤਾਂ ਉਹ ਮਹਾਰਾਣੀ ਦੇ ਸ਼ਤਾਬਦੀ ਜਸ਼ਨਾਂ ਕਰਕੇ ਸਨ ਪਰ ਇਨਾਂ ਸਾਬਕਾ ਫ਼ੌਜੀਆਂ ਵਿਚੋਂ ਕਈਆਂ ਨੇ ਉੱਥੇ ਹੀ ਰਹਿ ਜਾਣ ਦਾ ਫ਼ੈਸਲਾ ਕਰ ਲਿਆ। ਸਮਾਂ ਪਾ ਕੇ ਪੜੇ-ਲਿਖੇ ਨੌਜਵਾਨ ਪਹੁੰਚਣ ਲੱਗੇ ਅਤੇ ਚੰਗੇ ਕਾਰੋਬਾਰ ਕਰਨ ਲੱਗੇ। ਨਤੀਜੇ ਵਜੋਂ ਸਥਾਨਕ ਲੋਕਾਂ ਨੂੰ ਬੇਰੁਜ਼ਗਾਰੀ ਦਾ ਡਰ ਸਤਾਉਣ ਲੱਗਾ। ਕੈਨੇਡਾ ਵਿਚ ਦਸਤਾਰ ਦੀ ਯੁੱਧ-ਗਾਥਾ ਵਿਚ ਸਭ ਤੋਂ ਉੱਘੜਵਾਂ ਨਾਂ ਬਲਤੇਜ ਸਿੰਘ ਢਿੱਲੋਂ ਦਾ ਲਿਆ ਜਾ ਸਕਦਾ ਹੈ, ਜਿਸ ਨੇ 30 ਸਾਲ ਪਹਿਲਾਂ ਰਾਇਲ ਕੈਨੇਡੀਅਨ ਮੌਂਟਿਡ ਪੁਲਿਸ ਵਰਗੇ ਅਦਾਰੇ ਵਿਚ ਮੌਂਟੀ (ਘੋੜ-ਸਵਾਰ) ਲੱਗਣ ਲਈ ਪੱਗ ਅਤੇ ਦਾੜੀ ਕਾਇਮ ਰੱਖਣ ਦੀ ਲੜਾਈ ਵਿੱਢੀ। ਬਹੁਤ ਸਾਰੇ ਗੋਰੇ ਇਸ ਪੁਲੀਸ ਦੀ ਰਵਾਇਤੀ ਦੁੱਖ ਬਦਲਣ ਦੇ ਹੱਕ ਵਿਚ ਨਹੀਂ ਸਨ। ਉਨਾਂ ਨੇ ਅਦਾਲਤ (ਕੋਰਟ) ਵਿਚ ਸਰਕਾਰ ਦੇ ਖਿਲਾਫ ਪਹੁੰਚ ਵੀ ਕੀਤੀ ਪਰ ਬਲਤੇਜ ਸਿੰਘ ਕੇਸ ਜਿੱਤ ਗਿਆ ਭਾਵੇਂਕਿ ਗੋਰਿਆਂ ਵਿਚ ਉਸ ਦੀ ਵਿਰੋਧਤਾ ਫਿਰ ਵੀ ਜਾਰੀ ਰਹੀ, ਜੋ ਢਿੱਲੋਂ ਦੇ ਕਹਿਣ ਮੁਤਾਬਿਕ 30 ਸਾਲ ਬਾਅਦ ਅੱਜ ਵੀ ਸੁਲਗ ਰਹੀ ਹੈ।

**ਕਵਰ ਸਟੋਰੀ**

ਦੂਜੇ ਪਾਸੇ 2008 ਵਿਚ, ਬਲਜਿੰਦਰ ਸਿੰਘ ਬਦੇਸ਼ਾ ਦੇ ਮਾਮਲੇ ਵਿਚ ਅਦਾਲਤ ਨੇ ਉਲਟਾ ਰੁਖ ਲਿਆ। ਬਦੇਸ਼ਾ ਨੂੰ ਜਦ ਪੁਲਿਸ ਵਲੋਂ ਬਿਨ ਹੈਲਮਟ ਦੇ ਮੋਟਰ ਸਾਈਕਲ ਚਲਾਉਣ ਕਰਕੇ ਜੁਰਮਾਨਾ ਕੀਤਾ ਗਿਆ ਤਾਂ ਉਸ ਨੇ ਜੁਰਮਾਨਾ ਭਰਨ ਦੀ ਬਜਾਏ ਕੋਰਟ ਤੱਕ ਪਹੁੰਚ ਕੀਤੀ ਕਿ ਉਸ ਦੇ ਧਾਰਮਿਕ ਅਕੀਦੇ ਅਨੁਸਾਰ ਪੱਗ ਉਤਾਰ ਕੇ ਹੈਲਮਟ ਪਾਉਣ ਦੀ ਮਨਾਹੀ ਹੈ। ਪ੍ਰੰਤੂ ਕੋਰਟ ਨੇ ਕੇਸ ਇਹ ਕਹਿ ਕੇ ਬਰਖਾਸਤ ਕਰ ਦਿੱਤਾ ਕਿ ਧਾਰਮਿਕ ਆਜ਼ਾਦੀ ਏਸ ਹੱਦ ਤੱਕ ਨਿਭਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਕਿ ਉਹ ਨਾਗਰਿਕ ਦੀ ਸੁਰੱਖਿਅਤਾ ਲਈ ਹੀ ਖ਼ਤਰਨਾਕ ਸਾਬਤ ਹੋ ਜਾਵੇ। ਬਦੇਸ਼ਾ ਵੀ ਹਿੰਮਤ ਨਹੀਂ ਹਾਰਿਆ, ਉਸ ਨੇ ਉੱਪਰਲੀ ਅਦਾਲਤ ਵਿਚ ਹੈਲਮਟ ਕਾਨੂੰਨ ਨੂੰ ਚੈਲਿੰਜ ਕੀਤਾ। ਹੁਣ ਓਂਟਾਰੀਓ ਵਿਚ ਵੀ ਅਲਬਰਟਾ, ਮੈਨੀਟੋਬਾ ਅਤੇ ਬ੍ਰਿਟਿਸ਼ ਕੋਲੰਬੀਆ ਦੀ ਤਰਾਂ ਸਿੱਖਾਂ ਨੂੰ ਹੈਲਮਟ ਤੋਂ ਧਰਮ-ਆਧਾਰਿਤ ਛੋਟ ਮਿਲ ਗਈ ਹੈ। ਸਮੁੱਚੇ ਤੌਰ ’ਤੇ ਕੈਨੇਡਾ ਦੇ ਜਿਨਾਂ ਸੂਬਿਆਂ ਵਿਚ ਸਿੱਖਾਂ ਦੀ ਗਿਣਤੀ ਵਧੇਰੀ ਹੈ ਉੱਥੇ ਦਸਤਾਰ ਧਾਰੀਆਂ ਨੂੰ ਕੋਈ ਵਿਸ਼ੇਸ਼ ਮੁਸ਼ਕਿਲਾਂ ਪੇਸ਼ ਨਹੀਂ ਆਉਂਦੀਆਂ ਕਿਉਂਕਿ ਉਨਾਂ ਦਾ ਰਾਜਨੀਤਕ ਪ੍ਰਭਾਵ ਵੱਡਾ ਰੋਲ ਅਦਾ ਕਰਦਾ ਹੈ। ਕਿਊਬਿਕ ਵਿਚ ਸਿੱਖਾਂ ਦੀ ਗਿਣਤੀ ਮਸੀਂ ਦਸ ਕੁ ਹਜ਼ਾਰ ਦੱਸੀ ਜਾਂਦੀ ਹੈ। ਇਸ ਰਾਜ ਨੂੰ ਕੇਂਦਰੀ ਕੈਨੇਡੀਅਨ ਸਰਕਾਰ ਵਲੋਂ ਵਿਸ਼ੇਸ਼ ਅਧਿਕਾਰ ਵੀ ਹਾਸਲ ਹਨ। ਦੋ ਕੁ ਸਾਲ ਪਹਿਲਾਂ 2019 ਦੇ ਸ਼ੁਰੂ ਵਿਚ ਇਥੋਂ ਦੇ ਕਿਊਬਿਕ ਸੂਬੇ ਦੀ ਸਰਕਾਰ ਨੇ ਇਕ ਅਜਿਹਾ ਕਾਨੂੰਨ ‘ਬਿੱਲ-21’ ਬਹੁ-ਸੰਮਤੀ ਨਾਲ ਪਾਸ ਕੀਤਾ ਜੋ ਘੱਟ-ਗਿਣਤੀ ਕੌਮਾਂ ਦੀਆਂ ਮੁਸ਼ਕਿਲਾਂ ਵਧਾ ਦੇਵੇਗਾ, ਖ਼ਾਸ ਤੌਰ ’ਤੇ ਸਿੱਖਾਂ ਅਤੇ ਮੁਸਲਿਮ ਜਨਤਾ ਦੀਆਂ। ਕਿਊਬਿਕ ਸੂਬੇ ਵਲੋਂ ਪਾਸ ਕੀਤੇ ਇਸ ਕਾਨੂੰਨ ਮੁਤਾਬਿਕ ਕੋਈ ਵੀ ਟੀਚਰ, ਪੁਲਿਸ ਅਫ਼ਸਰ, ਜੱਜ ਜਾਂ ਕੋਈ ਹੋਰ ਸਰਕਾਰੀ ਕਰਮਚਾਰੀ ਆਪਣੀ ਸਰਕਾਰੀ ਡਿਊਟੀ ਨਿਭਾਉਂਦਿਆਂ ਆਪਣਾ ਕੋਈ ਵੀ ਧਾਰਮਿਕ ਚਿੰਨ ਜ਼ਾਹਰਾ ਤੌਰ ’ਤੇ ਨਹੀਂ ਪਹਿਨ ਸਕੇਗਾ। ਭਾਵ ਕੋਈ ਵੀ ਉਹ ਕੱਪੜਾ, ਗਹਿਣਾ, ਸਿਰ-ਵਸਤਰ ਜਾਂ ਕੋਈ ਹੋਰ ਸਹਾਇਕ ਵਸਤੂ ਜੋ ਧਰਮ ਜ਼ਾਹਰ ਕਰਦੀ ਹੋਵੇ ਪਹਿਨਣ ਦੀ ਮਨਾਹੀ ਹੋਵੇਗੀ। ਦੂਜੇ ਅਰਥਾਂ ਵਿਚ ਪੱਗ, ਹਿਜਾਬ, ਬੁਰਕਾ, ਕਰਾਸ ਆਦਿ ਨਹੀਂ ਪਾਏ ਜਾ ਸਕਣਗੇ। ਇਹ ਕਾਨੂੰਨ ਕਹਿਣ ਨੂੰ ਧਰਮ-ਨਿਰਪੱਖਤਾ ਦੇ ਨਾਂਅ ’ਤੇ ਹੈ, ਪਰ ਬਹੁਤ ਸਾਰੇ ਲੋਕਾਂ ਦਾ ਖਿਆਲ ਹੈ ਕਿ ਇਹ ਧਰਮ ਦੇ ਖੇਤਰ ਵਿਚ ਸ਼ਰੇਆਮ ਦਖ਼ਲ-ਅੰਦਾਜ਼ੀ ਹੈ। ਕੁਝ ਲੋਕਾਂ ਦਾ ਖਿਆਲ ਹੈ ਕਿ ਇਸ ਪਿੱਛੇ ਗਹਿਰੀ ਸਿਆਸਤ ਹੈ ਅਤੇ ਟੇਢੇ ਢੰਗ ਨਾਲ ਸਿੱਖਾਂ ਅਤੇ ਖ਼ਾਸ ਤੌਰ ’ਤੇ ਮੁਸਲਮਾਨਾਂ ਨੂੰ ਧਾਰਮਿਕ ਤੌਰ ’ਤੇ ਤੰਗ ਕਰਨ ਦੀ ਨੀਤੀ ਅਧੀਨ ਅਜਿਹਾ ਕੀਤਾ ਜਾ ਰਿਹਾ ਹੈ। ਇਹ ਵੀ ਸਮਝਿਆ ਜਾਂਦਾ ਹੈ ਕਿ ਇਸ ਐਕਟ ਦਾ ਨਿਸ਼ਾਨਾ ਮੁੱਖ ਤੌਰ ’ਤੇ ਮੁਸਲਿਮ ਭਾਈਚਾਰਾ ਹੈ, ਖ਼ਾਸ ਤੌਰ ’ਤੇ ਬੁਰਕਾ ਪਾਉਂਦੀਆਂ ਮੁਸਲਿਮ ਔਰਤਾਂ। 2019 ਵਿਚ ਚੋਣਾਂ ਕਰਕੇ ਕਿਸੇ ਵੀ ਪਾਰਟੀ ਨੇ ਕਿਊਬਿਕ ਦੇ ਇਸ ਪੱਖਪਾਤੀ ਐਕਟ ਦਾ ਵਿਰੋਧ ਨਹੀਂ ਸੀ ਕੀਤਾ ਹਾਲਾਂਕਿ ਸਮਝਿਆ ਜਾਂਦਾ ਸੀ ਕਿ ਅਦਾਲਤ ਵਿਚ ਜਾ ਕੇ ਇਹ ਕੇਸ ਹਾਰ ਜਾਵੇਗਾ। ਪਰ ਅਜਿਹਾ ਹੋਇਆ ਨਹੀਂ। ਸੂਬੇ ਦੀ ਸਭ ਤੋਂ ਉੱਚੀ ਅਦਾਲਤ ਨੇ ਇਸ ਵਿਚ ਮਾਮੂਲੀ ਛੋਟਾਂ ਦਿੰਦਿਆਂ ਹੋਇਆਂ ਐਕਟ ਨੂੰ ਜਾਇਜ਼ ਠਹਿਰਾਇਆ ਹੈ। ਇਹ ਸ਼ਾਇਦ ਤਰੀਕਾ ਹੈ ਕਿਊਬਿਕ ਸਰਕਾਰ ਦਾ ਕਿ ਸਰਕਾਰੀ ਕੰਟਰੋਲ ਗੈਰ-ਕੈਨੇਡੀਅਨ ਹੱਥਾਂ ਵਿਚ ਨਹੀਂ ਜਾਣਾ ਚਾਹੀਦਾ।

ਕੈਨੇਡਾ ਵਿਚ ਵੱਖਰੀ ਅਤੇ ਜ਼ਾਹਰਾ ਪਛਾਣ ਵਿਚ ਮਾਣ ਮਹਿਸੂਸ ਕਰਨ ਵਾਲੀਆਂ ਦੋ ਹੀ ਕੌਮਾਂ ਹਨ : ਮੁਸਲਿਮ ਅਤੇ ਸਿੱਖ। ਇਕ ਵਾਰੀ ਫੇਰ, ਫਰਾਂਸ ਵਾਂਗ ਹੀ, ਕਿਊਬਿਕ ਵਿਚ ਵੀ ਬੁਨਿਆਦੀ ਸੁਆਲ ਉੱਠੇਗਾ : ਕੀ ਦਸਤਾਰ ਸਿੱਖਾਂ ਦਾ ਸੱਭਿਆਚਾਰਕ ਪਹਿਰਾਵਾ ਹੈ ਕਿ ਧਾਰਮਿਕ ਪਹਿਚਾਣ ਚਿੰਨ ?

---

# ਸੋਸ਼ਲ ਮੀਡੀਆ ਪ੍ਰਤੀ ਜਿੰਮੇਵਾਰ ਬਣੀਏ !



**ਇਕਵਾਕ ਸਿੰਘ ਪੱਟੀ**

ਪੁਰਾਣੇ ਸਮੇਂ ਵਿੱਚ ਘਟਨਾਵਾਂ ਵਾਪਰਨੀਆਂ, ਫਿਰ ਉਹਨਾਂ ਘਟਨਾਵਾਂ ਬਾਰੇ ਰੇਡੀਉ ਤੋਂ ਜਾਣਕਾਰੀ ਹਾਸਲ ਹੋਣੀ ਉਸ ਤੋਂ ਬਾਅਦ ਟੀ.ਵੀ. ਦਾ ਦੌਰ ਸ਼ੁਰੂ ਹੋਇਆ ਤਾਂ ਡੀ.ਡੀ. ਵੰਨ ਟੀ.ਵੀ. ਚੈਨਲ ਦੇ ਨਿਉਜ਼ ਬੁਲੇਟਿਨ ਰਾਹੀਂ ਪਤਾ ਲੱਗਣਾ, ਜਿਨਾਂ ਕੋਲ ਟੀ.ਵੀ. ਨਹੀਂ ਸਨ ਹੁੰਦੇ, ਉਹ ਸਬੰਧਤ ਘਟਨਾ ਬਾਰੇ ਅਗਲੇ ਦਿਨ ਅਖ਼ਬਾਰ ਵਿੱਚ ਪੂਰੀ ਤਫਸੀਲ ਦਾ ਖ਼ਬਰ ਨੂੰ ਪੜਦੇ ਤੇ ਫਿਰ ਸੱਥਾਂ ਵਿੱਚ ਉਸ ਕਿਸੇ ਖਾਸ ਵਿਸ਼ੇ ਤੇ ਵਿਚਾਰਾਂ ਕਰਦੇ। ਸਮਾਂ ਬਦਲਦਾ ਗਿਆ ਟੀ.ਵੀ. ਉੱਤੇ ਚੈਨਲ ਇੱਕ ਤੋਂ ਦੋ ਹੋਏ, ਦੋ ਤੋਂ ਚਾਰ ਅਤੇ ਅੱਜ ਗੱਲ ਕਰੀਏ ਤਾਂ ਤਾਂ ਚਾਰ ਤੋਂ ਹਜ਼ਾਰ ਹੋ ਚੁੱਕੇ ਹਨ। ਹੁਣ ਖ਼ਬਰ, ਅਖ਼ਬਾਰ ਵਿੱਚ ਛੱਪਣ ਤੋਂ ਪਹਿਲਾਂ ਟੀ.ਵੀ. ਤੇ ਆ ਜਾਂਦੀ ਹੈ ਅਤੇ ਟੀ.ਵੀ. ਤੇ ਪਹੁੰਚਣ ਤੋਂ ਪਹਿਲਾਂ ਸੋਸ਼ਲ ਮੀਡੀਆ ਰਾਹੀਂ ਹਰ ਇਨਸਾਨ ਤੱਕ ਪਹੁੰਚ ਜਾਂਦੀ ਹੈ।

ਸੋਸ਼ਲ ਮੀਡੀਆ ਤੇ ਕਿਸੇ ਮੈਸਜ਼ ਨੂੰ ਲਿਖ ਕੇ ਦੂਜਿਆਂ ਨਾਲ ਸਾਂਝਾ ਕਰਨਾ ਜਾਂ ਕਿਸੇ ਵੀ ਥਾਂ ਤੋਂ ਕੋਈ ਘਟਨਾ ਦੀ ਵੀਡੀਉ ਬਣਾ ਕੇ ਉਸਨੂੰ ਵਾਇਰਲ ਕਰਨਾ ਆਮ ਜਿਹੀ ਗੱਲ ਬਣ ਗਈ ਹੈ, ਕਹਿ ਲਉ ਕਿ ਹਰ ਕੋਈ ਅੱਜ ਆਪਣੇ ਆਪ ਹੀ ਪੱਤਰਕਾਰ ਬਣ ਕੇ ਜਾਂ ਆਪਣੇ ਆਪ ਨੂੰ ਸਮਾਜ ਦਾ ਵੱਡਾ ਖੈਰ-ਖੁਆਹ ਬਣ ਕੇ ਕੇ ਪੇਸ਼ ਕਰਨਾ ਚਾਹੁੰਦਾ ਹੈ। ਬਿਨਾਂ ਸ਼ੱਕ ਸੋਸ਼ਲ ਮੀਡੀਆ ਵੱਲੋਂ ਚੰਗੇ ਕੰਮਾਂ ਪ੍ਰਤੀ ਲੋਕਾਂ ਨੂੰ ਚੇਤੰਨ ਕਰਨ ਵਿੱਚ ਨਿਭਾਈ ਜਾ ਰਹੀ ਭੂਮਿਕਾ ਸ਼ਲਾਘਾਯੋਗ ਹੈ, ਪਰ ਨਾਲ ਹੀ ਸੋਚਣ ਵਾਸਤੇ ਮਜ਼ਬੂਰ ਕਰਦੀ ਹੈ ਕਿ ਕਿਸੇ ਖ਼ਬਰ ਜਾਂ ਘਟਨਾ ਨੂੰ ਕਿਸ ਰੂਪ ਵਿੱਚ ਕਿਸ ਢੰਗ ਨਾਲ ਲੋਕਾਂ ਤੱਕ ਸਾਂਝਾ ਕਰਨਾ ਹੈ, ਜਾਂ ਨਹੀਂ ਕਰਨਾ ਹੈ, ਇਸ ਲਈ ਮਾਪਦੰਡ ਤੈਅ ਹੋਣੇ ਜ਼ਰੂਰੀ ਹਨ ਜਾਂ ਸਾਡੀ ਨੈਤਿਕ ਜਿੰਮੇਵਾਰੀ ਬਣਦੀ ਹੈ ਕਿ ਅਸੀਂ ਕੁੱਝ ਵੀ ਦੂਜਿਆਂ ਨਾਲ ਸਾਂਝਾ ਕਰਨ ਤੋਂ ਪਹਿਲਾਂ ਕੁੱਝ ਮਿੰਟ ਸੋਚ ਵਿਚਾਰ ਕਰਕੇ, ਖ਼ਬਰ ਦੇ ਸਹੀ ਗਲਤ ਹੋਣ ਦੀ ਪੁਸ਼ਟੀ ਕਰਕੇ ਜਾਂ ਉਸਦੇ ਸਮਾਜ ਨੂੰ ਹੋਣ ਵਾਲੇ ਨੁਕਸਾਨ ਅਤੇ ਫਾਇਦੇ ਨਾਲ ਨਿਕਲਣ ਵਾਲੇ ਸਿੱਟਿਆਂ ਪ੍ਰਤੀ ਚੇਤੰਨ ਰਹੀਏ।

ਖ਼ੈਰ ! ਗੱਲ ਕਰਦੇ ਹਾਂ ਸੋਸ਼ਲ ਮੀਡੀਆ ਦੇ ਵਾਇਰਲ ਹੁੰਦੇ ਆਡੀਓ/ਵੀਡੀਓ ਸੁਨੇਹਿਆਂ ਤੋਂ ਇਲਾਵਾ ਵਾਪਰੀਆਂ ਕੁੱਝ ਘਟਨਾਵਾਂ ਦੀਆਂ ਵੀਡੀਉਜ਼ ਦੇ ਬਾਰੇ। ਧਾਰਮਿਕ ਆਸਥਾ ਨਾਲ ਜੁੜੀਆਂ ਖ਼ਬਰਾਂ/ਘਟਨਾਵਾਂ ਜਾਂ ਉਨਾਂ ਸਬੰਧੀ ਬਣੇ ਵੀਡੀਉ ਕਲਿੱਪ ਕੁੱਝ ਪਲਾਂ ਵਿੱਚ ਦੁਨੀਆ ’ਤੇ ਸਾਂਝੇ ਹੋ ਜਾਂਦੇ ਹਨ ਅਤੇ ਪ੍ਰਤੀਕਿਰਿਆਵਾਂ ਕੁੱਝ ਸਕਿੰਟਾਂ ਤੋਂ ਮਿੰਟਾਂ ਵਿੱਚ ਆਉਣ ਲੱਗ ਪੈਂਦੀਆਂ ਹਨ। ਬਹੁਤ ਘੱਟ ਸੱਜਣ ਹੁੰਦੇ ਹਨ ਜੋ ਸੋਸ਼ਲ ਮੀਡੀਆ ਤੇ ਆਈ ਕਿਸੇ ਖ਼ਬਰ ਨੂੰ ਪਹਿਲਾਂ ਤਸਦੀਕ ਕਰਦੇ ਹਨ ਅਤੇ ਫਿਰ ਅੱਗੇ ਹੋਰਨਾਂ ਨੂੰ ਭੇਜਦੇ ਹਨ। ਬੀਤੇ ਕੁੱਝ ਦਿਨਾਂ ਵਿੱਚ ਅੰਮ੍ਰਿਤਸਰ ਜਿਲੇ ਦੇ ਇੱਕ ਸਕੂਲ ਦੇ ਵਿਦਿਆਰਥੀ ਦੇ ਸ਼ਨਾਖਤੀ ਕਾਰਡ ਦੀ ਫੋਟੋ ਖਿੱਚ ਕੇ, ਸੋਸ਼ਲ ਮੀਡੀਆ ਉੱਤੇ ਪਾ ਦਿੱਤੀ ਗਈ ਅਤੇ ਨਾਲ ਇੱਕ ਆਡੀਉ ਕਲਿੱਪ ਪਾ ਦਿੱਤਾ ਕੇ ਇਸ ਬੱਚੇ ਐਕਸੀਡੈਂਟ ਹੋ ਗਿਆ, ਇਸ ਗਲੇ ਵਿੱਚ ਕੋਈ ਤਿੱਖੀ ਚੀਜ਼ ਵੱਜ ਗਈ ਹੈ, ਜਿਸ ਕਰਕੇ ਇਸਦੀ ਅਵਾਜ਼ ਚਲੀ ਗਈ ਹੈ, ਇਸਦੀ ਅਵਾਜ਼ ਬਹੁਤ ਮਿੱਠੀ ਸੀ, ਹੁਣ ਆਵਜ਼ਾ ਵਾਪਸ ਲਿਅਉਣ ਲਈ ਪੰਜਾਹ ਲੱਖ ਰੁਪਏ ਦੀ ਲੋੜ ਹੈ, ਜੇ ਇਸ ਮੈਸਜ਼ ਨੂੰ



ਸ਼ੇਅਰ ਕਰੋਗੇ ਤਾਂ ਇਸ ਦਾ ਖਰਚਾ ਵਟੱਸਐਪ ਦਾ ਮਾਲਕ ਚੁਕੇਗਾ’, ਬੱਸ ਫਿਰ ਕੀ ਬਿਨਾਂ ਤਸਦੀਕ ਕੀਤੇ ਬੱਸ ਭਾਵੁਕ ਹੋ ਕੇ ਹਰ ਮੋਬਾਇਲ ਤੇ ਇਹ ਆਡੀਉ ਕਲਿੱਪ ਅਤੇ ਉਕਤ ਬੱਚੇ ਦਾ ਆਈ. ਕਾਰਡ ਪੁੱਜਦਾ ਕਰ ਦਿੱਤਾ ਗਿਆ। ਜਦਕਿ ਅਸਲ ਵਿੱਚ ਇਸ ਤਰਾਂ ਦੀ ਕੋਈ ਘਟਨਾ ਵਾਪਰੀ ਹੀ ਨਹੀਂ। ਇਸ ਬਾਰੇ ਕੱਝ ਦਿਨਾਂ ਬਾਅਦ ਸਕੂਲ ਦੇ ਪ੍ਰਿੰਸੀਪਲ ਦਾ ਸਪੱਸ਼ਟੀਕਰਨ ਵੀ ਆਇਆ ਕਿ ਇਹ ਸ਼ਰਾਰਤੀ ਅਨਸਰਾਂ ਦਾ ਕੰਮ ਹੈ, ਇਹੋ ਜਿਹੀ ਕੋਈ ਘਟਨਾ ਨਹੀਂ ਵਾਪਰੀ ਹੈ। ਪਰ ਫਿਰ ਵੀ ਉਕਤ ਆਡੀਉ ਕਲਿੱਪ ਅਤੇ ਆਈ ਕਾਰਡ ਡੀ ਫੋਟੋ ਸ਼ੇਅਰ ਹੁਣੋ ਨਾ ਰੁਕੀ।

ਇਸੇ ਤਰਾਂ ਹੋਛੀ ਮੱਤ ਵਾਲਿਆਂ ਨੇ ‘ਹੋਲਾ ਮਹੱਲਾ’ ਅਨੰਦਪੁਰ ਸਾਹਿਬ ਵਿਖੇ ਲੱਗਣ ਵਾਲੇ ਲੰਗਰਾਂ ਸਬੰਧੀ ਵੀ ਹਜ਼ਾਰਾਂ ਮਜ਼ਾਕੀਆ ਵੀਡੀਉ ਕਲਿੱਪ ਸੋਸ਼ਲ ਮੀਡੀਏ ਉੱਤੇ ਸਾਂਝੇ ਕੀਤੇ ਗਏ। ਪੁਰਾਣੀਆਂ ਵੀਡੀਉ, ਫ਼ੋਟੋਆਂ, ਸਕਰੀਨ ਸ਼ਾਰਟ ਵਗੈਰਾ ਜਿਨਾਂ ਨੇ ਕਿਸੇ ਵੇਲੇ ਕਿਸੇ ਖ਼ਾਸ ਧਰਮ ਜਾਂ ਫ਼ਿਰਕੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਸੀ ਅਤੇ ਬਾਅਦ ਵਿੱਚ ਉਸ ਸਬੰਧੀ ਜਨਤਕ ਮੁਆਫੀ ਵੀ ਮੰਗੀ ਸੀ, ਉਹਨਾਂ ਨੂੰ ਅੱਜ ਕਈ ਸਾਲਾਂ ਬਾਅਦ ਮੁੜ ਤੋਂ ਸ਼ੇਅਰ ਕੀਤਾ ਜਾ ਰਿਹਾ ਹੈ ਅਤੇ ਥੱਲੇ ਲਿਖ ਦਿੱਤਾ ਜਾਂਦਾ ਹੈ ਕਿ ਜੇਕਰ ਤੁਸੀਂ ਆਪਣੇ ਪਿਉ ਦੇ ਪੁੱਤਰ ਹੋ ਤਾਂ ਜ਼ਰੂਰ ਸ਼ੇਅਰ ਕਰੋ। ਕਈ ਵਾਰ ਗੁਰੂਆਂ/ਪੀਰਾਂ, ਦੇਵੀ-ਦੇਵਤਿਆਂ ਦੀ ਫ਼ੋਟੋਆਂ ਨੂੰ ਸ਼ੇਅਰ ਕਰਨ ਬਦਲੇ ਹੋਣ ਵਾਲੇ ਫਾਇਦਿਆਂ ਨੂੰ ਦੱਬ ਕੇ ਸ਼ੇਅਰ ਕੀਤਾ ਜਾ ਰਿਹਾ ਹੈ। ਇਹ ਤਾਂ ਇੰਵ ਲੱਗਦਾ ਜਿਵੇਂ 21ਵੀਂ ਸਦੀ ਦੀ ਖੋਜ ਸਮਾਰਟ ਫੋਨ ਨੂੰ ਹੱਥ ਵਿੱਚ ਫੜ ਕੇ ਵੀ ਅਸੀਂ 10ਵੀਂ ਸਦੀ ਦੀ ਸੋਚ ਨੂੰ ਜੀਵਨ ਦਾ ਅਧਾਰ ਬਣਾ ਕੇ ਬੈਠੇ ਹੋਏ ਹਾਂ। ਇਸੇ ਤਰਾਂ ਵਹਿਮਾਂ ਭਰਮਾਂ ਦਾ ਵੀ ਖ਼ੂਬ ਪ੍ਰਚਾਰ ਸੋਸ਼ਲ ਮੀਡੀਏ ਉੱਤੇ ਹੋ ਰਿਹਾ ਹੈ।

ਕਿੰਨਾ ਚੰਗਾ ਹੋਵੇ ਕਿ ਸੋਸ਼ਲ ਮੀਡੀਏ ਦੀ ਯੁਗ ਵਿੱਚ ਇਸਦੀ ਸਾਰਥਿਕ ਵਰਤੋਂ ਕੀਤੀ ਜਾਵੇ ਤਾਂ ਕਿ ਹਰ ਰੋਜ਼, ਹਰ ਕਿਸੇ ਨੂੰ, ਸੋਸ਼ਲ ਮੀਡੀਆ ਤੇ ਸਾਂਝੇ ਕੀਤੇ ਜਾ ਰਹੇ ਹਰ ਸੁਨੇਹੇ ਤੋਂ ਕੁੱਝ ਸਿੱਖਣ, ਸਮਝਣ ਨੂੰ ਮਿਲ ਸਕੇ ਅਤੇ ਉਹ ਬੇਹੱਦ ਉਸਾਰੂ, ਹਾਂ-ਪੱਖੀ ਹੋਵੇ। ਸੋ ਕਿਸੇ ਵੀ ਤਰਾਂ ਦੇ ਸੁਨੇਹੇ ਨੂੰ ਅੱਗੇ ਹੋਰਨਾਂ ਨਾਲ ਸਾਂਝਾ ਕਰਨ ਤੋਂ ਪਹਿਲਾਂ ਕੋਸ਼ਿਸ਼ ਕਰੋ ਕਿ ਤਸਦੀਕ ਹੋ ਜਾਵੇ ਜੇ ਨਹੀਂ ਤਾਂ ਆਪਣੇ ਤੌਰ ਤੇ ਉਸਦੇ ਸਿੱਟਿਆਂ ਬਾਰੇ ਸੋਚ ਕੇ ਹੀ ਹੋਰਨਾਂ ਨੂੰ ਭੇਜੋ। ਕਾਹਲੀ ਨਾਲ, ਭਾਵੁਕ ਹੋ ਕੇ, ਜਲਦਬਾਜ਼ੀ ਕਰਦਿਆਂ ਕਿਸੇ ਦਾ ਨੁਕਸਾਨ ਹੋਣ ਤੋਂ ਬਚਾਅ ਕਰੋ ਅਤੇ ਸੋਸ਼ਲ ਮੀਡੀਆ ਪਰਤੀ ਜਿੰਮੇਵਾਰ ਬਣੋ। ਰੱਬ ਰਾਖਾ !

ਅੰਮ੍ਰਿਤਸਰ ਟਾਈਮਜ਼ AMRITSAR TIMES

11 ਜੂਨ 2021 ਤੋਂ 17 ਜੂਨ 2021

# 6 ਜੂਨ-ਬਾਹਰੀ ਦਖਲ-ਅੰਦਾਜ਼ੀ ਅਤੇ ਅਸੀਂ

ਜੂਨ 1984 ਵਿੱਚ ਬਿਪਰ ਰਾਜ-ਹਉਂ ਨੇ ਦਰਬਾਰ ਸਾਹਿਬ, ਸ੍ਰੀ ਅਮ੍ਰਿਤਸਰ ਸਮੇਤ ਅਨੇਕਾਂ ਗੁਰਦੁਆਰਾ ਸਾਹਿਬਾਨ ਉੱਤੇ ਹਮਲਾ ਕੀਤਾ, ਇਸ ਬਹੁ-ਪਸਾਰੀ ਅਤੇ ਵਿਆਪਕ ਹਮਲੇ ਨੂੰ ਪੰਥ ਤੀਜੇ ਘੱਲੂਘਾਰੇ ਵਜੋਂ ਯਾਦ ਕਰਦਾ ਹੈ। ਸਿੱਖਾਂ ਦੀ ਇਹ ਰਿਵਾਇਤ ਹੈ ਕਿ ਉਹ ਆਪਣੇ ਗੁਰੂਆਂ ਦੇ ਪ੍ਰਕਾਸ਼ ਦਿਹਾੜੇ, ਸ਼ਹੀਦੀ ਦਿਹਾੜੇ, ਗੁਰੂ ਦੇ ਰਾਹ ਉੱਤੇ ਚੱਲ ਕੇ ਜੋ ਸਿੱਖ ਸ਼ਹੀਦ ਹੁੰਦੇ ਉਨਾਂ ਦੇ ਸ਼ਹੀਦੀ ਦਿਹਾੜੇ ਮਨਾਉਂਦੇ ਹਨ। ਕਥਾ, ਕੀਰਤਨ, ਢਾਡੀ, ਕਵੀਸ਼ਰਾਂ ਰਾਹੀਂ ਸਿੱਖ ਸੰਗਤ ਆਪਣੇ ਸ਼ਹੀਦਾਂ ਨੂੰ ਯਾਦ ਕਰਦੀ ਹੈ। ਇਹੀ ਯਾਦ ਨੂੰ ਤਾਜ਼ਾ ਰੱਖਦਿਆਂ ਸਿੱਖ ਸੰਗਤ ਵਰਤਮਾਨ ਵਿੱਚ ਬੈਠਿਆਂ ਇਤਿਹਾਸ ਦੇ ਦਰਸ਼ਨ ਕਰਦੀ ਹੈ ਅਤੇ ਭਵਿੱਖ ਵਿੱਚ ਆਪਣੇ ਅਮਲਾਂ ਲਈ ਗੁਰੂ ਪਾਤਿਸ਼ਾਹ ਨੂੰ ਅਰਦਾਸ ਕਰਦੀ ਹੈ। ਯਾਦ ਰੱਖਣ ਵਿੱਚ ਜੋ ਤਾਕਤ ਹੈ ਉਹ ਤਾਕਤ ਭਵਿੱਖ ਨੂੰ ਇਤਿਹਾਸ ਦੇ ਹਾਣਦਾ ਕਰਨ ਦੇ ਸਮਰੱਥ ਹੁੰਦੀ ਹੈ ਜਿਸ ਕਰਕੇ ਹੁਕਮਰਾਨ ਜਾਂ ਇਤਿਹਾਸ ਦਾ ਗੁਨਾਹਗਾਰ ਇਹ ਕਦੀ ਨਹੀਂ ਚਾਹੁੰਦਾ ਕਿ ਇਹ ਯਾਦ ਬਣੀ ਰਹੇ। ਉਹ ਯਤਨ ਕਰਦਾ ਹੈ ਕਿ ਬੀਤੇ ਨੂੰ ਭੁਲਾ ਦਿੱਤਾ ਜਾਵੇ ਜਾਂ ਯਾਦ ਕਰਨ ਦੀ ਸਕਾਰਾਤਮਿਕਤਾ ਨੂੰ ਖਤਮ ਕਰ ਦਿੱਤਾ ਜਾਵੇ। ਯਾਦ ਰੱਖਣ ਅਤੇ ਭੁਲਾ ਦੇਣ ਦੀ ਜੰਗ ਬਹੁਤ ਖਤਰਨਾਕ ਅਤੇ ਅਹਿਮ ਹੁੰਦੀ ਹੈ ਪਰ ਇਸ ਤੋਂ ਵੀ ਅਹਿਮ ਅਤੇ ਖਤਰਨਾਕ ਹੁੰਦਾ ਹੈ ਜਦੋਂ ਯਾਦ ਕਰਨ ਵਿੱਚ ਦਖਲ-ਅੰਦਾਜ਼ੀ ਕਰਕੇ ਯਾਦ ਕਰਨ ਦੇ ਅਮਲ ਨੂੰ ਪ੍ਰਭਾਵਿਤ ਕੀਤਾ ਜਾਵੇ ਅਤੇ ਯਾਦ ਕਰਨ ਦੀ ਸਕਾਰਾਤਮਿਕਤਾ ਨੂੰ ਖਤਮ ਕਰ ਦਿੱਤਾ ਜਾਵੇ। ਤੀਜੇ ਘੱਲੂਘਾਰੇ ਦੀ ਯਾਦ ਵਿੱਚ ਵੀ ਇਸੇ ਤਰਾਂ ਦੀਆਂ ਦਖਲ-ਅੰਦਾਜ਼ੀਆਂ ਹੋ ਰਹੀਆਂ ਹਨ।

ਹਰ ਸਾਲ 6 ਜੂਨ ਨੂੰ ਸਿੱਖ ਸੰਗਤ ਅਕਾਲ ਤਖ਼ਤ ਸਾਹਿਬ, ਸ੍ਰੀ ਅਮ੍ਰਿਤਸਰ ਵਿਖੇ ਇਕੱਤਰ ਹੁੰਦੀ ਹੈ ਅਤੇ ਤੀਜੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਯਾਦ ਕਰਦੀ ਹੈ। ਕੋਈ ਸਮਾਂ ਸੀ ਜਦੋਂ ਇਨਾਂ ਸ਼ਹੀਦਾਂ ਦੀ ਗੱਲ ਕਰਨ ਉੱਤੇ ਬਹੁਤ ਜਿਆਦਾ ਸਖਤੀ ਸੀ, ਸਟੇਟ ਦਾ ਉਹ ਅਮਲ ਸਿੱਧੇ ਰੂਪ ਵਿੱਚ ਇਸ ਘੱਲੂਘਾਰੇ ਨੂੰ ਯਾਦ ਨਾ ਕਰਨ ਦੇਣ ਦਾ ਅਮਲ ਸੀ। ਇਹ ਅਮਲ ਸੌਖਿਆਂ ਸਮਝ ਪੈ ਜਾਂਦਾ ਹੈ ਪਰ ਜਦੋਂ ਸਟੇਟ ਦਾ ਦਖਲ ਇਸ ਪ੍ਰਕਾਰ ਹੋ ਜਾਵੇ ਕਿ ਯਾਦ ਵੀ ਕਰਨ ਦਿੱਤਾ ਜਾਵੇ ਪਰ ਯਾਦ ਦੀ ਪਵਿੱਤਰਤਾ ਨੂੰ ਖਤਮ ਕਰ ਦਿੱਤਾ ਜਾਵੇ, ਇਹ ਬਹੁਤ ਖਤਰਨਾਕ ਹੁੰਦਾ ਹੈ ਅਤੇ ਇਹ ਸੌਖਿਆਂ ਸਮਝ ਵੀ ਨਹੀਂ ਪੈਂਦਾ। ਇਹ ਦਖਲ ਹਰ ਸੰਭਵ ਤਰੀਕੇ ਕੀਤਾ ਜਾਂਦਾ ਹੈ। ਸਟੇਟ ਦਾ ਯਤਨ ਰਹਿੰਦਾ ਹੈ ਕਿ ਇਸ ਦਿਨ ਕੋਈ ਨਾ ਅਜਿਹੀ ਘਟਨਾ ਕਰਵਾਈ ਜਾਵੇ ਜਿਸ ਕਰਕੇ ਸਾਰਾ ਧਿਆਨ ਉਸ ਵਾਪਰੀ ਘਟਨਾ ਉੱਤੇ ਕੇਂਦਰਿਤ ਹੋ ਜਾਵੇ। ਜਦੋਂ ਅਜਿਹੀ ਘਟਨਾ ਵਾਪਰਦੀ ਹੈ ਤਾਂ ਉਹ ਇਸ ਯਾਦ ਉੱਤੇ ਆਪਣਾ ਅਸਰ ਛੱਡਦੀ ਹੈ, ਇਸ ਦੀ ਪਵਿੱਤਰਤਾ ਨੂੰ ਖਤਮ ਕਰਦੀ ਹੈ, ਇਸ ਦੀ ਸਕਾਰਾਤਮਿਕਤਾ ਨੂੰ ਖਤਮ ਕਰਦੀ ਹੈ। ਪਿਛਲੇ ਕੁਝ ਸਾਲਾਂ ਵਿੱਚ ਅਜਿਹੀਆਂ ਕਈ ਘਟਨਾਵਾਂ ਵਾਪਰੀਆਂ ਹਨ ਅਤੇ ਸਿੱਖਾਂ ਦੇ ਵੱਡੇ ਹਿੱਸੇ ਦਾ ਧਿਆਨ ਭਟਕਾਉਣ ਵਿੱਚ ਕਾਮਯਾਬ ਵੀ ਰਹੀਆਂ ਹਨ।

ਪਿਛਲੇ ਸਾਲਾਂ ਤੋਂ ਇਨਾਂ ਘਟਨਾਵਾਂ ਵਿੱਚ ਟਾਸਕ ਫੋਰਸ ਦੀ ਭੂਮਿਕਾ ਮਾੜੀ ਰਹੀ ਹੈ ਜਿਸ ਕਰਕੇ ਸਿੱਖ ਸੰਗਤ ਟਾਸਕ ਫੋਰਸ ਨੂੰ ਹੋਰ ਤਰਾਂ ਵੇਖਣ ਲੱਗੀ ਹੈ। ਇਸ ਵਾਰ (2021) ਵਿੱਚ ਕੋਈ ਉਸ ਤਰਾਂ ਦੀ ਘਟਨਾ ਨਾ ਵਾਪਰਨ ਕਰਕੇ ਸਿੱਖਾਂ ਦੇ ਵੱਡੇ ਹਿੱਸੇ ਦੀ ਚਰਚਾ ਇਸ ਗੱਲ ਉੱਤੇ ਹੀ ਹੋ ਰਹੀ ਹੈ ਕਿ ਟਾਸਕ ਫੋਰਸ ਇਸ ਵਾਰ ਚੁੱਪ ਕਰਕੇ ਬੈਠੀ ਰਹੀ, ਨਿਹੱਥੀ ਸੀ ਆਦਿ। ਇਹਦੇ ਕਾਰਨਾਂ ਨੂੰ ਸੱਤਾ ਵਿੱਚ ਕਾਬਜ ਧਿਰ ਅਤੇ ਸੱਤਾ ਵਿਚੋਂ ਬਾਹਰ ਵਾਲੀ ਧਿਰ ਦੇ ਮੁੜ ਸੱਤਾ ਵਿੱਚ ਆਉਣ ਦੀ ਮਨਸ਼ਾ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਭਾਵੇਂ ਇਸ ਤਰਾਂ ਦੇ ਸਾਰੇ ਪੱਖ ਸਹੀ ਹੋਣਗੇ ਪਰ ਇਸ ਤੋਂ ਵੀ ਵੱਡੀ ਗੱਲ ਜਿਸ ਉੱਤੇ ਚਰਚਾ ਹੋਣੀ ਚਾਹੀਦੀ ਸੀ ਪਰ ਨਹੀਂ ਹੋਈ, ਉਹ ਇਸ ਵਾਰ ਤੀਜੇ ਘੱਲੂਘਾਰੇ ਦੀ ਯਾਦ ਦੌਰਾਨ ਪੁਲਸ ਦਾ ਨੰਗੇ-ਚਿੱਟੇ ਰੂਪ ਵਿੱਚ ਦਖਲ ਹੈ। ਉਹ ਇਸ ਤਰਾਂ ਬੇਖੌਫ ਘੁੰਮ ਰਹੇ ਸਨ ਜਿਵੇਂ ਇਹ ਸਮਾਗਮ ਉਹਨਾਂ ਦਾ ਹੋਵੇ ਅਤੇ ਸਿੱਖ ਸੰਗਤ ਕੇਵਲ ਹਾਜਰੀ ਲਈ ਆਈ ਹੋਵੇ। 2-3 ਫੁੱਟ ਦੀ ਵਿੱਥ ਉੱਤੇ ਇਹਨਾਂ ਮੁਲਾਜ਼ਮਾਂ ਦਾ ਬੈਠਣਾ, ਇਹਨਾਂ ਦੇ ਅਫਸਰ ਨੇ ਬਿਨਾ ਕਿਸੇ ਭੈਅ ਤੋਂ ਉੱਥੇ ਤੁਰੇ ਰਹਿਣਾ, ਜਦੋਂ ਦਿਲ ਕਰਨਾ ਸਭ ਨੂੰ ਇਕੱਠੇ ਕਰ ਲੈਣਾ, ਮੁਲਾਜ਼ਮਾਂ ਵੱਲੋਂ ਵੀ ਸ਼ਰੇਆਮ ਇਹ ਦਿਖਾਉਣਾ ਕਿ ਅਸੀਂ ਸਿੱਖ ਸੰਗਤ ਦਾ ਹਿੱਸਾ ਨਹੀਂ ਹਾਂ, ਇਹ ਸਭ ਸਾਡੇ ਲਈ ਬਹੁਤ ਜਿਆਦਾ ਖਤਰਨਾਕ ਹੈ। ਪਹਿਲਾਂ ਜੇਕਰ ਪੁਲਸ ਦਾ ਦਖਲ ਹੁੰਦਾ ਵੀ ਸੀ ਤਾਂ ਉਹ ਜੱਗ-ਜਾਹਰ ਨਹੀਂ ਸਨ ਕਰਦੇ ਪਰ ਇਸ ਵਾਰ ਉਹ ਸ਼ਰੇਆਮ ਬਿਨਾਂ ਕਿਸੇ ਭੈਅ ਤੋਂ ਆਪਣੀ ਪਹਿਚਾਣ ਦਾ ਦਿਖਾਵਾ ਕਰ ਰਹੇ ਸਨ। ਮੈਨੂੰ ਇਕ ਬਹੁਤ ਹੀ ਸਤਿਕਾਰਯੋਗ ਸਖਸ਼ੀਅਤ ਨੇ ਗੱਲ ਸੁਣਾਈ ਕਿ ਕਈ ਵਰੇ ਪਹਿਲਾਂ ਇਕ ਸੀ.ਆਈ.ਡੀ ਵਾਲਾ ਸੰਗਤ ਦੀ ਨਿਗਾ ਪੈ ਗਿਆ ਅਤੇ ਸੰਗਤ ਨੇ ਉਸ ਨੂੰ ਦਬੋਚ ਲਿਆ। ਉਸ ਕੋਲੋਂ ਇਕ ਹਥਿਆਰ (ਪਿਸਤੌਲ) ਵੀ ਮਿਲਿਆ ਅਤੇ ਸੰਗਤ ਨੇ ਉਸ ਦੀ ਚੰਗੀ ਸੇਵਾ ਕੀਤੀ। ਪਰ ਹੁਣ ਪੁਲਿਸ ਦਾ ਇਸ ਤਰੀਕੇ ਖੁੱਲੇ ਰੂਪ ਵਿੱਚ ਹਿੱਕ ਤਾਣ ਕੇ ਦਖਲਅੰਦਾਜੀ ਕਰਨਾ ਬਹੁਤ ਘਾਤਕ ਹੈ। ਇਸ ਉੱਤੇ ਗੱਲਬਾਤ ਤੁਰਨੀ ਚਾਹੀਦੀ ਹੈ, ਵਿਚਾਰਾਂ ਹੋਣੀਆਂ ਚਾਹੀਦੀਆਂ ਹਨ ਅਤੇ ਭਵਿੱਖ ਵਿੱਚ ਇਸ ਦਖਲ ਨੂੰ ਹੋਰ ਵਧਣ ਤੋਂ ਰੋਕਣ ਲਈ ਕੋਈ ਰਾਹ ਤਲਾਸ਼ੇ ਜਾਣੇ ਚਾਹੀਦੇ ਹਨ।

ਇਨਾਂ ਦਿਨਾਂ ਨੂੰ ਯਾਦ ਕਰਨ ਦੀ ਪਵਿੱਤਰਤਾ ਸਿਰਫ ਸਰਕਾਰੀ ਦਖਲ ਨਾਲ ਹੀ ਖਤਮ ਨਹੀਂ ਹੁੰਦੀ ਸਗੋਂ ਸਾਡੇ ਅਮਲ ਵੀ ਬਹੁਤ ਮਾਇਨੇ ਰੱਖਦੇ ਹਨ। ਅਸੀਂ ਜਾਣੇ-ਅਣਜਾਣੇ ਜਾਂ ਦੇਖਾ-ਦੇਖੀ ਵਿੱਚ ਬਹੁਤ ਕੁਝ ਅਜਿਹਾ ਕਰਦੇ ਹਾਂ ਜੋ ਇਸ ਯਾਦ ਦੀ ਸਕਾਰਾਤਮਿਕਤਾ ਨੂੰ ਘਟਾਉਂਦਾ ਹੈ। ਜਿਸ ਸਹਿਜ ਨਾਲ ਸ਼ਹੀਦਾਂ ਦੀ ਯਾਦ ਵਿੱਚ ਓਥੇ ਚੌਂਕੜੇ ਲੱਗਣੇ ਚਾਹੀਦੇ ਹਨ ਉਹ ਸਹਿਜ ਵੱਡੇ ਹਿੱਸੇ ਵਿੱਚੋਂ ਮਨਫ਼ੀ ਹੁੰਦਾ ਹੈ। ਬੇਸ਼ੱਕ ਸਾਡਾ ਗਿਲ੍ਹਾ ਸਾਡੀਆਂ ਸੰਸਥਾਵਾਂ ਜਾਂ ਉਹਨਾਂ ਸੰਸਥਾਵਾਂ 'ਤੇ ਕਾਬਜ ਵਿਅਕਤੀਆਂ ਨਾਲ ਹੈ/ਹੋਵੇਗਾ ਪਰ ਇਸ ਯਾਦ ਵਿੱਚ ਇਕੱਤਰ ਹੋਣ ਵਕਤ ਸਾਨੂੰ ਇਹ ਸਭ ਪਿੱਛੇ ਰੱਖ ਕੇ ਆਪਣੀ ਸੁਰਤ ਇਕਾਗਰ ਕਰ ਕੇ ਸ਼ਹੀਦਾਂ ਨੂੰ ਯਾਦ ਕਰਨਾ ਚਾਹੀਦਾ ਹੈ ਫਿਰ ਹੀ ਅਸੀਂ ਆਪਣੇ ਭਵਿੱਖ ਨੂੰ ਇਤਿਹਾਸ ਦੇ ਹਾਣਦਾ ਕਰ ਸਕਣ ਵੱਲ ਕੋਈ ਕਦਮ ਚੱਲ ਸਕਾਂਗੇ। ਕੁਝ ਪੈਂਡੇ ਚੁੱਪ ਨੇ ਹੀ ਸਰ ਕਰਨੇ ਹੁੰਦੇ ਹਨ, ਸ਼ੋਰ ਨੇ ਬਸ ਹਾਜ਼ਰੀ ਲਵਾਉਣ ਤੱਕ ਸਿਮਟ ਜਾਣਾ ਹੁੰਦਾ ਹੈ।

# ਪੰਜਾਬ ਦੀ ਰਾਜਨੀਤੀ ਵਿਚ ਦਲਿਤਾਂ ਦੀ ਭਾਗੀਦਾਰੀ



ਰਣਜੀਤ ਸਿੰਘ ਕੁਕੀ

ਭਾਰਤ ਵਿਚ ਅਜ਼ਾਦੀ ਦੇ ਸੰਘਰਸ਼ ਨੇ ਬਸਤੀਵਾਦੀ ਹਕੂਮਤ, ਜ਼ੁਲਮ ਅਤੇ ਅੱਤਿਆਚਾਰ ਤੋਂ ਅਜ਼ਾਦੀ ਦੁਆਉਣ ਦਾ ਵਾਅਦਾ ਕੀਤਾ।ਪਰ ਅਜ਼ਾਦੀ ਪ੍ਰਾਪਤ ਕਰਨ ਦੇ ਤੁਰੰਤ ਬਾਅਦ ਹੀ ਭਾਰਤੀ ਰਾਜਨੀਤਿਕ ਸੱਤਾ ਸਮਾਜਿਕ ਉਤਪੀੜਨ ਅਤੇ ਦਲਿਤਾਂ, ਗਰੀਬਾਂ ਅਤੇ ਮਜ਼ਦੂਰ ਜਮਾਤ ਦੀਆਂ ਸਮੱਸਿਆਵਾਂ ਨੂੰ ਮੁਖ਼ਾਤਿਬ ਹੋਣ ਅਤੇ ਉਹਨਾਂ ਨੂੰ ਦੂਰ ਕਰਨ ਵਿਚ ਅਸਫਲ ਰਹੀ।ਜਾਤ ਅਧਾਰਿਤ ਵਿਤਕਰਾ ਅਜੇ ਵੀ ਸਾਡੇ ਸਮਾਜ ਲਈ ਲਾਹਨਤ ਹੈ ਜੋ ਕਿ ਰਾਜਨੀਤਿਕ ਪਾਰਟੀਆਂ ਲਈ ਮਹਿਜ਼ ਵੋਟਾਂ ਹਾਸਿਲ ਕਰਨ ਦਾ ਜ਼ਰੀਆ ਬਣਿਆ ਹੋਇਆ ਹੈ।ਭਾਰਤੀ ਵਿਵਸਥਾ ਦੀ ਰੂਪ-ਰੇਖਾ ਇਸ ਢੰਗ ਨਾਲ ਬਣਾਈ ਗਈ ਹੈ ਕਿ ਇਹ ਸਾਰੇ ਹੀ ਖੇਤਰਾਂ ਵਿਚ ਜਾਤ ਅਧਾਰਿਤ ਵਿਤਕਰੇ ਨੂੰ ਸੰਸਥਾਗਤ ਰੂਪ ਪ੍ਰਦਾਨ ਕਰਦੀ ਹੈ।ਰਾਖਵੇਂਕਰਨ ਦੀ ਨੀਤੀ ਲਾਗੂ ਕਰਨ ਤੋਂ ਬਾਅਦ ਵੀ ਜਾਤੀਵਾਦੀ ਪ੍ਰਬੰਧ ਭਾਰਤ ਵਿਚ ਇਕ ਬਹੁਤ ਵੱਡਾ ਬੋਝ ਹੈ।ਜਾਤੀ ਸਮੀਕਰਣ ਅਸਲ ਵਿਚ ਬਹੁਤ ਹੀ ਵਿਚਲਿਤ ਕਰਨ ਵਾਲੀ ਵਿਵਸਥਾ ਹੈ ਜਿਸ ਵਿਚ ਨਜ਼ਰਅੰਦਾਜ਼ੀ, ਅਣਹੌਂਦ ਅਤੇ ਹਾਸ਼ੀਏ 'ਤੇ ਧੱਕਣ ਦੇ ਜ਼ਖਮ ਬਹੁਤ ਡੂੰਘੇ ਹਨ।ਬਹੁਗਿਣਤੀ ਲੋਕ ਉਸ ਡਰ ਅਤੇ ਕਰੂਰਤਾ ਨੂੰ ਮਹਿਸੂਸ ਹੀ ਨਹੀਂ ਕਰਦੇ ਜਿਸ ਕਰਕੇ ਜਾਤੀ ਉਤਪੀੜਨ ਦੇ ਸ਼ਿਕਾਰ ਲੋਕਾਂ ਨੂੰ ਰੋਜ਼ਮੱਰਾ ਦੇ ਪੱਧਰ ਤੇ ਕਦੇ ਨਾ ਖਤਮ ਹੋਣ ਵਾਲੇ ਸੰਘਰਸ਼ ਦਾ ਬਹਾਦਰੀ ਅਤੇ ਚੁੱਪੀ ਨਾਲ ਸਾਹਮਣਾ ਕਰਨਾ ਪੈਂਦਾ ਹੈ।

ਭਾਰਤੀ ਲੋਕਤੰਤਰਿਕ ਪ੍ਰਬੰਧ ਲੱਖਾਂ ਲੋਕਾਂ ਦੀ ਭਾਗੀਦਾਰੀ ਪ੍ਰਤੀ ਬਹੁਤ ਉਤਸ਼ਾਹਿਤ ਹੁੰਦਾ ਹੈ, ਪਰ ਤ੍ਰਾਸਦੀ ਇਹ ਹੈ ਕਿ ਇਹ ਅਜੇ ਵੀ ਲੋਕਮੁਖੀ ਨਹੀਂ ਬਣ ਸਕਿਆ ਹੈ।ਇਹ ਬਹੁਤ ਖਾਮੀਆਂ, ਅੰਤਰ-ਵਿਰੋਧਾਂ ਨਾਲ ਭਰਿਆ ਹੋਇਆ ਹੈ ਜਿਸ ਵਿਚ ਜਾਤੀ ਅਧਾਰਿਤ ਵਿਤਕਰੇ, ਸਮਾਜਿਕ ਉਤਪੀੜਨ, ਨਾ-ਬਰਾਬਰੀ ਅਤੇ ਬੇਗਾਨਗੀ ਦੇ ਅਹਿਸਾਸ ਦਾ ਕੋਈ ਹੱਲ ਨਜ਼ਰ ਨਹੀਂ ਆਉਂਦਾ।ਭਾਰਤੀ ਰਾਜਨੀਤੀ ਅਸਲ ਵਿਚ ਕੁਲੀਨਾਂ ਦੀ ਰਾਜਨੀਤੀ ਹੈ ਜਿਨ੍ਹਾਂ ਦਾ ਸਮਤਾਵਾਦੀ ਰਾਜ ਨਾਲ ਕੋਈ ਲੈਣਾ-ਦੇਣਾ ਨਹੀਂ।ਜਾਤੀ ਵਰਗਬੰਦੀ ਉੱਪਰ ਅਧਾਰਿਤ ਭਾਰਤੀ ਵਿਵਸਥਾ ਨੂੰ ਚਾਰਲਸ ਡਿਕਨਜ਼ ਦੇ ਨਾਵਲ "ਗ੍ਰੇਟ ਐਕਸਪੈਕਟੇਸ਼ਨਸ" ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ, "ਅਨਿਆਂ ਤੋਂ ਇਲਾਵਾ ਕਿਸੇ ਵੀ ਹੋਰ ਅਹਿਸਾਸ ਨੂੰ ਏਨੀ ਸ਼ਿੱਦਤ ਨਾਲ ਨਹੀਂ ਸਮਝਿਆ ਜਾਂ ਮਹਿਸੂਸ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਦਾ ਅਨੁਭਵ ਹਮੇਸ਼ਾ ਵਿਅਕਤੀ ਦੇ ਨਾਲ ਰਹਿੰਦਾ ਹੈ।" ਕੁਲੀਨ ਵਰਗ ਦੀ ਪ੍ਰਭੂਸੱਤਾ ਵਾਲੇ ਅਤੇ ਜਾਤੀ ਵੰਡੀਆਂ ਉੱਪਰ ਅਧਾਰਿਤ ਸਮਾਜ ਵਿਚ ਬਹੁ-ਗਿਣਤੀ ਨੂੰ ਨਾਲ ਲੈ ਕੇ ਚੱਲਣ ਵਾਲੇ, ਬਰਾਬਰੀ ਨੂੰ ਪ੍ਰਣਾਏ ਹੋਏ ਅਤੇ ਵਿਅਕਤੀਗਤ ਗਰਿਮਾ ਪ੍ਰਤੀਬੱਧ ਭਾਰਤ ਦਾ ਤਸੱਵਰ ਅਜੇ ਵੀ ਇਕ ਸੁਫ਼ਨਾ ਹੈ।ਦੂਰ-ਅੰਦੇਸ਼ੀ ਤੋਂ ਵਾਂਝੇ ਸੱਤਾਧਾਰੀ ਕੁਲ਼ੀਨ ਵਰਗ ਦੀ ਸੱਤਾ ਵਿਚ ਅਜੇ ਵੀ ਜਾਤ ਅਤੇ ਜਮਾਤ ਅਧਾਰਿਤ ਨਾ-ਬਰਾਬਰੀ ਦਾ ਹੀ ਬੋਲਬਾਲਾ ਹੈ ਜਿਸ ਨੂੰ ਆਮ ਲੋਕਾਂ ਅਤੇ ਜ਼ਮੀਨੀ ਹਕੀਕਤ ਦੀ ਕੋਈ ਜਾਣਕਾਰੀ ਨਹੀਂ।ਉਨ੍ਹਾਂ ਦੀ ਰਾਜਨੀਤੀ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਵੀ ਧਿਆਨ ਵਿਚ ਨਹੀਂ ਰੱਖਦੀ ਜਿਸ ਵਿਚ ਵਿਅਕਤੀ ਦੀ ਗਰਿਮਾ ਅਤੇ ਸਮਤਾਵਾਦੀ ਸਮਾਜ ਦੀ ਗੱਲ ਕੀਤੀ ਗਈ ਹੈ।

ਸਮਾਜ ਵਿਚ ਮਹੱਤਵਪੂਰਨ ਬਦਲਾਅ ਲੈ ਕੇ ਆਉਣ ਲਈ ਚੁਣਾਵੀ ਸਮੀਕਰਨਾਂ ਅਤੇ ਗਿਣਤੀਆਂ-ਮਿਣਤੀਆਂ ਨੂੰ ਬਦਲਣ ਦੀ ਲੋੜ ਹੈ।ਭਾਰਤੀ ਸੱਭਿਅਤਾ ਆਪਣੇ ਸ਼ੁਰੂ ਤੋਂ ਹੀ ਸਵੈ-ਵਿਚਾਰ, ਵਿਭਿੰਨਤਾ, ਸਵੈ-ਬੋਧ, ਸੰਵਾਦ ਅਤੇ ਆਪਸੀ ਇਕਜੁੱਟਤਾ ਰਾਹੀ ਆਪਣੇ ਸੰਸਾਰ ਨੂੰ ਮੋਕਲਾ ਕਰਨ ਜਿਹੀਆਂ ਕਦਰਾਂ-ਕੀਮਤਾਂ ਉੱਪਰ ਅਧਾਰਿਤ ਹੈ।ਰਾਜਨੀਤਿਕ ਢਾਂਚੇ ਵਿਚ ਦੂਰ-ਅੰਦੇਸ਼ੀ, ਪ੍ਰਤੀਬੱਧਤਾ, ਕਲਪਨਾ ਅਤੇ ਰਾਸ਼ਟਰ ਨਿਰਮਾਣ ਲਈ ਉਦੇਸ਼ ਦੀ ਘਾਟ ਹੈ। ਇਹ ਢਾਂਚਾ ਸਵੈ ਸੱਤਾ ਨੂੰ ਮਜ਼ਬੂਤ ਕਰਨ ਉੱਪਰ ਹੀ ਅਧਾਰਿਤ ਹੈ ਜਿਸ ਨੇ ਅਸਲੀਅਤ ਅਤੇ ਸੰਭਾਵਨਾਵਾਂ ਵਿਚ ਵੱਡਾ ਪਾੜਾ ਖੜਾ ਕਰ ਦਿੱਤਾ ਹੈ।ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਅੰਬੇਦਕਰ ਨੇ ਮਹਾਤਮਾ ਗਾਂਧੀ ਨਾਲ ਸੰਵਾਦ ਦੌਰਾਨ ਉਸ ਤੋਂ ਪੁੱਛਿਆ, "ਭਾਰਤੀ ਹੋਣ ਦੇ ਬਾਵਜੂਦ ਵੀ ਮੇਰਾ ਕੋਈ ਵਤਨ ਨਹੀਂ ਹੈ ਕਿਉਂਕਿ ਮੇਰੇ ਦਲਿਤ ਪਿਛੋਕੜ ਕਰਕੇ ਮੈਨੂੰ ਬੇਗਾਨਾ ਹੀ ਸਮਝਿਆ ਜਾਂਦਾ ਹੈ।" ਆਪਣੇ ਸਾਥੀ ਦਲਿਤਾਂ ਦੀ ਤਰਾਂ ਅੰਬੇਦਕਰ ਨੇ ਵੀ ਸਾਰੀ ਉਮਰ ਭਾਰਤੀ ਹੋਣ ਦੇ ਵੀਜ਼ੇ ਦੀ ਉਡੀਕ ਕੀਤੀ।ਅੰਬੇਦਕਰ ਦੁਆਰਾ ਹੰਢਾਈ ਦੁਵਿਧਾ ਅਜੇ ਵੀ ਲੱਖਾਂ ਦਲਿਤਾਂ ਦੇ ਅਨੁਭਵ ਦਾ ਹਿੱਸਾ ਹੈ।

ਭਾਰਤ ਦੀ ਕੁਲੀਨ ਰਾਜਨੀਤੀ ਵਿਚ ਦਲਿਤ ਵੋਟ ਬੈਂਕ ਨੂੰ ਰਾਜਨੀਤਿਕ ਹਿੱਤਾਂ ਲਈ ਵਰਤਣਾ ਬਹੁਤ ਹੀ ਆਮ ਹੈ।ਦਲਿਤਾਂ ਨੂੰ ਹਾਸ਼ੀਆਗ੍ਰਸਤ ਅਤੇ ਉਨ੍ਹਾਂ ਨੂੰ ਆਪਣੇ ਅਧਿਕਾਰਾਂ ਤੋਂ ਵਾਂਝੇ ਕਰਨ ਦੇ ਹਿਸਾਬ ਨਾਲ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਜਾਤੀ ਪਰਿਦ੍ਰਿਸ਼ ਵੱਖ-ਵੱਖ ਰੂਪਾਂ ਵਿਚ ਮੌਜੂਦ ਹੈ।ਬਹੁਗਿਣਤੀ ਹੋਣ ਦੇ ਬਾਵਜੂਦ ਕੁਝ ਕੁ ਸੂਬਿਆ ਨੂੰ ਛੱਡ ਕੇ ਰਾਜਨੀਤਿਕ ਅਤੇ ਸਮਾਜਿਕ ਪੱਧਰ ਤੇ ਉੱਚ ਪਾਏ ਦਾ ਕੋਈ ਦਲਿਤ ਨੇਤਾ ਰਾਸ਼ਟਰੀ ਪੱਧਰ ਤੇ ਨਹੀਂ ਉੱਭਰਿਆ ਹੈ।ਦਲਿਤਾਂ ਦੇ ਮੁੱਦੇ ਅਤੇ ਉਨ੍ਹਾਂ ਦੀ ਸਥਿਤੀ ਚੋਣਾਂ ਦੇ ਆਸ-ਪਾਸ ਹੀ ਸੁਰਖੀਆਂ ਬਟੋਰਦੇ ਹਨ।ਆਉਂਦੇ ਵਰ੍ਹੇ ਵਿਚ ਹੋਣ ਜਾ ਰਹੀਆਂ ਪੰਜਾਬ ਦੀਆਂ ਅਸੈਂਬਲੀ ਚੋਣਾਂ ਵੀ ਕਿਸੇ ਰੂਪ ਵਿਚ ਭਿੰਨ ਨਹੀਂ ਹਨ।ਦਲਿਤ ਮੁੱਦਾ ਇਕ ਵਾਰ ਫਿਰ ਤੋਂ ਕੇਂਦਰ ਵਿਚ ਆ ਗਿਆ ਹੈ ਕਿਉਂਕਿ ਪੰਜਾਬ ਦੀਆਂ ਦੋ ਮਹੱਤਵਪੂਰਨ ਰਾਜਨੀਤਿਕ ਪਾਰਟੀਆਂ ਨੇ ਚੋਣਾਂ ਜਿੱਤਣ ਤੋਂ ਬਾਅਦ ਇਕ ਦਲਿਤ ਨੂੰ ਸਭ ਤੋਂ ਉੱਚ ਅਹੁਦਾ ਪੇਸ਼ ਕਰਨ ਦੀ ਇੱਛਾ ਜ਼ਾਹਿਰ ਕੀਤੀ ਹੈ।

ਪਿਛਲੀ ਜਨਗਣਨਾ ਦੇ ਅੰਕੜਿਆਂ ਮੁਤਾਬਿਕ ਪੰਜਾਬ ਵਿਚ ਦਲਿਤ ੩੨ ਪ੍ਰਤੀਸ਼ਤ ਹਨ ਅਤੇ ਹੋਰ ਪਿਛੜੀਆਂ ਜਾਤੀਆਂ ਨਾਲ ਮਿਲਾ ਕੇ ਇਹ ਹਿੱਸਾ ੬੦ ਪ੍ਰਤੀਸ਼ਤ ਬਣਦਾ ਹੈ। ਪਰ ਜਿੱਥੋਂ ਤੱਕ ਚੁਣਾਵੀ ਰਾਜਨੀਤੀ ਦਾ ਸੁਆਲ ਹੈ, ਇਹ ਦੋਹੇਂ ਹੀ ਹਾਸ਼ੀਏ 'ਤੇ ਹਨ।ਘੱਟ-ਗਿਣਤੀ ਹੋਣ ਦੇ ਬਾਵਜੂਦ ਵੀ ਜੱਟ ਸਿੱਖਾਂ ਦਾ ਪੰਜਾਬ ਦੀ ਰਾਜਨੀਤੀ ਵਿਚ ਬੋਲਬਾਲਾ ਹੈ।ਪੰਜਾਬ ਦੇ ਅੰਕੜਿਆਂ ਮੁਤਾਬਿਕ ਦਲਿਤਾਂ ਵਿਚ ਗਰੀਬੀ ਅਤੇ ਅਨਪੜ੍ਹਤਾ ਦਾ ਪੱਧਰ ਕਾਫੀ ਜਿਆਦਾ ਹੈ ਦਲਿਤਾਂ ਉੱਪਰ ਕਰਜੇ ਦਾ ਬੋਝ ਵੀ ਇਕ ਅਜਿਹਾ ਪੱਖ ਹੈ ਜਿਸ ਨੇ ਉਨ੍ਹਾਂ ਦੀਆਂ ਜਿੰਦਗੀਆਂ ਨੂੰ ਉਲਝਾ ਕੇ ਰੱਖਿਆ ਹੋਇਆ ਹੈ ਅਤੇ ਉਨ੍ਹਾਂ ਨੂੰ ਜਿੰਮੀਦਾਰਾਂ, ਆੜ੍ਹਤੀਆਂ ਦੀ ਮਿਹਰਬਾਨੀ ਦੇ ਮੁਹਤਾਜ ਬਣਾ ਦਿੱਤਾ ਹੈ।ਪੰਜਾਬ ਵਿਚ ਬਣੀਆਂ ਸਰਕਾਰਾਂ ਅਸਲ ਵਿਚ ਜਿੰਮੀਦਾਰਾਂ, ਆੜ੍ਹਤੀਆਂ ਅਤੇ ਵੱਡੇ ਉਦਯੋਗਪਤੀਆਂ ਦੀ ਹੀ ਪ੍ਰਤੀਨਿਧਤਾ ਕਰਦੀਆਂ ਰਹੀਆਂ ਹਨ ਅਤੇ ਉਹ ਲੋਕ-ਵਿਰੋਧੀ ਹੋ ਨਿਬੜੀਆਂ ਹਨ।

ਰਾਸ਼ਟਰੀ ਰਾਜਨੀਤੀ ਦੀ ਤਰਾਂ ਹੀ ਪੰਜਾਬ ਦੀ ਰਾਜਨੀਤੀ ਵਿਚ ਜਾਤੀ ਅਤੇ ਰਾਜਨੀਤਿਕ ਸ਼ਕਤੀ ਲੋਕਾਂ ਉੱਪਰ ਪ੍ਰਭਾਵ ਬਣਾਈ ਰੱਖਣ ਅਤੇ ਸੱਤਾ ਪ੍ਰਾਪਤ ਕਰਨ ਦੇ ਮਹੱਤਵਪੂਰਨ ਦੇ ਜ਼ਰੀਏ ਰਹੇ ਹਨ।ਉੱਚ-ਜਾਤੀ ਨਾਲ ਸੰਬੰਧਿਤ ਲੋਕ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਵਿਵਸਥਾ ਨੂੰ ਸੱਤਾ ਪ੍ਰਾਪਤ ਕਰਨ ਲਈ ਆਪਣੇ ਹਿਸਾਬ ਨਾਲ ਵਰਤਦੇ ਹਨ।ਪੰਜਾਬ ਦੀ ਸੱਤਾਧਾਰੀ ਪਾਰਟੀ ਅਤੇ ਹੋਰ ਪਾਰਟੀਆਂ ਇਸ ਸਮੇਂ ਪੰਜਾਬ ਦੇ ਹਿੱਤਾਂ ਨਾਲ ਸੰਬੰਧਿਤ ਮਸਲਿਆਂ ਦੀ ਬਜਾਇ ਬਹੁਤ ਹੀ ਛੋਟੇ ਮਸਲਿਆਂ ਵਿਚ ਉਲਝੇ ਹੋਏ ਹਨ।ਵਿਕਾਸ-ਰਹਿਤ ਆਰਥਿਕਤਾ, ਕਰਜੇ ਦਾ ਦਿਨ-ਬ-ਦਿਨ ਵਧਦਾ ਬੋਝ, ਹਰ ਵਰ੍ਹੇ ਘਾਟੇ ਵਾਲਾ ਬਜਟ, ਲੋਕਾਂ ਉੱਪਰ ਵਾਧੂ ਟੈਕਸਾਂ ਦਾ ਬੋਝ, ਬੇਰੁਜ਼ਗਾਰੀ, ਪਲੀਤ ਹੁੰਦਾ ਵਾਤਾਵਰਣ, ਲਗਾਤਾਰ ਖੜੌਤ ਵਿਚ ਜਾਂਦਾ ਖੇਤੀ ਖੇਤਰ ਅਤੇ ਉਦਯੋਗ, ਐਗਰੋ-ਬਿਜਨਸ ਨੂੰ ਲੈ ਕੇ ਦੂਰ-ਅੰਦੇਸ਼ੀ ਦੀ ਘਾਟ, ਨੌਜਵਾਨਾਂ ਦਾ ਬਾਹਰ ਵੱਲ ਹੁੰਦਾ ਪਲਾਇਨ ਅਤੇ ਖੇਤੀ ਸੰਕਟ ਜਿਹੇ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ।ਕਿਸੇ ਵੀ ਪਾਰਟੀ ਵਿਚ ਇਹਨਾਂ ਮੁੱਦਿਆਂ ਪ੍ਰਤੀ ਵਚਨਬੱਧਤਾ ਦਿਖਾਉਣ ਅਤੇ ਦੂਰ-ਅੰਦੇਸ਼ੀ ਦੀ ਘਾਟ ਹੈ, ਇਸ ਲਈ ਉਹ ਦਲਿਤ ਵੋਟ ਬੈਂਕ ਦੀ ਸ਼ਰਣ ਲੈ ਰਹੇ ਹਨ।ਅਸਲ ਵਿਚ ਦਲਿਤਾਂ ਦੇ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਉਥਾਨ ਤੋਂ ਬਗੈਰ ਉਨ੍ਹਾਂ ਨੂੰ ਆਪਣੇ ਪਾਰਟੀ ਕੇਡਰ ਵਿਚੋਂ ਰਾਜਨੀਤਿਕ ਅਹੁਦੇ ਦੀ ਪੇਸ਼ਕਾਰੀ ਪਾਰਟੀਆਂ ਦੀ ਦੂਰ-ਅੰਦੇਸ਼ੀ ਦੀ ਘਾਟ ਅਤੇ ਮੌਕਾਪ੍ਰਸਤੀ ਨੂੰ ਦਿਖਾਉਂਦਾ ਹੈ।ਪੰਜਾਬ ਸਿੱਖ ਗੁਰੂਆਂ ਦੀ ਧਰਤੀ ਹੈ ਜਿਨ੍ਹਾਂ ਨੇ ਸਮਤਾਵਾਦੀ ਸਮਾਜ ਅਤੇ ਬਦਲਾਅ ਦੀ ਗੱਲ ਕੀਤੀ।ਪੰਜਾਬ ਵਿਚ ਸਿੱਖ ਬਹੁ-ਗਿਣਤੀ ਹੋਣ ਦੇ ਬਾਵਜੂਦ ਜਾਤ ਅਧਾਰਿਤ ਵਿਤਕਰਾ ਵੱਡੇ ਪੱਧਰ ਤੇ ਮੌਜੂਦ ਹੈ।ਸਿੱਖ ਧਰਮ ਬਰਾਬਰੀ ਦੀ ਗੱਲ ਕਰਦਾ ਹੈ, ਪਰ ਫਿਰ ਵੀ ਧਾਰਮਿਕ ਸਥਾਨਾਂ ਅਤੇ ਸ਼ਮਸਾਨਾਂ ਵਿਚ ਵੀ ਜਾਤੀ ਅਧਾਰਿਤ ਵਿਤਕਰਾ ਬਹੁਤ ਹੀ ਆਮ ਹੈ।ਰਾਜਨੀਤਿਕ ਦੂਰ-ਅੰਦੇਸ਼ੀ ਤੋਂ ਵਾਂਝੀਆਂ ਪਾਰਟੀਆਂ ਪੰਜਾਬ ਦੇ ਅਸਲ ਮੁੱਦਿਆਂ ਨੂੰ ਤਿਲਾਂਜਲੀ ਦੇ ਕੇ ਦਲਿਤ ਵੋਟ ਨੂੰ ਆਪਣੇ ਪੱਖ ਵਿਚ ਭੁਗਤਾਉਣ ਵਿਚ ਲੱਗ ਗਈਆਂ ਹਨ।ਇਕ ਰਾਜਨੀਤਿਕ ਪਾਰਟੀ ਤਾਂ ਕਿਸਾਨ ਅੰਦੋਲਨ ਵਿਚ ਦਲਿਤਾਂ ਅਤੇ ਭੂਮੀਹੀਣ ਮਜ਼ਦੂਰਾਂ ਦੀ ਘੱਟ ਮੌਜੂਦਗੀ ਕਰਕੇ ਅੰਦੋਲਨ ਅਤੇ ਇਸ ਦੀ ਲੀਡਰਸ਼ਿਪ ਵਿਚ ਕਮੀਆਂ ਲੱਭਣ ਵਿਚ ਲੱਗੀ ਹੋਈ ਹੈ।ਪੰਜਾਬ ਦੀ ਕੁਲੀਨ ਰਾਜਨੀਤੀ ਜ਼ਮੀਨੀ ਹਕੀਕਤ ਅਤੇ ਲੋਕਾਂ ਨਾਲ ਸਰੋਕਾਰ ਰੱਖਣ ਵਾਲੇ ਮਸਲਿਆਂ ਤੋਂ ਕੋਹਾਂ ਦੂਰ ਹੈ।ਜੱਟ ਸਿੱਖਾਂ ਦੀ ਪ੍ਰਭੂਸੱਤਾ ਵਾਲੀ ਅਕਾਲੀ ਦਲ (ਜੋ ਕਿ ਆਪਣੇ ਆਪ ਨੂੰ ਪੰਥਕ ਪਾਰਟੀ ਕਹਿੰਦੀ ਹੈ) ਅਤੇ ਸੱਤਾਧਾਰੀ ਕਾਂਗਰਸ ਨੂੰ ਆਪਣੇ ਕੇਡਰ ਦਾ ਪੁਨਰਗਠਨ ਕਰਨ ਦੀ ਲੋੜ ਹੈ ਅਤੇ ਰਾਜਨੀਤਿਕ ਲੀਡਰਸ਼ਿਪ ਨੂੰ ਵੀ ਮੁੜ ਪ੍ਰਭਾਸ਼ਿਤ ਕਰਨਾ ਸਮੇਂ ਦੀ ਲੋੜ ਹੈ ਤਾਂ ਕਿ ਵਿਕਲਪਿਕ ਰਾਜਨੀਤੀ ਲਈ ਜਗ੍ਹਾ ਬਣ ਸਕੇ।

ਮੌਜੂਦਾ ਸਮੇਂ ਵਿਚ ਚੱਲ ਰਿਹਾ ਕਿਸਾਨ ਅੰਦੋਲਨ ਅਤੇ ਇਸ ਦੀ ਲੀਡਰਸ਼ਿਪ, ਜੋ ਕਿ ਜਿਆਦਾਤਰ ਜੱਟ ਸਿੱਖ ਹੀ ਹਨ, ਨੂੰ ਸਿਰਫ ਆਰਥਿਕ ਸੰਦਰਭ ਵਿਚ ਹੀ ਨਹੀਂ ਦੇਖਿਆ ਜਾ ਸਕਦਾ। ਇਹ ਵੀ ਦੇਖਣ ਦੀ ਲੋੜ ਹੈ ਕਿ ਇਸ ਦਾ ਜੱਟ ਸਿੱਖਾਂ ਦੀ ਸਮਾਜਿਕ ਅਤੇ ਰਾਜਨੀਤਿਕ ਮਾਨਸਿਕਤਾ ਉੱਪਰ ਕੀ ਅਸਰ ਪਵੇਗਾ? ਉਨ੍ਹਾਂ ਨੂੰ ਇਸ ਗੱਲ ਦਾ ਡਰ ਹੈ ਕਿ ਨਵੇਂ ਖੇਤੀ ਕਾਨੂੰਨ ਪੇਂਡੂ ਪ੍ਰਬੰਧ ਵਿਚ ਰਾਜਨੀਤਿਕ ਅਤੇ ਜਾਤੀ ਸੱਤਾ ਦੇ ਪਾਰੰਪਰਿਕ ਢਾਂਚੇ ਨੂੰ ਤਬਾਹ ਕਰ ਦੇਵੇਗਾ।ਪਿਛਲੀਆਂ ਅਸੈਂਬਲੀ ਚੋਣਾਂ ਵਿਚ ਜੱਟ ਸਿੱਖਾਂ ਨੇ ੧੧੭ ਵਿਚੋਂ ਪੰਜਾਹ ਤੋਂ ਜਿਆਦਾ ਸੀਟਾਂ ਜਿੱਤੀਆਂ ਜੋ ਕਿ ਪ੍ਰਮੁੱਖ ਰੂਪ ਨਾਲ ਦੋ ਰਾਜਨੀਤਿਕ ਪਾਰਟੀਆਂ ਅਕਾਲੀ ਦਲ ਅਤੇ ਕਾਂਗਰਸ ਨਾਲ ਸੰਬੰਧਿਤ ਹਨ, ਜਦੋਂ ਕਿ ਬਾਕੀ ਬਚਦੀਆਂ ੬੭ ਸੀਟਾਂ ਦਲਿਤਾਂ ਅਤੇ ਹਿੰਦੂਆਂ ਵਿਚ ਵੰਡੀਆਂ ਜਾਂਦੀਆਂ ਹਨ।ਜੱਟ ਸਿੱਖਾਂ ਦਾ ਰਾਜਨੀਤਿਕ ਕੰਟਰੋਲ ਹੋਣ ਕਰਕੇ ਮੁੱਖ ਮੰਤਰੀ ਦਾ ਅਹੁਦੇ ਅਤੇ ਰਾਜਨੀਤਿਕ ਸੱਤਾ ਵਿਚ ਉਨ੍ਹਾਂ ਦਾ ਹੀ ਦਬਦਬਾ ਰਹਿੰਦਾ ਹੈ।ਦਲਿਤਾਂ ਦੀ ਬਹੁਗਿਣਤੀ ਹੋਣ ਦੇ ਬਾਵਜੂਦ ਵੀ ਰਾਜਨੀਤਿਕ ਸੱਤਾ ਉਨ੍ਹਾਂ ਲਈ ਅਜੇ ਵੀ ਇਕ ਸੁਫਨਾ ਹੀ ਹੈ; ਹਾਲਾਂਕਿ ਉਨ੍ਹਾਂ ਨੂੰ ਹਰ ਵਾਰ ਬੀਜੇਪੀ ਜਾਂ ਅਕਾਲੀ ਦਲ ਦੁਆਰਾ ਭਰਮਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਇੱਕੀਵੀਂ ਸਦੀ ਵਿਚ ਪੰਜਾਬ ਵਿਚ ਦਲਿਤ ਰਾਜਨੀਤੀ ਵਿਚ ਕਾਫੀ ਬਦਲਾਅ ਆਇਆ ਹੈ।ਬ੍ਰਿਟਿਸ਼ ਸਮੇਂ ਵਿਚ ਆਦਿ ਧਰਮ ਮੰਡਲ ਦੀ ਸਥਾਪਨਾ ਅਤੇ ਸਮਾਜਿਕ-ਆਰਥਿਕ ਗਤੀਸ਼ੀਲਤਾ ਕਰਕੇ ਡੇਰਾ ਸੱਭਿਆਚਾਰ ਵੀ ਦਲਿਤਾਂ ਦੇ ਰਾਜਨੀਤਿਕ, ਸਮਾਜਿਕ ਬਦਲਾਅ ਅਤੇ ਵਿਕਲਪਾਂ ਨੂੰ ਪ੍ਰਭਾਵਿਤ ਕਰਦਾ ਰਿਹਾ ਹੈ। ਆਪਣੇ ਰਾਜਨੀਤਿਕ ਹਿੱਤਾਂ ਦੀ ਪ੍ਰਤੀਨਿਧਤਾ ਤੋਂ ਵਾਂਝੇ ਹੋਣ ਕਰਕੇ ਮੌਜੂਦਾ ਸਮੇਂ ਵਿਚ ਦਲਿਤਾਂ ਦੇ ਹੱਕਾਂ ਲਈ ਅਵਾਜ਼ ਦੇ ਬਾਵਜੂਦ ਉਨ੍ਹਾਂ ਨੂੰ ਕੁਲੀਨ ਰਾਜਨੀਤੀ ਦੁਆਰਾ ਆਪਣੇ ਹਿੱਤਾਂ ਲਈ ਵਰਤਿਆ ਜਾਂਦਾ ਹੈ।

ਬਾਕੀ ਸਫ਼ਾ 30 'ਤੇ

# ਉੱਤਰ ਪ੍ਰਦੇਸ਼ ਦੀ ਭਾਜਪਾ ਰਾਜਨੀਤੀ ਦਾ ਮੋਦੀ ਨੂੰ ਚੈਲਿੰਜ

## ਯੋਗੀ ਨੇ ਮੋਦੀ ਦੀ ਪ੍ਰਵਾਹ ਕਰਨੀ ਛੱਡੀ ✪ ਸੰਘ ਕੋਲ ਯੋਗੀ ਦਾ ਕੋਈ ਬਦਲ ਨਹੀਂ ਹੈ

## ਭਗਵੀਂ ਸਿਆਸਤ ਦੇ ਸੰਕਟ ਨੇ ਸੰਘ ਪਰਿਵਾਰ ਦੀ ਨੀਂਦ ਉਡਾਈ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਉੱਤਰ ਪ੍ਰਦੇਸ਼ ਵਿੱਚ ਸੱਤਾਧਾਰੀ ਭਾਜਪਾ ਸੰਕਟ ਵਿੱਚੋਂ ਗੁਜ਼ਰ ਰਹੀ ਹੈ। ਕੋਰੋਨਾ ਕਾਲ ਵਿੱਚ ਸਰਕਾਰ ਦੀ ਹਫੜਾ-ਦਫੜੀ ਤੇ ਪਾਰਟੀ ਦੇ ਅੰਦਰੂਨੀ ਤਕਰਾਰ ਕਾਰਨ ਪੈਦਾ ਹੋਏ ਸੰਕਟ ਨੇ ਕੇਂਦਰੀ ਲੀਡਰਸ਼ਿਪ ਅਤੇ ਤੇ ਸੰਘ ਦੋਵਾਂ ਨੂੰ ਚਿੰਤਤ ਕਰ ਦਿੱਤਾ ਹੈ। ਪੱਛਮੀ ਉੱਤਰ ਪ੍ਰਦੇਸ ਵਿੱਚ ਖੇਤੀਬਾੜੀ ਕਾਨੂੰਨ ਦੇ ਵਿਰੁੱਧ ਕਿਸਾਨਾਂ ਦੇ ਛੇ ਮਹੀਨਿਆਂ ਦੇ ਵਿਰੋਧ, ਹਾਲ ਹੀ ਵਿੱਚ ਹੋਈਆਂ ਪੰਚਾਇਤੀ ਚੋਣਾਂ ਵਿੱਚ ਪਾਰਟੀ ਦੀ ਹਾਰ ਤੇ ਕੋਰੋਨਾ ਦੀ ਦੂਜੀ ਲਹਿਰ ਦੌਰਾਨ ਹਫੜਾ-ਦਫੜੀ ਨੇ ਯੋਗੀ ਅਦਿੱਤਿਆਨਾਥ ਦੀ ਲੀਡਰਸ਼ਿਪ ਬਾਰੇ ਸਵਾਲ ਖੜੇ ਕਰ ਦਿੱਤੇ ਹਨ।

ਇਸ ਤੋਂ ਇਲਾਵਾ ਸੂਬੇ ਵਿਚ ਚੱਲ ਰਹੀ ਹਫੜਾ-ਦਫੜੀ ਬਾਰੇ ਪਾਰਟੀ ਮੰਤਰੀਆਂ, ਵਿਧਾਇਕਾਂ ਅਤੇ ਨੇਤਾਵਾਂ ਵੱਲੋਂ ਲਿਖੇ ਪੱਤਰ ਸਪੱਸ਼ਟ ਤੌਰ ’ਤੇ ਦਰਸਾਉਂਦੇ ਹਨ ਕਿ ਸਰਕਾਰ ਵਿਚ ਸ਼ਾਮਲ ਲੋਕ ਵੀ ਸਰਕਾਰ ਦੇ ਕੰਮਕਾਜ ਤੋਂ ਸੰਤੁਸ਼ਟ ਨਹੀਂ ਹਨ।

ਇਸ ਸਭ ਦੇ ਵਿਚਾਲੇ ਵਿਧਾਨ ਸਭਾ ਚੋਣਾਂ 2002 ਤੋਂ ਠੀਕ 6-8 ਮਹੀਨੇ ਪਹਿਲਾਂ ਰਾਜ ਸਰਕਾਰ ਅਤੇ ਸੰਗਠਨ ਵਿਚ ਤਬਦੀਲੀਆਂ ਦੀਆਂ ਰਿਪੋਰਟਾਂ ਅਤੇ ਯੂਨੀਅਨ ਅਤੇ ਕੇਂਦਰੀ ਨੇਤਾਵਾਂ ਦੀ ਲਖਨਊ ਦੀ ਫੇਰੀ ਤੋਂ ਸਪੱਸ਼ਟ ਹੈ ਕਿ ਪਾਰਟੀ ਵਿਚ ਸਭ ਕੁਝ ਠੀਕ ਨਹੀਂ ਹੈ। ਕਿਹਾ ਜਾ ਰਿਹਾ ਹੈ ਕਿ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਯੋਗੀ ਦਾ ਬਦਲ ਲੱਭ ਰਹੀ ਹੈ। ਸਮਝਿਆ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤਰ ਪ੍ਰਦੇਸ਼ ਵਿੱਚ ਆਪਣੇ ਸਾਬਕਾ ਆਈਏਐਸ ਅਰਵਿੰਦ ਸ਼ਰਮਾ ਨੂੰ ਸਰਕਾਰ ਵਿੱਚ ਸ਼ਾਮਲ ਕਰਕੇ ਮੁੱਖ ਮੰਤਰੀ ਯੋਗੀ ਦੀਆਂ ਮਨਮਰਜੀਆਂ ਨੂੰ ਰੋਕਣਾ ਚਾਹੁੰਦੇ ਹਨ। ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਵੀ ਇਸ ਬਾਰੇ ਮੋਦੀ ਤੋਂ ਨਾਰਾਜ ਹਨ। ਹਾਲਾਂਕਿ, ਇਹ ਸਭ ਅਜੇ ਵੀ ਸਿਰਫ ਇੱਕ ਅਨੁਮਾਨ ਹੈ, ਕਿਉਂਕਿ ਕਿਸੇ ਵੀ ਪਾਰਟੀ ਨੇਤਾ ਨੇ ਇਨਾਂ ਚੀਜਾਂ ਦੀ ਪੁਸ਼ਟੀ ਨਹੀਂ ਕੀਤੀ ਹੈ। ਹਾਲਾਂਕਿ, ਇਸ ਬਿਰਤਾਂਤ ਬਾਰੇ ਖੁੱਲ ਕੇ ਪੁਸ਼ਟੀ ਕਰਨਾ ਹਾਲ ਦੀ ਘੜੀ ਆਸਾਨ ਨਹੀਂ। ਪਰ ਜੋ ਦਿਖਾਈ ਦਿੰਦਾ ਹੈ ਉਹ ਸਪੱਸ਼ਟ ਤੌਰ ’ਤੇ ਦਰਸਾਉਂਦਾ ਹੈ ਕਿ ਕੁਝ ਅਜਿਹਾ ਹੈ ਜਿਸ ਨੂੰ ਹਾਈਕਮਾਂਡ ਭਾਜਪਾ ਵਲੋਂ ਲੁਕਾਇਆ ਜਾ ਰਿਹਾ ਹੈ। ਪਰ ਫਿਰ ਵੀ ਇਹ ਮੋਦੀ ਤੇ ਅਦਿਤਿਆਨਾਥ ਦਾ ਤਣਾਅ ਪ੍ਰਗਟ ਹੋ ਰਿਹਾ ਹੈ। ਮੁੱਖ ਮੰਤਰੀ ਅਦਿਤਿਆਨਾਥ ਦਾ ਬਦਲਿਆ ਦ੍ਰਿਸ਼ਟੀਕੋਣ ਇਹ ਵੀ ਦਰਸਾਉਂਦਾ ਹੈ ਕਿ ਉਹ ਮੋਦੀ ਤੋਂ ਸਖਤ ਨਾਰਾਜ ਹਨ ਤੇ ਰਾਜ ਵਿਚ ਮੋਦੀ ਦੀ ਦਖਲਅੰਦਾਜ਼ੀ ਨਹੀਂ ਚਾਹੁੰਦੇ। ਹਾਲ ਹੀ ਵਿੱਚ, ਰਾਜਨੀਤਿਕ ਮਾਹਿਰਾਂ ਨੇ ਦੇਖਿਆ ਕਿ ਪਾਰਟੀ ਦੀ ਰਾਜ ਯੂ.ਪੀ. ਇਕਾਈ ਦੇ ਟਵਿੱਟਰ ਹੈਂਡਲ ਬੈਨਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫੋਟੋ ਨਹੀਂ ਸੀ।

ਜਦ ਕਿ ਨਰਿੰਦਰ ਮੋਦੀ ਦੀ ਤਸਵੀਰ ਤੋਂ ਬਿਨਾਂ ਸੂਬੇ ਵਿਚ ਸਰਕਾਰੀ ਇਸ਼ਤਿਹਾਰ ਵੀ ਪ੍ਰਕਾਸ਼ਿਤ ਨਹੀਂ ਕੀਤੇ ਗਏ। ਬਾਕੀ ਸਾਰੇ ਰਾਜਾਂ ਤੋਂ ਭਾਜਪਾ ਦਾ ਟਵਿੱਟਰ ਹੈਂਡਲ ਨਿਸ਼ਚਿਤ ਤੌਰ ’ਤੇ ਸਥਾਨਕ ਨੇਤਾਵਾਂ ਨਾਲ ਨਰਿੰਦਰ ਮੋਦੀ ਦੀ ਤਸਵੀਰ ਦਿਖਾਉਂਦਾ ਹੈ। ਪਰ ਉੱਤਰ ਪ੍ਰਦੇਸ ਦੇ ਬੈਨਰ ਵਿੱਚ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ, ਉਪ ਮੁੱਖ ਮੰਤਰੀ ਕੇਸਵ ਪ੍ਰਸਾਦ ਮੌਰੀਆ, ਡਾ. ਦਿਨੇਸ਼ ਸ਼ਰਮਾ ਦੇ ਨਾਲ ਰਾਜ ਪਾਰਟੀ ਪ੍ਰਧਾਨ ਸੁਤੰਤਰ ਦੇਵ ਸਿੰਘ ਦੀ ਤਸਵੀਰ ਹੀ ਹੈ। ਇੰਨਾ ਹੀ ਨਹੀਂ, ਕੁਝ ਦਿਨਾਂ ਤੋਂ ਯੋਗੀ ਸਰਕਾਰ ਦੀਆਂ ਪ੍ਰਾਪਤੀਆਂ ਤੇ ਉੱਤਰ ਪ੍ਰਦੇਸ਼ ਭਾਜਪਾ ਵੱਲੋਂ ਸੋਸ਼ਲ ਮੀਡੀਆ ’ਤੇ ਪੋਸਟ ਕੀਤੇ ਗਏ ਪੋਸਟਰਾਂ ਵਿਚ ਹੁਣ ਨਰਿੰਦਰ ਮੋਦੀ ਦੀ ਤਸਵੀਰ ਨਹੀਂ ਹੈ।



ਇਸ ਤੋਂ ਇਲਾਵਾ ਸਾਬਕਾ ਆਈਏਐਸ ਅਧਿਕਾਰੀ ਅਰਵਿੰਦ ਕੁਮਾਰ ਸ਼ਰਮਾ, ਜੋ 2001 ਤੋਂ ਪ੍ਰਧਾਨ ਮੰਤਰੀ ਦੇ ਨਜ਼ਦੀਕੀ ਹਨ, ਨੂੰ ਅਜੇ ਤੱਕ ਸਰਕਾਰ ਵਿੱਚ ਜਗਾ ਨਹੀਂ ਮਿਲੀ ਹੈ। ਸਾਲ ਦੇ ਸ਼ੁਰੂ ਵਿੱਚ ਜਦੋਂ ਉਹ ਕੇਂਦਰ ਸਰਕਾਰ ਦੇ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਰਾਜਨੀਤੀ ਵਿੱਚ ਦਾਖਲ ਹੋਏ ਸਨ, ਉੱਥੇ ਇਹ ਮੰਨਿਆ ਜਾਂਦਾ ਸੀ ਕਿ ਉੱਤਰ ਪ੍ਰਦੇਸ਼ ਸਰਕਾਰ ਵਿੱਚ ਉਨਾਂ ਨੂੰ ਕੁਝ ਮਹੱਤਵਪੂਰਨ ਜਿੰਮੇਵਾਰੀ ਮਿਲੇਗੀ। ਪਰ ਨਾਲ ਹੀ ਇਹ ਵੀ ਸਪੱਸ਼ਟ ਹੋ ਗਿਆ ਸੀ ਕਿ ਮੋਦੀ ਵੱਲੋਂ ਭੇਜੇ ਗਏ ਸ਼ਰਮਾ ਜੀ ਨੂੰ ਯੋਗੀ ਪਸੰਦ ਨਹੀਂ ਕਰਦੇ। ਇਸੇ ਲਈ ਜਦੋਂ ਅਰਵਿੰਦ ਸ਼ਰਮਾ ਰਾਜ ਵਿਚ ਦਾਖਲ ਹੋਏ ਤਾਂ ਉਨਾਂ ਨੂੰ ਮਿਲਣ ਲਈ ਮੰਤਰੀਆਂ, ਨੇਤਾਵਾਂ ਅਤੇ ਨੌਕਰਸ਼ਾਹਾਂ ਦੀ ਭੀੜ ਸੀ, ਪਰ ਮੁੱਖ ਮੰਤਰੀ ਯੋਗੀ ਨੇ ਉਨਾਂ ਨੂੰ ਚਾਰ ਦਿਨਾਂ ਤੱਕ ਮਿਲਣ ਲਈ ਸਮਾਂ ਹੀ ਨਹੀਂ ਦਿੱਤਾ।

ਸੂਬੇ ਵਿਚ ਸਰਕਾਰ ਅਤੇ ਭਾਜਪਾ ਸੰਗਠਨ ਦੀ ਤਬਦੀਲੀ ਨੂੰ ਲੈ ਕੇ ਲੰਬੇ ਸਮੇਂ ਤੋਂ ਅੰਦਾਜ਼ੇ ਲਗਾਏ ਜਾ ਰਹੇ ਹਨ। ਰਾਜਨੀਤਕ ਮਾਹਿਰ ਇਹ ਵੀ ਕਹਿੰਦੇ ਹਨ ਕਿ ਨਾ ਸਿਰਫ ਕੇਂਦਰੀ ਲੀਡਰਸ਼ਿਪ ਅਤੇ ਯੋਗੀ ਵਿਚਕਾਰ ਟਕਰਾਅ ਹੈ, ਸਗੋਂ ਰਾਜ ਇਕਾਈ ਵਿੱਚ ਸਭ ਕੁਝ ਸਹੀ ਨਹੀਂ ਹੈ। ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰੀਆ, ਸੂਬਾ ਪ੍ਰਧਾਨ ਸੁਤੰਤਰ ਦੇਵ ਸਿੰਘ ਅਤੇ ਕੇਂਦਰੀ ਮੰਤਰੀ ਸੁਨੀਲ ਬਾਂਸਲ ਵਿਚਾਲੇ ਤਾਲਮੇਲ ਵੀ ਚੰਗਾ ਨਹੀਂ ਹੈ। ਦਿੱਲੀ ਵਿੱਚ ਯੋਗੀ ਸਰਕਾਰ ਦੀ ਘਟਦੀ ਭਰੋਸੇਯੋਗਤਾ ਨੂੰ ਲੈ ਕੇ ਕੇਂਦਰ ਅਤੇ ਸੰਘ ਵਿੱਚ ਨੇਤਾ ਵਿਚਾਲੇ ਕਈ ਮੀਟਿੰਗਾਂ ਹੋਈਆਂ ਹਨ। ਜਿਸ ਵਿਚ ਯੋਗੀ ਅਤੇ ਸੁਤੰਤਰ ਦੇਵ ਸਾਮਲ ਨਹੀਂ ਹੋਏ। ਜਦਕਿ ਸੁਨੀਲ ਬਾਂਸਲ ਮੀਟਿੰਗ ਵਿੱਚ ਮੌਜੂਦ ਸਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਮੁੱਖ ਮੰਤਰੀ ਤੇ ਸੂਬਾ ਪ੍ਰਧਾਨ ਨੂੰ ਮੀਟਿੰਗ ਵਿੱਚ ਨਹੀਂ ਬੁਲਾਇਆ ਗਿਆ ਸੀ।

ਸੰਘ ਦੇ ਸੀਨੀਅਰ ਨੇਤਾ ਦੱਤਾਤ੍ਰੇਯ ਹੋਸਬੋਲੇ ਮਈ ਦੇ ਅੰਤ ਵਿੱਚ ਲਖਨਊ ਆਏ ਅਤੇ ਚਾਰ ਦਿਨਾਂ ਤੱਕ ਇੱਥੇ ਕੈਂਪ ਲਗਾਇਆ। ਮੀਟਿੰਗ ਦੌਰਾਨ ਸੰਘ ਦੇ ਆਗੂਆਂ ਨੇ ਮੌਜੂਦਾ ਸਰਕਾਰ ਦੇ ਕੰਮ ਕਾਜ ਅਤੇ ਸਰਕਾਰ ਵਿਚ ਅਫਸਰਸ਼ਾਹੀ ਦੀ ਵਧਦੀ ਦਖਲਅੰਦਾਜੀ ਬਾਰੇ ਵਿਚਾਰ ਕੀਤਾ। ਹੋਸਬੋਲੇ, ਜਿਸ ਨੂੰ ਸੰਘ ਵਿੱਚ ਮੋਹਨ ਭਾਗਵਤ ਤੋਂ ਬਾਅਦ ਨੰਬਰ ਦੋ ਮੰਨਿਆ ਜਾਂਦਾ ਹੈ, 2022 ਦੀਆਂ ਚੋਣਾਂ ਤੋਂ ਪਹਿਲਾਂ ਯੋਗੀ ਸਰਕਾਰ ਤੋਂ ਜਮੀਨੀ ਫੀਡਬੈਕ ਲੈਣ ਆਇਆ ਸੀ। ਹੋਸਬੋਲੇ ਦੇ ਜਾਣ ਤੋਂ ਬਾਅਦ ਪਾਰਟੀ ਦੇ ਰਾਸ਼ਟਰੀ ਉਪ ਪ੍ਰਧਾਨ ਰਾਧਾ ਮੋਹਨ ਸਿੰਘ ਅਤੇ ਜਨਰਲ ਸਕੱਤਰ (ਸੰਗਠਨ) ਬੀਐਲ ਸੰਤੋਸ਼ ਨੇ ਵੀ ਜੂਨ ਦੇ ਸ਼ੁਰੂ ਵਿੱਚ ਲਖਨਊ ਦਾ ਦੌਰਾ ਕੀਤਾ ਸੀ। ਦੋਹਾਂ ਨੇਤਾਵਾਂ ਨੇ ਸੰਗਠਨ ਦੇ ਅਹੁਦੇਦਾਰਾਂ ਸਮੇਤ ਮੁੱਖ ਮੰਤਰੀ ਯੋਗੀ ਨਾਲ ਬੰਦ ਕਮਰਾ ਮੀਟਿੰਗ ਕੀਤੀ। ਇਸ ਸਭ ਕੁਝ ਵਾਪਰਨ ਦੇ ਬਾਅਦ ਵੀ ਅਜੇ ਯੋਗੀ ਨੂੰ ਹਟਾਉਣ ਦੀ ਸਹਿਮਤੀ ਨਹੀਂ ਮਿਲੀ ਹੈ। ਯੋਗੀ ਦੀ ਇੱਛਾ ਦੇ ਵਿਰੁੱਧ, ਮੋਦੀ ਦੇ ਨੇੜਲੇ ਸ਼ਰਮਾ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਵੀ ਨਹੀਂ ਕੀਤਾ ਜਾ ਸਕਿਆ। ਇਸ ਤੋਂ ਇਲਾਵਾ, ਸੰਗਠਨ ਵਿੱਚ ਕੋਈ ਤਬਦੀਲੀ ਨਹੀਂ ਆਈ ।

ਹੁਣ ਕਿਹਾ ਜਾ ਰਿਹਾ ਹੈ ਕਿ ਯੋਗੀ ਦੀ ਅਗਵਾਈ ਹੇਠ ਵਿਧਾਨ ਸਭਾ ਚੋਣਾਂ ਲੜੀਆਂ ਜਾਣਗੀਆਂ। ਕਿਉਂਕਿ ਸੰਘ ਰਾਮ ਮੰਦਰ ਨੂੰ ਕੇਂਦਰ ਵਿੱਚ ਰੱਖ ਕੇ ਹਿੰਦੂਤਵ ਦੇ ਮੁੱਦੇ ’ਤੇ ਆਉਣ ਵਾਲੀਆਂ ਚੋਣਾਂ ਲੜਨਾ ਚਾਹੁੰਦਾ ਹੈ। ਜਿਸ ਲਈ ਸੰਘ ਨੂੰ ਮੋਦੀ ਦੇ ਬਦਲ ਵਾਂਗ ਉੱਭਰ ਰਹੇ ਯੋਗੀ ਦਾ ਕੋਈ ਬਦਲ ਨਹੀਂ ਮਿਲ ਰਿਹਾ ਹੈ।

ਯਾਦ ਰਹੇ ਕਿ ਯੋਗੀ ਨੇ ਯੂ.ਪੀ. ਦੇ ਮੁੱਖ ਮੰਤਰੀ ਹੁੰਦਿਆਂ ਅਸਹਿਮਤੀ ਦੀਆਂ ਸਾਰੀਆਂ ਆਵਾਜਾਂ ਨੂੰ ਦਬਾ ਦਿੱਤਾ ਸੀ। ਸੀਏਏ ਵਿਰੋਧੀਆਂ ਨੂੰ ਕੁਚਲਿਆ ਅਤੇ ਲਵ ਜੇਹਾਦ ਵਰਗੇ ਅਰਥਹੀਣ ਮੁੱਦਿਆਂ ‘ਤੇ ਸਖਤ ਕਾਨੂੰਨ ਬਣਾ ਦਿਤੇ। ਇਹ ਸਭ ਸੰਘ ਦੇ ਏਜੰਡੇ ਦੇ ਅਨੁਸਾਰ ਕੀਤਾ ਗਿਆ ਅਤੇ ਸੰਘ ਪਰਿਵਾਰ ਦਾ ਮੰਨਣਾ ਹੈ ਕਿ ਇਸ ਨੂੰ 2022 ਤੇ 2024 ਵਿੱਚ ਲਾਭ ਹੋਵੇਗਾ। ਕਿਹਾ ਜਾ ਰਿਹਾ ਹੈ ਕਿ ਜੇਕਰ ਯੋਗੀ ਨੇ ਸੰਘ ਦਾ ਸਮਰਥਨ ਨਾ ਕੀਤਾ ਹੁੰਦਾ ਤਾਂ ਕਿਸੇ ਵੀ ਮੁੱਖ ਮੰਤਰੀ ਕੋਲ ਮੋਦੀ ਦੀ ਤਸਵੀਰ ਟਵਿੱਟਰ ਤੋਂ ਹਟਾਉਣ ਦੀ ਹਿੰਮਤ ਨਹੀਂ ਹੈ। ਰਾਜਨੀਤਕ ਮਾਹਿਰਾਂ ਦਾ ਕਹਿਣਾ ਹੈ ਕਿ 2017 ਦੀਆਂ ਚੋਣਾਂ ਵਿਚ 403 ਵਿਚੋਂ 312 ਸੀਟਾਂ ਜਿੱਤਣ ਤੋਂ ਬਾਅਦ ਸੰਘ ਨੇ ਰਾਜ ਦੇ ਸਾਰੇ ਕਦਾਵਰ ਨੇਤਾਵਾਂ ਨੂੰ ਨਜਰਅੰਦਾਜ ਕਰ ਦਿੱਤਾ ਸੀ।

ਕੇਸ਼ਵ ਪ੍ਰਸਾਦ ਮੌਰੀਆ, ਜਿਨਾਂ ਦੀ ਅਗਵਾਈ ਹੇਠ ਚੋਣ ਲੜੀ ਗਈ ਸੀ, ਨੂੰ ਉਪ ਮੁੱਖ ਮੰਤਰੀ ਬਣਾਇਆ ਗਿਆ। ਮਨੋਜ ਸਿਨਹਾ ਦਾ ਨਾਂ ਪੇਸ਼ ਕੀਤਾ ਗਿਆ ਅਤੇ ਵਾਪਸ ਲੈ ਲਿਆ ਗਿਆ। ਰਾਜਨਾਥ ਸਿੰਘ ਅਤੇ (ਮਰਹੂਮ) ਲਾਲ ਜੀ ਟੰਡਨ ਵਰਗੇ ਕਦਵਾਰ ਨੇਤਾਵਾਂ ਦੇ ਨਾਵਾਂ ’ਤੇ ਵੀ ਵਿਚਾਰ ਨਹੀਂ ਕੀਤਾ ਗਿਆ। ਯੋਗੀ ਨੂੰ ਸਿੱਧੇ ਤੌਰ ’ਤੇ ਲਿਆਂਦਾ ਗਿਆ ਸੀ ਜਦੋਂ ਉਹ ਪਹਿਲਾਂ ਪਾਰਟੀ ਦੇ ਵਿਰੋਧੀ ਸਨ ਅਤੇ ਉਹਨਾਂ ਭਾਜਪਾ ਨੂੰ ਚੋਣਾਂ ਜਿਤਾਉਣ ਵਿਚ ਜਿਆਦਾ ਭੂਮਿਕਾ ਨਹੀਂ ਨਿਭਾਈ ਸੀ। ਪਰ ਕਿਉਂਕਿ ਸੰਘ ਨੂੰ ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਦੇ ਨਾਲ ਮੋਦੀ ਵਰਗੇ ਹਿੰਦੂਤਵ ਪੋਸਟਰ ਨਾਇਕ ਦੀ ਲੋੜ ਸੀ। ਇਸੇ ਲਈ ਭਗਵੇਂ ਲਿਬਾਸ ਪਹਿਨੇ ਯੋਗੀ, ਜੋ ਫਿਰਕੂ ਧਰੁਵੀਕਰਨ ਵਿੱਚ ਮਾਹਿਰ ਹਨ, ਨੂੰ ਮੁੱਖ ਮੰਤਰੀ ਬਣਾਇਆ ਗਿਆ।

ਰਾਜ ਦੀ ਰਾਜਨੀਤੀ ਦੀ ਨਿਗਰਾਨੀ ਕਰਨ ਵਾਲਿਆਂ ਦਾ ਮੰਨਣਾ ਹੈ ਕਿ ਭਾਜਪਾ ਕੋਲ ਇਸ ਸਮੇਂ 2023 ਲਈ ਹਿੰਦੂਤਵ ਤੋਂ ਵੱਡਾ ਕੋਈ ਏਜੰਡਾ ਨਹੀਂ ਹੈ। ਰਾਜਨੀਤਿਕ ਵਿਸ਼ਲੇਸ਼ਕ ਸਿਧਾਰਥ ਕਲਹੰਸ ਦਾ ਕਹਿਣਾ ਹੈ ਕਿ ਯੂਪੀ ਵਿਖੇ ਹਿੰਦੂਤਵ ’ਤੇ ਚੋਣ ਲੜੇਗੀ। ਇਸ ਲਈ ਸੰਘ ਦਾ ਰਾਜ ਪੱਧਰ ’ਤੇ ਯੋਗੀ ਤੋਂ ਵੱਡਾ ਚਿਹਰਾ ਨਹੀਂ ਹੈ। ਪਰ ਯੋਗੀ ਦੇ ਕੰਮ ਕਰਨ ਦਾ ਤਰੀਕਾ ਪਾਰਟੀ ਦੇ ਅੰਦਰ ਅਤੇ ਲੋਕਾਂ ਵਿੱਚ ਪੈਦਾ ਹੋਏ ਤਕਰਾਰ ਦੇ ਬਦਲ ਦੀ ਪੜਚੋਲ ਕਰ ਰਿਹਾ ਹੈ। ਸਿਧਾਰਥ ਕਲਹੰਸ ਦਾ ਕਹਿਣਾ ਹੈ ਕਿ ਸੰਘ ਨੂੰ ਇਹ ਵੀ ਅਹਿਸਾਸ ਹੈ ਕਿ ਜੇ ਪਾਰਟੀ ਸੱਤਾ ਤੋਂ ਬਾਹਰ ਹੈ ਤਾਂ ਪਾਰਟੀ ਨੂੰ ਸੱਤਾ ਤੋਂ ਬਾਹਰ ਹੋਣ ਨਾਲੋਂ ਵਧੇਰੇ ਨੁਕਸਾਨ ਹੋਵੇਗਾ ਜੋ ਯੋਗੀ ਸੱਤਾ ਵਿੱਚ ਰਹਿੰਦੇ ਹੋਏ ਕਰ ਰਿਹਾ ਹੈ।

ਕੁਝ ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਯੋਗੀ ਦੇ ਕਾਰਜਕਾਲ ਦੌਰਾਨ ਸੰਗਠਨ ਕਮਜੋਰ ਹੋ ਗਿਆ ਹੈ ਅਤੇ ਭਾਜਪਾ ਪ੍ਰਤੀ ਲੋਕਾਂ ਵਿੱਚ ਨਾਰਾਜ਼ਗੀ ਵਧੀ ਹੈ। ਪ੍ਰੋਫੈਸਰ ਰਮੇਸ਼ ਦੀਕਸ਼ਿਤ ਦਾ ਕਹਿਣਾ ਹੈ ਕਿ ਚੋਣਾਂ ਨੇੜੇ ਆਉਣਗੀਆਂ, ਇਹ ਓਨਾ ਹੀ ਤਕਰਾਰ ਵਧੇਗਾ। ਲੋਕ ਨਦੀਆਂ ਵਿੱਚ ਕਿਸ਼ਤੀਆਂ ਦੀ ਬਜਾਏ ਵਹਿ ਰਹੀਆਂ ਲਾਸ਼ਾਂ ਨੂੰ ਨਹੀਂ ਭੁੱਲ ਸਕਦੇ। ਪ੍ਰੋਫੈਸਰ ਦੀਕਸ਼ਤਿ ਦਾ ਕਹਿਣਾ ਹੈ ਕਿ ਭਾਜਪਾ ਨੂੰ ਦੋਹਰੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਕ ਪਾਸੇ ਪਾਰਟੀ ਦੇ ਚੋਟੀ ਦੇ ਨੇਤਾ ਜਿਨਾਂ ਨੂੰ ਨਜਰਅੰਦਾਜ ਕੀਤਾ ਗਿਆ ਸੀ ਅਤੇ ਦੂਜੇ ਲੋਕ, ਜਿਨਾਂ ਨੂੰ ਕੋਵਿਡ-19 ਦੀ ਦੂਜੀ ਲਹਿਰ ਵਿਚ ਮੁੱਢਲੀਆਂ ਸਿਹਤ ਸਹੂਲਤਾਂ ਨਹੀਂ ਮਿਲੀਆਂ ਸਨ। ਪ੍ਰੋਫੈਸਰ ਰਮੇਸ਼ ਦੀਕਸ਼ਤਿ ਦਾ ਕਹਿਣਾ ਹੈ ਕਿ ਯੋਗੀ ਵੀ ਮੌਜੂਦਾ ਸਥਿਤੀ ਦੇ ਦਬਾਅ ਹੇਠ ਆ ਗਏ ਹਨ, ਜਿਸ ਕਰਕੇ ਅੱਜ ਕੱਲ ਕਿਸੇ ਦੇ

ਬਾਕੀ ਸਫ਼ਾ 30 ’ਤੇ

# ਕਿਸਾਨ ਅੰਦੋਲਨ ਬਾਰੇ ਕੇਂਦਰ ਸਰਕਾਰ ਤੇ ਸੁਪਰੀਮ ਕੋਰਟ ਦੀ ਬੇਇਨਸਾਫ਼ੀ

**ਰਜਿੰਦਰ ਸਿੰਘ ਪੁਰੇਵਾਲ**

ਹੁਣੇ ਜਿਹੇ 40 ਕਿਸਾਨ ਜਥੇਬੰਦੀਆਂ ਦੀ ਨੁਮਾਇੰਦਗੀ ਕਰਨ ਵਾਲੇ ਸੰਯੁਕਤ ਕਿਸਾਨ ਮੋਰਚਾ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਾਰੇ ਕਿਸਾਨਾਂ ਲਈ ਲਾਭਕਾਰੀ ਘੱਟੋ ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਗਾਰੰਟੀ ਲਈ ਇਕ ਕਾਨੂੰਨ ਤੁਰੰਤ ਬਣਾਇਆ ਜਾਵੇ । ਸੰਯੁਕਤ ਕਿਸਾਨ ਮੋਰਚੇ ਨੇ ਇਹ ਵੀ ਕਿਹਾ ਕਿ ਤੇਲ ਦੀਆਂ ਵਧ ਰਹੀਆਂ ਕੀਮਤਾਂ ਤੇ ਹੋਰ ਖਰਚਿਆਂ ਨਾਲ ਕਿਸਾਨ ਕਾਸ਼ਤ ਤੇ ਉਤਪਾਦਨ ਦੀ ਲਾਗਤ ਨੂੰ ਪੂਰਾ ਕਰਨ ਤੋਂ ਵੀ ਅਸਮਰੱਥ ਹਨ । ਉਨਾਂ ਦਾਅਵਾ ਕੀਤਾ ਕਿ ਪੰਜਾਬ ਵਿਚ ਮੱਕੀ ਦੀ ਪੈਦਾਵਾਰ ਕਰਨ ਵਾਲੇ ਕਿਸਾਨਾਂ ਨੂੰ ਪ੍ਰਤੀ ਕੁਇੰਟਲ ਲਈ 700 ਤੋਂ 800 ਰੁਪਏ ਮੁੱਲ ਮਿਲ ਰਿਹਾ ਹੈ ਜਦਕਿ ਘੱਟੋ ਘੱਟ ਸਮਰਥਨ ਮੁੱਲ 1850 ਰੁਪਏ ਪ੍ਰਤੀ ਕੁਇੰਟਲ ਹੈ, ਇਸ ਤਰਾਂ ਕਿਸਾਨੀ ਪਰਿਵਾਰ ਕਿਵੇਂ ਆਪਣਾ ਗੁਜ਼ਾਰਾ ਕਰ ਸਕਦਾ ਹੈ । ਉਨਾਂ ਦਾ ਕਹਿਣਾ ਹੈ ਕਿ ਇਸ ਲਈ ਸੰਯੁਕਤ ਕਿਸਾਨ ਮੋਰਚਾ ਮੰਗ ਕਰਦਾ ਹੈ ਕਿ ਸਾਰੀਆਂ ਫਸਲਾਂ ਅਤੇ ਕਿਸਾਨਾਂ ਲਈ ਲਾਭਕਾਰੀ ਐਮ.ਐਸ.ਪੀ. ਦੀ ਗਾਰੰਟੀ ਦੇਣ ਲਈ ਤੁਰੰਤ ਇਕ ਕਾਨੂੰਨ ਬਣਾਇਆ ਜਾਵੇ ਤਾਂ ਜੋ ਫ਼ਸਲੀ ਵਿਭਿੰਨਤਾ ਨੂੰ ਹੁਲਾਰਾ ਮਿਲ ਸਕੇ । ਪਰ ਮੋਦੀ ਸਰਕਾਰ ਕਿਸਾਨਾਂ ਦੀ ਮੰਗ ਮੰਨਣ ਦੇ ਮੂਡ ਵਿਚ ਨਹੀਂ ਹੈ।

ਕੇਂਦਰ ਸਰਕਾਰ ਦੇ ਬਣਾਏ ਤਿੰਨ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਜਾਰੀ ਕਿਸਾਨਾਂ ਅੰਦੋਲਨ 6 ਮਹੀਨੇ ਪੂਰੇ ਕਰ ਚੁਕਾ ਹੈ। ਇਹ ਅੰਦੋਲਨ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਆਜ਼ਾਦ ਭਾਰਤ ਦਾ ਵਿਸ਼ਾਲ ਅੰਦੋਲਨ ਹੈ ਜੋ ਹੁਣ ਤਕ ਜਾਰੀ ਹੈ । ਕਿਸਾਨ ਤਿੰਨਾਂ ਕਾਨੂੰਨਾਂ ਨੂੰ ਰੱਦ ਕਰਵਾਉਣ ਦੀ ਮੰਗ ਨੂੰ ਲੈ ਕੇ ਸਰਦੀ, ਗਰਮੀ ਅਤੇ ਬਰਸਾਤ ਦਾ ਸਾਹਮਣਾ ਕਰਦੇ ੬ ਮਹੀਨੇ ਤੋਂ ਦਿੱਲੀ ਦੀਆਂ ਸਰਹੱਦਾਂ ’ਤੇ ਡੇਰਾ ਲਗਾਈ ਬੈਠੇ ਹਨ। ਇਸ ਦੌਰਾਨ ਅੰਦੋਲਨ ਵਿਚ ਕਈ ਉਤਰਾਅ ਚੜਾਅ ਆਏ ਪਰ ਇਹ ਅੰਦੋਲਨ ਕਿਸਾਨਾਂ ਦੇ ਸਿਦਕ ਕਾਰਨ ਅੱਜ ਵੀ ਜਾਰੀ ਹੈ।

ਮੋਦੀ ਸਰਕਾਰ ਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ ਕੋਰੋਨਾ ਯੁਗ ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਕਿਸਾਨਾਂ ਦੇ ਜਥਿਆਂ ਦਾ ਰਾਜਧਾਨੀ ਦਿੱਲੀ ਦੀਆਂ ਸਰਹੱਦਾਂ ‘ਤੇ ਇਕੱਠੇ ਹੋਣਾ ਜਾਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਪ੍ਰਦਰਸ਼ਨ ਕਰਨਾ ਕਿੰਨਾ ਖ਼ਤਰਨਾਕ ਸਿੱਧ ਹੋ ਸਕਦਾ ਹੈ। ਪਰ ਮੋਦੀ ਸਰਕਾਰ ਪ੍ਰਵਾਹ ਨਹੀਂ ਕਰ ਰਹੀ। ਸੁਪਰੀਮ ਕੋਰਟ ਦਾ ਰਵੱਈਆ ਇਸ ਬਾਰੇ ਨਿਰਾਸ਼ਾਜਨਕ ਹੈ।

ਜ਼ਿਕਰਯੋਗ ਹੈ ਕਿ ਕੋਰੋਨਾ ਦੀ ਦੂਜੀ ਲਹਿਰ ਨੇ ਜੋ ਭਿਆਨਕ ਸ਼ਕਲ ਅਖਤਿਆਰ ਕੀਤੀ ਹੈ, ਉਸ ਵਿਚ ਵੱਡੀ ਭੂਮਿਕਾ ਪੰਜ ਰਾਜਾਂ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਹੋਈਆਂ ਵੱਡੀਆਂ-ਵੱਡੀਆਂ ਰੈਲੀਆਂ ਅਤੇ ਰੋਡ ਸ਼ੋਆਂ ਅਤੇ ਉੱਤਰ ਪ੍ਰਦੇਸ਼ ਵਿਚ ਹੋਈਆਂ ਪੰਚਾਇਤੀ ਚੋਣਾਂ ਦੀ ਵੀ ਰਹੀ ਹੈ। ਜੋ ਕਸਰ ਬਾਕੀ ਰਹਿ ਗਈ ਸੀ, ਉਹ ਹਰਿਦੁਆਰ ਵਿਚ ਕੁੰਭ ਦੇ ਮੇਲੇ ਵਿਚ ਕਰੀਬ ਇਕ ਮਹੀਨੇ ਤੱਕ ਲਗਾਤਾਰ ਜੁਟਦੀ ਰਹੀ ਲੱਖਾਂ ਲੋਕਾਂ ਦੀ ਭੀੜ ਨੇ ਪੂਰੀ ਕਰ ਦਿੱਤੀ। ਸਾਫ ਅਰਥ ਹੈ ਕਿ ਕਿਸਾਨੀ ਸੰਕਟ ਤੇ ਕਰੋਨਾ ਸੰਕਟ ਲਈ ਮੋਦੀ ਸਰਕਾਰ ਜਿੰਮੇਵਾਰ ਹੈ। ਜੇਕਰ ਕਿਸਾਨ ਅੰਦੋਲਨ ਵਿਚ ਅਜਿਹਾ ਵਾਪਰਦਾ ਹੈ ਉਸਦਾ ਕਾਰਨ ਕਿਸਾਨ ਨਹੀਂ ਮੋਦੀ ਸਰਕਾਰ ਤੇ ਸੁਪਰੀਮ ਕੋਰਟ ਦਾ ਚੁਪ ਵਰਤਾਰਾ ਹੋਵੇਗਾ। ਕੇਂਦਰ ਸਰਕਾਰ ਨੇ ਅੰਦੋਲਨਕਾਰੀ ਕਿਸਾਨ ਜਥੇਬੰਦੀਆਂ ਦੇ ਪ੍ਰਤੀਨਿਧਾਂ ਨਾਲ ਆਖਰੀ ਵਾਰ 22 ਜਨਵਰੀ 2021 ਨੂੰ ਗੱਲਬਾਤ ਕੀਤੀ ਸੀ। ਉਸ ਤੋਂ ਬਾਅਦ ਗੱਲਬਾਤ ਪੂਰੀ ਤਰਾਂ ਬੰਦ ਹੈ। ਹਾਲਾਂਕਿ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਇਕ ਤੋਂ ਜ਼ਿਆਦਾ ਵਾਰ ਕਹਿ ਚੁੱਕੇ ਹਨ ਕਿ ਸਰਕਾਰ ਕਿਸਾਨਾਂ ਨਾਲ ਖੁੱਲੇ ਮਨ ਨਾਲ ਗੱਲ ਕਰਨ ਲਈ ਤਿਆਰ ਹੈ ਪਰ ਉਨਾਂ ਵਲੋਂ ਹੁਣ ਤਕ ਗੱਲਾਂ ਦੇ ਕੜਾਹ ਹੀ ਬਣਾਏ ਗਏ ਹਨ, ਅਜੇ ਤੱਕ ਗੱਲਬਾਤ ਅੱਗੇ ਨਹੀਂ ਵਧ ਸਕੀ।

ਮੋਦੀ ਸਰਕਾਰ ਵਲੋਂ ਕੁਝ ਚੋਣਵੇਂ ਕਾਰੋਬਾਰੀਆਂ ਦੇ ਹਿਤਾਂ ਅੱਗੇ ਕਿਸਾਨਾਂ ਦੇ ਹਿਤਾਂ ਦੀ ਬਲੀ ਦੇਣਾ ਬੇਇਨਸਾਫੀ ਹੈ।

ਕਿਸਾਨ ਅੰਦੋਲਨ ਨੇ ਪੰਜਾਬ ਨੂੰ ਨਿਰਾਸ਼ਾ ਦੇ ਆਲਮ ਵਿਚੋਂ ਬਾਹਰ ਕੱਢਿਆ ਹੈ, ਇਸ ਨੇ ਪੰਜਾਬੀਆਂ, ਕਿਸਾਨ ਜਥੇਬੰਦੀਆਂ ਅਤੇ ਉਨਾਂ ਦੇ ਆਗੂਆਂ ਨੂੰ ਇਕ ਅਜਿਹੇ ਇਤਿਹਾਸਕ ਮੋੜ ’ਤੇ ਪਹੁੰਚਾ ਦਿੱਤਾ ਹੈ ਜਿੱਥੇ ਉਨਾਂ ਦੇ ਸਿਦਕ ਦਾ ਵੱਡਾ ਇਮਤਿਹਾਨ ਹੋਣਾ ਹੈ। ਇਸ ਇਮਤਿਹਾਨ ਵਿਚ ਸਫ਼ਲ ਹੋਣ ਦੀ ਸਭ ਤੋਂ ਵੱਡੀ ਓਟ ਕਿਸਾਨ ਜਥੇਬੰਦੀਆਂ ਅਤੇ ਉਨਾਂ ਦਾ ਏਕਾ ਹੈ। ਕਿਸਾਨ ਆਗੂਆਂ ਦੇ ਸਿਰ ਵੱਡੀ ਅਤੇ ਇਤਿਹਾਸਕ ਜ਼ਿੰਮੇਵਾਰੀ ਹੈ ਕਿ ਉਹ ਉਸ ਇਤਿਹਾਸਕ ਮੁਕਾਮ ਦੀਆਂ ਜ਼ਿੰਮੇਵਾਰੀਆਂ ਨੂੰ ਧੀਰਜ ਅਤੇ ਸਾਂਝ ਦੇ ਆਧਾਰ ’ਤੇ ਨਿਭਾਉਣ ਤੇ ਜਿੱਤ ਦੀ ਮੰਜਲ ਵੱਲ ਵਧਣ।

# ਯੋਗੀ ਕਾਰਨ ਯੂ.ਪੀ. ਵਿਚ ਭਾਜਪਾ ਨਿਘਾਰ ਵੱਲ

**ਅਭੈ ਦੂਬੇ**

ਉੱਤਰ ਪ੍ਰਦੇਸ਼ ਦੀ ਰਾਜਨੀਤੀ ਹਮੇਸ਼ਾ ਤੋਂ ਆਕਾਰ ਵਿਚ ਵੱਡੀ ਅਤੇ ਢਾਂਚੇ ਵਿਚ ਪੇਚੀਦਾ ਅਤੇ ਅਸਥਿਰ ਰਹੀ ਹੈ। 2017 ਵਿਚ ਸਵਾ ਤਿੰਨ ਸੌ ਸੀਟਾਂ ਜਿੱਤਣ ਤੋਂ ਬਾਅਦ ਅਜਿਹਾ ਲੱਗਣ ਲੱਗਾ ਸੀ ਕਿ ਹੁਣ ਭਾਰਤੀ ਜਨਤਾ ਪਾਰਟੀ ਆਪਣੀ ਅਗਵਾਈ ਵਿਚ ਇਸ ਦੀ ਪੇਚੀਦਗੀ ਨੂੰ ਘਟਾ ਕੇ ਅਸਥਿਰਤਾ ਨੂੰ ਸਥਿਰਤਾ ਵਿਚ ਬਦਲ ਦੇਵੇਗੀ। ਅਜਿਹਾ ਸੋਚਣ ਦਾ ਇਕ ਕਾਰਨ ਸੀ। 2017 ਦੀਆਂ ਚੋਣਾਂ, 2014 ਦੀਆਂ ਲੋਕ ਸਭਾ ਚੋਣਾਂ ਦੀ ਜਿੱਤ ਦੀ ਰੋਸ਼ਨੀ ਵਿਚ ਹੋਈਆਂ ਸਨ। ਉਸ ਤੋਂ ਬਾਅਦ 2019 ਦੀਆਂ ਚੋਣਾਂ ਵਿਚ ਵੀ ਭਾਜਪਾ ਨੂੰ ਜ਼ੋਰਦਾਰ ਜਿੱਤ ਮਿਲੀ। ਭਾਵ, ਲਗਾਤਾਰ ਤਿੰਨ ਚੋਣਾਂ ਵਿਚ ਭਾਜਪਾ ਨੇ ਆਪਣੇ ਵਿਰੋਧੀਆਂ ਨੂੰ ਇਕਪਾਸੜ ਮਾਤ ਦਿੱਤੀ। ਵਿਰੋਧੀ ਇਕੱਲੇ-ਇਕੱਲੇ ਵੀ ਲੜੇ ਅਤੇ ਗੱਠਜੋੜ ਬਣਾ ਕੇ ਵੀ ਲੜੇ ਪਰ ਭਾਜਪਾ ਦੇ ਵਿਜੇ ਰਥ ਨੂੰ ਰੋਕ ਨਾ ਸਕੇ। ਇਸ ਵਿਜੇ ਰੱਥ ਦੇ ਪਹੀਏ 45 ਤੋਂ 50 ਫ਼ੀਸਦੀ ਪ੍ਰਬਲ ਹਿੰਦੂ ਰਾਜਨੀਤਕ ਏਕਤਾ ਨਾਲ ਬਣੇ ਸਨ।

ਇਸ ਏਕਤਾ ਵਿਚ ਉੱਚੀਆਂ ਜਾਤੀਆਂ ਦੀ ਜ਼ਬਰਦਸਤ ਭਾਗੀਦਾਰੀ ਸੀ। ਇਸ ਵਿਚ ਯਾਦਵਾਂ ਨੂੰ ਛੱਡ ਕੇ ਬਾਕੀ ਪਛੜੀਆਂ ਜਾਤੀਆਂ ਦਾ ਹਿੱਸਾ ਸੀ। ਜਾਟਵਾਂ ਨੂੰ ਛੱਡ ਕੇ ਬਾਕੀ ਦਲਿਤ ਜਾਤੀਆਂ ਨੇ ਵੀ ਯੋਗਦਾਨ ਪਾਇਆ ਸੀ। ਇਹ ਇਕ ਤਰਾਂ ਨਾਲ ਆਦਰਸ਼ ਸਥਿਤੀ ਸੀ। ਵਿਰੋਧੀ ਧਿਰ ਕਮਜ਼ੋਰ ਸੀ। ਕਾਂਗਰਸ ਸੂਬੇ ਵਿਚ ਆਧਾਰਹੀਣ ਹੋ ਚੁੱਕੀ ਸੀ। ਸਮਾਜਵਾਦੀ ਪਾਰਟੀ ਸਿਰਫ ਯਾਦਵਾਂ ਅਤੇ ਮੁਸਲਮਾਨਾਂ ਦੇ ਇਕ ਹਿੱਸੇ ਦੀ ਪਾਰਟੀ ਦੇ ਰੂਪ ਵਿਚ ਸਿਮਟ ਗਈ ਸੀ। ਬਹੁਜਨ ਸਮਾਜ ਪਾਰਟੀ 2012 ਦੀਆਂ ਚੋਣਾਂ ਹਾਰਨ ਤੋਂ ਬਾਅਦ ਲਗਾਤਾਰ ਆਪਣੇ ਲੋਕ ਆਧਾਰ ਵਿਚ ਗਿਰਾਵਟ ਦਾ ਸਾਹਮਣਾ ਕਰ ਰਹੀ ਸੀ। ਪਰ ਇਹ ਵੇਖ ਕੇ ਕੁਝ ਹੈਰਾਨੀ ਹੁੰਦੀ ਹੈ ਕਿ ਆਪਣੇ ਪੱਖ ਵਿਚ ਪੂਰਾ ਮਾਹੌਲ ਅਤੇ ਸਾਰੇ ਪਹਿਲੂ ਹੋਣ ਤੋਂ ਬਾਅਦ ਭਾਜਪਾ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਆਪਣੀ ਜਿੱਤ ਸਬੰਧੀ ਆਤਮ-ਵਿਸ਼ਵਾਸ ਵਿਚ ਨਹੀਂ ਹੈ। ਉਹ ਇਕ ਰਣਨੀਤਕ ਗੁੰਝਲ ਵਿਚ ਫਸੀ ਹੋਈ ਹੈ। ਭਾਵੇਂ ਉਸ ਦੇ ਆਗੂ ਮੰਨਣ ਜਾਂ ਨਾ ਮੰਨਣ, ਪਰ ਉਹ ਘਬਰਾਈ ਹੋਈ ਹੈ। ਦੋ ਮਈ ਨੂੰ ਪੱਛਮੀ ਬੰਗਾਲ ਦੀਆਂ ਚੋਣਾਂ ਵਿਚ ਜ਼ਬਰਦਸਤ ਹਾਰ ਨੇ ਰਾਜਸੀ ਸੰਕਟਾਂ ਦਾ ਪ੍ਰਬੰਧਨ ਕਰਨ ਦੀ ਉਸ ਦੀ ਸਮਰੱਥਾ ਦਾ ਕਾਫੀ ਨੁਕਸਾਨ ਕੀਤਾ ਹੈ। ਜੇਕਰ ਉਹ ਉੱਤਰ ਪ੍ਰਦੇਸ਼ ਦੀਆਂ ਚੋਣਾਂ ਨਾ ਜਿੱਤ ਸਕੀ ਤਾਂ ਉਸ ਦੇ ਰਾਜਸੀ ਗ੍ਰਾਫ ਨੂੰ ਹੇਠਾਂ ਜਾਣ ਤੋਂ ਕੋਈ ਨਹੀਂ ਰੋਕ ਸਕੇਗਾ।

ਭਾਜਪਾ ਦੀ ਇਸ ਅਨਿਸਚਿਤਤਾ ਦੇ ਕੇਂਦਰ ਵਿਚ ਯੋਗੀ ਅਦਿੱਤਿਆਨਾਥ ਦੀ ਸ਼ਖ਼ਸੀਅਤ ਹੈ। ਸਾਨੂੰ ਪਤਾ ਹੈ ਕਿ ਯੋਗੀ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੀਆਂ ਕਤਾਰਾਂ ਵਿਚ ਨਹੀਂ ਆਉਂਦੇ। ਉਹ ਹਿੰਦੂਤਵਵਾਦੀ ਹਨ ਅਤੇ ਕਿਤੇ ਜ਼ਿਆਦਾ ਭੜਕਾਊ ਕਿਸਮ ਦੀ ਭਾਸ਼ਾ ਘੱਟ ਗਿਣਤੀਆਂ ਵਿਰੁੱਧ ਵਰਤਦੇ ਹਨ। ਮੌਖਿਕ ਹਿੰਸਾ ਵਿਚ ਉਨਾਂ ਨੂੰ ਵਿਸ਼ੇਸ਼ ਮੁਹਾਰਤ ਹਾਸਲ ਰਹੀ ਹੈ। 2017 ਵਿਚ ਯੋਗੀ ਨੂੰ ਮੁੱਖ ਮੰਤਰੀ ਚੁਣਦੇ ਸਮੇਂ ਭਾਜਪਾ ਨੂੰ ਪਤਾ ਸੀ ਕਿ ਇਸ ਜ਼ਿੰਮੇਵਾਰੀ 'ਤੇ ਉਨਾਂ ਨੂੰ ਤੋਰਨਾ ਸੌਖਾ ਨਹੀਂ ਹੋਵੇਗਾ। ਫਿਰ ਵੀ ਉਸ ਨੇ ਚੋਣ ਪ੍ਰਚਾਰ ਵਿਚ ਉਸ ਨੂੰ ਸਟਾਰ ਪ੍ਰਚਾਰਕ ਬਣਾਇਆ, ਯੋਗੀ ਨੇ ਸਭ ਤੋਂ ਵੱਧ ਚੋਣ ਸਭਾਵਾਂ ਕੀਤੀਆਂ ਅਤੇ ਜਿੱਤ ਹਾਸਲ ਕਰਨ ਤੋਂ ਬਾਅਦ ਭਾਜਪਾ ਨੇ ਕੇਸ਼ਵ ਪ੍ਰਸਾਦ ਮੌਰਿਆ, ਮਨੋਜ ਸਿਨਹਾ ਅਤੇ ਰਾਜਨਾਥ ਸਿੰਘ ਤੋਂ ਉੱਤੇ ਉਨਾਂ ਨੂੰ ਤਰਜੀਹ ਦਿੱਤੀ। ਸ਼ਾਇਦ ਭਾਜਪਾ ਨੂੰ ਲੱਗਾ ਸੀ ਕਿ ਉਸ ਨੇ ਵੱਖ-ਵੱਖ ਜਾਤੀਆਂ ਦੀ ਜੋ ਹਿੰਦੂ ਏਕਤਾ ਬਣਾਈ ਹੈ, ਉਸ ਦੇ ਪ੍ਰਸ਼ਾਸਨਿਕ ਚਿਹਰੇ ਦੇ ਰੂਪ ਵਿਚ ਉਹ ਇਕ ਲੀਕ ਤੋਂ ਹਟ ਕੇ ਕੀਤੀ ਗਈ ਪਸੰਦ ਸਾਬਤ ਹੋ ਸਕਦੇ ਹਨ। ਸ਼ਰਤ ਇਹ ਸੀ ਕਿ ਉਹ ਆਪਣੀ ਬੋਲਬਾਣੀ 'ਤੇ ਲਗਾਮ ਰੱਖਣ। ਯੋਗੀ ਨੇ ਭਾਜਪਾ ਹਾਈਕਮਾਨ ਦੀ ਏਨੀ ਕੁ ਗੱਲ ਜ਼ਰੂਰ ਮੰਨੀ। ਮੁੱਖ ਮੰਤਰੀ ਬਣਨ ਤੋਂ ਬਾਅਦ ਉਨਾਂ ਦੀ ਭੜਕਾਊ ਬਿਆਨਬਾਜ਼ੀ ਪਹਿਲਾਂ ਦੇ ਮੁਕਾਬਲੇ ਨਾਂਹ ਦੇ ਬਰਾਬਰ ਰਹਿ ਗਈ।



ਇਹ ਵੇਖ ਕੇ ਭਾਜਪਾ ਨੇ ਉਨਾਂ ਨੂੰ ਆਪਣੇ ਹੋਰ ਮੁੱਖ ਮੰਤਰੀਆਂ ਦੀ ਕਤਾਰ ਤੋਂ ਵੱਖ ਕਰਦਿਆਂ ਉਨਾਂ ਦੀ ਰਾਸ਼ਟਰੀ ਵਰਤੋਂ ਕਰਨ ਦਾ ਫ਼ੈਸਲਾ ਕੀਤਾ। ਉਨਾਂ ਨੂੰ ਆਸਾਮ ਅਤੇ ਬੰਗਾਲ ਤੋਂ ਲੈ ਕੇ ਕਰਨਾਟਕ ਤੱਕ ਹਰ ਵਿਧਾਨ ਸਭਾ ਚੋਣ ਵਿਚ ਸਟਾਰ ਪ੍ਰਚਾਰਕ ਦੇ ਤੌਰ 'ਤੇ ਉਤਾਰਿਆ ਗਿਆ। ਇਸ ਦੇ ਪਿੱਛੇ ਇਕ ਰਣਨੀਤੀ ਸੀ। ਗੋਰਖਪੀਠ ਦੇ ਮਠਾਧੀਸ਼ ਹੋਣ ਦੇ ਨਾਤੇ ਯੋਗੀ ਦਾ ਨਾਂਅ ਸਾਰੇ ਦੇਸ਼ ਦੇ ਨਾਥਪੰਥੀਆਂ ਵਿਚ ਹੈ। ਨਾਥਪੰਥੀ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਦੇਸ਼ ਦੇ ਸਾਰੇ ਕੋਨਿਆਂ ਵਿਚ ਫੈਲੇ ਹੋਏ ਹਨ। ਦੂਜਾ, ਨਾਥਪੰਥੀਆਂ ਵਿਚ ਕਮਜ਼ੋਰ ਜਾਤੀਆਂ ਦੇ ਲੋਕ ਕਾਫੀ ਵੱਡੀ ਗਿਣਤੀ ਵਿਚ ਹੁੰਦੇ ਹਨ। ਤੀਜਾ, ਇਕ ਭਗਵਾਂ ਭੇਖਧਾਰੀ ਅਤੇ ਸੰਨਿਆਸੀ ਜਦੋਂ ਮੰਚ 'ਤੇ ਦੇਸ਼ ਦੇ ਸਭ ਤੋਂ ਵੱਡੇ ਰਾਜ ਦੇ ਮੁੱਖ ਪ੍ਰਸ਼ਾਸਕ ਦੇ ਤੌਰ 'ਤੇ ਹਿੰਦੂਤਵਵਾਦੀ ਭਾਸ਼ਾ ਬੋਲਦਾ ਹੈ ਤਾਂ ਭਾਜਪਾ ਦੇ ਲੋਕ ਆਧਾਰ ਅਤੇ ਉਸ ਵੱਲ ਖਿੱਚੇ ਜਾਣ ਵਾਲੀ ਜਨਤਾ ਨੂੰ ਫ਼ਿਰਕੂ ਖੁਰਾਕ ਮਿਲਦੀ ਹੈ। ਭਾਜਪਾ ਨੂੰ ਲੱਗਾ ਕਿ ਇਕ ਯੋਗੀ ਦੂਜੀਆਂ ਕਈ ਚੋਣਾਂ ਵਿਚ ਪ੍ਰਚਾਰ ਕਰ ਸਕਦਾ ਹੈ। ਭਾਜਪਾ ਯੋਗੀ ਦੇ ਰਾਹੀਂ ਉੱਤਰ ਪ੍ਰਦੇਸ਼ ਦੀ ਰਾਜਨੀਤੀ ਅਤੇ ਪ੍ਰਸ਼ਾਸਨ ਨੂੰ ਦਿੱਲੀ ਦੇ ਪ੍ਰਧਾਨ ਮੰਤਰੀ ਦਫ਼ਤਰ ਵਿਚ ਬੈਠ ਕੇ ਕੰਟਰੋਲ ਕਰਨਾ ਚਾਹੁੰਦੀ ਸੀ। ਯੋਗੀ ਨੇ ਇਹ ਕੁਝ ਕਰਨ ਵੀ ਦਿੱਤਾ। ਆਰ.ਐਸ.ਐਸ. ਦੇ ਸੁਨੀਲ ਬੰਗਲ ਸੰਗਠਨ ਮੰਤਰੀ ਦੇ ਰੂਪ ਵਿਚ ਯੋਗੀ ਦਾ ਹੱਥ ਫੜ ਕੇ ਮਨਚਾਹੇ ਕੰਮ ਕਰਵਾਉਂਦੇ ਰਹੇ। ਅਫਸਰਾਂ ਦੀਆਂ ਬੈਠਕਾਂ ਵਿਚ ਯੋਗੀ ਅਤੇ ਉਹ ਨਾਲ-ਨਾਲ ਬੈਠਦੇ। ਦਿੱਲੀ ਵਿਚ ਪ੍ਰਧਾਨ ਮੰਤਰੀ ਦਫਤਰ ਅਤੇ ਲਖਨਊ ਵਿਚ ਮੁੱਖ ਮੰਤਰੀ ਦਫ਼ਤਰ, ਇਨਾਂ ਦੋਵਾਂ ਵਿਚ ਗੰਢਤੁੱਪ ਹੁੰਦੀ ਰਹੀ। ਇਸ ਨਾਲ ਸਰਕਾਰ 'ਤੇ ਅਫਸਰਸ਼ਾਹੀ ਦੀ ਪਕੜ ਵਧਦੀ ਗਈ। ਪ੍ਰਸ਼ਾਸਨ ਦਾ ਅਨੁਭਵ ਯੋਗੀ ਕੋਲ ਨਹੀਂ ਸੀ ਅਤੇ ਪ੍ਰਸ਼ਾਸਨ ਕਰਨ ਦੇ ਮਾਦੇ ਦਾ ਉਨਾਂ ਨੇ ਕਦੀ ਪ੍ਰਦਰਸ਼ਨ ਵੀ ਨਹੀਂ ਕੀਤਾ। ਉਹ ਤਾਂ ਭਾਸ਼ਨ ਦਿੰਦੇ ਸਨ, ਭਾਸ਼ਨ ਵਿਚ ਭੜਕਾਹਟ ਅਤੇ ਧਮਕੀ ਹੁੰਦੀ ਸੀ। ਇਸ ਤਰਾਂ ਕੁੱਲ ਮਿਲਾ ਕੇ ਉਨਾਂ ਦਾ ਅਕਸ ਇਕ ਅਜਿਹੇ ਅਕਸ ਵਾਲੇ ਮੁੱਖ ਮੰਤਰੀ ਦਾ ਬਣਦਾ ਗਿਆ। ਕਾਨੂੰਨ ਅਤੇ ਵਿਵਸਥਾ ਦਰੁਸਤ ਕਰਨ ਦੇ ਨਾਂ 'ਤੇ ਉਨਾਂ ਨੇ ਫਰਜ਼ੀ ਮੁਕਾਬਲਿਆਂ ਨੂੰ ਉਤਸ਼ਾਹਿਤ ਕੀਤਾ। ਸੂਬੇ ਦੇ ਉਦਯੋਗੀਕਰਨ ਨੂੰ ਉਤਸ਼ਾਹਿਤ ਕਰਨ ਵਾਲੀ ਕੁਸ਼ਲਤਾ ਉਨਾਂ ਕੋਲ ਹੈ ਹੀ ਨਹੀਂ ਸੀ। ਯੋਗੀ ਸਰਕਾਰ ਮੁਕਾਬਲਾ ਕਰਨ, ਐਫ.ਆਈ.ਆਰ. ਦਰਜ ਕਰਨ, ਗ੍ਰਿਫ਼ਤਾਰ ਕਰਨ, ਜੁਰਮਾਨਾ ਵਸੂਲਣ, ਮੀਡੀਆ ਦਾ ਦਮਨ ਕਰਨ ਅਤੇ ਕਿਸੇ ਦੀ ਪਰਵਾਹ ਨਾ ਕਰਨ ਵਾਲੀ ਸਰਕਾਰ ਦੇ ਰੂਪ ਵਿਚ ਉੱਭਰੀ। ਉਹ ਉੱਤਰਾਖੰਡ ਦੇ ਇਕ ਰਾਜਪੂਤ ਪਰਿਵਾਰ ਨਾਲ ਸਬੰਧਿਤ ਹਨ ਅਤੇ ਗੋਰਖਪੀਠ ਦੇ ਮਹੰਤ ਹਨ, ਇਸ ਲਈ ਜਾਣੇ ਅਨਜਾਣੇ ਵਿਚ ਹੋਇਆ ਇਹ ਕਿ ਉੱਤਰ ਪ੍ਰਦੇਸ਼ ਵਿਚ ਖੱਤਰੀਆਂ ਦੀਆਂ ਰਾਜਸੀ ਇੱਛਾਵਾਂ ਯੋਗੀ ਦੇ ਸ਼ਾਸਨਕਾਲ ਵਿਚ ਵੱਡੀਆਂ ਹੁੰਦੀਆਂ ਗਈਆਂ। ਪ੍ਰਧਾਨ ਮੰਤਰੀ ਦਫ਼ਤਰ ਅਤੇ ਮੁੱਖ ਮੰਤਰੀ ਦਫ਼ਤਰ ਦੀ ਗੰਢਤੁੱਪ ਨੇ ਮੰਨ ਲਿਆ ਕਿ ਦੂਜੀਆਂ ਜਾਤਾਂ ਦੇ ਆਗੂਆਂ ਨੂੰ ਉਪ ਮੁੱਖ ਮੰਤਰੀ ਜਾਂ ਮੰਤਰੀ ਬਣਾ ਕੇ ਕੰਮ ਚਲਾਇਆ ਜਾ ਸਕਦਾ ਹੈ। ਯੋਗੀ ਸਰਕਾਰ ਦੇ ਕਾਰਜਕਾਲ ਵਿਚ ਨਾ ਤਾਂ ਉਪ ਮੁੱਖ ਮੰਤਰੀਆਂ ਦੇ ਕੋਲ, ਨਾ ਹੀ ਮੰਤਰੀਆਂ ਦੇ ਕੋਲ, ਨਾ ਹੀ ਵਿਧਾਇਕਾਂ ਦੇ ਕੋਲ ਅਤੇ ਨਾ ਹੀ ਸੂਬੇ ਦੇ ਸੰਸਦ ਮੈਂਬਰਾਂ ਕੋਲ ਕਰਨ ਲਈ ਕੁਝ ਅਜਿਹਾ ਰਹਿ ਗਿਆ ਸੀ ਜਿਸ ਨਾਲ ਉਹ ਚੋਣ ਮਨੋਰਥ ਪੱਤਰ ਵਿਚ ਲਿਖੇ ਵਾਅਦਿਆਂ ਨੂੰ ਪੂਰਾ ਕਰ ਸਕਣ ਵਿਚ ਕੋਈ ਯੋਗਦਾਨ ਪਾਉਂਦੇ। ਯੋਗੀ ਦੇ ਪੱਖ ਵਿਚ ਸਿਰਫ਼ ਇਕ ਗੱਲ ਜਾਂਦੀ ਹੈ। ਉਹ ਨਿੱਜੀ ਪੱਧਰ 'ਤੇ ਭ੍ਰਿਸ਼ਟ ਨਹੀਂ ਹਨ। ਅਜਿਹਾ ਕੋਈ ਇਲਜ਼ਾਮ ਉਨਾਂ 'ਤੇ ਨਹੀਂ ਹੈ। ਇਸ ਤੋਂ ਇਲਾਵਾ ਉਨਾਂ ਦੇ ਖਾਤੇ ਵਿਚ ਇਕ ਦਰਜਨ ਉਪਲਬਧੀਆਂ ਵੀ ਨਹੀਂ ਹਨ ਜਿਨਾਂ ਦੇ ਆਧਾਰ 'ਤੇ ਭਾਜਪਾ ਦੁਬਾਰਾ ਸੱਤਾ ਵਿਚ ਆਉਣ ਦਾ ਦਾਅਵਾ ਕਰ ਸਕੇ। ਮੁੱਖ ਮੰਤਰੀ ਚੋਣਵੇਂ ਅਫਸਰਾਂ ਅਤੇ ਸਲਾਹਕਾਰਾਂ ਵਿਚ ਘਿਰੇ ਰਹੇ। ਹੌਲੀ-ਹੌਲੀ ਉਨਾਂ ਨੇ ਭਾਜਪਾ ਦੇ 60 ਫ਼ੀਸਦੀ ਤੋਂ ਜ਼ਿਆਦਾ ਵਿਧਾਇਕਾਂ ਦਾ ਸਮਰਥਨ ਗਵਾ ਲਿਆ। ਜਦੋਂ ਕੇਂਦਰ ਵਲੋਂ ਭੇਜੇ ਗਏ ਸਾਬਕਾ ਖੇਤੀ ਮੰਤਰੀ ਰਾਧਾਮੋਹਨ ਸਿੰਘ ਨੇ ਵਿਧਾਇਕਾਂ ਨਾਲ ਗੱਲਬਾਤ ਕੀਤੀ ਤਾਂ 64 ਫ਼ੀਸਦੀ ਵਿਧਾਇਕਾਂ ਨੇ ਕਿਹਾ ਕਿ ਯੋਗੀ ਦੇ ਚਿਹਰੇ 'ਤੇ ਚੋਣਾਂ ਨਹੀਂ ਲੜੀਆਂ ਜਾਣੀਆਂ ਚਾਹੀਦੀਆਂ। ਪਰ 36 ਫ਼ੀਸਦੀ ਵਿਧਾਇਕਾਂ ਨੇ ਕਿਹਾ ਕਿ ਜੇਕਰ ਯੋਗੀ ਨੂੰ ਹਟਾਇਆ ਤਾਂ ਭਾਜਪਾ ਦੀ ਹਾਰ ਪੱਕੀ ਹੈ। ਜੇਕਰ ਵੇਖਿਆ ਜਾਵੇ ਤਾਂ ਹਾਈਕਮਾਨ ਨੂੰ 64 ਫ਼ੀਸਦੀ ਵਿਧਾਇਕਾਂ ਦੀ ਗੱਲ ਮੰਨਣੀ ਚਾਹੀਦੀ ਸੀ। ਪਰ ਇਸ ਗੱਲਬਾਤ ਤੋਂ ਬਾਅਦ ਭਾਜਪਾ ਹਾਈਕਮਾਨ ਨੂੰ ਲੱਗ ਰਿਹਾ ਹੈ ਕਿ ਯੋਗੀ ਨੂੰ ਨਾ ਤਾਂ ਉਗਲਿਆ ਜਾ ਸਕਦਾ ਹੈ, ਨਾ ਹੀ ਨਿਗਲਿਆ ਜਾ ਸਕਦਾ ਹੈ।

ਜਿਵੇਂ-ਜਿਵੇਂ ਚੋਣਾਂ ਨਜ਼ਦੀਕ ਆਉਂਦੀਆਂ ਜਾ ਰਹੀਆਂ ਹਨ, ਯੋਗੀ ਆਪਣਾ ਉਹ ਚਿਹਰਾ ਵੀ ਦਿਖਾਉਣ ਲੱਗੇ ਹਨ ਜੋ ਹਾਈਕਮਾਨ ਨੂੰ ਆਗਿਆਕਾਰੀ ਨਹੀਂ ਲੱਗ ਰਿਹਾ। ਮਸਲਨ, ਪ੍ਰਧਾਨ ਮੰਤਰੀ ਦੇ ਖਾਸਮ-ਖਾਸ ਸਾਬਕਾ ਨੌਕਰਸ਼ਾਹ ਅਤੇ ਮੌਜੂਦਾ ਐਮ.ਐਲ.ਸੀ. ਏ.ਕੇ. ਸ਼ਰਮਾ ਨੂੰ ਯੋਗੀ ਨੇ ਮਿਲਣ ਦਾ ਸਮਾਂ ਦੇਣ ਤੋਂ ਵੀ ਇਨਕਾਰ ਕਰ ਦਿੱਤਾ। ਉਨਾਂ ਨੂੰ ਤੀਜਾ ਉਪ ਮੁੱਖ ਮੰਤਰੀ ਬਣਾਉਣ ਲਈ ਤਾਂ ਉਹ ਬਿਲਕੁਲ ਰਾਜ਼ੀ ਨਹੀਂ ਹਨ। ਭਾਜਪਾ ਨੇ ਮਜਬੂਰਨ ਇਹ ਤਾਂ ਤੈਅ ਕਰ ਹੀ ਲਿਆ ਹੈ ਕਿ ਯੋਗੀ ਨੂੰ ਫਿਲਹਾਲ ਹਟਾਇਆ ਨਹੀਂ ਜਾਵੇਗਾ ਅਤੇ ਪਾਰਟੀ ਉਨਾਂ ਦੇ ਨਾਂ 'ਤੇ ਹੀ ਚੋਣਾਂ ਲੜੇਗੀ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਜਿਸ ਯੋਗੀ ਨੂੰ ਭਾਜਪਾ ਆਪਣੀ ਤਾਕਤ ਬਣਾਉਣਾ ਚਾਹੁੰਦੀ ਸੀ, ਉਹ ਹੁਣ ਉਸ ਦੀ ਮਜਬੂਰੀ ਬਣ ਕੇ ਰਹਿ ਗਏ ਹਨ।

# ਲੋਕਤੰਤਰ ਦੀ ਰੱਖਿਆ ਲਈ ਸਾਨੂੰ ਹੋਣਾ ਪਵੇਗਾ ਖ਼ਬਰਦਾਰ



**ਹਰਕੀਰਤ ਕੌਰ**
੯੭੭੯੧੧੮੦੬੬

ਜੇਕਰ ਅਸੀਂ ਲੋਕਤੰਤਰ ਨੂੰ ਆਪਣੀ ਸੱਭਿਅਤਾ ਦਾ ਇੱਕ ਹਿੱਸਾ ਮੰਨਦੇ ਹਾਂ ਤਾਂ ਫਿਰ ਜੀਵਨ ਪੰਧ ਵਿੱਚ ਪੈਰ ਧਰਨ ਲੱਗੇ ਹਰ ਨਾਗਰਿਕ ਨੂੰ ਹਰ ਚੀਜ਼ ਚੁੱਪ ਚਾਪ ਨਹੀਂ ਮੰਨ ਲੈਣੀ ਚਾਹੀਦੀ ਬਲਕਿ ਇਹ ਪਤਾ ਕਰਨਾ ਚਾਹੀਦਾ ਹੈ ਕਿ ਇਹ ਚੀਜ਼ ਕਿਵੇਂ ਪੈਦਾ ਹੋਈ, ਇਸ ਪਿੱਛੇ ਕੀ ਕਾਰਨ ਰਹੇ ? ਇਸਦੀ ਅਸਲੀਅਤ ਕੀ ਹੈ ? ਕਿਸੇ ਵੀ ਕਾਨੂੰਨ ਜਾਂ ਚੀਜ਼ ਦੀ ਮਹਾਨਤਾ ਜਾਣੇ ਬਿਨਾ ਉਸਨੂੰ ਆਪਣੇ ਮਨ ਵਿੱਚ ਆਦਰ ਨਹੀਂ ਦੇ ਦੇਣਾ ਚਾਹੀਦਾ। ਜਿੰਨੀ ਦੇਰ ਤੱਕ ਕਿਸੇ ਵੀ ਕਾਨੂੰਨ ਦੇ ਸਹੀ ਰੂਪ ਜਾਂ ਲਾਭ ਹਾਨੀ ਦਾ ਪਤਾ ਨਹੀਂ ਚੱਲਦਾ, ਓਨੀ ਦੇਰ ਤੱਕ ਕਦੇ ਵੀ ਕਿਸੇ ਚੀਜ਼ ਨੂੰ ਸਵੀਕਾਰ ਨਾ ਕੀਤਾ ਜਾਵੇ, ਇਹੀ ਅਸਲੀ ਲੋਕਤੰਤਰ ਹੈ। ਲੋਕਤੰਤਰਿਕ ਹਰ ਦੇਸ਼ ਦੇ ਨਾਗਰਿਕਾਂ ਨੂੰ ਇਹ ਪਤਾ ਹੋਣਾ ਬਹੁਤ ਜਰੂਰੀ ਹੈ ਕਿ ਨੇਤਾਵਾਂ ਦੁਆਰਾ ਕੀਤੀਆਂ ਜਾਣ ਵਾਲੀਆਂ ਅਪੀਲਾਂ ਦੀ ਤਹਿ ਹੇਠ ਕੀ ਗੱਲਾਂ ਹਨ। ਅਸੀਂ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਲੋਕਤੰਤਰ, ਮਨੁੱਖੀ ਅਧਿਕਾਰਾਂ, ਸੰਵਿਧਾਨ ਦੀਆਂ ਪਰਿਭਾਸ਼ਾਵਾਂ ਨੂੰ ਰੱਟੇ ਲਗਵਾਉਣ ਉੱਪਰ ਜ਼ੋਰ ਦਿੰਦੇ ਰਹਿੰਦੇ ਹਾਂ ਬਜਾਏ ਇਸਦੇ ਕਿ ਸਕੂਲ ਤੋਂ ਹੀ ਨੌਜਵਾਨਾਂ ਨੂੰ, ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਵੇ। ਉਨਾਂ ਨੂੰ ਇਸ ਗੱਲ ਦਾ ਅਹਿਸਾਸ ਕਰਵਾਇਆ ਜਾਵੇ ਕਿ ਆਪਣੇ ਹੱਕਾਂ ਲਈ ਅਵਾਜ਼ ਉਠਾਉਣੀ ਸਾਡਾ ਅਧਿਕਾਰ ਹੈ। ਲੋਕਤੰਤਰ ਤੋਂ ਭਾਵ ਕੇਵਲ ਲੋਕਾਂ ਦੁਆਰਾ ਚੁਣਿਆ ਤਾਨਾਸ਼ਾਹ ਨਹੀਂ, ਬਲਕਿ ਲੋਕਤੰਤਰ ਤੋਂ ਭਾਵ ਲੋਕਾਂ ਦਾ ਸੇਵਕ ਹੈ।

ਇਹ ਪੂਰਾ ਬ੍ਰਹਿਮੰਡ ਨਿਯਮਾਂ ਅਧੀਨ ਬੱਝਾ ਹੋਇਆ ਹੈ। ਧਰਤੀ ਦਾ ਇੱਕ ਨਿਯਮ ਹੈ ਕਿ ਉਸਨੇ ਸੂਰਜ ਦੁਆਲੇ ਘੁੰਮਣਾ ਹੈ, ਇਸੇ ਨਿਯਮ ਦੀ ਬੰਧਨ ਵਿੱਚ ਦਿਨ ਤੋਂ ਰਾਤ, ਰਾਤ ਤੋਂ ਦਿਨ, ਹਫਤੇ, ਮਹੀਨੇ, ਸਾਲਾਂ ਦਾ ਚੱਕਰ ਚੱਲਦਾ ਰਹਿੰਦਾ ਹੈ । ਮੰਨ ਲਵੋ ਇਸ ਪ੍ਰਕਿਰਿਆ ਵਿੱਚ ਮਾੜਾ ਜਿੰਨੀ ਵੀ ਹਿਲਜੁਲ ਹੁੰਦੀ ਹੈ ਤਾਂ ਕੁਦਰਤੀ ਆਫਤਾਂ ਦਾ ਆਉਣਾ ਸੁਭਾਵਿਕ ਹੈ।

ਬਿਲਕੁਲ ਇਸੇ ਤਰਾਂ ਹਰ ਚੀਜ਼ ਦਾ ਨਿਯਮ ਹੈ, ਲੋਕਤੰਤਰ ਦੇ ਵੀ ਨਿਯਮ ਹਨ, ਪਰ ਜੇ ਸਰਕਾਰਾਂ ਇਸਦੇ ਨਿਯਮਾਂ ਦੇ ਵਿਰੁੱਧ ਚੱਲਣਗੀਆਂ ਤਾਂ ਵਿਵਸਥਾ ਵਿੱਚ ਹਿਲਜੁਲ ਹੋਣੀ ਸੁਭਾਵਿਕ ਹੈ।

ਜੇਕਰ ਮੌਜੂਦਾ ਸਮੇਂ ਵੱਲ ਧਿਆਨ ਮਾਰੀਏ ਤਾਂ ਭਾਰਤੀ ਲੋਕਤੰਤਰ ਦੇ ਹਾਲਾਤ ਕੁਝ ਸੁਖਾਵੇਂ ਨਜ਼ਰ ਨਹੀਂ ਆਉਂਦੇ। ਕਿਧਰੇ ਪੋਹ ਦੀਆਂ ਠੰਡੀਆਂ ਰਾਤਾਂ ਤੇ ਜੇਠ, ਹਾੜ ਦੀਆਂ ਤਪਦੀਆਂ ਲੋਆਂ ਆਪਣੇ ਪਿੰਡੇ ਤੇ ਸਹਾਰਦਾ ਕਿਸਾਨ, ਕਿਧਰੇ ਭੁੱਖਮਰੀ, ਕਿਧਰੇ ਇਲਾਜ ਹੱਥੋਂ ਤ੍ਰਾਹ ਤ੍ਰਾਹ ਕਰਦੇ ਲੋਕ, ਗਰੀਬੀ, ਲਾਚਾਰੀ ਨੇ ਲੋਕਤੰਤਰ ਦਾ ਲੱਕ ਵਿੰਨਿਆ ਪਿਆ ਹੈ।

ਸਿਆਣੇ ਕਹਿੰਦੇ ਨੇ ਕਿ ਗਲਤੀ ਤੋਂ ਸਿੱਖਿਆ ਲੈਣੀ ਚਾਹੀਦੀ ਹੈ ਪਰ ਅਸੀਂ ਅੱਜ ਤੱਕ ਆਪਣੀਆਂ ਗਲਤੀਆਂ ਨਹੀਂ ਸੁਧਾਰੀਆਂ, ਅਸੀਂ ਕਦੇ ਆਪਣੇ ਫਰਜ਼ ਨੂੰ ਨਹੀਂ ਪਹਿਚਾਣਿਆ। ਬਸ ਵੋਟ ਪਾਉਣ ਨੂੰ ਇੱਕ ਰਸਮ ਬਣਾ ਕੇ ਹਰ ਪੰਜਾਂ ਸਾਲਾਂ ਬਾਅਦ ਅਦਾ ਕਰ ਆਉਂਦੇ ਹਾਂ ਅਤੇ ਅਜਿਹੇ ਲੋਕਾਂ ਹੱਥ ਦੇਸ਼ ਦੀ ਵਾਂਗਡੋਰ ਫੜਾ ਦਿੰਦੇ ਹਾਂ ਜਿਨਾਂ ਨੂੰ ਲੋਕਤੰਤਰ ਦੇ ਸ਼ਾਬਦਿਕ ਅਰਥ ਵੀ ਨਹੀਂ ਪਤਾ ਹੋਣਗੇ। ਮੈਂ ਸੋਚਦੀ ਹੁੰਦੀ ਹਾਂ ਸਾਨੂੰ ਹਰ ਪੰਜ ਸਾਲਾਂ ਬਾਅਦ ਬਦਲਾਅ ਲਿਆਉਣ ਦਾ ਮੌਕਾ ਮਿਲਦਾ, ਪਰ ਬਦਲਾਅ ਤਾਂ ਆਵੇਗਾ ਜੇਕਰ ਅਸੀਂ ਆਪਣੇ ਫਰਜ਼ ਨੂੰ ਪਹਿਚਾਣਿਆ ਹੋਵੇਗਾ, ਜੇਕਰ ਅਸੀਂ ਖਬਰਦਾਰ ਹੋਏ ਹੋਵਾਂਗੇ।

ਮੈਂ ਇੱਥੇ ਇੱਕ ਗੱਲ ਕਹਿਣਾ ਮੁਨਾਸਿਬ ਸਮਝਾਂਗੀ ਕਿ ਗੱਲਾਂ ਨਾਲ ਬਦਲਾਅ ਕਦੇ ਨਹੀਂ ਆਉਂਦੇ ਹੁੰਦੇ। ਪਿੰਡ ਦੀਆਂ ਸੱਥਾਂ ਵਿੱਚ ਬੈਠ ਕੇ ਜਾਂ ਚਾਰ ਬੰਦਿਆਂ ਦੀ ਢਾਣੀ ਵਿੱਚ ਖਲੋ ਸਰਕਾਰਾਂ ਨੂੰ ਬੋਲ ਕਬੋਲ ਬੋਲਣ ਦਾ ਕੋਈ ਫਾਇਦਾ ਨਹੀਂ। ਬਦਲਾਅ ਚਾਹੁੰਦੇ ਹੋ ਤਾਂ ਬਦਲਾਅ ਲਿਆਉਣ ਦੀ ਹਿੰਮਤ ਰੱਖੋ। ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਸੂਝ-ਬੂਝ ਨਾਲ ਕਰੋ, ਨਿਡਰ ਹੋ ਕੇ ਕਰੋ। ਜੇਕਰ ਅਸੀਂ ਚਾਹੁੰਦੇ ਹਾਂ ਕਿ ਲੋਕਤੰਤਰ ਤਾਨਾਸ਼ਾਹੀ ਰੂਪ ਅਖ਼ਤਿਆਰ ਨਾ ਕਰੇ ਤਾਂ ਆਪਣੀ ਸੋਚ ਬਦਲੀਏ, ਆਪਣੀ ਕੀਮਤ ਪਹਿਚਾਣੀਏ ਅਤੇ ਆਪਣੇ ਫਰਜ਼ਾਂ ਪ੍ਰਤੀ ਖਬਰਦਾਰ ਹੋਈਏ। ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਲੋਕਤੰਤਰ ਦੀ ਪਰਿਭਾਸ਼ਾ ਕੇਵਲ ਕਿਤਾਬਾਂ ਤੱਕ ਰਹਿ ਜਾਵੇਗੀ।

# ਕਿਸਾਨੀ ਬਚਾਉਣ ਲਈ ਖੇਤੀ ਆਧਾਰਿਤ ਸਨਅਤ ਨੂੰ ਸਥਾਪਿਤ ਕੀਤਾ ਜਾਵੇ

## ✪ ਕਿਸਾਨੀ ਲਹਿਰ ਵਿਚ ਸਿੱਖ ਪੰਥ ਦਾ ਵੱਡਾ ਯੋਗਦਾਨ ✪ ਕਾਰਪੋਰੇਟ ਨਿਗਲ ਰਿਹਾ ਏ ਕਿਸਾਨੀ ਹੱਕਾਂ ਨੂੰ

**ਲਹਿੰਬਰ ਸਿੰਘ ਤੱਗੜ**

ਸਰਕਾਰ ਵਲੋਂ ਧੱਕੇ ਨਾਲ ਠੋਸੇ ਜਾ ਰਹੇ ਕਾਲੇ ਕਾਨੂੰਨਾਂ ਵਿਰੁੱਧ ਪੰਜਾਬ ਦੀ ਧਰਤੀ ਤੋਂ ਉੱਠਿਆ ਲਾਸਾਨੀ ਕਿਸਾਨ ਸੰਘਰਸ਼ ਜੋ ਕਿ ਕੇਵਲ ਪੰਜਾਬ ਦਾ ਹੀ ਨਹੀਂ ਸਗੋਂ ਸਾਰੇ ਭਾਰਤ ਦਾ, ਕੇਵਲ ਕਿਸਾਨ ਸੰਘਰਸ਼ ਹੀ ਨਹੀਂ , ਸਗੋਂ ਜਨ ਸੰਘਰਸ਼/ਲੋਕ ਲਹਿਰ ਬਣ ਚੁੱਕਾ ਹੈ, ਨੇ ਕਿਸਾਨ, ਕਿਸਾਨੀ, ਖੇਤੀ, ਜ਼ਮੀਨ, ਕਿਸਾਨੀ ਮੁੱਦੇ, ਕਿਸਾਨ ਸਮੱਸਿਆਵਾਂ ਆਦਿ ਸਭ ਕੁਝ ਨੂੰ ਚਰਚਾ ਦੇ ਕੇਂਦਰ ਵਿਚ ਲੈ ਆਂਦਾ ਹੈ। ਅਸੀਂ ਸਮਝਦੇ ਹਾਂ ਕਿ ਵਰਤਮਾਨ ਕਿਸਾਨ ਸੰਘਰਸ਼ ਦੇ ਨਾਲ-ਨਾਲ ਇਸ ਸਮੇਂ ਉਪਰੋਕਤ ਸਭ ਕੁਝ ਵਾਰੇ ਵੀ ਗੰਭੀਰ ਅਤੇ ਬੁਨਿਆਦੀ ਵਿਚਾਰਾਂ ਕਰਨੀਆਂ ਚਾਹੀਦੀਆਂ ਹਨ ਅਤੇ ਇਸ ਸੰਘਰਸ਼ ਦੀ ਪਿੱਠ ਭੂਮੀ ਨੂੰ ਗੰਭੀਰਤਾ ਨਾਲ ਸਮਝਣਾ ਚਾਹੀਦਾ ਹੈ।

ਵਰਤਮਾਨ ਸਮਿਆਂ ਵਿਚ ਜਦੋਂ ਵੀ ਕਿਸੇ ਅਖ਼ਬਾਰ ਜਾਂ ਪਰਚੇ ਵਿਚ ਕਿਸਾਨੀ, ਖੇਤੀਬਾੜੀ ਅਤੇ ਜ਼ਮੀਨ ਬਾਰੇ ਕੋਈ ਲਿਖਤ ਪ੍ਰਕਾਸ਼ਿਤ ਹੁੰਦੀ ਹੈ ਤਾਂ ਉਸ ਦੀ ਸ਼ੁਰੂਆਤ ਅਕਸਰ ਇਸ ਕਥਨ ਨਾਲ ਹੁੰਦੀ ਹੈ ਕਿ ਅੱਜ ਕੱਲ ਕਿਸਾਨੀ ਅਤੇ ਖੇਤੀ ਦਾ ਸੰਕਟ ਚਰਚਾ ਅਤੇ ਬਹਿਸ ਦਾ ਭਖਵਾਂ ਮੁੱਦਾ ਬਣਿਆ ਹੋਇਆ ਹੈ ਅਤੇ ਇਹ ਕਥਨ ਹੈ ਵੀ ਠੀਕ, ਪਰ ਇਹ ਕਥਨ ਪੂਰਨ ਨਹੀਂ ਹੈ ਅਧੂਰਾ ਹੈ। ਪੂਰਾ ਕਥਨ, ਪੂਰਾ ਸੱਚ ਅਤੇ ਪੂਰਨ ਹਕੀਕਤ ਇਹ ਹੈ ਕਿ ਕੇਵਲ ਅੱਜਕਲ ਹੀ ਨਹੀਂ ਬਲਕਿ ਮਨੁੱਖੀ ਇਤਿਹਾਸ ਦੇ ਹਰ ਦੌਰ ਵਿਚ ਇਹ ਮੁੱਦਾ ਹਮੇਸ਼ਾ ਹੀ ਭਖਵਾਂ ਰਿਹਾ ਹੈ ਤੇ ਰਹੇਗਾ। ਸਾਡੇ ਇਸ ਕਥਨ ਦੀ ਵਿਆਖਿਆ ਇਹ ਹੈ ਕਿ ਖ਼ੁਰਾਕ ਦਾ ਮਸਲਾ ਹਮੇਸ਼ਾ ਹੀ 100 ਫ਼ੀਸਦੀ ਮਨੁੱਖੀ ਵਸੋਂ ਦਾ ਮਸਲਾ ਰਿਹਾ ਹੈ ਤੇ ਰਹੇਗਾ ਤੇ ਇਸ ਖ਼ੁਰਾਕ ਦੇ ਉਤਪਾਦਨ ਵਾਸਤੇ ਕਿਸਾਨੀ ਖੇਤੀਬਾੜੀ ਅਤੇ ਜ਼ਮੀਨ ਤੋਂ ਬਿਨਾਂ ਹੋਰ ਕੋਈ ਬਦਲ ਨਹੀਂ ਹੈ। ਮਨੁੱਖੀ ਸੱਭਿਅਤਾ ਦੇ ਵਿਕਾਸ ਦੇ ਆਰੰਭਕ ਦੌਰ ਵਿਚ ਸਾਰੇ ਸੰਸਾਰ ਵਿਚ ਖੇਤੀਬਾੜੀ ਹੀ ਮਨੁੱਖੀ ਵਸੋਂ ਦੇ 95 ਫ਼ੀਸਦੀ ਹਿੱਸੇ ਲਈ ਰੁਜ਼ਗਾਰ ਦਾ ਸਾਧਨ ਸੀ। ਅੱਜ ਤੋਂ ਲਗਭਗ ਚਾਰ ਸਦੀਆਂ ਪਹਿਲਾਂ ਯੂਰਪ ਵਿਚ ਜਿਉਂ-ਜਿਉਂ ਸਨਅਤੀ ਵਿਕਾਸ ਸ਼ੁਰੂ ਹੋਇਆ ਅਤੇ ਵਧਣ ਲੱਗਾ, ਤਿਉਂ-ਤਿਉਂ ਹੀ ਖੇਤੀਬਾੜੀ ਤੋਂ ਮਨੁੱਖੀ ਰੁਜ਼ਗਾਰ ਦਾ ਭਾਰ ਘਟਣ ਲੱਗਾ। ਅੱਜਕਲ ਸੰਸਾਰ ਦੇ ਵਿਕਸਿਤ ਪੱਛਮੀ ਹਿੱਸੇ ਵਿਚ ਲਗਭਗ 10 ਫ਼ੀਸਦੀ ਵਸੋਂ ਹੀ ਕਿਸਾਨੀ ਕਿੱਤੇ ਉੱਪਰ ਗੁਜ਼ਗਾਰ ਲਈ ਨਿਰਭਰ ਰਹਿ ਗਈ ਹੈ। ਹਾਲਾਂ ਕਿ ਖੇਤੀਬਾੜੀ ਅਤੇ ਜ਼ਮੀਨ ਦੀ ਮਹੱਤਤਾ ਉਸੇ ਤਰਾਂ ਹੀ ਕਾਇਮ ਹੈ। ਪਰ ਜਿਥੋਂ ਤੱਕ ਏਸ਼ੀਆ, ਅਫਰੀਕਾ ਅਤੇ ਲਾਤੀਨੀ ਅਮਰੀਕਾ ਦੇ ਵਿਕਾਸਸ਼ੀਲ ਅਤੇ ਅਣਵਿਕਸਿਤ ਮੁਲਕਾਂ ਦਾ ਸਬੰਧ ਹੈ, ਇਨਾਂ ਦੀ 70 ਫ਼ੀਸਦੀ ਵਸੋਂ ਅੱਜ ਵੀ ਰੁਜ਼ਗਾਰ ਵਾਸਤੇ ਕਿਸਾਨੀ ਅਤੇ ਖੇਤੀ ਕਿੱਤੇ 'ਤੇ ਹੀ ਨਿਰਭਰ ਹੈ। ਇਸ ਸੰਦਰਭ ਵਿਚ ਜੇਕਰ ਅਸੀਂ ਮਨੁੱਖੀ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਮਨੁੱਖੀ ਇਤਿਹਾਸ ਆਮ ਤੌਰ 'ਤੇ ਅਤੇ ਮੁੱਖ ਤੌਰ 'ਤੇ ਕਿਸਾਨੀ ਲਹਿਰਾਂ ਅਤੇ ਕਿਸਾਨੀ ਸੰਘਰਸ਼ਾਂ ਦਾ ਹੀ ਇਤਿਹਾਸ ਹੈ। ਇਹ ਸਚਾਈ ਅਤੇ ਹਕੀਕਤ ਸਾਡੇ ਦੇਸ਼ ਭਾਰਤ ਲਈ ਵੀ ਪੂਰੀ ਤਰਾਂ ਠੀਕ, ਢੁਕਵੀਂ ਅਤੇ ਲਾਗੂ ਹੁੰਦੀ ਹੈ। ਭਾਰਤ ਦੇ ਪ੍ਰਵਾਨਿਤ ਸਨਅਤੀਕਰਨ ਅਤੇ ਸਨਅਤੀ ਵਿਕਾਸ ਦੇ ਬਾਵਜੂਦ ਸਾਡੀ ਔਸਤਨ 70 ਫ਼ੀਸਦੀ ਵਸੋਂ ਅੱਜ ਵੀ ਰੁਜ਼ਗਾਰ ਵਾਸਤੇ ਕਿਸਾਨੀ ਕਿੱਤੇ, ਖੇਤੀਬਾੜੀ ਅਤੇ ਜ਼ਮੀਨ ਉਤੇ ਹੀ ਨਿਰਭਰ ਹੈ। ਵਸੋਂ ਦੇ ਏਨੇ ਵੱਡੇ ਹਿੱਸੇ ਦੀ ਸਮੱਸਿਆ ਕੇਵਲ ਇਸ ਹਿੱਸੇ ਦੀ ਹੀ ਸਮੱਸਿਆ ਨਹੀਂ ਰਹਿ ਜਾਂਦੀ ਸਗੋਂ ਇਹ ਪੂਰੇ ਦੇਸ਼ ਦੀ ਹੀ ਸਮੱਸਿਆ ਹੈ। ਇਹ ਹਮੇਸ਼ਾ ਭਖਵੀਂ ਸਮੱਸਿਆ ਰਹੀ ਹੈ ਅਤੇ ਰਹੇਗੀ। ਉਸ ਸਮੇਂ ਤੱਕ ਜਦੋਂ ਤੱਕ ਰੁਜ਼ਗਾਰ ਦੇ ਹੋਰ ਸਾਧਨ ਪੈਦਾ ਨਹੀ ਹੋ ਜਾਂਦੇ।

ਭਾਰਤ ਦੇ ਇਤਿਹਾਸ ਦਾ ਜੇਕਰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਅਧਿਅਨ ਕੀਤਾ ਜਾਵੇ ਤਾਂ ਇਤਿਹਾਸ ਦੇ ਹਰ ਦੌਰ ਵਿਚ ਸਮੇਂ ਦੀਆਂ ਕਿਸਾਨੀ ਸਮੱਸਿਆਵਾਂ ਤੋਂ ਬੁਰੀ ਤਰਾਂ ਪ੍ਰਭਾਵਿਤ ਕਿਸਾਨੀ ਹੀ ਹਰ ਲਹਿਰ, ਹਰ ਮੋੜ ਤੇ ਹਰ ਮੌਕੇ 'ਤੇ ਇਤਿਹਾਸ ਦੀ ਚਾਲਕ ਸ਼ਕਤੀ ਰਹੀ ਹੈ। ਇਤਿਹਾਸ ਜਾਂ ਮਿਥਿਹਾਸ ਦੀ ਹਰ ਲੜਾਈ ਚਾਹੇ ਰਾਮਾਇਣ, ਮਹਾਭਾਰਤ ਦੀਆਂ ਲੜਾਈਆਂ ਹੋਣ, ਚਾਹੇ ਸਿਕੰਦਰ, ਪੋਰਸ, ਮੌਰੀਆ ਵੰਸ਼, ਗੁਪਤ ਵੰਸ਼ ਤੋਂ ਲੈ ਕੇ ਕਨਿਸ਼ਕ, ਹਰਸ਼ ਵਰਧਨ, ਪ੍ਰਿਥਵੀ ਰਾਜ ਚੌਹਾਨ, ਤੁਰਕਾਂ, ਮੁਗਲਾਂ ਸਮੇਤ ਬਰਤਾਨਵੀ ਬਸਤੀਵਾਦ ਦਾ ਇਤਿਹਾਸਕ ਦੌਰ ਹੋਵੇ, ਦੇਸ਼ ਦੀ ਕਿਸਾਨੀ ਹਮੇਸ਼ਾ ਸੰਘਰਸ਼ਾਂ ਦੇ ਮੈਦਾਨ ਵਿਚ ਰਹੀ ਹੈ। ਦੇਸ਼ ਦੀ ਸਿੱਖ ਲਹਿਰ, ਜਿਸ ਦਾ ਸਿਖਰ ਗੁਰੂ ਗੋਬਿੰਦ ਸਿੰਘ ਜੀ ਅਤੇ ਪੰਜਾਬ ਦੇ ਮਹਾਂ ਨਾਇਕ ਅਤੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਲੜੀਆਂ ਜੰਗਾਂ, ਯੁੱਧਾਂ ਵਿਚ ਹੋਇਆ, ਵੀ ਜਮਾਤੀ ਨਿਰਣੇ ਦੇ ਪੱਖ ਤੋਂ ਅਸਲ ਵਿਚ ਕਿਸਾਨ ਲਹਿਰਾਂ ਹੀ ਸਨ। ਬਾਬਾ ਬੰਦਾ ਬਹਾਦਰ ਦੇ ਸਮੇਂ ਦੇ ਸੰਘਰਸ਼ਾਂ ਦੇ ਸਿੱਟੇ ਵਜੋਂ ਤਾਂ ਪੰਜਾਬ ਦੀ ਕਿਸਾਨ ਲਹਿਰ ਨੇ ਇਤਿਹਾਸਕ ਜਮਾਤੀ ਪ੍ਰਾਪਤੀਆਂ ਵੀ ਕੀਤੀਆਂ ਜਦੋਂ ਇਸ ਇਤਿਹਾਸਕ ਮਹਾਂ ਨਾਇਕ ਨੇ ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ ਜਗੀਰਦਾਰੀ ਪ੍ਰਬੰਧ ਉਤੇ ਵਦਾਣੀ ਸੱਟਾਂ ਮਾਰਦੇ ਹੋਏ ਕਿਸਾਨਾਂ ਨੂੰ ਉਨਾਂ ਵਲੋਂ ਵਾਹੀਆਂ ਜਾਣ ਵਾਲੀਆਂ ਜ਼ਮੀਨਾਂ ਦੇ ਮਾਲਕੀ ਹੱਕ ਪ੍ਰਦਾਨ ਕਰ ਦਿੱਤੇ। ਅੰਗਰੇਜ਼ ਬਸਤੀਵਾਦੀਆਂ ਵਿਰੁੱਧ ਸਿੱਖ ਫੌਜਾਂ ਵਲੋਂ ਲੜੀਆਂ ਗਈਆਂ ਸਭਰਾਵਾਂ, ਮੁੱਦਕੀ, ਫੇਰੂ ਸ਼ਹਿਰ ਦੀਆਂ ਜੰਗਾਂ, ਅੰਗਰੇਜ਼ਾਂ ਵਲੋਂ ਪੰਜਾਬ 'ਤੇ ਕਬਜ਼ਾ ਕਰਨ ਤੋਂ ਬਾਅਦ 'ਤੇ ਇਨਾਂ ਉਪਰੋਕਤ ਮੁੱਦਿਆਂ 'ਤੇ ਹੀ ਕੇਂਦਰਿਤ ਸਨ। 1947 ਵਿਚ ਦੇਸ਼ ਦੀ ਅਜ਼ਾਦੀ ਤੋਂ ਬਾਅਦ ਦੇ ਮੁਢਲੇ 10-12 ਸਾਲਾਂ ਦੌਰਾਨ ਵੀ ਕਿਸਾਨੀ ਸੰਘਰਸ਼ ਮੁੱਖ ਤੌਰ 'ਤੇ ਇਨਾਂ ਮੁੱਦਿਆਂ ਦੇ ਆਧਾਰ 'ਤੇ ਹੀ ਪੈਦਾ ਹੋਏ ਅਤੇ ਲੜੇ ਗਏ। ਉਪਰੋਕਤ ਸਮੁੱਚੇ ਦੌਰ ਵਿਚ ਲੜੇ ਗਏ ਕਿਸਾਨ ਸੰਘਰਸ਼ਾਂ 'ਚੋਂ ਰਿਆਸਤ ਹੈਦਰਾਬਾਦ ਦਾ ਮਹਾਨ ਤਿਲੰਗਾਨਾ ਕਿਸਾਨ ਸੰਘਰਸ਼, ਮਹਾਰਾਸ਼ਟਰ ਦਾ ਵਾਰਲੀ ਆਦਿ ਵਾਸੀ ਵਿਦਰੋਹ, ਟਰਾਵਨਕੋਰ ਰਿਆਸਤ (ਵਰਤਮਾਨ ਕੇਰਲਾ) ਵਿਚ ਪੁੰਨਾਪਾਰਾ ਅਤੇ ਵਾਇਆਲੂਰ ਦੀ ਕਿਸਾਨ ਬਗਾਵਤ,



ਭਾਈ ਮਹਾਰਾਜ ਸਿੰਘ ਦੀ ਬਗਾਵਤ, ਬਾਬਾ ਰਾਮ ਸਿੰਘ ਦੀ ਅਗਵਾਈ ਹੇਠਲੀ ਕੂਕਾ ਲਹਿਰ, ਸ: ਅਜੀਤ ਸਿੰਘ ਦੀ ਅਗਵਾਈ ਹੇਠ ਪੱਗੜੀ ਸੰਭਾਲ ਜੱਟਾ ਲਹਿਰ, ਗਦਰ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਪਰਜਾ ਮੰਡਲ ਲਹਿਰ, ਕਿਰਤੀ ਲਹਿਰ, ਸ਼ਹੀਦ ਭਗਤ ਸਿੰਘ ਦੀ ਲਹਿਰ, ਇਹ ਸਭ ਲਹਿਰਾਂ ਜਮਾਤੀ ਤੌਰ 'ਤੇ ਕਿਸਾਨੀ ਲਹਿਰਾਂ ਹੀ ਸਨ। ਭਾਰਤ ਵਿਚ ਅੰਗਰੇਜ਼ ਰਾਜ ਦੀ ਸ਼ੁਰੂਆਤ 1757 ਵਿਚ ਪਲਾਸੀ ਦੇ ਯੁੱਧ ਵਿਚ ਅੰਗਰੇਜ਼ ਦੀ ਜਿੱਤ ਨਾਲ ਹੋਈ ਸੀ। 1857 ਦੀ ਅਜ਼ਾਦੀ ਦੀ ਪਹਿਲੀ ਲੜਾਈ ਵਿਚ ਅੰਗਰੇਜ਼ਾਂ ਦੀ ਜਿੱਤ ਨਾਲ ਭਾਰਤ ਮੁਕੰਮਲ ਤੌਰ 'ਤੇ ਅੰਗਰੇਜ਼ ਸਾਮਰਾਜਵਾਦ ਦੇ ਅਧੀਨ ਹੋ ਗਿਆ ਅਤੇ 1947 ਵਿਚ ਸੁਤੰਤਰਤਾ ਪ੍ਰਾਪਤੀ ਦੇ ਅਮਲ ਨਾਲ ਅੰਗਰੇਜ਼ ਸਾਮਰਾਜਵਾਦ ਦਾ ਸਿੱਧਾ ਰਾਜ ਖ਼ਤਮ ਹੋ ਗਿਆ।

ਬਰਤਾਨਵੀ ਸਾਮਰਾਜਵਾਦ ਦੇ ਇਸ ਦੋ ਸੌ ਸਾਲਾ ਰਾਜ ਦੇ ਸਮੇਂ ਦੌਰਾਨ ਅੰਗਰੇਜ਼ ਹਕੂਮਤ ਦਾ ਸਭ ਤੋਂ ਵੱਡਾ ਉਦੇਸ਼ ਭਾਰਤ ਦੀ ਖੇਤੀ ਵਿਵਸਥਾ ਨੂੰ ਜਕੜ ਕੇ ਇਸ ਪ੍ਰਕਾਰ ਢਾਲਣਾ ਸੀ ਕਿ ਇਥੇ ਵੱਧ ਤੋਂ ਵੱਧ ਕੱਚਾ ਮਾਲ ਤਿਆਰ ਕਰਕੇ ਆਪਣੀਆਂ ਇੰਗਲੈਂਡ ਵਿਚਲੀਆਂ ਸਨਅਤਾਂ ਨੂੰ ਪ੍ਰਫੁੱਲਿਤ ਕੀਤਾ ਜਾਵੇ। ਇਸ ਮੰਤਵ ਦੀ ਪ੍ਰਾਪਤੀ ਲਈ ਅੰਗਰੇਜ਼ ਹਕੂਮਤ ਨੇ ਭਾਰਤ ਵਿਚ ਨਾ ਕੇਵਲ ਜਗੀਰਦਾਰੀ ਸਿਸਟਮ ਦੀ ਰਾਖੀ ਹੀ ਕੀਤੀ ਸਗੋਂ ਇਸ ਨੂੰ ਹੋਰ ਪੱਕੇ ਪੈਰੀਂ ਕੀਤਾ। ਕਿਸਾਨੀ ਦੀ ਵੱਧ ਤੋਂ ਵੱਧ ਲੁੱਟ ਕਰਨ ਲਈ ਟੈਕਸਾਂ, ਮਾਲੀਆ ਆਦਿ ਦਾ ਵੱਧ ਤੋਂ ਵੱਧ ਬੋਝ ਪਾਇਆ ਗਿਆ। ਇਨਾਂ ਨੀਤੀਆਂ ਕਾਰਨ ਭਾਰਤ ਦੀ ਕਿਸਾਨੀ ਕਰਜ਼ਿਆਂ ਦੇ ਵਿਆਪਕ ਮੱਕੜ ਜਾਲ ਵਿਚ ਇਸ ਹੱਦ ਤੱਕ ਫਸਦੀ ਚਲੀ ਗਈ, ਜਿਸ ਤੋਂ ਛੁਟਕਾਰਾ ਹਾਸਲ ਕਰਨ ਦਾ ਕੋਈ ਚਾਰਾ ਹੀ ਨਾ ਰਹਿ ਗਿਆ। ਇਨਾਂ ਸਮਿਆਂ ਦੌਰਾਨ ਪੰਜਾਬ, (ਬ੍ਰਿਟਿਸ਼ ਭਾਰਤ) ਦੇ ਫਾਇਨੈਂਸ਼ੀਅਲ ਕਮਿਸ਼ਨਰ ਅਤੇ ਪ੍ਰਸਿੱਧ ਭਾਰਤੀ ਲੇਖਕ ਸਰ ਮੈਲੱਕੌਲਮ ਲਾਇਲ ਡਾਰਲਿੰਗ ਆਈ.ਸੀ.ਐਸ. ਨੇ ਕਿਸਾਨੀ ਕਰਜ਼ੇ ਦੀ ਸਮੱਸਿਆ ਦੀ ਗੰਭੀਰਤਾ ਇਨਾਂ ਸ਼ਬਦਾਂ ਨਾਲ ਪੇਸ਼ ਕੀਤੀ ਕਿ 'ਭਾਰਤ ਦਾ ਕਿਸਾਨ ਕਰਜ਼ੇ ਵਿਚ ਜੰਮਦਾ ਹੈ, ਕਰਜ਼ੇ ਵਿਚ ਹੀ ਜਿਊਂਦਾ ਹੈ ਅਤੇ ਕਰਜ਼ੇ ਵਿਚ ਹੀ ਮਰ ਜਾਂਦਾ ਹੈ।' ਇਹ ਵਿਆਖਿਆ ਅੱਜ ਵੀ ਪ੍ਰਸੰਗਿਕ ਅਤੇ ਸਹੀ ਹੈ। ਬਰਤਾਨਵੀ ਸਾਮਰਾਜਵਾਦ ਦੇ ਇਸ ਦੌਰ ਵਿਚ ਭਾਰਤ ਦੀ ਕਿਸਾਨੀ ਲਹਿਰ ਸਾਹਮਣੇ ਜਿਹੜੇ ਮੁੱਦੇ ਮੁੱਖ ਤੌਰ 'ਤੇ ਪੈਦਾ ਹੋਏ ਉਹ ਸਨ ਜਗੀਦਰਾਰੀ ਸਿਸਟਮ ਦਾ ਖਾਤਮਾ, ਜ਼ਮੀਨੀ ਸੁਧਾਰ ਅਰਥਾਤ ਜ਼ਮੀਨ ਦੀ ਮੁੜ ਵੰਡ, ਅਸਹਿ ਟੈਕਸਾਂ ਦੇ ਬੋਝ ਨੂੰ ਖ਼ਤਮ ਕਰਨਾ, ਕਰਜ਼ੇ ਦੇ ਮੱਕੜ ਜਾਲ ਚੋਂ ਕਿਸਾਨੀ ਅਤੇ ਕਿਸਾਨੀ ਦੀਆਂ ਜ਼ਮੀਨਾਂ ਦੀ ਮੁਕਤੀ ਆਦਿ। ਇਸ ਸਾਰੇ ਦੌਰ ਦੌਰਾਨ ਜਿੰਨੇ ਵੀ ਕਿਸਾਨ ਸੰਘਰਸ਼ ਪੈਦਾ ਹੋਏ, ਕਿਸਾਨੀ ਲਹਿਰਾਂ ਲੜੀਆਂ ਗਈਆਂ ਅਤੇ ਕਿਸਾਨੀ ਬਗ਼ਾਵਤਾਂ ਹੋਈਆਂ ਉਹ ਮੁੱਖ ਤੌਰ ਬੰਗਾਲ ਦੀ ਮਹਾਨ ਤਿਭਾਗਾ ਮੂਵਮੈਂਟ, ਆਸਾਮ ਵਿਚ ਸੁਰਮਾ ਵਾਦੀ ਦਾ ਕਿਸਾਨ ਸੰਘਰਸ਼, ਬਿਹਾਰ ਦੀ ਬਾਕਸ਼ਤ ਕਿਸਾਨ ਲਹਿਰ, ਮਾਲਾਬਾਰ ਦਾ ਕਿਸਾਨ ਸੰਘਰਸ਼, ਤ੍ਰਿਪੁਰਾ ਦੀ ਆਦਿ ਵਾਸੀ ਕਿਸਾਨ ਬਗਾਵਤ, ਪੰਜਾਬ ਵਿਚ ਪੈਪਸੂ ਅਤੇ ਹੋਰ ਜਗੀਰਦਾਰੀ ਇਲਾਕਿਆਂ ਦੀ ਮਹਾਨ ਮੁਜ਼ਾਰਾ ਲਹਿਰ ਅਤੇ ਅਜਿਹੇ ਹੋਰ ਅਨੇਕਾਂ ਮਹੱਤਵਪੂਰਨ ਸੁਨਹਿਰੀ ਅੱਖਰਾਂ ਵਿਚ ਲਿਖੇ ਗਏ ਇਤਿਹਾਸਕ ਸੰਘਰਸ਼ ਹਨ। ਇਹ ਸਾਰੇ ਸੰਘਰਸ਼ ਜਿਥੇ ਕਿਸਾਨੀ ਦੇ ਜਨਤਕ ਸੰਘਰਸ਼ ਸਨ ਉਥੇ ਇਨਾਂ ਨੇ ਸਿਖਰਾਂ 'ਤੇ ਪੁੱਜ ਕੇ ਹਥਿਆਰਬੰਦ ਸੰਘਰਸ਼ਾਂ ਦਾ ਰੂਪ ਵੀ ਅਖਤਿਆਰ ਕੀਤਾ। ਇਨਾਂ ਸੰਘਰਸ਼ਾਂ ਦੌਰਾਨ ਕਿਸਾਨੀ ਨੇ ਸੂਰਬੀਰਤਾ ਅਤੇ ਕੁਰਬਾਨੀਆਂ ਦੇ ਲਾਮਿਸਾਲ ਜੌਹਰ ਵਿਖਾਏ। ਇਕੱਲੇ ਤਿਲੰਗਾਨਾ ਸੰਘਰਸ਼ ਦੌਰਾਨ ਹੀ ਚਾਰ ਹਜ਼ਾਰ ਤੋਂ ਵੱਧ ਕਿਸਾਨਾਂ ਨੇ ਜਾਨਾਂ ਵਾਰ ਦਿੱਤੀਆਂ ਅਤੇ ਸ਼ਹੀਦੀਆਂ ਅਤੇ ਕੁਰਬਾਨੀਆਂ ਦੀਆਂ ਲਾਸਾਨੀ ਅਤੇ ਸ਼ਾਨਾਮੱਤੀਆਂ ਗਾਥਾਵਾਂ ਲਿਖੀਆਂ।

**ਕਿਸਾਨੀ ਸੰਘਰਸ਼ਾਂ ਦੀਆਂ ਵੱਡੀਆਂ ਪ੍ਰਾਪਤੀਆਂ**

ਪੰਜਾਬ ਦੇ ਸੰਦਰਭ ਵਿਚ ਇਨਾਂ ਸਮਿਆਂ ਦੌਰਾਨ ਪ੍ਰਮੁੱਖ ਤੌਰ 'ਤੇ ਪਗੜੀ ਸੰਭਾਲ ਜੱਟਾ ਲਹਿਰ (1907), ਬੰਨੇ ਤੇ ਅੱਧੋ ਅੱਧ ਦਾ ਸੰਘਰਸ਼ (1938), ਸ਼ਾਹੂਕਾਰ ਕਰਜ਼ੇ ਵਿਰੁੱਧ ਸੰਘਰਸ਼ (1937-38), ਲਾਹੌਰ ਦਾ ਮੋਰਚਾ (1939), ਹਰਸਾ ਛੀਨਾ ਮੋਘਾ ਮੋਰਚਾ (1946), ਇਤਿਹਾਸਕ ਮੁਜ਼ਾਰਾ ਲਹਿਰ (1953 ਤੱਕ), ਖੁਸ਼ਹੈਸ਼ੀਅਤੀ ਟੈਕਸ ਵਿਰੁੱਧ ਮਹਾਨ ਕਿਸਾਨ ਮੋਰਚਾ (1959) ਆਦਿ ਵਰਨਣਯੋਗ ਕਿਸਾਨ ਸੰਘਰਸ਼ ਹਨ। ਉਪਰੋਕਤ ਕਿਸਾਨ ਸੰਘਰਸ਼ਾਂ ਦੌਰਾਨ ਹੀ 1936 ਵਿਚ ਦੇਸ਼ ਦੀ ਇਤਿਹਾਸਕ ਕਿਸਾਨ ਜਥੇਬੰਦੀ ਆਲ ਇੰਡੀਆ ਕਿਸਾਨ ਸਭਾ ਅਤੇ 1937 ਵਿਚ ਪੰਜਾਬ ਕਿਸਾਨ ਸਭਾ ਦੀ ਸਥਾਪਨਾ ਹੋਈ। ਇਹ ਸਾਰੇ ਸੰਘਰਸ਼ ਮੁੱਖ ਤੌਰ 'ਤੇ ਕਿਸਾਨ ਸਭਾ ਦੀ ਅਗਵਾਈ ਵਿਚ ਹੀ ਲੜੇ ਗਏ। ਇਨਾਂ ਸੰਘਰਸ਼ਾਂ ਦੀਆਂ ਇਤਿਹਾਸਕ ਪ੍ਰਾਪਤੀਆਂ ਹੋਈਆਂ। ਇਨਾਂ 'ਚੋਂ ਸਭ ਤੋਂ ਵੱਡੀ ਪ੍ਰਾਪਤੀ ਤਾਂ ਇਹ ਹੋਈ ਕਿ 1947 ਤੋਂ ਪਹਿਲਾਂ ਦੇ ਸੰਘਰਸ਼ਾਂ ਨੇ ਦੇਸ਼ ਦੇ ਕਰੋੜਾਂ ਕਿਸਾਨਾਂ ਨੂੰ ਜਨਤਕ ਲਾਮਬੰਦੀ ਦੀ ਨੀਤੀ 'ਤੇ ਚਲਦਿਆਂ ਹੋਇਆਂ ਧੂਹ ਕੇ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਸ਼ਾਮਿਲ ਕਰ ਦਿੱਤਾ। ਨਾਲ ਲਗਦੇ ਹੀ ਜ਼ਮੀਨ ਦੀ ਮੁੜ ਵੰਡ ਅਰਥਾਤ ਜ਼ਮੀਨੀ ਸੁਧਾਰਾਂ ਦਾ ਸਵਾਲ ਦੇਸ਼ ਦੇ ਏਜੰਡੇ 'ਤੇ ਆ ਗਿਆ। ਲਗਭਗ ਸਾਰੇ ਪ੍ਰਾਂਤਾਂ ਵਿਚ ਹੀ ਜ਼ਮੀਨੀ ਸੁਧਾਰ ਕਾਨੂੰਨ ਪਾਸ ਕਰਨੇ ਪਏ। ਇਨਾਂ ਕਾਨੂੰਨਾਂ ਵਿਚ ਅਨੇਕਾਂ ਖਾਮੀਆਂ, ਕਮਜ਼ੋਰੀਆਂ ਅਤੇ ਚੋਰ ਮੋਰੀਆਂ ਦੇ ਬਾਵਜੂਦ ਦੇਸ਼ ਭਰ ਵਿਚ ਖ਼ਾਸ ਕਰਕੇ ਪੱਛਮੀ ਬੰਗਾਲ, ਕੇਰਲਾ, ਤ੍ਰਿਪੁਰਾ, ਪੰਜਾਬ, ਜੰਮੂ ਕਸ਼ਮੀਰ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਮਹਾਰਾਸ਼ਟਰ, ਆਸਾਮ, ਬਿਹਾਰ ਆਦਿ ਪ੍ਰਾਂਤਾਂ ਵਿਚ ਕਰੋੜਾਂ ਏਕੜ ਜਗੀਰੂ ਤੇ ਸਰਕਾਰੀ ਜ਼ਮੀਨਾਂ ਦੇ ਕਿਸਾਨ ਮਾਲਕ ਬਣੇ। ਇਕੱਲੇ ਪੰਜਾਬ ਵਿਚ ਹੀ ਪੈਪਸੂ ਦੇ 1053 ਦੇ ਮੁਜ਼ਾਰਾ ਐਕਟ ਤਹਿਤ 20 ਲੱਖ ਏਕੜ ਤੋਂ ਵੱਧ ਜ਼ਮੀਨਾਂ ਦੇ ਮਾਲਕੀ ਹੱਕ ਮੁਜ਼ਾਰਿਆਂ ਨੂੰ ਪ੍ਰਾਪਤ ਹੋਏ। ਕਰਜ਼ਿਆਂ ਤੋਂ ਰਾਹਤ ਲਈ ਵੀ ਕੁਝ ਪ੍ਰਭਾਵਸ਼ਾਲੀ ਕਾਨੂੰਨ ਬਣਾਉਣੇ ਪਏ। 1937 ਵਿਚ ਪੰਜਾਬ ਵਿਚ ਸਰ ਛੋਟੂ ਰਾਮ ਵਲੋਂ ਪਾਸ ਕੀਤੇ ਗਏ ਕਰਜ਼ਾ ਰਾਹਤ ਕਾਨੂੰਨ ਇਨਾਂ ਦੀ ਉੱਘੜਵੀਂ ਉਦਾਹਰਨ ਹਨ। ਇਨਾਂ ਕਾਨੂੰਨਾਂ ਤਹਿਤ ਸ਼ਾਹੂਕਾਰਾਂ ਕੋਲ ਕਿਸਾਨਾਂ ਦੀਆਂ ਕਰਜ਼ਿਆਂ ਕਾਰਨ ਗਿਰਵੀ ਪਈਆਂ ਲੱਖਾਂ ਏਕੜ ਜ਼ਮੀਨਾਂ ਮੁਕਤ ਹੋ ਗਈਆਂ। ਟੈਕਸਾਂ ਦੇ ਬੋਝ ਤੋਂ ਵੀ ਪ੍ਰਭਾਵਸ਼ਾਲੀ ਰਿਆਇਤਾਂ ਪ੍ਰਾਪਤ ਹੋਈਆਂ।

ਉਪਰੋਕਤ ਪ੍ਰਾਪਤੀਆਂ ਭਾਵੇਂ ਕਿਸਾਨ ਲਹਿਰ ਦੇ ਇਤਿਹਾਸ ਵਿਚ ਬਹੁਤ ਵੱਡੀਆਂ ਹਨ ਪਰ ਕਿਸਾਨੀ ਅਤੇ ਖੇਤੀ ਦਾ ਸੰਕਟ ਏਨਾ ਵਿਸ਼ਾਲ ਅਤੇ ਵਿਕਰਾਲ ਸੀ ਅਤੇ ਹੈ ਕਿ ਕਿਸਾਨੀ ਦੀ ਆਰਥਿਕ ਹਾਲਤ ਵਿਚ ਕੋਈ ਬੁਨਿਆਦੀ ਸੁਧਾਰ ਨਾ ਹੋ ਸਕਿਆ। ਖੇਤੀ ਪਛੜੀ ਰਹੀ ਅਤੇ ਜ਼ਮੀਨੀ ਸੁਧਾਰਾਂ ਦਾ ਮੁੱਦਾ ਉਪਰੋਕਤ ਪ੍ਰਾਪਤੀਆਂ ਦੇ ਬਾਵਜੂਦ ਕਿਸਾਨ ਲਹਿਰ ਦੇ ਸਾਹਮਣੇ ਇਕ ਪ੍ਰਮੁੱਖ ਮੁੱਦਾ ਰਿਹਾ ਅਤੇ ਅੱਜ ਵੀ ਹੈ। 1950ਵਿਆਂ ਦੇ ਅਖੀਰ ਵਿਚ ਕੇਂਦਰੀ ਸਰਕਾਰ ਵਲੋਂ ਕਿਸਾਨ ਲਹਿਰ ਦੇ ਦਬਾਅ ਅਧੀਨ ਵੰਡਣ ਵਾਸਤੇ ਜ਼ਮੀਨ ਦੀ ਨਿਸ਼ਾਨਦੇਹੀ ਕਰਨ ਲਈ 'ਮਹਾਲੋਨੋਬਿਸ ਕਮੇਟੀ' ਦਾ ਗਠਨ ਕੀਤਾ ਗਿਆ। ਇਸ ਕਮੇਟੀ ਨੇ ਰਿਪੋਰਟ ਦਿੱਤੀ ਕਿ ਵੱਖ-ਵੱਖ ਪ੍ਰਾਂਤਾਂ ਵਿਚ ਪਾਸ ਹੋਏ ਜ਼ਮੀਨੀ ਸੁਧਾਰ ਐਕਟਾਂ ਦੇ ਕਾਨੂੰਨੀ ਘੇਰੇ ਵਿਚ ਰਹਿੰਦਿਆਂ ਹੋਇਆਂ ਵੀ ਲਗਭਗ 6 ਕਰੋੜ 30 ਲੱਖ ਏਕੜ ਸਰਪਲੱਸ ਜ਼ਮੀਨ ਗ਼ਰੀਬ ਤੇ ਬੇਜ਼ਮੀਨੇ ਕਿਸਾਨਾਂ ਵਿਚ ਵੰਡਣ ਲਈ ਉਪਲਬਧ ਹੈ। ਪਰ ਇਸ ਵਿਸ਼ਾਲ ਰਕਬੇ ਦਾ ਇਕ ਬਹੁਤ ਛੋਟਾ ਜਿਹਾ ਭਾਗ ਕੇਵਲ 53 ਲੱਖ ਏਕੜ ਤੋਂ ਵੀ ਘੱਟ ਜ਼ਮੀਨ ਸਾਰੇ ਦੇਸ਼ ਵਿਚ ਵੰਡੀ ਜਾ ਸਕੀ। ਇਸ ਵਿਚੋਂ ਵੀ ਸਾਢੇ 10 ਲੱਖ ਏਕੜ ਦੇ ਕਰੀਬ ਜ਼ਮੀਨ ਇਕੱਲੇ ਪੱਛਮੀ ਬੰਗਾਲ ਵਿਚ ਹੀ ਸ਼ਕਤੀਸ਼ਾਲੀ ਕਿਸਾਨ ਲਹਿਰ ਸਦਕਾ ਅਤੇ ਖੱਬੇ ਮੋਰਚੇ ਦੀ ਸਰਕਾਰ ਦੇ ਯਤਨਾਂ ਸਦਕਾ ਵੰਡੀ ਗਈ ਹੈ। ਬਾਕੀ ਸਾਰੀ ਜ਼ਮੀਨ ਜਗੀਰਦਾਰਾਂ ਅਤੇ ਹੋਰ ਲੁਟੇਰੀਆਂ ਜਮਾਤਾਂ/ਸ਼ਕਤੀਆਂ ਨੇ ਚੋਰ ਮੋਰੀਆਂ ਰਾਹੀਂ ਖ਼ੁਰਦ-ਬੁਰਦ ਕਰ ਲਈ ਹੈ।

ਉਪਰੋਕਤ ਪਿੱਠ ਭੂਮੀ ਵਿਚ ਵਰਤਮਾਨ ਦੌਰ ਵਿਚ ਭਾਰਤ ਦੀ ਕਿਸਾਨ ਲਹਿਰ ਸਾਹਮਣੇ ਦਰਪੇਸ਼ ਕਿਸਾਨ ਮੁੱਦਿਆਂ ਨੂੰ ਰੇਖਾਂਕਿਤ ਕਰਨ ਤੋਂ ਪਹਿਲਾਂ ਇਥੇ ਅਸੀਂ ਕਿਸਾਨੀ, ਖੇਤੀਬਾੜੀ, ਕਿਸਾਨ ਲਹਿਰ ਬਾਰੇ ਕੁਝ ਇਕ ਪ੍ਰਵਾਨਿਤ ਅਤੇ ਸੰਸਥਾਪਤ ਪੱਖਾਂ ਅਤੇ ਸਥਾਪਨਾਵਾਂ ਦਾ ਜ਼ਿਕਰ ਕਰਨਾ ਯੋਗ ਅਤੇ ਜ਼ਰੂਰੀ ਸਮਝਦੇ ਹਾਂ। ਇਸ ਸਬੰਧੀ ਸਭ ਤੋਂ ਪਹਿਲੀ ਅਤੇ ਅਤਿ ਮਹੱਤਵਪੂਰਨ ਸਥਾਪਨਾ ਇਹ ਹੈ ਕਿ ਸਮੁੱਚੇ ਸੰਸਾਰ ਵਾਸਤੇ ਖੇਤੀਬਾੜੀ ਸਿਰਫ ਇਕ ਕਿੱਤਾ ਹੀ ਨਹੀਂ ਹੈ ਅਤੇ ਨਾ ਹੀ ਇਹ ਕੋਈ ਲਾਹੇਵੰਦ ਕਾਰੋਬਾਰ (ਬਿਜ਼ਨਸ) ਹੈ। ਖੇਤੀਬਾੜੀ ਧਰਤੀ ਉਤੇ ਜੀਵਨ, ਖ਼ਾਸ ਕਰਕੇ ਮਨੁੱਖੀ ਜੀਵਨ ਲਈ ਇਕ ਮੁਢਲੀ ਸ਼ਰਤ ਅਤੇ ਜ਼ਰੂਰਤ ਹੈ। ਇਸ ਲਈ ਮਨੁੱਖਤਾ ਨੂੰ ਖੇਤੀਬਾੜੀ ਨੂੰ ਇਸੇ ਸੰਦਰਭ ਵਿਚ ਹੀ ਲੈਣਾ ਚਾਹੀਦਾ ਹੈ ਨਾ ਕਿ ਇਕ ਲਾਭਦਾਇਕ ਕਾਰੋਬਾਰ ਵਜੋਂ। ਪਰ ਅੱਜ ਦੀਆਂ ਸਾਮਰਾਜਵਾਦੀ ਅਤੇ ਕਾਰਪੋਰੇਟ ਸ਼ਕਤੀਆਂ ਖੇਤੀਬਾੜੀ ਨੂੰ ਇਕ ਲਾਭਦਾਇਕ ਵਪਾਰ ਵਜੋਂ ਅਤੇ ਦੁਨੀਆ ਦੀ ਕੁੱਲ ਵਸੋਂ ਅਤੇ ਸਾਰੇ ਦੇਸ਼ਾਂ ਨੂੰ ਆਪਣੇ ਪ੍ਰਭਾਵ ਅਤੇ ਕਬਜ਼ੇ ਹੇਠ ਕਰਨ ਲਈ ਇਕ ਹਥਿਆਰ ਵਜੋਂ ਵਰਤਣ ਦੇ ਰਾਹ 'ਤੇ ਚੱਲ ਰਹੀਆਂ ਹਨ।

ਖੇਤੀਬਾੜੀ ਸਬੰਧੀ ਇਕ ਹੋਰ ਏਨੀ ਹੀ ਮਹੱਤਵਪੂਰਨ ਸਥਾਪਨਾ ਇਹ ਹੈ ਕਿ ਇਤਿਹਾਸ ਦੇ ਹਰ ਦੌਰ ਵਿਚ, ਦੁਨੀਆ ਦੇ ਹਰ ਦੇਸ਼ ਵਿਚ, ਸਮਾਜ ਦੇ ਹਰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸਿਸਟਮ ਵਿਚ, ਚਾਹੇ ਇਹ ਸਿਸਟਮ ਗੁਲਾਮਦਾਰੀ ਦਾ ਹੋਵੇ, ਜਗੀਰਦਾਰੀ ਜਾਂ ਪੂੰਜੀਵਾਦ ਦਾ ਹੋਵੇ ਜਾਂ ਸਮਾਜਵਾਦ ਦਾ ਹੋਵੇ, ਗੁਲਾਮੀ ਦਾ ਹੋਵੇ ਜਾਂ ਆਜ਼ਾਦੀ ਦਾ, ਤਾਨਾਸ਼ਾਹੀ ਦਾ ਹੋਵੇ ਜਾਂ ਜਮਹੂਰੀਅਤ ਦਾ, ਕਿਸੇ ਵੀ ਦੌਰ ਵਿਚ ਅਰਥਾਤ ਹਰ ਦੌਰ ਵਿਚ ਖੇਤੀਬਾੜੀ ਸਰਕਾਰੀ ਸਹਾਇਤਾ, ਸਰਕਾਰੀ ਸੁਰੱਖਿਆ ਅਤੇ ਸਰਕਾਰੀ ਨਿਵੇਸ਼ ਤੋਂ ਬਿਨਾਂ ਕਿਸੇ ਵੀ ਪੱਖ ਤੋਂ ਵਿਕਾਸ ਨਹੀਂ ਕਰ ਸਕਦੀ। ਦੂਸਰੇ ਸ਼ਬਦਾਂ ਵਿਚ ਖੇਤੀ ਖੇਤਰ ਨੂੰ ਕਾਇਮ ਰਹਿਣ ਅਤੇ ਵਿਕਾਸ ਕਰਨ ਲਈ ਸਰਕਾਰੀ ਸਹਾਇਤਾ, ਬੁਨਿਆਦੀ ਸ਼ਰਤ ਅਤੇ ਜ਼ਰੂਰਤ ਹੈ। ਇਸ ਵਾਸਤੇ ਦੁਨੀਆ ਦੇ ਕਿਸੇ ਵੀ ਦੇਸ਼ ਦੀ, ਕਿਸੇ ਵੀ ਕਿਸਮ ਦੀ ਕਿਸੇ ਵੀ ਸਰਕਾਰ ਵਾਸਤੇ ਖੇਤੀ ਖੇਤਰ ਦੀ ਹਰ ਪ੍ਰਕਾਰ ਦੀ ਸਹਾਇਤਾ ਕਰਨੀ ਲਾਜ਼ਮੀ ਹੈ। ਪਰ ਅੱਜ ਦੇ ਦੌਰ ਦੀਆਂ ਲੋਟੂ ਵਰਗਾਂ ਦੀਆਂ ਸਰਕਾਰਾਂ ਏਨੀਆਂ ਅਣਮਨੁੱਖੀ ਅਤੇ ਮੁਨਾਫ਼ਾਖੋਰ ਹੋ ਚੁੱਕੀਆਂ ਹਨ ਕਿ ਉਨਾਂ ਵਾਸਤੇ ਆਪਣੇ ਅਤੇ ਆਪਣੀਆਂ ਜਮਾਤਾਂ ਦੇ ਅੰਨੇ ਮੁਨਾਫ਼ੇ ਪਹਿਲਾਂ ਹਨ ਅਤੇ ਬਾਕੀ ਸਭ ਕੁਝ ਪਿੱਛੋਂ।

**ਬਾਕੀ ਸਫ਼ਾ 31 'ਤੇ**



# ਸਿਹਤ ਸੰਭਾਲ




# ਕਰੋਨਾ ਵਾਇਰਸ ਕਰ ਰਿਹਾ ਸਿੱਧਾ ਦਿਲ ’ਤੇ ਅਟੈਕ



**ਸਰਬਜੀਤ ਕੌਰ ਸਰਬ**

ਕੋਰੋਨਾ ਦੇ ਮਾਮਲੇ ਦਿਨੋ ਦਿਨ ਵਧਦੇ ਜਾ ਰਹੇ ਹਨ। ਇਹ ਖ਼ਤਰਨਾਕ ਬਿਮਾਰੀ ਹੁਣ ਤੱਕ ਲੱਖਾਂ ਲੋਕਾਂ ਦੀ ਜਾਨ ਲੈ ਚੁੱਕੀ ਹੈ। ਕੋਰੋਨਾ ਵਾਇਰਸ ਦਾ ਸੰਕਰਮਣ ਨੱਕ, ਗਲ਼ਾ, ਫੇਫੜਿਆਂ ਦੇ ਨਾਲ ਹੀ ਦਿਲ ’ਤੇ ਵੀ ਹਮਲਾ ਕਰ ਰਿਹਾ ਹੈ। ਸੰਕਰਮਣ ਕਾਰਨ ਰੋਗੀਆਂ ਦੀ ਧੜਕਨ ਬੇਕਾਬੂ ਹੋ ਰਹੀ ਹੈ। ਇਸ ਦੇ ਨਾਲ ਹੀ ਉਨਾਂ ਦੇ ਦਿਲ ’ਚ ਦਰਦ ਵੀ ਹੋ ਰਿਹਾ ਹੈ। ਕਾਰਡੀਓਲਾਜੀ ਸੰਸਥਾਨ ਅਤੇ ਹੈਲਟ ਹਸਪਤਾਲ ਦੀ ਐਮਰਜੈਂਸੀ ’ਚ ਇਸ ਤਰਾਂ ਦੀ ਸਮੱਸਿਆਵਾਂ ਲੈ ਕੇ ਕਈ ਰੋਗੀ ਆ ਰਹੇ ਹਨ। ਉਨਾਂ ਨੂੰ ਹਾਰਟ ਅਟੈਕ ਜਿਹਾ ਮਹਿਸੂਸ ਹੋ ਰਿਹਾ ਹੈ। ਅਜਿਹੀ ਸਮੱਸਿਆ ਹਾਈ ਬਲੱਡ ਪ੍ਰੈਸ਼ਰ ਵਾਲੇ ਮਰੀਜ਼ਾਂ ਨੂੰ ਹੁੰਦੀ ਸੀ। ਹੁਣ ਸਧਾਰਨ ਸੰਕਰਮਿਤਾਂ ’ਚ ਵੀ ਇਹ ਸਮੱਸਿਆ ਹੋਣ ਲੱਗੀ ਹੈ। ਖ਼ੂਨ ਦੇ ਕਲੋਟ ਜੰਮਣ ਨਾਲ ਉਨਾਂ ਦੇ ਦਿਲ ਦੇ ਕਾਰਜ ਕਰਨ ਦੀ ਪ੍ਰਣਾਲੀ ’ਚ ਗੜਬੜੀ ਹੋ ਰਹੀ ਹੈ।

ਇਕ ਕਾਰਡਿਕ ਸਰਜਨ ਨੇ ਦੱਸਿਆ ਕਿ ਐਮਰਜੈਂਸੀ ’ਚ ਕਈ ਮਰੀਜ਼ ਹਾਰਟ ਅਟੈਕ ਦੀ ਸਮੱਸਿਆ ਲੈ ਕੇ ਆ ਰਹੇ ਹਨ। ਉਨਾਂ ਨੇ ਮਾਇਓਕਾਰਡੀਅਲ ਇਨਫ੍ਰੈਕਸ਼ਨ ਦੀ ਦਿੱਕਤ ਰਹਿੰਦੀ ਹੈ। ਕੋਵਿਡ ਸੰਕਰਮਣ ਹੁੰਦੇ ਹੀ ਖ਼ੂਨ ਦੀਆਂ ਨਾੜੀਆਂ ’ਚ ਕਲੋਟ ਜੰਮਣ ਲੱਗਦੇ ਹਨ। ਇਸ ਕਾਰਨ ਖ਼ੂਨ ਦਾ ਵਹਾਅ ਘੱਟ ਹੋ ਜਾਂਦਾ ਹੈ। ਇਸ ਸਥਿਤੀ ’ਚ ਦਿਲ ਦਾ ਦੌਰਾ ਪੈਂਦਾ ਹੈ। ਇਸ ਤੋਂ ਇਲਾਵਾ ਕਾਰਡੀਟਿਸ ਦੇ ਨਾਲ ਕਈ ਰੋਗੀ ਆ ਰਹੇ ਹਨ। ਇਸ ’ਚ ਪਲਸ ਰੇਟ ਡਿੱਗ ਕੇ 30 ਤੱਕ ਪਹੁੰਚ ਜਾਂਦਾ ਹੈ। ਐਮਰਜੈਂਸੀ ’ਚ ਤੁਰੰਤ ਪੇਸ ਮੇਕਰ ਪਾਉਣ ਦੀ ਨੌਬਤ ਆਉਂਦੀ ਹੈ। ਇਹ ਸਮੱਸਿਆ ਸੰਕਰਮਣ ਕਾਰਨ ਆ ਰਹੀ ਹੈ। ਆਮ ਪਲਸ ਰੇਟ 60 ਤੋਂ 90 ’ਚ ਰਹਿੰਦੀ ਹੈ।

ਜੀ.ਐੱਸ.ਵੀ.ਐੱਮ ਮੈਡੀਕਲ ਕਾਲਜ ਦੇ ਮੈਡੀਸਨ ਵਿਭਾਗ ਦੇ ਪ੍ਰੋ. ਐੱਸ ਦੇ ਗੌਤਮ ਅਨੁਸਾਰ ਕੋਰੋਨਾ ਸੰਕਰਮਣ ਦੇ ਚੱਲਦਿਆਂ ਦਿਲ ਦਾ ਆਕਾਰ ਵੱਧਣ ਲੱਗਾ ਹੈ। ਇਸ ਨੂੰ ਕਾਰਡਿਓਮਾਇਓਪੈਥੀ ਕਹਿੰਦੇ ਹਨ। ਇਸ ’ਚ ਦਿਲ ਦੇ ਪੰਪ ਕਰਨ ਦੀ ਸਮਰੱਥਾ 30 ਤੋਂ 40 ਫ਼ੀਸਦੀ ਤੱਕ ਘੱਟ ਹੋ ਜਾਂਦੀ ਹੈ। ਮਰੀਜ਼ ਦਾ ਸਾਹ ਫੁੱਲਣ ਲੱਗਦਾ ਹੈ। ਦਿਲ ’ਚ ਦਰਦ ਹੁੰਦਾ ਹੈ। ਦਿਲ ਦੀਆਂ ਮਾਸਪੇਸ਼ੀਆਂ ’ਚ ਵੀ ਸੋਜ ਆ ਜਾਂਦੀ ਹੈ।

**ਧੜਕਨ ’ਚ ਹੋ ਰਿਹੈ ਉਤਾਰ-ਚੜਾਅ**

ਕਾਰਡਿਓਲਾਜੀ ਸੰਸਥਾਨ ਦੇ ਇਕ ਡਾਕਟਰ ਨੇ ਦੱਸਿਆ ਕਿ ਪੋਸਟ ਕੋਵਿਡ ਮਰੀਜ਼ਾਂ ਦੀ ਧੜਕਨ ’ਚ ਕਾਫ਼ੀ ਉਤਾਰ-ਚੜਾਅ ਹੋ ਰਿਹਾ ਹੈ। ਕਿਸੇ ’ਚ ਪਲਸ ਰੇਟ 110 ਤੋਂ ਉੱਪਰ ਪਹੁੰਚ ਜਾਂਦੀ ਹੈ। ਕੁਝ-ਕੁਝ ਰੋਗੀਆਂ ’ਚ 130 ਤੋਂ 140 ਨੇੜੇ ਮਿਲੀ ਹੈ। ਇਸ ਨੂੰ ਟ੍ਰਾਈਕੀ ਕਾਰਡਿਆ ਕਹਿੰਦੇ ਹਨ। ਕੁਝ ਮਰੀਜ਼ਾਂ ਦੀ ਪਲਸ ਰੇਟ 60 ਦੇ ਹੇਠਾਂ ਮਿਲ ਰਹੀ ਹੈ। ਇਸ ਨੂੰ ਬ੍ਰਾਡਿਕਾਰਡਿਆ ਕਹਿੰਦੇ ਹਨ। ਇਸ ’ਚ ਰੋਗੀ ਕਮਜ਼ੋਰੀ, ਘਬਰਾਹਟ, ਤਣਾਅ, ਬਲੱਡ ਪ੍ਰੈਸ਼ਰ ਘੱਟ ਹੋਣ ਦੀ ਸ਼ਿਕਾਇਤ ਕਰ ਰਹੇ ਹਨ।

ਕਰੋਨਾ ਦਾ ਇਹ ਕ੍ਰੋਪ ਸਿਹਤ ਤੇ ਡੂੰਗਾ ਅਸਰ ਕਰ ਰਿਹਾ ਹੈ। ਭਾਰਤ ਦੇ ਪਿੰਡਾਂ ਵਿਚ ਇਹ ਬਿਮਾਰੀ ਲਗਾਤਾਰ ਵੱਧ ਰਹੀ ਹੈ। ਹਲਕੀ ਖਾਂਸੀ ਜ਼ੁਕਾਮ ਹਰ ਇਕ ਨੂੰ ਹੋ ਰਿਹਾ ਹੈ। ਜਿਥੋਂ ਤੱਕ ਟੀਕੇ ਲਗਾਉਣ ਦੀ ਕੋਸ਼ਿਸ ਕੀਤੀ ਜਾ ਰਹੀ ਹੈ ਓਥੇ ਲੋਕਾਂ ਵਿਚ ਚਿੰਤਾ ਵਧੇਰੇ ਉਜਾਗਰ ਹੋ ਰਹੀ ਹੈ ਕਿਉਂਕਿ ਪਿਛਲੇ ਦਿਨ ਪੰਜਾਬ ਦੇ ਰੂਪਨਗਰ ਜਿਲੇ ਵਿੱਚ ਸਰਕਾਰੀ ਅਧਿਆਪਕਾਂ ਦੇ ਟੀਕਾਕਰਨ ਕੀਤਾ ਗਿਆ ਉਨਾਂ ਵਿਚੋਂ 10 ਦਿਨ ਬਾਅਦ ਇਕ ਔਰਤ ਟੀਚਰ ਦੀ ਮੌਤ ਹੋ ਜਾਂਦੀ ਹੈ। ਦੱਸਣਯੋਗ ਹੈ ਕਿ ਉਸ ਔਰਤ ਨੂੰ ਹੋਰ ਕਈ ਅੰਦਰੂਨੀਆਂ ਬਿਮਾਰੀਆਂ ਸਨ, ਪਰ ਔਰਤ ਦੇ ਪਰਿਵਾਰ ਮੁਤਾਬਕ ਜਦੋਂ ਦਾ ਟੀਕਾ ਲੱਗਿਆ ਸੀ ਉਹ ਉਦੋਂ ਤੋਂ ਹੀ ਬੀਮਾਰ ਪਈ ਸੀ। ਸੋ ਇਹ ਕੇਵਲ ਇਕ ਖ਼ਬਰ ਨਹੀਂ ਪੰਜਾਬ ਵਿਚ ਅਨੇਕਾਂ ਜਗਾ ਹੋਇਆ ਹੈ। ਭਾਰਤੀ ਸਿਹਤ ਮੰਤਰਾਲਾ ਨੂੰ ਚਾਹੀਦਾ ਹੈ ਕਿ ਉਹ ਇਸ ਸਭ ਦੀ ਜਾਂਚ ਕਰਕੇ ਹੀ ਟੀਕਾਕਰਨ ਕਰੇ। ਕਿਉਂਕਿ ਇਹ ਟੀਕਾ ਸਰੀਰ ਵਿਚ ਏਨੀ ਗਰਮੀ ਪੈਦਾ ਕਰ ਦੇਂਦਾ ਹੈ ਕੀ ਨਾਰਮਲ ਵਿਅਕਤੀ ਸਹਿਣ ਨਹੀਂ ਕਰ ਸਕਦਾ।

# ਬਲੈਕ ਫੰਗਸ ਇੱਕ ਹਤਿਆਰਾ ਰੋਗ

**ਡਾ. ਰਿਪੁਦਮਨ ਸਿੰਘ**

ਪਟਿਆਲਾ ਸ਼ਹਿਰ ਦੇ ਦਰਵਾਜੇ ’ਤੇ ਬਲੈਕ ਫੰਗਸ ਨੇ ਕੁੰਡਾ ਖੜਕਾ ਕੇ ਦੋ ਮਰੀਜ਼ਾਂ ਨੂੰ ਆਪਣੇ ਆਗੋਸ਼ ਵਿੱਚ ਲੈ ਲਿਆ ਹੈ। ਇਹ ਬਹੁਤ ਦੁਖਦਾਈ ਘਟਨਾ ਹੈ। ਅੱਜ ਦੇ ਸਮੇਂ ਵਿੱਚ ਮਿਊਕੋਰਮਾਇਕੋਸਿਸ ਯਾਨੀ ਬਲੈਕ ਫੰਗਸ ਦਾ ਖ਼ਤਰਾ ਵੀ ਵਧ ਗਿਆ ਹੈ। ਇਹ ਫੰਗਸ ਕੋਈ ਨਵੀਂ ਤਾਂ ਨਹੀਂ ਪਰ ਘੱਟ ਲੋਕ ਹੀ ਇਸ ਬਾਰੇ ਜਾਣਦੇ ਸਨ। ਪਿਛਲੇ ਦਿਨੀਂ ਅਜਿਹੀ ਖਬਰਾਂ ਆਈਆਂ ਕਿ ਜੋ ਮਰੀਜ਼ ਕਰੋਨਾ ਤੋਂ ਠੀਕ ਹੋ ਰਹੇ ਹਨ, ਉਨਾਂ ਵਿੱਚ ਬਲੈਕ ਫੰਗਸ ਦੀ ਪ੍ਰੇਸ਼ਾਨੀ ਵੇਖੀ ਜਾ ਰਹੀ ਹੈ। ਬਲੈਕ ਫੰਗਸ ਉਨਾਂ ਲੋਕਾਂ ਨੂੰ ਜ਼ਿਆਦਾ ਪ੍ਰਭਾਵਿਤ ਕਰਦੀ ਹੈ ਜਿਨਾਂ ਨੂੰ ਪਹਿਲਾਂ ਤੋਂ ਕੋਈ ਗੰਭੀਰ ਰੋਗ ਹੈ। ਇਸ ਵਜਾ ਕਾਰਨ ਉਨਾਂ ਦਾ ਇਮਿਊਨ ਸਿਸਟਮ ਕਮਜ਼ੋਰ ਹੋ ਗਿਆ ਹੁੰਦਾ ਹੈ। ਇੱਕ ਤਰਫ ਕਰੋਨਾ ਦੀ ਦੂਜੀ ਲਹਿਰ ਤੋਂ ਲੋਕ ਵਿਆਕੁਲ ਹਨ ਤੇ ਇਸ ਤੋਂ ਉੱਭਰ ਰਹੇ ਲੋਕਾਂ ਨੂੰ ਬਲੈਕ ਫੰਗਸ ਦਾ ਖ਼ਤਰਾ ਦਿਸ ਰਿਹਾ ਹੈ। ਅਜਿਹੇ ਵਿੱਚ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਅਖੀਰ ਇਹ ਬਲੈਕ ਫੰਗਸ ਹੈ ਕੀ ਤੇ ਇਹ ਕਿਵੇਂ ਫੈਲਰਦਾ ਹੈ। ਇਹ ਵੀ ਜ਼ਰੂਰੀ ਕਿ ਬਲੈਕ ਫੰਗਸ ਦੀ ਪਛਾਣ ਕਿਵੇਂ ਕੀਤੀ ਜਾਵੇ।

ਦੱਸਿਆ ਗਿਆ ਹੈ ਕਿ ਮਿਉਕੋਰਮਾਇਕੋਸਿਸ ਇੱਕ ਹੱਤਿਆਰਾ ਰੋਗ ਹੈ। ਅਜਿਹੇ ਵਿੱਚ ਇਸ ਰੋਗ ਦੇ ਸ਼ੁਰੂਆਤੀ ਲੱਛਣਾਂ ਨੂੰ ਪਛਾਣ ਕੇ ਜਾਨ ਬਚਾਈ ਜਾ ਸਕਦੀ ਹੈ। ਮਾਹਿਰ ਦੱਸਦੇ ਹਨ ਕਿ ਜਿਨਾਂ ਲੋਕਾਂ ਨੂੰ ਕੋਵਿਡ ਹੋ ਚੁੱਕਿਆ ਹੈ ਅਤੇ 15 ਦਿਨ ਦੇ ਬਾਅਦ ਇਲਾਜ ਲਈ ਆਏ ਹਨ ਅਤੇ ਸਟੇਇਰਾਇਡ ਦਾ ਓਵਰਡੋਜ਼ ਲਿਆ ਹੈ ਤਾਂ ਅਜਿਹੇ ਲੋਕਾਂ ਨੂੰ ਬਲੈਕ ਫੰਗਸ ਹੋਣ ਦੀ ਸੰਦੇਹ ਵਧ ਜਾਂਦਾ ਹੈ।

**ਹੈ ਕੀ ਬਲੈਕ ਫੰਗਸ ?**

ਭਾਰਤੀ ਆਯੂਰਵਿਗਿਆਨ ਅਨੁਸੰਧਾਨ ਪਰਿਸ਼ਦ **(ICMR)** ਦੇ ਮੁਤਾਬਕ ਮਿਊਕੋਰਮਾਇਕੋਸਿਸ ਇੱਕ ਤਰਾਂ ਦੀ ਫੰਗਸ ਇਨਫੈਕਸ਼ਨ ਹੀ ਹੈ। ਇਹ ਉਨਾਂ ਲੋਕਾਂ ਨੂੰ ਜ਼ਿਆਦਾ ਪ੍ਰਭਾਵਿਤ ਕਰਦਾ ਹੈ ਜਿਨਾਂ ਦੀਆਂ ਕਿਸੇ ਗੰਭੀਰ ਰੋਗ ਦੀਆਂ ਦਿਵਾਈਆਂ ਪਹਿਲਾਂ ਤੋਂ ਚੱਲ ਰਹੀਆਂ ਹਨ। ਅਜਿਹੇ ਲੋਕ ਨਵੇਂ ਰੋਗਾਂ ਨਾਲ ਲੜ ਨਹੀਂ ਪਾਉਂਦੇ। ਅਜਿਹੇ ਮਰੀਜ਼ ਜਦੋਂ ਹਵਾ ਦੇ ਮਾਰਫ਼ਤ ਫੰਗਲ ਸਪੋਰਜ਼ ਨੂੰ ਅੰਦਰ ਲੈਂਦੇ ਹਨ ਤਾਂ ਸਾਇਨਸਿਸ ਅਤੇ ਫੇਫੜੇ ਪ੍ਰਭਾਵਿਤ ਹੁੰਦੇ ਹਨ। ਇਸ ਨਾਲ ਮਰੀਜ਼ਾਂ ਦੀਆਂ ਅੱਖਾਂ ਦੇ ਆਸ-ਪਾਸ ਦਰਦ ਅਤੇ ਅੱਖਾਂ ਲਾਲ ਹੋ ਜਾਂਦੀਆਂ ਹਨ ਤੇ ਸਿਰ ਦਰਦ, ਖੰਘ, ਸਾਹ ਲੈਣ ਵਿੱਚ ਮੁਸ਼ਕਿਲ, ਖ਼ੂਨ ਦੀਆਂ ਉਲਟੀਆਂ,



ਮਾਨਸਿਕ ਹਾਲਤ ਦਾ ਬਦਲਣਾ ਅਤੇ ਬੁਖਾਰ ਦੀ ਪ੍ਰੇਸ਼ਾਨੀ ਨੂੰ ਦੇਖਣ ਨੂੰ ਮਿਲਦੀ ਹੈ।

**ਕਿਹੜੇ ਕਾਰਨਾਂ ਤੋਂ ਫੈਲਦਾ ਹੈ ਬਲੈਕ ਫੰਗਸ ?**

ਵਿਗਿਆਨੀਆਂ ਦਾ ਇਹ ਵੀ ਕਹਿਣਾ ਹੈ ਕਿ ਜਿਨਾਂ ਲੋਕਾਂ ਨੇ ਕੋਵਿਡ ਦੇ ਇਲਾਜ ਦੇ ਦੌਰਾਨ ਬਹੁਤ ਜ਼ਿਆਦਾ ਹਾਈ ਡੋਜ਼ ਸਟੇਇਰਾਇਡ ਲਈਆਂ ਹਨ, ਚਾਹੇ ਉਹ ਗੰਭੀਰ ਕੰਡੀਸ਼ਨ ਵਿੱਚ ਸਨ ਜਾਂ ਨਹੀਂ, ਉਨਾਂ ਵਿੱਚ ਬਲੱਡ ਸ਼ੂਗਰ ਲੈਵਲ ਵਧ ਗਏ, ਜਿਸ ਵਜਾ ਨਾਲ ਈਮੂਨਿਟੀ ਕਮਜ਼ੋਰ ਹੋਈ। ਨਾਲ ਹੀ ਸਾਡੇ ਸਰੀਰ ਦਾ ਆਇਰਨ ਕੰਟੈਂਟ ਵਧ ਜਾਂਦਾ ਹੈ। ਡਾਕਟਰ ਦਾ ਕਹਿਣਾ ਹੈ ਕਿ ਬਲਡ ਸ਼ੂਗਰ ਦਾ ਵਧਣਾ, ਲੰਬੇ ਸਮਾਂ ਤਕ ਸਟੇਇਰਾਇਡ ਦਾ ਲੈਣਾ ਅਤੇ ਸਰੀਰ ਵਿੱਚ ਆਇਰਨ ਦਾ ਵਧਣਾ, ਇਹ ਤਿੰਨਾਂ ਕਾਰਨਾਂ ਕਰੇ ਮਿਉਕੋਰਮਾਇਕੋਸਿਸ ਨੂੰ ਫੈਲਦਾ ਹੈ।

ਕੁਝ ਹੋਰ ਕਾਰਨ ਵੀ ਦੱਸੇ ਹਨ ਇਸਦੇ ਫੈਲਣ ਦੇ। ਅਨਿਯੰਤ੍ਰਿਤ ਮਧੁਮੇਹ ਹੋਣਾ, ਸਟੇਇਰਾਇਡ ਨਾਲ ਇੰਮਿਉਨੋਸਪ੍ਰੇਸ਼ਨ ਹੋਣਾ, ਲੰਬੇ ਸਮਾਂ ਆਇਸੀਊ ਵਿੱਚ ਰਹਿਣਾ, ਵੇਰੀਕੋਨੋਜੋਲ ਥੇਰੇਪੀ ਹੋਣਾ।

**ਬਲੈਕ ਫੰਗਸ ਦੇ ਸ਼ੁਰੂਆਤੀ ਲੱਛਣ:**

ਅਜਿਹੇ ਮਰੀਜ਼ ਜਿਨਾਂ ਨੇ ਕਰੋਨਾ ਦੇ ਇਲਾਜ ਵਿੱਚ 15 ਜਾਂ ਉਸ ਤੋਂ ਜ਼ਿਆਦਾ ਦਿਨ ਸਟੇਇਰਾਇਡ ਲਈਆਂ ਹਨ ਤਾਂ ਤੁਹਾਨੂੰ ਸੁਚੇਤ ਹੋਣਾ ਪਵੇਗਾ। ਅਜਿਹੇ ਮਰੀਜ਼ਾਂ ਨੂੰ ਆਪਣੇ ਬਲੱਡ ਸ਼ੂਗਰ ਜਾਂਚ ਕਰਵਾਉਣੀ ਚਾਹੀਦੀ ਹੈ ਅਤੇ ਉਨਾਂ ਨੂੰ ਅਗਾਹ ਦੱਸੇ ਲੱਛਣ ਵਿਖਾਈ ਦੇਣ ਤਾਂ ਕੰਨ, ਨੱਕ, ਗਲਾ ਮਾਹਰ ਨਾਲ ਮਿਲੋ। ਸਿਰ ਵਿੱਚ ਇੱਕ ਤਰਫ ਬਹੁਤ ਤੇਜ਼ ਦਰਦ, ਸਿਰ ਦਰਦ ਦੀਆਂ ਦਵਾਈਆਂ ਖਾਣ ਨਾਲ ਇਹ ਦਰਦ ਨਾ ਜਾ ਰਿਹਾ ਹੋਵੇ ਤਾਂ ਇਹ ਬਲੈਕ ਫੰਗਸ ਦਾ ਲੱਛਣ ਹੈ। ਚਿਹਰੇ ਉੱਤੇ ਇੱਕ ਤਰਫ ਸੁੰਨਾਪਨ ਹੋਣਾ ਵੀ ਫੰਗਸ ਦਾ ਲੱਛਣ ਹੈ।

**ਗੰਭੀਰ ਲੱਛਣ:**

ਅੱਖਾਂ ਦੇ ਹੇਠਾਂ ਸੋਜ, ਅੱਖਾਂ ਦਾ ਬਾਹਰ ਵਲ ਆਉਣਾ, ਅੱਖਾਂ ਦੀ ਲਾਲੀ, ਦੋਹਰਾ ਦਿਸਣ ਦਾ ਮਤਲਬ ਹੈ ਕਿ ਪ੍ਰੇਸ਼ਾਨੀ ਦਿਮਾਗ ਦੀ ਤਰਫ ਜਾ ਰਹੀ ਹੈ। ਦੰਦਾਂ ਦਾ ਢਿੱਲਾ ਹੋਣਾ, ਚਮੜੀ ਦਾ ਕਾਲ਼ਾ ਪੈਣਾ, ਛਾਤੀ ਵਿੱਚ ਦਰਦ।

**ਫੰਗਸ ਦੇ ਫੈਲਣ ਦਾ ਰਸਤਾ:**

ਮਾਹਿਰਾਂ ਮੁਤਾਬਕ ਇਹ ਫੰਗਸ ਨੱਕ ਦੇ ਰਸਤੇ ਅੱਖ ਵਿੱਚ ਜਾਂਦੀ ਹੈ ਅਤੇ ਅੱਖ ਤੋਂ ਦਿਮਾਗ ਵਿੱਚ ਜਾਂਦੀ ਹੈ। ਜਦੋਂ ਇਹ ਫੰਗਸ ਨੱਕ ਵਿੱਚ ਜਾਂਦਾ ਹੈ ਤਦ ਸਾਇਨਸ ਏਰੀਏ ਵਿੱਚ ਦਰਦ ਹੁੰਦਾ ਹੈ। ਅੱਖਾਂ ਵਿੱਚ ਜਾਣ ਉੱਤੇ ਧੁੰਧਲਾ ਦਿਸਦਾ ਹੈ। ਇਸਦਾ ਮਤਲਬ ਹੈ ਕਿ ਇਹ ਫੰਗਸ ਸਰੀਰ ਵਿੱਚ ਫੈਲ ਰਿਹਾ ਹੈ। ਅਜਿਹੀ ਹਾਲਤ ਵਿੱਚ ਇੰਤਜ਼ਾਰ ਨਾ ਕਰੋ, ਡਾਕਟਰ ਨਾਲ ਤੁਰੰਤ ਸਲਾਹ ਕਰੋ।

**ਬਲੈਕ ਫੰਗਸ ਪਤਾ ਕਰਨ ਲਈ ਟੈਸਟ:**

ਮਾਹਿਰ ਡਾਕਟਰਾਂ ਨੇ ਦੱਸਿਆ ਕਿ ਬਲੈਕ ਫੰਗਸ ਨੂੰ ਪਤਾ ਕਰਨ ਦਾ ਤਰੀਕਾ **MRI Brain with contrast** ਕਰਾਉਣਾ ਪੈਂਦਾ ਹੈ। ਸੀ ਟੀ ਸਕੈਨ ਤੋਂ ਇਸਦਾ ਪਤਾ ਨਹੀਂ ਲਗਾਇਆ ਜਾ ਸਕਦਾ।

**ਬਲੈਕ ਫੰਗਸ ਤੋਂ ਬਚਣ ਲਈ ਕੀ ਕਰੋ ?**

ਬਲੈਕ ਫੰਗਸ ਹੋਣ ’ਤੇ ਇਸ ਤੋਂ ਪ੍ਰਭਾਵਿਤ ਅੰਗ ਕਾਲੇ ਪੈਣ ਲੱਗਦੇ ਹਨ। ਅਜਿਹੇ ਵਿੱਚ ਡਾਕਟਰ ਉਸ ਸੜੀ ਹੋਈ ਜਗਾ ਨੂੰ ਬਾਹਰ ਕੱਢਦੇ ਹਨ। ਜਦੋਂ ਤਕ ਉਸ ਕਾਲੇ ਹਿੱਸੇ ਨੂੰ ਬਾਹਰ ਨਹੀਂ ਕੱਢਿਆ ਜਾਵੇਗਾ, ਤਦ ਤਕ ਦਵਾਈ ਅੱਗੇ ਨਹੀਂ ਪੁੱਜੇਗੀ।

ਇਸ ਲਈ ਦਵਾਈਆਂ ਦੇ ਇੰਜੇਕਸ਼ਨ 10 ਤੋਂ 12 ਦਿਨ ਲਗਵਾਉਣੇ ਪੈਂਦੇ ਹਨ। ਤਿੰਨ ਮਹੀਨੇ ਤਕ ਐਂਟੀ-ਫੰਗਲ ਓਰਲ ਮੈਡੀਕੇਸ਼ਨ ਲੈਣੀ ਹੁੰਦੀ ਹੈ।

**ਕੀ ਕਰੀਏ ?**

ਵੱਧ ਬਲਡ ਸ਼ੁਗਰ ਨੂੰ ਕੰਟਰੋਲ ਕਰੋ। ਕੋਵਿਡ ਤੋਂ ਠੀਕ ਹੋਣ ਦੇ ਬਾਅਦ ਅਤੇ ਡਾਇਬੀਟਿਜ ਵਿੱਚ ਵੀ ਬਲੱਡ ਗੁਲੂਕੋਜ਼ ਲੇਵਲ ਨੂੰ ਮੋਨਿਟਰ ਕਰੋ। ਸਟੇਇਰਾਇਡ ਨੂੰ ਠੀਕ ਸਮਾਂ, ਠੀਕ ਡੋਜ਼ ਅਤੇ ਠੀਕ ਸਮੇਂ ਬਾਦ ਲਵੋ। ਐਂਟੀਬਾਇਓਟਿਕਸ ਦਾ ਵਿਵੇਕਪੂਰਣ ਤਰੀਕੇ ਨਾਲ ਪ੍ਰਯੋਗ ਕਰੋ।

ਬਾਕੀ ਸਫ਼ਾ 30 ’ਤੇ

# ਸਿਹਤ ਦਾ ਖਜ਼ਾਨਾ ਅਜਵਾਇਣ

ਅਜਵਾਇਣ ਇਕ ਅਜਿਹਾ ਮਸਾਲਾ ਹੈ ਜੋ ਲਗਭਗ ਹਰ ਭਾਰਤੀ ਰਸੋਈ ਘਰ ’ਚ ਮੌਜੂਦ ਹੀ ਹੁੰਦਾ ਹੈ ਪਰ ਆਮ ਤੌਰ ’ਤੇ ਅਣਗੌਲਿਆ ਰਹਿ ਜਾਂਦਾ ਹੈ। ਹਾਲਾਂਕਿ ਜਿਸ ਨੂੰ ਬਚਪਨ ’ਚ ਖਾਧੇ ਅਜਵਾਇਣ ਦੇ ਪਰਾਂਠਿਆਂ ਦੀ ਯਾਦ ਹੋਵੇ, ਉਹ ਭਲਾ ਅਜਵਾਇਣ ਨੂੰ ਕਿਵੇਂ ਭੁਲਾ ਸਕਦਾ ਹੈ। ਪਰਾਂਠੇ ਹੀ ਕਿਉਂ, ਸਮੋਸਿਆਂ ਦੇ ਲਿਫ਼ਾਫੇ ’ਚ ਵੀ ਅਜਵਾਇਣ ਦੇ ਛਿੱਟੇ ਉਸ ਦੇ ਸਵਾਦ ਦਾ ਆਨੰਦ ਦੂੱਗਣਾ ਕਰ ਦਿੰਦੇ ਹਨ। ਭਰਵੀਆਂ ਸਬਜ਼ੀਆਂ ਦੇ ਮਿਸ਼ਰਨ ’ਚ ਅਜਵਾਇਨ ਦੀ ਭੂਮਿਕਾ ਰਹਿੰਦੀ ਹੈ ਤੇ ਕੁਝ ਪਕਵਾਨ ਅਜਿਹੇ ਹਨ ਜਿਨਾਂ ਦੀ ਜਾਨ ਹੀ ਅਜਵਾਇਣ ਹੈ। ਇਨਾਂ ਵਿਚ ਅਜਵਾਇਨੀ ਸੁੱਕੀ ਦੱਬੀ ਅਰਬੀ ਸਭ ਤੋਂ ਖਾਸ ਹੈ। ਮੱਛੀ ਖਾਣ ਵਾਲੇ ਹੀ ਇਸ ਦਾ ਮਹੱਤਵ ਸਮਝਦੇ ਹਨ ਜਿਸ ਵਿਚ ਤਰੀ ਵਾਲੀ ਮੱਛੀ ਜਾਂ ਮੱਛੀ ਦੇ ਅਜਵਾਇਨੀ ਟਿੱਕੇ ਬੇਹੱਦ ਮਸ਼ਹੂਰ ਹਨ। ਅੰਗਰੇਜ਼ੀ ’ਚ ਅਜਵਾਇਣ ਦਾ ਨਾਂ ਕੈਰਮ ਸੀਡ ਤੇ ਕੈਰਵੇ ਸੀਡ ਹੈ। ਬਨਸਪਤੀ ਸ਼ਾਸਤਰੀਆਂ ਅਨੁਸਾਰ, ਇਸ ਦਾ ਜਨਮ ਫਾਰਸ ਤੇ ਗੁਆਂਢੀ ਮੱਧ ਏਸ਼ਿਆਈ ਭੂ-ਖੰਡ ’ਚ ਹੋਇਆ, ਉੱਥੇ ਹੀ ਇਹ ਉੱਤਰੀ ਯੂਰਪ ਤੇ ਹੋਰ ਥਾਂ ਫੈਲਿਆ। ਖੁਦਾਈ ’ਚ ਮਿਲੇ ਅਵਸ਼ੇਸ਼ਾਂ ਤੋਂ ਇਹ ਪਤਾ ਚੱਲਦਾ ਹੈ ਕਿ ਅਜਵਾਇਨ ਨਾਲ ਸਾਡੇ ਪੁਰਖੇ ਈਸਾ ਦੇ ਜਨਮ ਤੋਂ ਕਈ ਸਦੀਆਂ ਪਹਿਲਾਂ ਜਾਣੂ ਸਨ। ਇਹ ਬੀਜ ਪ੍ਰਾਗੈਤਿਹਾਸਕ ਕਾਲ ਦੇ ਅਵਸ਼ੇਸ਼ਾਂ ’ਚ ਮਿਲਿਆ ਹੈ ਤੇ ਪਲਿਨੀ ਵਰਗੇ ਇਤਿਹਾਸਕਾਰਾਂ ਦੇ ਲੇਖਾਂ ਤੋਂ ਪਤਾ ਚੱਲਦਾ ਹੈ ਕਿ ਰੋਮਨ ਇਸ ਦੀਆਂ ਜੜਾਂ ਦੀ ਵਰਤੋਂ ਸਬਜ਼ੀ ਦੇ ਰੂਪ ’ਚ ਵੀ ਕਰਦੇ ਸਨ।

ਸਕੈਂਡਿਨੀਵਿਆਈ ਦੇਸ਼ਾਂ ’ਚ ਇਸ ਦਾ ਇਸਤੇਮਾਲ ਪ੍ਰਮੁੱਖ ਮਸਾਲੇ ਦੇ ਰੂਪ ’ਚ ਹੁੰਦਾ ਹੈ, ਚਾਹੇ ਉਹ ਬੰਦਗੋਭੀ ਦੀਆਂ ਪੱਤੀਆਂ ਦਾ ਚਟਪਟਾ ਸਲਾਦ ਹੋਵੇ ਜਾਂ ਗੌੜਾ ਤੇ ਮੂਨਸਟਰ ਵਰਗੇ ਸਖ਼ਤ ਪਨੀਰ ਦੀਆਂ ਭੇਲੀਆਂ, ਇਨਾਂ ਵਿਚ ਨਵੇਂ ਜਾਨ ਛਿੜਕਦੀ ਹੈ ਅਜਵਾਇਨ। ਸਲਾਦ ਤੇ ਸੂਪ ’ਚ ਹੀ ਨਹੀਂ, ਡਬਲ ਰੋਟੀਆਂ ਤੇ ਕੇਕ-ਪੇਸਟਰੀ ’ਚ ਵੀ ਇਸ ਦਾ ਇਸਤੇਮਾਲ ਜ਼ਰੂਰੀ ਮੰਨਿਆ ਜਾਂਦਾ ਹੈ। ਭੂ-ਮੱਧ ਸਾਗਰੀ ਖ਼ਾਣ-ਪੀਣ ’ਚ ਅਜਵਾਇਨ ਨਮਕੀਨ ਤੇ ਮਿੱਠੇ ਪਕਾਨਾਂ ’ਚ ਸਮਾਨ ਰੂਪ ’ਚ ਉਪਯੋਗੀ ਸਮਝਿਆ ਜਾਂਦਾ ਹੈ। ਪੱਛਮੀ ਯੂਰਪ ਦੇ ਹੋਰ ਦੇਸ਼ਾਂ ’ਚ ਇਹ ਖਾਸ ਤੌਰ ’ਤੇ ਬੇਕਰੀ ਦੀਆਂ ਚੀਜ਼ਾਂ ’ਚ ਕੰਮ ’ਚ ਲਿਆਂਦਾ ਜਾਂਦਾ ਹੈ। ਪੱਛਮ ’ਚ ਕਿਤੇ-ਕਿਤੇ ਇਸ ਨੂੰ ਸੌਂਫ ਤੇ ਕਿਤੇ-ਕਿਤੇ ਇਸ ਨੂੰ ਨਾਂ ਦਿੱਤਾ ਗਿਆ ਹੈ ਚਰਗਾਹਾਂ ਦਾ ਜ਼ੀਰਾ। ਸ਼ਾਇਦ ਇਸ ਕਾਰਨ ਜਦੋਂ ਯੂਰਪ ਲਈ ਅਸਲੀ ਜ਼ੀਰਾ ਦੁਰਲੱਭ ਸੀ ਤੇ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਸੀ ਉਦੋਂ ਅਜਵਾਇਨ ਨੂੰ ਹੀ ਜ਼ੀਰੇ ਦੇ ਨਾਂ ਤੋਂ ਖਰੀਦਿਆ-ਵੇਚਿਆ ਜਾਂਦਾ ਸੀ। ਅਜਵਾਇਨ ਦੀ ਗੁਣਵੱਤਾ ਪੀੜੀ-ਦਰ-ਪੀੜੀ ਵਰਤੀ ਗਈ ਹੈ। ਇਸ ਨੂੰ ਪਾਚਕ ਸਮਝਿਆ ਜਾਂਦਾ ਹੈ ਜੋ ਅਜੀਰਣ ਤੇ ਹਵਾ ਦਾ ਵਿਕਾਰ ਦੂਰ ਕਰਦਾ ਹੈ। ਇਸ ਛੋਟੇ ਜਿਹੇ ਬੀਜ ਨੂੰ ਸਿਹਤ ਦਾ ਖਜ਼ਾਨਾ ਕਹਿਣਾ ਗ਼ਲਤ ਨਹੀਂ ਹੋਵੇਗਾ। ਬੱਚਿਆਂ ਦੀ ਘੁੱਟੀ ’ਚ ਵੀ ਇਸ ਦਾ ਇਸਤੇਮਾਲ ਹੁੰਦਾ ਹੈ ਤੇ ਖੰਘ ਦੂਰ ਕਰਨ ਵਾਲੀਆਂ ਸ਼ਰਬਤੀ ਅੰਗਰੇਜ਼ੀ ਦਵਾਈਆਂ ’ਚ ਥਾਈਮੋਲ ਨਾਂ ਦਾ ਤੱਤ ਅਜਵਾਇਣ ਤੋਂ ਹੀ ਹਾਸਲ ਹੁੰਦਾ ਹੈ।

**ਅਗੀਆਤ**

# ਕਮਾਉਣ ਦੇ ਰੁਝਾਨ ਨਾਲ ਸਿਹਤ ਦੀ ਅਣਦੇਖੀ



**ਹਰਜੀਤ ਕੌਰ ਸੇਖੋਂ**
**ਕੈਲੇਫੋਰਨੀਆ**

ਜਿਵੇਂ ਜਿਵੇਂ ਸਾਡਾ ਸਮਾਜ ਤਰੱਕੀ ਦੀਆਂ ਲੀਹਾਂ ਤੇ ਪੂਰੀ ਰਫਤਾਰ ਨਾਲ ਅੱਗੇ ਵੱਧ ਰਿਹਾ ਹੈ ਉਵੇਂ ਉਵੇਂ ਬਹੁਤ ਸਾਰੀਆਂ ਚੀਜ਼ਾਂ ਅਣਗੌਲਿਆਂ ਵੀ ਹੋ ਰਹੀਆਂ ਹਨ ਅਤੇ ਪਿਛੇ ਛੁਟ ਰਹੀਆਂ ਹਨ। ਸਮੇਂ ਦੀ ਤੇਜ਼ ਰਫਤਾਰ ਦੇ ਨਾਲ ਨਾਲ ਚੱਲਣ ਲਈ ਚੰਗੀ ਸਿਹਤ ਦਾ ਹੋਣਾ ਬਹੁਤ ਜਰੂਰੀ ਹੈ। ਇਨਸਾਨ ਦੀ ਦੌੜ ਬਹੁਤ ਤੇਜ਼ ਹੋ ਗਈ ਹੈ ਸਵੇਰ ਤੋਂ ਸ਼ਾਮ ਤੱਕ ਬਿਨਾਂ ਰੁਕੇ ਬਿਨਾਂ ਥੱਕੇ ਬੱਸ ਕੰਮ ਅਤੇ ਪੈਸੇ ਕਮਾਉਣ ਦਾ ਰੁਝਾਨ ਹੈ। ਪਰ ਇਸ ਸਭ ਵਿੱਚ ਜਾਣੇ ਅਨਜਾਣੇ ਸਾਡੀ ਸਿਹਤ ਪ੍ਰਭਾਵਿਤ ਹੋ ਰਹੀ ਹੈ ਅਤੇ ਪਿਛਲੇ ਕੁਝ ਸਮੇਂ ਵਿੱਚ ਖਾਣ-ਪੀਣ ਅਤੇ ਰਹਿਣ ਸਹਿਣ ਦੀਆਂ ਆਦਤਾਂ ਵਿੱਚ ਬਹੁਤ ਵੱਡੇ ਬਦਲਾਅ ਦੇਖੇ ਜਾ ਸਕਦੇ ਹਨ। ਲੋਕਾਂ ਵਿੱਚ ਮੋਟਾਪਾ, ਦਿਲ ਦਾ ਦੌਰਾ, ਸ਼ੂਗਰ, ਹਾਈ ਬੀਪੀ, ਡਿਪ੍ਰੈਸ਼ਨ ਵਰਗੀਆਂ ਬਿਮਾਰੀਆਂ ਬਹੁਤ ਆਮ ਦੇਖਣ ਨੂੰ ਮਿਲਦੀਆਂ ਹਨ। ਤਕਨੀਕ ਅਤੇ ਆਵਾਜਾਈ ਦੇ ਸਾਧਨ ਵਿਕਸਿਤ ਹੋਣ ਨਾਲ ਅਸੀਂ ਸਭ ਉਨਾਂ ਦੇ ਆਦੀ ਹੋ ਚੁੱਕੇ ਹਾਂ ਕਿਸੇ ਵੀ ਤਰਾਂ ਦੇ ਸਰੀਰਕ ਕੰਮ ਨੂੰ ਤਕਨੀਕ ਨਾਲ ਹੀ ਕਰਨ ਦਾ ਰੁਝਾਨ ਦੀਨੋ ਦਿਨ ਵੱਧ ਰਿਹਾ ਹੈ ਜਿਸਦੇ ਸਿੱਟੇ ਵਜੋਂ ਸਰੀਰ ਦੀ ਕੰਮ ਕਰਨ ਦੀ ਸਮਰੱਥਾ ਘੱਟ ਹੋ ਰਹੀ ਹੈ ਅਤੇ ਬਿਮਾਰੀ ਪ੍ਰਤੀਰੋਧੀ ਸ਼ਕਤੀ ਵੀ ਘੱਟ ਰਹੀ ਹੈ। ਥੋੜੇ ਜਿਹੇ ਸਰੀਰਕ ਕੰਮ, ਕਸਰਤ ਜਾਂ ਪੈਦਲ ਚੱਲਣ ਨਾਲ ਹੀ ਸਰੀਰ ਥੱਕ ਜਾਂਦਾ ਹੈ। ਮੋਟੇ ਲੋਕਾਂ ਦੀ ਗਿਣਤੀ ਵਿਚ ਪਿਛਲੇ 10 ਸਾਲਾਂ ਵਿੱਚ ਬਹੁਤ ਵੱਡਾ ਵਾਧਾ ਦੇਖਣ ਨੂੰ ਮਿਲਿਆ ਹੈ ਜਿਸਦੇ ਫਲਸਰੂਪ ਬਹੁਤ ਸਾਰੀਆਂ ਬਿਮਾਰੀਆਂ ਵਿੱਚ ਵੀ ਵਾਧਾ ਹੋਇਆ ਹੈ।

ਜਿਆਦਾਤਰ ਲੋਕਾਂ ਦੇ ਕੰਮ ਇੰਝ ਦੇ ਹਨ ਕਿ ਉਨਾਂ ਦਾ ਬਹੁਤਾ ਸਮਾਂ ਬੈਠ ਕੇ ਜਾਂ ਕੰਪਿਊਟਰ ਉੱਤੇ ਕੰਮ ਕਰਕੇ ਬੀਤਦਾ ਹੈ। ਇਹੋ ਜਿਹੇ ਕਿਸੇ ਵੀ ਕੰਮ ਵਿੱਚ ਜਿਥੇ ਸਰੀਰਕ ਕੰਮ ਘੱਟ ਹੁੰਦਾ ਹੈ ਉਥੇ ਮੋਟਾਪਾ, ਅੱਖਾਂ, ਗਰਦਨ ਅਤੇ ਪਿੱਠ ਨਾਲ ਸਬੰਧਤ ਬਿਮਾਰੀਆਂ ਦਾ ਖ਼ਤਰਾ ਜਿਆਦਾ ਹੁੰਦਾ ਹੈ। ਕੰਮ ਦੇ ਵਿੱਚ ਤਬਦੀਲੀਆਂ ਦੇ ਨਾਲ ਨਾਲ ਸਭ ਤੋਂ ਵੱਡੀ ਤਬਦੀਲੀ ਜੋ ਆਈ ਹੈ ਉਹ ਹੈ ਖਾਣ ਪੀਣ ਦੀਆਂ ਆਦਤਾਂ, ਰਹਿਣ-ਸਹਿਣ ਦੀਆਂ ਆਦਤਾਂ ਵਿੱਚ। ਅਸੀਂ ਆਪਣੇ ਆਸਪਾਸ ਦੇਖ ਸਕਦੇ ਹਨ ਕਿ ਜਗਾ ਜਗਾ ਤੇ ਫਾਸਟ ਫੂਡ ਜਿਸ ਨੂੰ ਜੰਕ ਫੂਡ ਵੀ ਕਹਿੰਦੇ ਹਾਂ ਦੀਆਂ ਰੇਹੜੀਆਂ ਜਾਂ ਦੁਕਾਨਾਂ ਦੀ ਭਰਮਾਰ ਹੈ, ਜਿਥੇ ਤਰਾਂ ਤਰਾਂ ਦੇ ਖਾਣੇ ਮਿਲਦੇ ਹਨ ਜੋ ਕਿ ਸਭ ਨੂੰ ਪਤਾ ਹੀ ਹੈ ਸਿਹਤ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ। ਕਿਸੇ ਵੀ ਸ਼ਹਿਰ ਵਿੱਚ ਅਣਗਿਣਤ ਜਿਮ ਤੇ ਹੋਰ ਕਸਰਤ ਕਰਨ ਦੀਆਂ ਥਾਵਾਂ ਦੇ ਬਾਵਜੂਦ ਸਾਡੀ ਸਿਹਤ ਦਾ ਗਰਾਫ਼ ਦਿਨੋ-ਦਿਨ ਹੇਠਾਂ ਵੱਲ ਹੀ ਜਾ ਰਿਹਾ ਹੈ। ਇਸਦੇ ਬਹੁਤ ਸਾਰੇ ਕਾਰਨ ਹਨ ਜਿਨਾਂ ਨੂੰ ਅਸੀਂ ਸਮਝਣ ਦੀ ਕੋਸ਼ਿਸ਼ ਕਰਾਂਗੇ ਅਤੇ ਇਹ ਵੀ ਕੋਸ਼ਿਸ਼ ਕਰਾਂਗੇ ਕੇ ਸੱਮਸਿਆ ਜਾਨਣ ਤੋਂ ਬਾਅਦ ਉਸਦੇ ਹੱਲ ਲਈ ਵੀ ਵਿਚਾਰ ਕੀਤੀ ਜਾ ਸਕੇ ਤਾਂ ਤੋਂ ਬਹੁਤਾ ਨਹੀਂ ਤਾਂ ਕੁਝ ਤਾਂ ਫਰਕ ਪੈ ਸਕੇ।

ਸਭ ਤੋਂ ਪਹਿਲਾਂ ਚੰਗੀ ਸਿਹਤ ਹੋਣ ਲਈ ਜਰੂਰੀ ਹੈ ਚੰਗੀ ਅਤੇ ਸਾਕਾਰਾਤਮਕ ਸੋਚ, ਸਾਡੇ ਵਿੱਚੋਂ ਬਹੁਤ ਸਾਰੇ ਲੋਕ ਇਹ ਸੋਚਣਗੇ ਕੇ ਸੋਚ ਦਾ ਸਿਹਤ ਨਾਲ ਕੀ ਵਾਸਤਾ। ਸੋਚ ਅਤੇ ਸਿਹਤ ਦੋਨੋ ਇਕ ਦੂਜੇ ਨਾਲ ਉਨਾਂ ਹੀ ਸਬੰਧਤ ਹਨ ਜਿੰਨਾ ਚੰਗਾ ਖਾਣਾ ਅਤੇ ਸਿਹਤ। ਕਿਸੇ ਵੀ ਚੀਜ਼ ਦੀ ਮੂਲ ਰਚਨਹਾਰ ਸੋਚ ਹੀ ਹੁੰਦੀ ਹੈ, ਅਗਰ ਅਸੀਂ ਹਰ ਵੇਲੇ ਨਾਕਾਰਾਤਮਕ ਅਤੇ ਢਹਿੰਦੀ ਕਲਾ ਵਾਲੀ ਸੋਚ ਨੂੰ ਹੀ ਅਪਣਾਉਂਦੇ ਹਾਂ ਤਾਂ ਇਸ ਗੱਲ ਦੀ ਸੰਭਾਵਨਾ ਬਹੁਤ ਜਿਆਦਾ ਹੈ ਕਿ ਅਸੀਂ ਕਦੇ ਆਪਣੇ ਸਰੀਰ ਬਾਰੇ ਸੋਚੀਏ ਹੀ ਨਾ ਕਿਉਂਕ ਅਸੀਂ ਦਿਮਾਗ ਨੂੰ ਕਦੇ ਚੰਗਾ ਸੋਚਣ ਦੀ ਆਗਿਆ ਹੀ ਨਹੀਂ ਦਿੱਤੀ, ਇਸ ਲਈ ਉਹ ਹਮੇਸ਼ਾ ਸਾਡੇ ਸਾਹਮਣੇ ਮੁਸ਼ਕਿਲਾਂ ਅਤੇ ਮਾੜੇ ਅਹਿਸਾਸਾਂ ਨੂੰ ਹੀ ਪੇਸ਼ ਕਰੇਗਾ, ਸਿੱਟੇ ਵਜੋਂ ਇਨਸਾਨ ਹਾਰਿਆ ਹੋਇਆ ਅਤੇ ਡਿਪਰੈਸ਼ਨ ਦਾ ਸ਼ਿਕਾਰ ਮਹਿਸੂਸ ਕਰਦਾ ਹੈ ਤੇ ਅਜਿਹੀਆਂ ਸਥਿਤੀਆਂ ਵਿੱਚ ਲੋਕ ਅਕਸਰ ਜੀਣ ਦੀ ਆਸ ਛੱਡ ਦਿੰਦੇ ਹਨ, ਫਿਰ ਸਿਹਤ ਉਨਾਂ ਲਈ ਕੀ ਚੀਜ ਹੈ ? ਇਸ ਲਈ ਜਦ ਵੀ ਚੰਗੀ ਸਿਹਤ ਦੀ ਗੱਲ ਕਰਦੇ ਹਾਂ ਤਾਂ ਸੋਚ ਵਿੱਚ ਬਦਲਾਅ ਸਭ ਤੋਂ ਪਹਿਲਾਂ ਹੋਣਾ ਚਾਹੀਦਾ ਹੈ।

ਜ਼ਿੰਦਗੀ ਵਿੱਚ ਅੱਗੇ ਵਧਣਾ ਤੇ ਮੁਕਾਬਲੇ ਦੀ ਭਾਵਨਾ ਹਰ ਕਿਸੇ ਮਨੁੱਖ ਵਿੱਚ ਹੁੰਦੀ ਹੈ ਅਤੇ ਹੋਣੀ ਵੀ ਚਾਹੀਦੀ ਹੈ, ਪਰ ਇਥੇ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣਾ ਜ਼ਰੂਰੀ ਹੈ ਕਿ ਇਸ ਮੁਕਾਬਲੇ ਲਈ ਤੁਹਾਡਾ ਤੰਦਰੁਸਤ ਹੋਣਾ ਬਹੁਤ ਹੀ ਜਿਆਦਾ ਮਹੱਤਵਪੂਰਨ ਹੈ। ਅਸੀਂ ਅਕਸਰ ਦੇਖਦੇ ਹਾਂ ਕਿ ਪੈਸੇ ਕਮਾਉਣ ਦੀ ਦੌੜ, ਨਾਮ ਸ਼ੋਹਰਤ ਹਾਸਲ ਕਰਨ ਦੀ ਦੌੜ ਵਿੱਚ ਸਭ ਤੋਂ ਵੱਡੀ ਕੁਰਬਾਨੀ ਸਿਹਤ ਤੇ ਸਰੀਰ ਨੂੰ ਦੇਣੀ ਪੈਂਦੀ ਹੈ। ਸਾਰੀ ਉਮਰ ਇਸ ਦੌੜ ਵਿੱਚ ਦੌੜਨ ਤੋਂ ਬਾਅਦ ਅਸੀਂ ਇਹ ਦੇਖਦੇ ਹਾਂ ਕਿ ਸਭ ਕੁਝ ਹਾਸਲ ਤਾਂ ਹੋ ਗਿਆ ਪਰ ਉਸਦਾ ਆਨੰਦ ਮਾਨਣ ਦੇ ਸਮੇਂ ਸਰੀਰ ਨੇ ਸਾਥ ਛੱਡ ਦਿੱਤਾ। ਸਾਰੀ ਉਮਰ ਮਰ ਮਰ ਕੇ ਜੋ ਪੈਸੇ ਕਮਾਏ ਫਿਰ ਸਹਿਤ ਖਰਾਬ ਹੋਣ ਤੇ ਉਹੀ ਪੈਸੇ ਆਪਣੇ ਆਪ ਨੂੰ ਸਿਹਤਮੰਦ ਕਰਨ ਲਈ ਖਰਚ ਕਰ ਦਿੱਤੇ। ਇਸ ਲਈ ਹਰ ਇਕ ਚੀਜ ਦਾ ਸੰਤੁਲਨ ਬਣਾਉਣਾ ਬਹੁਤ ਜਰੂਰੀ ਹੈ, ਕਦੇ ਵੀ ਕਿਸੇ ਚੀਜ਼ ਨੂੰ ਭਵਿੱਖ ਲਈ ਇਹ ਕਹਿ ਕੇ ਨਹੀਂ ਛੱਡਣਾ ਚਾਹੀਦਾ ਕਿ ਸਹੀ ਸਮਾਂ ਆਉਣ ਤੇ ਇਹ ਕੰਮ ਕਰੂੰਗਾ, ਵਰਤਮਾਨ ਤੋਂ ਸਹੀ ਸਮਾਂ ਕਦੇ ਨਹੀਂ ਆਵੇਗਾ, ਇਸ ਲਈ ਅਗਰ ਦਿਲ ਵਿੱਚ ਇੱਛਾ ਹੈ ਤਾਂ ਇਸਨੂੰ ਅੱਜ ਹੀ ਅਪਣਾਓ ਸਹੀ ਸਮੇਂ ਦਾ ਇੰਤਜ਼ਾਰ ਕਦੇ ਨਹੀਂ ਮੁੱਕਦਾ।

ਸਰੀਰ ਦੀ ਗੱਡੀ ਨੂੰ ਚਲਾਉਣ ਲਈ ਭੋਜਨ ਈਂਧਨ ਦਾ ਕੰਮ ਕਰਦਾ ਹੈ, ਕਿਸ ਸਮੇਂ ਕੀ ਅਤੇ ਕਿੰਨਾ ਖਾਣਾ ਹੈ ਇਹ ਸਾਡੇ ਲਈ ਜਾਨਣਾ ਬਹੁਤ ਜਰੂਰੀ ਹੈ। ਹਰ ਸਰੀਰ ਨੂੰ ਭੋਜਨ ਦੀ ਲੋੜ ਪੈਂਦੀ ਹੈ ਕਿਸੇ ਨੂੰ ਜਿਆਦਾ ਕਿਸੇ ਨੂੰ ਘੱਟ ਪਰ ਸਭ ਨੂੰ ਇਕ ਸੰਤੁਲਿਤ ਭੋਜਨ ਦੀ ਲੋੜ ਹੈ ਜਿਸ ਵਿੱਚ ਸਭ ਲੋੜੀਂਦੇ ਪੋਸ਼ਕ ਤੱਤ ਇਕ ਲੋੜੀਂਦੀ ਮਾਤਰਾ ਵਿੱਚ ਮੌਜੂਦ ਹੋਣ। ਅਸੀਂ ਦੇਖਦੇ ਹਾਂ ਕੇ ਥਾਂ-ਥਾਂ ਖਾਣ-ਪੀਣ ਲਈ ਬਹੁਤ ਥਾਵਾਂ ਅੱਜ ਕੱਲ ਆਮ ਹੀ ਦਿਸ ਜਾਂਦੀਆਂ ਹਨ ਤੇ ਇਨਾਂ ਥਾਵਾਂ ’ਤੇ ਭੀੜ ਵੀ ਆਮ ਹੀ ਦੇਖਦੇ ਹਾਂ, ਅਸੀਂ ਸਵਾਦ ਦੇ ਨਾਮ ਤੇ ਕੁਝ ਵੀ ਖਾ ਲੈਂਦੇ ਹਾਂ ਇਹ ਬਿਨਾਂ ਜਾਣੇ ਕਿ ਇਹ ਸਾਡੇ ਸਰੀਰ ਵਿੱਚ ਜਾ ਕੇ ਕੀ ਅਸਰ ਕਰੇਗਾ। ਅਜਿਹੇ ਖਾਣੇ ਸਾਨੂੰ ਸਵਾਦ ਜਰੂਰ ਲਗਦੇ ਹਨ ਪਰ ਇਨਾਂ ਵਿਚੋਂ ਕੋਈ ਵੀ ਪੋਸ਼ਕ ਤੱਤ ਨਹੀਂ



ਪ੍ਰਾਪਤ ਹੁੰਦਾ ਸਗੋਂ ਬੇਮਤਲਬ ਦੀ ਚਰਬੀ ਸਾਡੇ ਸਰੀਰ ਵਿੱਚ ਜਮਾਂ ਹੁੰਦੀ ਰਹਿੰਦੀ ਹੈ ਜੋ ਅੱਗੇ ਜਾ ਕੇ ਬਹੁਤ ਸਾਰੇ ਰੋਗਾਂ ਦੀ ਜੜ ਬਣਦੀ ਹੈ। ਇਹੋ ਜਿਹਾ ਖਾਣਾ ਪਚਾਉਣ ਵਿੱਚ ਸਰੀਰ ਨੂੰ ਬਹੁਤ ਮੁਸ਼ਕਿਲ ਹੁੰਦੀ ਹੀ ਜਿਸਦੇ ਸਿੱਟੇ ਵੱਜੋਂ ਪੇਟ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਬੱਚਿਆਂ ਵਿੱਚ ਮੋਟਾਪਾ ਬਹੁਤ ਆਮ ਦੇਖਿਆ ਜਾ ਸਕਦਾ ਹੈ ਕਿਉਂਕ ਮਾਂ-ਬਾਪ ਉਨਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਨੂੰ ਬਦਲਣ ਵਿੱਚ ਅਸਮਰੱਥ ਹਨ, ਬਹੁਤ ਜਲਦੀ ਬਿਮਾਰ ਹੋ ਜਾਣਾ ਸਰੀਰਕ ਕਮਜ਼ੋਰੀ ਨੂੰ ਦਰਸਾਉਂਦਾ ਹੈ, ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸ਼ਕਤੀ ਇਸ ਗੱਲ ’ਤੇ ਨਿਰਭਰ ਕਰਦੀ ਹੈ ਕੇ ਸਾਡੇ ਸਰੀਰ ਵਿੱਚ ਊਰਜਾ ਕਿੰਨੀ ਹੈ ਤੇ ਇਸ ਗੱਲ ਦਾ ਜਵਾਬ ਸਾਨੂੰ ਸਭ ਨੂੰ ਪਤਾ ਹੈ ਕਿ ਅਗਰ ਊਰਜਾ ਹੋਵੇਗੀ ਤਾਂ ਹੀ ਉਸਦੀ ਵਰਤੋਂ ਹੋ ਸਕੇਗੀ। ਇਸਤੋਂ ਬਾਅਦ ਬੱਚਿਆਂ ਦਾ ਰੁਝਾਨ ਸਰੀਰਕ ਖੇਡਾਂ ਵਾਲਿਆਂ ਗਤੀਵਿਧੀਆਂ ਤੋਂ ਕਾਫੀ ਘਟ ਗਿਆ ਹੈ, ਗਰਾਉਂਡ ਵਿੱਚ ਜਾ ਕੇ ਖੇਡਣ ਦੀ ਬਜਾਏ ਘਰ ਵਿੱਚ ਬੈਠ ਕੇ ਮੋਬਾਇਲ ਫੋਨ ਤੇ ਖੇਡਣਾ ਜਿਆਦਾ ਪਸੰਦ ਕੀਤਾ ਜਾਂਦਾ ਹੈ ਅਤੇ ਮਾਪੇ ਵੀ ਉਸਨੂੰ ਗਰਾਉਂਡ ਵਿੱਚ ਜਾ ਕੇ ਖੇਡਣ ਲਈ ਪ੍ਰੇਰਿਤ ਨਹੀਂ ਕਰਦੇ। ਪੜਾਈ ਦਾ ਬੋਝ ਅਤੇ ਕੁਝ ਬਣਨ ਦੀ ਹੋੜ ਸਰੀਰਕ ਅਤੇ ਮਾਨਸਿਕ ਬੁਰੇ ਪ੍ਰਭਾਵ ਪੈਦਾ ਕਰ ਦਿੰਦੀ ਹੈ। ਜਦ ਗਰਾਉਂਡ ਵਿੱਚ ਜਾ ਕੇ ਪਸੀਨਾ ਵਾਹਿਆ ਜਾਂਦਾ ਹੈ ਤਾਂ ਜਿੱਥੇ ਸਰੀਰ ਦਾ ਫਾਇਦਾ ਹੈ ਉਥੇ ਮਾਨਸਿਕ ਤੌਰ ਤੇ ਵੀ ਬੱਚਾ ਤੇਜ਼ ਹੁੰਦਾ ਹੈ, ਉਸ ਵਿੱਚ ਮੁਕਾਬਲੇ ਦੀ ਭਾਵਨਾ, ਟੀਮ ਨਾਲ ਮਿਲਕੇ ਰਹਿਣਾ, ਜਿੱਤ ਹਾਰ ਨੂੰ ਸਮਝਣਾ ਅਤੇ ਪ੍ਰੀਤੀਕ੍ਰਿਆ ਕਰਨਾ ਉਸਦੀ ਜ਼ਿੰਦਗੀ ਵਿੱਚ ਬਹੁਤ ਕੰਮ ਆਉਂਦਾ ਹੈ।ਹਰ ਇਨਸਾਨ ਚਾਹੇ ਛੋਟਾ ਬੱਚਾ ਹੋਵੇ, ਨੌਜਵਾਨ ਜਾਂ ਬੁਢਾ ਹਰ ਕਿਸੇ ਨੂੰ ਆਪਣੇ ਆਪ ਨਾਲ ਪਿਆਰ ਹੋਣਾ ਚਾਹੀਦਾ ਹੈ ਅਤੇ ਇਹ ਟੀਚਾ ਹੋਣਾ ਚਾਹੀਦਾ ਹੈ ਕਿ ਜਿਥੇ ਆਪਣੇ ਬਾਕੀ ਸਾਰੇ ਕੰਮਾਂ ਲਈ ਸਮਾਂ ਨਿਕਲ ਰਿਹਾ ਹੈ ਆਪਣੀ ਸਿਹਤ ਤੇ ਤੰਦੂਰਸਤੀ ਲਈ ਵੀ ਸਮਾਂ ਕੱਢਣਾ ਜਰੂਰੀ ਹੈ। ਆਪਣੇ ਦਿਮਾਗ ਨੂੰ ਇਸ ਕੰਮ ਲਈ ਜਿੰਨਾ ਜਲਦੀ ਤਿਆਰ ਕਰ ਲਵਾਂਗੇ ਉਨਾਂ ਹੀ ਜੀਵਨ ਖੁਸ਼ ਤੇ ਤੰਦਰੁਸਤ ਰਹੇਗਾ। ਆਪਣੇ ਦਿਮਾਗ ਨੂੰ ਇਸ ਗੱਲ ਲਈ ਵੀ ਤਿਆਰ ਕਰਨਾ ਜਰੂਰੀ ਹੈ ਕਿ ਉਸਨੂੰ ਨਾਂਹ ਕਹਿਣੀ ਆਉਂਦੀ ਹੋਵੇ, ਉਸਨੂੰ ਪਤਾ ਹੋਵੇ ਕੀ ਕਰਨ ਜਾ ਕੀ ਖਾਣ ਨਾਲ ਸਰੀਰ ਤੇ ਬੁਰਾ ਪ੍ਰਭਾਵ ਪੈਂਦਾ ਹੈ। ਜੋ ਚੀਜ ਸਿਹਤ ਲਈ ਨਹੀਂ ਠੀਕ ਉਸਨੂੰ ਨਾਹ ਕਹਿਣ ਦੀ ਹਿੰਮਤ ਪੈਦਾ ਕਰਨੀ ਬਹੁਤ ਜਰੂਰੀ ਹੀ, ਜਰੂਰੀ ਨਹੀਂ ਹਰ ਚੀਜ ਜੋ ਸਾਨੂੰ ਬਹੁਤ ਪਸੰਦ ਹੈ ਜਾਂ ਬਹੁਤ ਸਵਾਦ ਹੈ ਤੇ ਉਹ ਖਾਣੀ ਹੀ ਹੈ, ਜਿਸ ਦਿਨ ਸਵਾਦ ਨੂੰ ਮਾਰ ਕੇ ਨਾਂਹ ਕਹਿਣਾ ਸਿੱਖ ਲਿਆ ਉਸ ਦਿਨ ਤੋਂ ਨਵੀਂ ਸ਼ੁਰੂਆਤ ਹੋਵੇਗੀ।

ਸਾਡੇ ਵਿੱਚੋਂ ਬਹੁਤ ਸਾਰੇ ਲੋਕ ਇਸ ਗੱਲ ਪ੍ਰਤੀ ਬਹੁਤ ਚਿੰਤਤ ਹਨ ਕਿ ਕਿਵੇਂ ਆਪਣੀ ਸਿਹਤ ਨੂੰ ਸਹੀ ਰੱਖਿਆ ਜਾਵੇ, ਕਿਵੇਂ ਮੋਟਾਪਾ ਅਤੇ ਦੂਜਿਆਂ ਬਿਮਾਰੀਆਂ ਤੋਂ ਬਚਿਆ ਜਾਵੇ, ਇਨਾਂ ਸਵਾਲਾਂ ਦੇ ਜਵਾਬ ਔਖੇ ਨਹੀਂ ਹਨ ਤੇ ਸਭ ਨੂੰ ਲਗਭਗ ਪਤਾ ਹੀ ਹੈ ਪਰ ਫਿਰ ਵੀ ਅਸੀਂ ਅਣਜਾਣ ਬਣ ਕੇ ਘੁੰਮਦੇ ਹਾਂ। ਹਰ ਰੋਜ਼ ਥੋੜੀ ਕਸਰਤ, ਥੋੜੀ ਸੈਰ, ਥੋੜਾ ਜਿਹਾ ਖਾਣ-ਪੀਣ ਦਾ ਧਿਆਨ ਅਤੇ ਪ੍ਰਹੇਜ਼, ਜਿੱਥੇ ਮੁਮਕਿਨ ਹੈ ਪੈਦਲ ਜਾਂ ਸਾਈਕਲ ਦੀ ਵਰਤੋਂ ਕਰਨੀ, ਦਿਨ ਵਿੱਚ ਵੱਧ ਤੋਂ ਵੱਧ ਪਾਣੀ ਪੀਣਾ ਆਦਿ। ਕੁਝ ਚੀਜ਼ਾਂ ਨੂੰ ਘੱਟ ਕਰਕੇ ਬਹੁਤ ਵੱਡੇ ਫਾਇਦੇ ਲਏ ਜਾ ਸਕਦੇ ਹਨ, ਜਿਵੇਂ ਖੰਡ, ਲੂਣ, ਤੇਲ ਘਿਓ, ਮਸਾਲੇਦਾਰ ਖਾਣੇ ਆਦਿ ਤੇ ਕੁਝ ਚੀਜਾਂ ਨੂੰ ਵਧਾ ਕੇ ਜਿਵੇਂ ਪਾਣੀ, ਹਰੀਆਂ ਸਬਜ਼ੀਆਂ, ਸਲਾਦ, ਦਾਲਾਂ ਆਦਿ। ਪੁਰਾਣੇ ਸਮਿਆਂ ਵਿੱਚ ਲੋਕ ਕੁਝ ਵੀ ਖਾ ਤੇ ਪਚਾ ਲੈਂਦੇ ਸਨ, ਬਿਮਾਰੀਆਂ ਨਾ ਮਾਤਰ ਸਨ ਤੇ ਹਰ ਇਨਸਾਨ ਲਗਭਗ ਤੰਦਰੁਸਤ ਸੀ, ਉਸਦੇ ਕਾਰਨ ਵੀ ਸਪਸ਼ਟ ਹਨ ਕਿ ਉਹ ਸਾਡੇ ਨਾਲੋਂ ਕਿਤੇ ਜ਼ਿਆਦਾ ਮਿੱਠਾ, ਘਿਓ ਖਾ ਕੇ ਵੀ ਕਦੇ ਸ਼ੂਗਰ ਜਾਂ ਦਿਲ ਦੇ ਦੌਰੇ ਦੇ ਮਰੀਜ਼ ਨਹੀਂ ਬਣੇ ਕਿਉਂਕ ਉਨਾਂ ਦੇ ਸਰੀਰ ਉਹ ਕੁਝ ਪਚਾਉਣ ਦੇ ਸਮਰੱਥ ਸਨ। ਮੀਲਾਂ ਮੀਲ ਪੈਦਲ ਤੁਰਨਾ, ਸਾਰਾ ਦਿਨ ਸਰੀਰਕ ਕੰਮ, ਡੰਗਰ ਚਾਰਨੇ, ਹੱਥੀਂ ਕੰਮ ਕਰਨਾ, ਇਕੱਠੇ ਬੈਠ ਕੇ ਸੁੱਖ ਦੁੱਖ ਫਰੋਲਣੇ, ਜਿਨਾਂ ਭੋਜਨ ਉਹ ਖਾਂਦੇ ਸਨ, ਉਸ ਵਿਚੋਂ ਮਿਲੀ ਊਰਜਾ ਦੀ ਵਰਤੋਂ ਹੋ ਜਾਂਦੀ ਸੀ। ਇਹ ਸਭ ਗੱਲਾਂ ਦਿਮਾਗ ਅਤੇ ਸਰੀਰ ਨੂੰ ਤੰਦਰੁਸਤ ਰੱਖਣ ਲਈ ਜਰੂਰੀ ਨੇ। ਜੇਕਰ ਹਰ ਇਨਸਾਨ ਆਪਣੇ ਆਪ ਨੂੰ ਥੋੜਾ ਜਿਹਾ ਵੀ ਬਦਲ ਲਵੇ ਤਾਂ ਬਹੁਤ ਵੱਡੇ ਬਦਲਾਅ ਹੋ ਸਕਦੇ ਨੇ। ਇਸ ਲਈ ਕਿਸੇ ਖਾਸ ਸਥਾਨ, ਖਾਸ ਖਾਣਾ ਜਾਂ ਕਿਸੇ ਵੀ ਮਾਹਿਰ ਦੀ ਲੋੜ ਨਹੀਂ ਬਸ ਲੋੜ ਹੈ ਤਾਂ ਆਪਣੀ ਸੋਚ ਨੂੰ ਪੱਕਾ ਕਰਕੇ ਉਸ ’ਤੇ ਡਟੇ ਰਹਿਣ ਦੀ। ਚੰਗੀ ਸਿਹਤ ਹਾਸਿਲ ਕਰਨ ਦੀ ਨਹੀਂ ਲੋੜ ਇਹ ਤਾਂ ਕੁਦਰਤ ਨੇ ਸਾਨੂੰ ਜਨਮ ਤੋਂ ਹੀ ਦਿੱਤੀ ਹੋਈ ਹੈ ਬਸ ਲੋੜ ਹੈ ਤਾਂ ਇਸਨੂੰ ਸਾਂਭਣ ਦੀ ਅਤੇ ਇਸ ਨਾਲ ਛੇੜਖਾਨੀ ਨਾ ਕਰਨ ਦੀ। ਇਸਨੂੰ ਹਾਸਿਲ ਕਰਨ ਲਈ ਨਹੀਂ ਇਸਨੂੰ ਬਚਾਉਣ ਲਈ ਮਿਹਨਤ ਦੀ ਲੋੜ ਹੈ।

# ਕੋਰੋਨਾ ਦੀ ਤੀਜੀ ਲਹਿਰ ਵਿਚ ਬੱਚਿਆਂ ਦੀ ਵਿਸ਼ੇਸ਼ ਦੇਖਭਾਲ

**ਆਰਤੀ ਢਿੱਲੋਂ**

ਕੋਰੋਨਾ ਦੀ ਤੀਜੀ ਸੰਭਾਵਿਤ ਲਹਿਰ ਨਾਲ ਨਜਿੱਠਣ ਲਈ ਤਿਆਰੀਆਂ ਕਰਨ ਵਿਚ ਸਰਗਰਮ ਹੋ ਜਾਣਾ ਚਾਹੀਦਾ ਹੈ। ਤੀਜੀ ਲਹਿਰ ਬੱਚਿਆਂ ਲਈ ਵਧੇਰੇ ਖਤਰਨਾਕ ਦੱਸੀ ਜਾ ਰਹੀ ਹੈ। ਅਜੇ ਤੱਕ ਬੱਚਿਆਂ ਲਈ ਕੋਰੋਨਾ ਵੈਕਸੀਨ ਦੀ ਘਾਟ ਕਾਰਨ ਮਾਪਿਆਂ ਦੀ ਚਿੰਤਾ ਵੱਧ ਗਈ ਹੈ। ਇਸ ਲਈ ਸਿਹਤ ਮਾਹਿਰਾਂ ਅਨੁਸਾਰ ਬੱਚਿਆਂ ਨੂੰ ਵਿਸ਼ੇਸ਼ ਦੇਖਭਾਲ ਦੀ ਲੋੜ ਹੈ।

ਮਾਹਰ ਕਹਿੰਦੇ ਹਨ ਕਿ ਬੱਚਿਆਂ ਦੀ ਪ੍ਰਤੀਰੋਧਕ ਸ਼ਕਤੀ ਨੂੰ ਮਜ਼ਬੂਤ ਕਰਕੇ ਤੀਜੀ ਲਹਿਰ ਨਾਲ ਨਜਿੱਠਣਾ ਸੌਖਾ ਹੋਵੇਗਾ। ਇਸ ਲਈ ਬੱਚਿਆਂ ਦੇ ਖਾਣ ਪੀਣ ਦੀਆਂ ਆਦਤਾਂ, ਸਰੀਰਕ ਤੰਦਰੁਸਤੀ, ਤਣਾਅ ਮੁਕਤ ਰੁਟੀਨ ਅਤੇ ਸਾਵਧਾਨੀਆਂ ਦੇ ਵਿਸ਼ੇਸ਼ ਮਾਪਦੰਡਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਉਸੇ ਸਮੇਂ ਜੇ ਤੁਸੀਂ ਕਿਸੇ ਲਾਗ ਵਾਲੇ ਵਿਅਕਤੀ ਦੇ ਸੰਪਰਕ ਵਿੱਚ ਆਉਂਦੇ ਹੋ ਅਤੇ ਬੱਚਿਆਂ ਵਿੱਚ ਲਾਗ ਦੇ ਸੰਕੇਤ ਦਿਖਾਉਂਦੇ ਹੋ, ਤਾਂ ਪਹਿਲਾਂ ਕੋਰੋਨਾ ਟੈਸਟ ਕਰਵਾਓ ਅਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰੋ। ਵੂਮੈਨ ਐਂਡ ਚਿਲਡਰਨ ਹਸਪਤਾਲ ਦੇ ਐਸਐਮਓ ਡਾ. ਸੁਖਜਿੰਦਰ ਸਿੰਘ ਗਿੱਲ ਅਨੁਸਾਰ ਬੱਚਿਆਂ ਨੂੰ ਫਾਸਟ ਫੂਡ ਜਾਂ ਠੰਡਾ ਪਾਣੀ ਨਾ ਦਿਓ ਕਿਉਂਕਿ ਇਸ ਵਿੱਚ ਕਈ ਤਰਾਂ ਦੇ ਰਸਾਇਣ ਹੁੰਦੇ ਹਨ। ਅਜਿਹੇ ਲੱਛਣ ਦਿਖਣ ’ਤੇ ਤੁਰੰਤ ਡਾਕਟਰ ਨਾਲ ਸੰਪਰਕ ਕਰੋ ਮਾਨਸਿਕ ਰੋਗਾਂ ਦੇ ਮਾਹਰ ਡਾ. ਅਨੁਸਾਰ ਬੱਚਿਆਂ ਨੂੰ ਇੱਕ ਜਾਂ ਦੋ ਦਿਨ ਤੋਂ ਬੁਖ਼ਾਰ ਹੋ ਰਿਹਾ ਹੈ ਇਹ ਬੁਖ਼ਾਰ ਸਰੀਰ ਨੂੰ ਕਮਜ਼ੋਰ ਕਰਦਾ ਹੈ, ਚਿਹਰੇ ਦਾ ਰੰਗ ਨੀਲਾ ਦਿਖਾਈ ਦੇਣਾ ਸ਼ੁਰੂ ਹੋ ਜਾਂਦਾ ਹੈ, ਬੱਚਿਆਂ ਨੂੰ ਉਲਟੀਆਂ, ਦਸਤ, ਹੱਥਾਂ ਵਿੱਚ ਸੋਜ ਦੀ ਸਮੱਸਿਆ ਅਤੇ ਜੇ ਤੁਹਾਨੂੰ ਜ਼ੁਕਾਮ, ਖੰਘ, ਬੁਖਾਰ, ਦਸਤ, ਸਾਹ ਲੈਣ ਵਿੱਚ ਮੁਸ਼ਕਲ, ਆਕਸੀਜਨ ਦਾ ਪੱਧਰ ਘੱਟ ਹੋਵੇ ਤਾਂ ਇੱਕ ਡਾਕਟਰ ਨਾਲ ਸੰਪਰਕ ਕਰੋ। ਬੱਚਿਆਂ ਨੂੰ ਧਿਆਨ ਲਗਾਉਣ, ਭਾਵ ਧਿਆਨ ਯੋਗਾ ਅਤੇ ਸਾਹ ਨਾਲ ਸਬੰਧਤ ਕਸਰਤ ਕਰਨ ਲਈ ਕਹੋ।

**ਡਾਕਟਰ ਦੀ ਸਲਾਹ ਤੋਂ ਬਿਨਾਂ ਕੋਈ ਦਵਾਈ ਨਾ ਦਿਓ**

ਬੱਚਿਆਂ ਵਿਚ ਖੰਘ, ਜ਼ੁਕਾਮ ਅਤੇ ਢਿੱਡ ਦੀ ਸਮੱਸਿਆ ਹੋਣ ਦੀ ਸੂਰਤ ਵਿਚ ਤੁਰੰਤ ਡਾਕਟਰ ਨਾਲ ਸੰਪਰਕ ਕਰੋ। ਡਾਕਟਰ ਦੀ ਸਲਾਹ ਤੋਂ ਬਿਨਾਂ ਐਂਟੀ-ਬਾਇਓਟਿਕਸ, ਐਂਟੀ-ਵਾਇਰਲ ਡਰੱਗਜ਼, ਸਟੀਰੌਇਡ ਜਿਹੀ ਕੋਈ ਦਵਾਈ ਨਾ ਦਿਓ। ਟਮਾਟਰ, ਖੀਰਾ, ਨਿੰਬੂ ਅਤੇ ਗੰਢਿਆਂ ਨੂੰ ਭੋਜਨ ਦਾ ਹਿੱਸਾ ਬਣਾਓ।

**ਬੱਚਿਆਂ ਨੂੰ ਖਵਾਓ ਘਰ ਦਾ ਭੋਜਨ**

ਕੋਰੋਨਾ ਦੇ ਸਮੇਂ ਖੁਰਾਕ ਦਵਾਈ ਨਾਲੋਂ ਵਧੇਰੇ ਮਹੱਤਵਪੂਰਨ ਹੈ। ਬੱਚਿਆਂ ਨੂੰ ਘਰ ਵਿੱਚ ਹੀ ਤਿਆਰ ਕੀਤਾ ਖਾਣਾ ਖਆਓ। ਛੋਲੇ ਅਤੇ ਮੂੰਗਫਲੀ ਦਿਓ। ਸਵੇਰੇ 2-3 ਭਿੱਜੇ ਹੋਏ ਬਦਾਮ, ਮਨੱਕਾ, ਇਕ ਅਖਰੋਟ ਅਤੇ ਇਕ ਅੰਜੀਰ ਆਦਿ ਦਿਓ। ਬੈਕਟੀਰੀਆ ਦੀ ਲਾਗ ਤੋਂ ਬਚਣ ਲਈ ਹਲਦੀ ਦਾ ਦੁੱਧ ਨਿਯਮਿਤ ਰੂਪ ਵਿਚ ਦਿਓ। ਹਮੇਸ਼ਾ ਮੌਸਮੀ ਫ਼ਲ ਅਤੇ ਸਬਜ਼ੀਆਂ ਖਆਓ। ਟਮਾਟਰ, ਖੀਰੇ, ਨਿੰਬੂ ਅਤੇ ਗੰਢੇ ਖਾਣੇ ਵਿਚ ਕਿਸੇ ਨਾ



ਕਿਸੇ ਰੂਪ ਵਿਚ ਜ਼ਰੂਰ ਮੌਜੂਦ ਹੋਣੇ ਚਾਹੀਦੇ ਹਨ। ਗੁੜ, ਨਾਰੀਅਲ, ਮੂੰਗਫਲੀ, ਬਦਾਮ ਪੀਸ ਕੇ ਇਸ ਦਾ ਪੇਸਟ ਬਣਾ ਲਓ ਤੇ ਇਸ ਨੂੰ ਪਰੌਂਠੇ ’ਚ ਪਾ ਕੇ ਦਿਓ।

ਸੋਇਆਬੀਨ, ਦਾਲਾਂ, ਅੰਡੇ, ਹਰੀਆਂ ਸਬਜ਼ੀਆਂ, ਫਲ ਅਤੇ ਕੈਲਸੀਅਮ ਨਾਲ ਭਰਪੂਰ ਖਾਧ ਪਦਾਰਥ ਦਿਓ। ਘਰ ਦੇ ਬਜ਼ੁਰਗਾਂ ਨੂੰ ਕੋਰੋਨਾ ਟੀਕਾ ਲਗਵਾਉਣਾ ਚਾਹੀਦਾ ਹੈ, ਮਾਪਿਆਂ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਬੱਚਿਆਂ ਨੂੰ ਬਾਹਰੋਂ ਆਉਣ ਵਾਲੇ ਲੋਕਾਂ ਦੇ ਸੰਪਰਕ ਵਿੱਚ ਨਹੀਂ ਆਉਣਾ ਚਾਹੀਦਾ। ਬੱਚਿਆਂ ਨੂੰ ਬਾਜ਼ਾਰ ਵਿਚ ਨਾ ਲਿਜਾਓ। ਜੇ ਘਰ ਵਿੱਚ ਕੋਈ ਬਿਮਾਰ ਹੈ, ਬੱਚੇ ਨੂੰ ਲਾਜ਼ਮੀ ਤੌਰ ’ਤੇ ਐਨ-95 ਮਾਸਕ ਪਾਉਣਾ ਚਾਹੀਦਾ ਹੈ। ਬੱਚਿਆਂ ਨੂੰ ਗਰਮ ਪਾਣੀ ਪੀਣ ਲਈ ਦਿਓ, ਇਸ ਨਾਲ ਇਨਫੈਕਸ਼ਨ ਦਾ ਖ਼ਤਰਾ ਘੱਟ ਜਾਂਦਾ ਹੈ।

ਸਰੀਰਕ ਗਤੀਵਿਧੀਆਂ ਬੱਚਿਆਂ ਲਈ ਬਹੁਤ ਮਹੱਤਵਪੂਰਨ ਹਨ। ਇਸ ਲਈ, ਆਨਲਾਈਨ ਕਲਾਸਾਂ ਤੋਂ ਬਾਅਦ, ਬੱਚਿਆਂ ਨੂੰ ਸਰੀਰਕ ਗਤੀਵਿਧੀ ਜ਼ਰੂਰ ਕਰਨੀ ਚਾਹੀਦੀ ਹੈ। ਅੰਦਰੂਨੀ ਗਤੀਵਿਧੀ ਵੀ ਉਨਾਂ ਨੂੰ ਸਿਹਤਮੰਦ ਰੱਖਣ ਲਈ ਕਾਫ਼ੀ ਹੈ। ਘਰਾਂ ਵਿਚ ਇਕੱਲੇਪਣ ਨੂੰ ਦੂਰ ਕਰਨ ਲਈ ਬੱਚੇ ਅਕਸਰ ਸੋਸ਼ਲ ਨੈਟਵਰਕਿੰਗ ਨਾਲ ਜੁੜੇ ਰਹਿੰਦੇ ਹਨ ਜਿਸ ਕਾਰਨ ਬੱਚੇ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਸਮੇਂ ਦੌਰਾਨ ਪਰਿਵਾਰ ਦੇ ਬਜ਼ੁਰਗਾਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦੀ ਬਿਹਤਰੀ ਲਈ ਸਮਾਂ ਦੇਣ। ਉਨਾਂ ਨਾਲ ਖੇਡਣ ਤੋਂ ਇਲਾਵਾ, ਰਚਨਾਤਮਕ ਕੰਮ ਅਤੇ ਯੋਗਾ, ਕਸਰਤ ਆਦਿ ਪ੍ਰਾਪਤ ਕਰਨ। ਘਰ ਤੋਂ ਬਾਹਰ ਜਾਣ ਵੇਲੇ, ਉਨਾਂ ਨੂੰ ਭੀੜ ਵਾਲੀਆਂ ਥਾਵਾਂ ਤੋਂ ਦੂਰ ਰੱਖੋ ਅਤੇ ਮਾਸਕ ਅਤੇ ਸਮਾਜਕ ਦੂਰੀਆਂ ਦਾ ਵੀ ਪਾਲਣ ਕਰੋ। ਬੱਚਿਆਂ ਨੂੰ ਕੁਝ ਨਵਾਂ ਸਿੱਖਣ ਲਈ ਪ੍ਰੇਰਿਤ ਕਰੋ ਤਾਂ ਜੋ ਬੱਚਿਆਂ ਦੇ ਤਣਾਅ ਨੂੰ ਦੂਰ ਕੀਤਾ ਜਾ ਸਕੇ। ਬੱਚਿਆਂ ਨੂੰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਮਾਸਕ ਬਾਰੇ ਜਾਗਰੂਕ ਕਰੋ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling
TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com

# 44 ਤਮਗੇ ਫੁੰਡਣ ਵਾਲਾ 85 ਸਾਲਾ ਬਾਪੂ ਇੰਦਰ ਸਿੰਘ ਖ਼ਾਲਸਾ



**ਮਾਲਵਿੰਦਰ ਤਿਉਣਾ ਪੁਜਾਰੀਆਂ**
ਮੋ. ਨੰ. 9878531625

ਪਾਕਿਸਤਾਨ ਦੇ ਲਾਹੌਰ ਜਿਲੇ ਅਧੀਨ ਆਉਂਦੀ ਤਹਿਸੀਲ ਚੂਨੀ ਅਧੀਨ ਪੈਂਦੇ ਪਿੰਡ ਬੀਰਾ ਸਿੰਘ ਵਾਲਾ ਵਿਖੇ, ਪਿਤਾ ਜੰਗਾ ਸਿੰਘ ਅਤੇ ਮਾਤਾ ਜਆਲਾ ਕੌਰ ਦੀ ਕੁੱਖੋਂ 3 ਜੂਨ 1935 ਨੂੰ ਜਨਮ ਲੈਣ ਵਾਲੇ ਬਾਬਾ ਇੰਦਰ ਸਿੰਘ ਖਾਲਸਾ ਦੀ ਸਾਰੀ ਜਿੰਦਗੀ ਹੀ ਸੰਘਰਸ਼ਸ਼ੀਲ ਰਹੀ ਹੈ।

15 ਅਗਸਤ 1947 ਨੂੰ, ਜਦੋਂ ਹਿੰਦੁਸਤਾਨ ਦੋ ਟੋਟਿਆਂ ਵਿੱਚ ਵੰਡਿਆ ਗਿਆ। ਉਸ ਸਮੇਂ ਇੰਦਰ ਸਿੰਘ ਦੀ ਉਮਰ ਕੇਵਲ 12 ਸਾਲਾਂ ਦੀ ਸੀ। ਉਹ ਡੀ.ਏ.ਵੀ. ਹਾਈ ਸਕਲ ਕੋਟ ਰਾਧਾ ਕ੍ਰਿਸ਼ਨ ਕੱਚੀ ਕੋਠੀ ਵਿਖੇ ਪੜਦਾ ਸੀ। ਹਿੰਦੁਸਤਾਨ ਵਿੱਚ ਜਦੋਂ ਉਥਲ ਪੁਥਲ ਸ਼ੁਰੂ ਹੋਈ ਅਤੇ ਇੰਦਰ ਸਿੰਘ ਦੀ ਜਿੰਦਗੀ ਵਿੱਚ ਚੱਲ ਪਈ ਸਨਾਮੀ।

ਪਾਕਿਸਤਾਨ ਤੋਂ ਉਜੜ ਕੇ, ਉਸ ਦਾ ਪਰਿਵਾਰ ਭਾਰਤ ਵਿੱਚ ਆ ਗਿਆ। ਇੱਥੇ ਉਸ ਦੇ ਪਿਤਾ ਜੰਗਾ ਸਿੰਘ ਨੂੰ, ਫ਼ਿਰੋਜ਼ਪੁਰ ਅਧੀਨ ਪੈਂਦੀ ਤਹਿਸੀਲ ਫਾਜ਼ਿਲਕਾ ਦੇ ਪਿੰਡ ਚੱਕ ਪੱਖੀ ਵਿਖੇ ਆਰਜੀ ਤੌਰ ਤੇ ਜਮੀਨ ਅਲਾਟ ਕੀਤੀ ਗਈ। ਉਸ ਤੋਂ ਕਰੀਬ ਤਿੰਨ ਸਾਲ ਬਾਅਦ ਵਿੱਚ, ਉਹਦੇ ਪਿਤਾ ਨੂੰ ਸ੍ਰੀ ਮੁਕਤਸਰ ਸਾਹਿਬ ਦੀ ਮਲੋਟ ਤਹਿਸੀਲ ਅਧੀਨ ਪੈਂਦੇ ਪਿੰਡ ਰੱਤੇ ਖੇੜੇ ਵਿੱਚ ਜਮੀਨ ਪੱਕੇ ਤੌਰ 'ਤੇ ਅਲਾਟ ਕੀਤੀ ਗਈ। ਇੰਦਰ ਸਿੰਘ ਨੇ ਦਸਵੀਂ ਕਲਾਸ 1952 ਵਿੱਚ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਚੱਕ ਸ਼ੇਰੇਵਾਲਾ ਦੇ ਸਰਕਾਰੀ ਸਕੂਲ ਤੋਂ ਦੂਜੇ ਦਰਜੇ ਵਿੱਚ ਪਾਸ ਕੀਤੀ ਸੀ। ਉਸ ਸਕੂਲ ਵਿੱਚੋਂ ਜਾਰੀ ਕੀਤੇ ਇੱਕ ਪੱਤਰ ਅਨੁਸਾਰ ਵੀ ਉਸ ਦੀ ਜਨਮ ਮਿਤੀ 3 ਜੂਨ 1935 ਦਰਸਾਈ ਗਈ ਹੈ। ਆਪਣੀ ਜਿੰਦਗੀ ਵਿੱਚ ਬਾਪੂ ਇੰਦਰ ਸਿੰਘ ਨੇ 6 ਅਤੇ 7 ਦਸੰਬਰ ਸਾਲ 2014 ਨੂੰ ਮਸਤੂਆਣਾ ਸਾਹਿਬ ਜ਼ਿਲਾ ਸੰਗਰੂਰ ਵਿਖੇ ਹੋਈ ਅਥਲੈਟਿਕ ਮੀਟ ਵਿੱਚ ਪਹਿਲੀ ਵਾਰ ਭਾਗ ਲਿਆ ਸੀ। ਉਸ ਨੇ ਪਹਿਲੀ ਵਾਰ ਹੀ ਬਿਨਾਂ ਕਿਸੇ ਤਿਆਰੀ ਤੋਂ 100 ਅਤੇ 400 ਮੀਟਰ ਦੌੜ ਵਿੱਚ ਦੋ ਸੋਨ ਤਮਗੇ ਫੁੰਡੇ। ਫ਼ਿਰ ਉਸਨੇ ਨਿਰੰਤਰ ਅਭਿਆਸ ਸ਼ੁਰੂ ਕੀਤਾ। ਆਪਣੇ ਪਿੰਡਾਂ ਦੇ ਆਸੇ ਪਾਸੇ ਲਿੰਕ ਸੜਕਾਂ ਉਪਰ ਸਵੇਰੇ ਸ਼ਾਮ ਦੌੜ ਲਗਾਉਣ ਲੱਗਾ। ਉਸ ਸਮੇਂ ਬਾਪੂ ਇੰਦਰ ਸਿੰਘ ਖਾਲਸਾ ਨੂੰ ਆਸੇ ਪਾਸੇ ਦੇ ਪਿੰਡਾਂ ਸਮੇਤ ਆਪਣੇ ਪਿੰਡ ਦੇ ਬਹੁ ਗਿਣਤੀ ਲੋਕਾਂ ਨੇ 'ਕਮਲਾ ਬਾਬਾ' ਨਾਮ ਦਾ ਖ਼ਿਤਾਬ ਵੀ ਦਿੱਤਾ। ਉਸਨੇ ਕਿਸੇ ਦੀ ਪ੍ਰਵਾਹ ਨਾ ਕੀਤੀ। ਅਭਿਆਸ ਲਗਾਤਾਰ ਜਾਰੀ ਰੱਖਿਆ। ਉਸ ਨੇ ਮੁੜ 7 ਅਤੇ 9 ਨਵੰਬਰ ਨੂੰ 2015 ਸ੍ਰੀ ਮਸਤੂਆਣਾ ਸਾਹਿਬ ਵਿਖੇ ਹੋਈ ਮਾਸਟਰਜ਼ ਅਥਲੈਟਿਕ ਮੀਟ ਵਿੱਚ ਦੂਜੀ ਵਾਰੀ ਵੀ ਭਾਗ ਲਿਆ। ਇਸ ਵਾਰੀ ਵੀ, ਉਸ ਨੇ ਸੋਨ ਤਮਗਾ ਅਤੇ ਦੋ ਹੋਰ ਤਮਗੇ ਪ੍ਰਾਪਤ ਕੀਤੇ। ਉਸ ਨੇ ਉਤਰ ਪ੍ਰਦੇਸ਼ ਦੇ ਅਲਾਹਾਬਾਦ ਸਟੇਡੀਅਮ ਵਿੱਚ 24 ਤੋਂ 26 ਮਾਰਚ 20 18 ਨੂੰ ਹੋਈ ਮਾਸਟਰਜ਼ ਅਥਲੈਟਿਕ ਮੀਟ ਮੁਕਾਬਲੇ ਵਿੱਚ ਭਾਗ ਲਿਆ। ਇੱਥੇ ਉਸ ਨੇ ਹੋਰਨਾਂ ਤਮਗਿਆਂ ਦੇ ਨਾਲ ਨਾਲ 400 ਮੀਟਰ ਦੌੜ ਵਿੱਚ ਸੋਨ ਤਮਗਾ ਵੀ ਪ੍ਰਾਪਤ ਕੀਤਾ। ਦਿੱਲੀ ਵਿਖੇ ਨਹਿਰੂ ਸਟੇਡੀਅਮ ਵਿਖੇ ਹੋਈ ਇੰਡੋ ਬੰਗਲਾਦੇਸ਼ ਮਾਸਟਰਜ਼ ਅਥਲੈਟਿਕ ਮੀਟ ਮੁਕਾਬਲੇ ਵਿੱਚ ਉਸ ਨੇ 400 ਮੀਟਰ ਦੌੜ ਵਿੱਚ ਸੋਨ ਤਮਗਾ ਫੁੰਡਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅਮ੍ਰਿਤਸਰ ਸਾਹਿਬ ਵਿਖੇ 200 ਮੀਟਰ ਦੌੜ ਅਤੇ ਲੰਮੀ ਛਾਲ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਦੇ 1 ਅਤੇ 2 ਦਸੰਬਰ 20 18 ਵਿੱਚ ਹੋਈ ਮਾਸਟਰ ਅਥਲੈਟਿਕ ਮੀਟ ਵਿੱਚੋਂ ਵੀ ਸੋਨ ਤਮਗੇ ਪ੍ਰਾਪਤ ਕੀਤੇ। ਆਧਰਾ ਪ੍ਰਦੇਸ਼ ਵਿਖੇ ਹੋਈ ਵਰਲਡ ਮਾਸਟਰ ਐਥਲੈਟਿਕ ਮੀਟ ਵਿੱਚ 5 ਤੋਂ 10 ਫ਼ਰਵਰੀ 2019





ਵਿੱਚ 100 ਅਤੇ 200 ਮੀਟਰ ਦੌੜ ਵਿੱਚ, ਸਿਲਵਰ ਅਤੇ ਬਰਾਉਂਜ਼ ਮੈਡਲ ਪ੍ਰਾਪਤ ਕੀਤੇ। ਲੰਘੇ ਸਾਲ 2020 ਵਿੱਚ ਲੁਧਿਆਣਾ ਦੀ ਪੰਜਾਬ ਯੂਨੀਵਰਸਿਟੀ ਵਿਖੇ 28 ਫ਼ਰਵਰੀ 2020 ਨੂੰ ਹੋਈ ਮੀਟ ਵਿੱਚ ਬਾਬਾ ਇੰਦਰ ਸਿੰਘ ਖਾਲਸਾ ਨੇ 100, 200 ਮੀਟਰ ਦੌੜ ਅਤੇ ਲੰਮੀ ਛਾਲ ਵਿੱਚ ਤਿੰਨ ਸੋਨ ਤਮਗੇ ਫੁੰਡੇ। ਬਾਬਾ ਇੰਦਰ ਸਿੰਘ ਨੇ 20 ਅਤੇ 21 ਫ਼ਰਵਰੀ 2021 ਨੂੰ ਹੋਏ ਸੰਗਰੂਰ ਦੇ ਮਸਤੂਆਣਾ ਸਾਹਿਬ ਵਿਖੇ ਹੋਏ ਮਾਸਟਰ ਐਥਲੈਟਿਕ ਮੁਕਾਬਲਿਆਂ ਵਿੱਚ 100, 200 ਮੀਟਰ ਅਤੇ ਲੰਮੀ ਛਾਲ ਵਿੱਚ ਸੋਨ ਤਮਗੇ ਪ੍ਰਾਪਤ ਕਰਕੇ ਆਪਣੇ ਪਿੰਡ ਅਤੇ ਪੰਜਾਬ ਸੂਬੇ ਦਾ ਨਾਮ ਸੰਸਾਰ ਭਰ ਵਿੱਚ ਮਸ਼ਹੂਰ ਕੀਤਾ ਹੈ। ਬਾਬਾ ਇੰਦਰ ਸਿੰਘ ਖਾਲਸਾ ਹੁਣ ਤੱਕ ਕੁੱਲ 44 ਤਮਗੇ ਜਿੱਤ ਚੁੱਕਾ ਹੈ, ਜਿਨਾਂ ਵਿੱਚੋਂ 17 ਸੋਨ ਤਮਗੇ ਹਨ।

ਬਾਬਾ ਇੰਦਰ ਸਿੰਘ ਖਾਲਸਾ ਦੀਆਂ ਪ੍ਰਾਪਤੀਆਂ ਨੂੰ ਵੇਖਦੇ ਹੋਏ ਮੈਂਬਰ ਪਾਰਲੀਮੈਂਟ ਹਰਸਿਮਰਤ ਕੌਰ ਬਾਦਲ ਵੱਲੋਂ ਉਸ ਨੂੰ ਪੰਜ ਹਜਾਰ ਰੁਪਏ ਵਿੱਤੀ ਸਹਾਇਤਾ ਦਿੱਤੀ ਜਦੋਂਕਿ ਉਸ ਵੱਲੋਂ ਪਿੰਡ ਦੇ ਵਿਕਾਸ ਲਈ ਪੰਜ ਲੱਖ ਰੁਪਏ ਦਿੱਤੇ ਸਨ। ਸ੍ਰੀ ਮੁਕਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਵੱਲੋਂ ਵੀ ਉਸ ਨੂੰ ਵੀਹ ਕੁ ਹਜਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਸੀ। ਉਸ ਦੀਆਂ ਪ੍ਰਾਪਤੀਆਂ ਕਾਰਨ, ਕਾਲਜਾਂ ਅਤੇ ਸਕੂਲਾਂ ਦੇ ਪ੍ਰਬੰਧਕ ਉਸ ਨੂੰ ਸਮੇਂ ਸਮੇਂ ਸੱਦ ਕੇ ਬਾਬਾ ਇੰਦਰ ਸਿੰਘ ਖਾਲਸਾ ਨੂੰ ਪ੍ਰੇਰਣਾ ਸ੍ਰੋਤ ਵਜੋਂ ਬੱਚਿਆਂ ਅਤੇ ਵਿਦਿਆਰਥੀਆਂ ਨਾਲ ਮਿਲਾ ਰਹੇ ਹਨ।

ਬਾਬਾ ਇੰਦਰ ਸਿੰਘ ਖਾਲਸਾ ਦੀਆਂ ਇੰਨੀਆਂ ਪ੍ਰਾਪਤੀਆਂ ਤੋਂ ਬਾਅਦ ਵੀ ਉਹ ਗਰੀਬੀ ਨਾਲ ਨਿਰੰਤਰ ਕੁਸ਼ਤੀ ਕਰਦਾ ਆ ਰਿਹਾ ਅਤੇ ਗਰੀਬੀ ਦੀ ਵੀ ਢੋਈ ਲਗਾਈ ਬੈਠਾ ਹੈ। ਇਸ ਸਮੇਂ ਪੰਜਾਬ ਸਰਕਾਰ ਵੱਲੋਂ ਬੁੱਢਾਪਾ ਪੈਨਸ਼ਨ ਵਜੋਂ ਉਸ ਨੂੰ 750 ਰੁਪਏ ਪ੍ਰਤੀ ਮਹੀਨਾ ਮਿਲ ਰਹੇ ਹਨ। ਮਾਸਟਰ ਅਥਲੈਟਿਕ ਮੀਟਾਂ ਵਿੱਚ ਅੰਮ੍ਰਿਤਧਾਰੀ ਹੋਣ ਬਦਲੇ ਨਿਰੰਤਰ ਕੀਤੀਆਂ ਪ੍ਰਾਪਤੀਆਂ ਦੀ ਕੋਈ ਕਦਰ ਨਾ ਕਰਦੇ ਹੋਏ ਸ਼੍ਰੋਮਣੀ ਕਮੇਟੀ ਵੱਲੋਂ ਅਜੇ ਤੱਕ ਉਸ ਨੂੰ ਸਨਮਾਨ ਦੇਣਾ ਜਰੂਰੀ ਨਹੀਂ ਸਮਝਿਆ ਹੈ। ਬਾਬਾ ਇੰਦਰ ਸਿੰਘ ਖਾਲਸਾ ਦਾ ਮੰਨਣਾ ਹੈ ਕਿ ਜੇ ਉਸਨੂੰ ਚੰਗੀ ਖੁਰਾਕ ਮਿਲੇ ਤਾਂ ਉਹ ਹੋਰ ਵੀ ਵੱਡੀਆਂ ਪ੍ਰਾਪਤੀਆਂ ਕਰ ਸਕਦਾ ਹੈ।

# ਨਾਸਾ ਦਾ ਭਾਰਤੀ ਗਣਿਤ ਵਿਗਿਆਨੀ ਕੂੜੇ ਦੇ ਢੇਰ ਤੋਂ ਲੱਭਿਆ

**ਪ੍ਰਿੰਸੀਪਲ ਹਰਿ ਕ੍ਰਿਸ਼ਨ**

ਤੁਸੀਂ ਇਹ ਸੁਣ ਕੇ ਹੈਰਾਨ ਜ਼ਰੂਰ ਹੋਵੋਗੇ ਕਿ ਭਾਰਤ ਦਾ ਇਕ ਹੋਣਹਾਰ ਅਤੇ ਤੇਜ਼ਬੁੱਧ ਗਣਿਤ ਵਿਗਿਆਨੀ ਡਾ. ਵਿਸ਼ਿਸ਼ਟ ਨਰਾਇਣ ਸਿੰਘ, ਉਹ ਭਾਰਤੀ ਵਿਗਿਆਨੀ ਸੀ, ਜਿਸ ਨੇ ਪੁਲਾੜ ਏਜੰਸੀ ਨਾਸਾ ਵਿਚ ਖੋਜ ਕਾਰਜ ਕਰਨ ਸਮੇਂ ਬੜਾ ਹੀ ਯਾਦਗਾਰੀ ਕੰਮ ਕੀਤਾ ਸੀ। ਇਹ ਉਹੀ ਭਾਰਤੀ ਖੋਜਕਾਰ ਹੈ, ਜਿਸ ਨੇ ਉਸ ਸਮੇਂ ਦੁਨੀਆ ਦੇ ਸਭ ਤੋਂ ਬੁੱਧੀਮਾਨ ਮੰਨੇ ਜਾਂਦੇ, ਐਲਬਰਟ ਆਈਨਸਟਾਈਨ ਦੇ ਸਾਪੇਖ਼ਤਾ ਦੇ ਸਿਧਾਂਤ ਨੂੰ ਚੁਣੌਤੀ ਦੇ ਦਿੱਤੀ ਸੀ।

ਚੰਨ ਉੱਤੇ ਪਹਿਲੀ ਵਾਰ ਮਨੁੱਖ ਨੂੰ ਲੈ ਕੇ ਜਾਣ ਵਾਲੇ ਨਾਸਾ ਦੇ ਅਪੋਲੋ ਮਿਸ਼ਨ ਦੀ ਲਾਂਚਿੰਗ ਟੀਮ ਵਿਚ ਡਾ. ਵਿਸ਼ਿਸ਼ਟ ਨਰਾਇਣ ਸਿੰਘ ਵੀ ਸ਼ਾਮਿਲ ਸੀ। ਉਸ ਦੀ ਪ੍ਰਤਿਭਾ ਨੂੰ ਵਿਸ਼ਵ ਪੱਧਰ 'ਤੇ ਪਛਾਣ ਮਿਲੀ ਸੀ। ਅਪੋਲੋ ਮਿਸ਼ਨ ਦੇ ਦਾਗਣ ਵੇਲੇ ਉਸ ਨਾਲ ਸਬੰਧਤ ਇਕ ਕਹਾਣੀ ਬੜੀ ਚਰਚਿਤ ਰਹੀ ਹੈ। ਨਾਸਾ ਵਿਚ ਅਪੋਲੋ ਮਿਸ਼ਨ ਦੇ ਦਾਗਣ ਤੋਂ ਪਹਿਲਾਂ ਜਦੋਂ 31 ਕੰਪਿਊਟਰ ਕੁਝ ਸਮੇਂ ਲਈ ਬੰਦ ਹੋ ਗਏ ਸਨ, ਤਾਂ ਕੰਪਿਊਟਰ ਠੀਕ ਹੋਣ ਤੱਕ ਡਾ. ਵਸ਼ਿਸ਼ਟ ਨਰਾਇਣ ਸਿੰਘ ਨੇ ਆਪਣੇ ਪੱਧਰ 'ਤੇ ਗਣਿਤਕ ਹਿਸਾਬ ਲਗਾ ਕੇ ਗਿਣਤੀਆਂ ਮਿਣਤੀਆਂ ਕੀਤੀਆਂ ਸਨ। ਕੰਪਿਊਟਰ ਠੀਕ ਹੋ ਜਾਣ 'ਤੇ ਦੇਖਿਆ ਗਿਆ ਕਿ ਇਹ ਕੰਪਿਊਟਰ ਦੀਆਂ ਗਿਣਤੀਆਂ ਮਿਣਤੀਆਂ ਨਾਲ ਇੰਨ-ਬਿੰਨ ਮੇਲ ਖਾਂਦੀਆਂ ਸਨ।

ਡਾ. ਵਿਸ਼ਿਸ਼ਟ ਨਰਾਇਣ ਸਿੰਘ ਦੀ ਪ੍ਰਤਿਭਾ ਨੂੰ ਸ਼ੀਜ਼ੋਫ੍ਰੇਨੀਆ ਮਾਨਸਿਕ ਰੋਗ ਦਾ ਅਜਿਹਾ ਗ੍ਰਹਿਣ ਲੱਗਿਆ ਕਿ ਉਸ ਦੀ ਜ਼ਿੰਦਗੀ ਦਾ ਅਖੀਰਲਾ ਸਮਾਂ ਆਪਣੇ ਜੱਦੀ ਘਰ ਵਿਚ, ਹਸਪਤਾਲਾਂ ਵਿਚ ਗੁੰਮਨਾਮੀ ਵਿਚ ਹੀ ਬੀਤਿਆ।

ਡਾ. ਵਸ਼ਿਸ਼ਟ ਨਰਾਇਣ ਦਾ ਜਨਮ 2 ਅਪ੍ਰੈਲ, 1946 ਨੂੰ ਬਿਹਾਰ ਵਿਚ ਭੋਜਪੁਰ ਜ਼ਿਲ੍ਹੇ ਦੇ ਪਿੰਡ ਬਸੰਤਪੁਰ ਵਿਚ ਹੋਇਆ। ਉਸ ਦੇ ਪੰਜ ਭੈਣ ਭਰਾ ਸਨ। ਘਰ ਵਿਚ ਆਰਥਿਕ ਤੰਗੀ ਦਾ ਪਹਿਰਾ ਸੀ। ਉਸ ਦਾ ਪਿਤਾ ਪੁਲਿਸ ਮਹਿਕਮੇ ਵਿਚ ਸਿਪਾਹੀ ਸੀ। ਪਰ ਘਰ ਦੀ ਗ਼ਰੀਬੀ ਉਸ ਦੀ ਪੜਾਈ ਵਿਚ ਰੁਕਾਵਟ ਨਾ ਪਾ ਸਕੀ। ਉਹ ਪੜਨ ਵਿਚ ਐਨਾ ਹੁਸ਼ਿਆਰ ਸੀ ਕਿ ਆਪਣੇ ਤੋਂ ਵੱਡੀਆਂ ਕਲਾਸਾਂ ਦੇ ਸਵਾਲ ਹੱਲ ਕਰ ਲੈਂਦਾ ਸੀ। ਉਸ ਨੇ ਆਪਣੀ ਪ੍ਰਾਇਮਰੀ ਅਤੇ ਸੈਕੰਡਰੀ ਦੀ ਪੜਾਈ ਨੇਤਰਹਾਟ ਰਿਹਾਇਸ਼ੀ ਸਕੂਲ ਤੋਂ ਪ੍ਰਾਪਤ ਕੀਤੀ। ਉਸ ਨੇ ਦਸਵੀਂ ਦੀ ਪ੍ਰੀਖਿਆ ਵਿਚ ਸਮੁੱਚੇ ਬਿਹਾਰ ਵਿਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ। ਅਗਲੇਰੀ ਪੜਾਈ ਉਸ ਨੇ ਸਾਇੰਸ ਕਾਲਜ ਪਟਨਾ ਤੋਂ ਪ੍ਰਾਪਤ ਕੀਤੀ। ਇੱਥੇ ਵੀ ਉਸ ਵਿਚ ਵੱਡੀਆਂ ਕਲਾਸਾਂ ਦੇ ਸਵਾਲ ਹੱਲ ਕਰਨ ਦੀ ਰੁਚੀ, ਜਿਉਂ ਦੀ ਤਿਉਂ ਬਣੀ ਰਹੀ। ਉਹ ਐਨਾ ਤੀਖ਼ਣ ਬੁੱਧੀ ਸੀ ਕਿ ਜੇ ਕਿਤੇ ਕਲਾਸ ਵਿਚ ਅਧਿਆਪਕ ਵੀ ਗ਼ਲਤ ਪੜਾ ਰਿਹਾ ਹੁੰਦਾ, ਉਹ ਅਧਿਆਪਕ ਨੂੰ ਵੀ ਟੋਕ ਦਿਆ ਕਰਦਾ ਸੀ। ਅਧਿਆਪਕ ਅਤੇ ਪ੍ਰਿੰਸੀਪਲ ਸਭ ਵਿਸ਼ਿਸ਼ਟ ਦੇ ਅਜਿਹੇ ਵਤੀਰੇ ਤੋਂ ਪ੍ਰੇਸ਼ਾਨ ਸਨ। ਕਾਲਜ ਦਾ ਪ੍ਰਿੰਸੀਪਲ ਡਾ. ਨਗੇਂਦਰ ਨਾਥ ਖ਼ੁਦ ਗਣਿਤ ਵਿਸ਼ੇ ਦਾ ਅਧਿਆਪਕ ਸੀ।

ਉਸ ਨੇ ਵਿਸ਼ਿਸ਼ਟ ਨਰਾਇਣ ਨੂੰ ਸਬਕ ਸਿਖਾਉਣ ਲਈ, ਉਸ ਦੀ ਅਲੱਗ ਤੋਂ ਪ੍ਰੀਖਿਆ ਲੈਣ ਦਾ ਮਨ ਬਣਾਇਆ। ਪ੍ਰੀਖਿਆ ਲਈ ਇਕ ਔਖਾ ਪ੍ਰਸ਼ਨ ਪੱਤਰ ਸੈੱਟ ਕੀਤਾ ਗਿਆ। ਇਸ ਵਿਚ ਅਜਿਹੇ ਸਵਾਲ ਪੁੱਛੇ ਗਏ ਸਨ ਜੋ ਸਿਲੇਬਸ ਤੋਂ ਬਾਹਰ ਦੇ ਸਨ ਅਤੇ ਵਿਸ਼ਿਸ਼ਟ ਨਰਾਇਣ ਨੂੰ ਕਦੀ ਵੀ ਪੜਾਏ ਨਹੀਂ ਗਏ ਸਨ। ਫਿਰ ਵਿਸ਼ਿਸ਼ਟ ਦਾ ਟੈਸਟ ਲਿਆ ਗਿਆ। ਪੇਪਰ ਕਰਨ ਉਪਰੰਤ ਹੱਲ ਕੀਤਾ ਪੇਪਰ ਪ੍ਰਿੰਸੀਪਲ ਨੇ ਆਪਣੇ ਕੋਲ ਰੱਖ ਲਿਆ ਸੀ। ਪ੍ਰਿੰਸੀਪਲ ਪੇਪਰ ਦਾ ਮੁਲਾਂਕਣ ਕਰਨ ਲੱਗਾ ਤਾਂ ਉਸ ਦੀਆਂ ਅੱਖਾਂ ਨੂੰ ਯਕੀਨ ਹੀ ਨਾ ਆਵੇ ਕਿ ਕੀ ਇਹ ਪੇਪਰ ਵਿਸ਼ਿਸ਼ਟ ਨਰਾਇਣ ਨੇ ਹੀ ਹੱਲ ਕੀਤਾ ਸੀ ? ਉਸ ਨੇ ਸਾਰੇ ਸਵਾਲਾਂ ਦੇ ਹੱਲ ਠੀਕ ਕੀਤੇ ਸਨ। ਇਸ ਦੇ ਨਾਲ ਹੀ, ਸਵਾਲ ਹੱਲ ਕਰਨ ਦੇ ਜਿੰਨੇ ਵੀ ਸੰਭਾਵਿਤ ਤਰੀਕੇ ਹੋ ਸਕਦੇ ਸਨ, ਵਿਸ਼ਿਸ਼ਟ ਨਰਾਇਣ ਨੇ ਸਵਾਲ ਹੱਲ ਕਰਨ ਸਮੇਂ, ਉਹ ਤਰੀਕੇ ਵੀ ਇਸਤੇਮਾਲ ਕੀਤੇ ਸਨ।

ਟੈਸਟ ਵਿਚੋਂ ਪੂਰੇ ਨੰਬਰ ਆਉਣ ਨਾਲ, ਵਿਸ਼ਿਸ਼ਟ ਨਰਾਇਣ ਦੀ ਸ਼ੋਭਾ ਚਾਰੇ ਪਾਸੇ ਫੈਲ ਗਈ। ਉਸ ਦੀ ਪ੍ਰਤਿਭਾ ਵਿਚ ਗਣਿਤ ਦੇ ਵਿਸ਼ੇਸ਼ ਹੁਨਰ ਨੂੰ ਮਾਨਤਾ ਮਿਲੀ ਸੀ। ਪਟਨਾ ਯੂਨੀਵਰਸਿਟੀ ਨੇ ਆਪਣੇ ਨਿਯਮਾਂ ਵਿਚ ਤਬਦੀਲੀ ਕਰ ਕੇ ਵਿਸ਼ਿਸ਼ਟ ਨਰਾਇਣ ਨੂੰ ਸਿੱਧਾ ਬੀ.ਐਸ ਸੀ. ਆਨਰਜ਼ (ਗਣਿਤ) ਕੋਰਸ ਦੇ ਪਹਿਲੇ ਸਾਲ ਵਿਚ ਦਾਖ਼ਲ ਕਰ ਲਿਆ ਸੀ।





ਬੀ.ਐਸ ਸੀ. ਆਨਰਜ਼ (ਗਣਿਤ) ਦੀ ਡਿਗਰੀ ਉਸ ਨੇ ਪਟਨਾ ਯੂਨੀਵਰਸਿਟੀ ਵਿਚੋਂ ਪਹਿਲੇ ਸਥਾਨ 'ਤੇ ਰਹਿ ਕੇ ਪ੍ਰਾਪਤ ਕੀਤੀ। ਫਿਰ ਉਸ ਨੇ ਆਪਣੇ ਬਲਬੂਤੇ 'ਤੇ ਐਮ. ਐਸ ਸੀ. (ਗਣਿਤ) ਵਿਚ ਦਾਖ਼ਲਾ ਲੈ ਲਿਆ। ਉਸ ਨੇ ਐਮ. ਐਸ ਸੀ. (ਗਣਿਤ), ਪਟਨਾ ਯੂਨੀਵਰਸਿਟੀ ਵਿਚੋਂ ਪਹਿਲੇ ਸਥਾਨ 'ਤੇ ਰਹਿ ਕੇ ਪਾਸ ਕੀਤੀ।

ਕੈਲੀਫੋਰਨੀਆ ਯੂਨੀਵਰਸਿਟੀ ਅਮਰੀਕਾ ਦੇ ਪ੍ਰਸਿੱਧ ਗਣਿਤ ਵਿਗਿਆਨੀ ਡਾ. ਜੌਹਨ.ਐਲ. ਕੈਲੀ ਨੂੰ ਵਿਸ਼ਿਸ਼ਟ ਨਰਾਇਣ ਦੀ ਗਣਿਤ ਵਿਸ਼ੇ ਵਿਚ ਵਿਲੱਖਣ ਕਾਬਲੀਅਤ ਦੀ ਉਸ ਵੇਲੇ ਤੋਂ ਹੀ ਸੂਹ ਸੀ, ਜਦੋਂ ਉਹ ਸਾਇੰਸ ਕਾਲਜ ਪਟਨਾ ਵਿਚ ਪੜਦਾ ਸੀ। ਉਹ ਆਪ ਖ਼ਰਚਾ ਕਰ ਕੇ, ਵਿਸ਼ਿਸ਼ਟ ਨਰਾਇਣ ਨੂੰ ਅੱਗੇ ਪੜਾਉਣ ਲਈ ਅਮਰੀਕਾ ਲੈ ਗਿਆ। ਅਗਲੇ ਖੋਜ ਅਧਿਐਨ ਕਰਨ ਲਈ ਵਿਸ਼ਿਸ਼ਟ ਨਰਾਇਣ ਨੇ ਬਰਕਲੇ ਵਿਖੇ ਯੂਨੀਵਰਸਿਟੀ ਆਫ ਕੈਲੀਫੋਰਨੀਆਂ ਵਿਚ ਦਾਖ਼ਲਾ ਲੈ ਲਿਆ। ਉਸ ਦੇ ਖੋਜ ਕਾਰਜ ਦੀ ਦੇਖ-ਰੇਖ ਡਾ. ਜੌਹਨ.ਐਲ. ਕੈਲੀ ਹੀ ਕਰ ਰਿਹਾ ਸੀ। ਡਾ. ਕੈਲੀ ਟੋਪਾਲੋਜੀ ਅਤੇ ਫੰਕਸ਼ਨਲ ਵਿਸ਼ਲੇਸ਼ਣ ਦਾ ਮਾਹਿਰ ਵਿਗਿਆਨੀ ਸੀ। ਉਸ ਦੀ ਨਿਗਰਾਨੀ ਅਧੀਨ, ਚਾਰ ਸਾਲ ਖੋਜ ਕਰਨ ਪਿੱਛੋਂ ਵਿਸ਼ਿਸ਼ਟ ਨਰਾਇਣ ਨੂੰ ਰੀਪ੍ਰੋਡਿਊਸਿੰਗ ਕਰਨਲਜ਼ ਐਂਡ ਓਪਰੇਟਰਜ਼ ਵਿਦ ਏ ਸਾਈਕਲਿਕ ਵੈਕਟਰ(**Reproducing Kernels and Operators with a cyclic vector**) ਖੋਜ ਗ੍ਰੰਥ ਤੇ ਕੈਲੀਫੋਰਨੀਆ ਯੂਨੀਵਰਸਿਟੀ ਨੇ ਗਣਿਤ ਵਿਸ਼ੇ ਵਿਚ, ਡਾਕਟਰੇਟ ਦੀ ਡਿਗਰੀ ਦੇ ਕੇ ਨਿਵਾਜ਼ਿਆ।

ਹੁਣ ਉਹ ਡਾ. ਵਿਸ਼ਿਸ਼ਟ ਨਰਾਇਣ ਸਿੰਘ ਬਣ ਚੁੱਕਾ ਸੀ। ਪੀ. ਐਚ.ਡੀ. ਦੀ ਡਿਗਰੀ ਪ੍ਰਾਪਤ ਕਰਦੇ ਸਾਰ, ਉਹ ਸਪੇਸ ਏਜੰਸੀ ਨਾਸਾ ਵਿਚ ਗਣਿਤ ਵਿਗਿਆਨੀ ਦੇ ਤੌਰ 'ਤੇ ਕੰਮ ਕਰਨ ਲੱਗਾ। ਇੱਥੇ ਹੀ ਮਨੁੱਖ ਨੂੰ ਪਹਿਲੀ ਵਾਰ ਚੰਨ 'ਤੇ ਲੈ ਕੇ ਜਾਣ ਵਾਲੇ, ਅਪੋਲੋ ਮਿਸ਼ਨ ਦੀ ਲਾਂਚਿੰਗ ਵੇਲੇ ਕੰਪਿਊਟਰ ਕੁਝ ਦੇਰ ਤੱਕ ਬੰਦ ਹੋਣ ਸਮੇਂ ਡਾ. ਵਸ਼ਿਸ਼ਟ ਨਰਾਇਣ ਸਿੰਘ ਵਲੋਂ ਗਣਿਤਿਕ ਹਿਸਾਬ ਨਾਲ ਕੀਤੀਆਂ, ਬਿਲਕੁਲ ਦਰੁੱਸਤ ਗਿਣਤੀਆਂ ਕਰਨ ਵਾਲੀ ਘਟਨਾ ਵਾਪਰੀ ਸੀ। ਫਿਰ ਉਹ ਸਿਆਲਟਨ ਯੂਨੀਵਰਸਿਟੀ ਵਿਚ ਐਸੋਸ਼ੀਏਟ ਪ੍ਰੋਫੈਸਰ ਰਿਹਾ। ਬਰਕਲੇ ਯੂਨੀਵਰਸਿਟੀ ਨੇ ਉਸ ਨੂੰ 'ਜੀਨੀਅਸਾਂ ਦਾ ਜੀਨੀਅਸ' ਕਹਿ ਕੇ ਵਡਿਆਇਆ ਸੀ। ਥੋੜੀ ਦੇਰ ਲਈ ਉਹ ਭਾਰਤ ਆਇਆ। 1973 ਵਿਚ ਉਸ ਦਾ ਵਿਆਹ ਵੰਦਨਾ ਰਾਣੀ ਨਾਲ ਹੋ ਗਿਆ ਸੀ। ਸ਼ਾਦੀ ਤੋਂ ਕੁਝ ਦੇਰ ਪਿੱਛੋਂ ਉਹ ਵਾਪਸ ਅਮਰੀਕਾ ਚਲਾ ਗਿਆ। ਨੌਕਰੀ ਘਰ ਬਾਰ ਮੁੜ ਪਹਿਲਾਂ ਵਾਂਗ ਠੀਕ ਚੱਲ ਪਿਆ। ਇਸੇ ਸਾਲ ਆਪਣੇ ਇਕ ਜੂਨੀਅਰ ਦੀ ਗ਼ਲਤੀ 'ਤੇ ਡਾ. ਵਿਸ਼ਿਸ਼ਟ ਦਾ ਗੁੱਸਾ ਕਾਬੂ ਤੋਂ ਬਾਹਰ ਹੋ ਗਿਆ। ਉਸ ਦਾ ਸੁਭਾਅ ਚਿੜਚਿੜਾ ਹੋ ਗਿਆ। ਉਸ ਦੇ ਇਸ ਵਿਹਾਰ ਨੂੰ ਗੰਭੀਰਤਾ ਨਾਲ ਲਿਆ ਗਿਆ।

ਬਾਕੀ ਸਫ਼ਾ 30 'ਤੇ

# ਜੂਨ 84 ਦੇ ਘੱਲੂਘਾਰੇ ਨੇ ਰੱਖੀ ਖ਼ਾਲਿਸਤਾਨ ਦੀ ਨੀਂਹ



**ਰਣਜੀਤ ਸਿੰਘ**
**88722-93883**

ਕਾਸ਼! 1947 'ਚ ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਆਜ਼ਾਦ ਸਿੱਖ ਰਾਜ (ਖ਼ਾਲਿਸਤਾਨ) ਵੀ ਹੋਂਦ ਵਿੱਚ ਆ ਜਾਂਦਾ, ਜਿੱਥੇ ਸਿੱਖ ਵੀ ਅਜ਼ਾਦੀ ਦਾ ਨਿੱਘ ਮਾਣ ਸਕਦੇ। ਜਿੱਥੇ ਸਾਡੀ ਕਿਰਪਾਨ-ਦਸਤਾਰ ਅਤੇ ਬੋਲੀ 'ਤੇ ਪਾਬੰਦੀ ਨਾ ਲਗਦੀ, ਜਿੱਥੇ ਸਿੱਖਾਂ ਦੀ ਸਰੀਰਕ ਅਤੇ ਮਾਨਸਿਕ ਨਸਲਕੁਸ਼ੀ ਨਾ ਹੁੰਦੀ। ਜਿੱਥੇ ਸਿੱਖਾਂ ਦੇ ਕੇਂਦਰੀ ਅਸਥਾਨ ਸੱਚਖੰਡ ਸ੍ਰੀ ਦਰਬਾਰ ਸਾਹਿਬ ਅਤੇ ਭਗਤੀ ਸ਼ਕਤੀ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕਦੇ ਫ਼ੌਜੀ ਹਮਲਾ ਨਾ ਹੁੰਦਾ ਤੇ ਨਾ ਹੀ ਸਰਬ ਸਾਂਝੀਵਾਲਤਾ ਦੇ ਪ੍ਰਤੀਕ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀਆਂ ਬੇਅਦਬੀਆਂ ਹੁੰਦੀਆਂ। ਜਿੱਥੇ ਸਿੱਖ ਵੀ ਆਪਣੇ ਧਰਮ ਨੂੰ ਪ੍ਰਫੁੱਲਤ ਕਰਦੇ ਤੇ ਸਰਬੱਤ ਦੇ ਭਲੇ ਦੇ ਉਪਦੇਸ਼ ਨੂੰ ਸਿੱਖ ਸਟੇਟ ਰਾਹੀਂ ਸਾਰੀ ਦੁਨੀਆਂ 'ਚ ਫੈਲਾਉਂਦੇ।

1947 ਦੀ ਅਖੌਤੀ ਅਜ਼ਾਦੀ ਤੋਂ ਬਾਅਦ ਹਿੰਦੂਤਵ ਨੇ ਸਿੱਖਾਂ ਨਾਲ਼ ਅਕ੍ਰਿਤਘਣਤਾ ਦੀ ਸਿਖ਼ਰ ਕਰ ਦਿੱਤੀ ਤੇ ਸਿੱਖ ਇੱਕ ਦਿਨ ਵੀ ਚੈਨ ਨਾਲ਼ ਨਹੀਂ ਬੈਠ ਸਕੇ। ਦੇਸ਼ ਦੀ ਅਜ਼ਾਦੀ ਲਈ 93 ਪ੍ਰਤੀਸ਼ਤ ਕੁਰਬਾਨੀਆਂ ਅਤੇ ਸ਼ਹੀਦੀਆਂ ਦੇਣ ਵਾਲ਼ੀ ਸਿੱਖ ਕੌਮ ਦੇ ਆਗੂਆਂ ਨੇ ਜਦੋਂ ਹਿੰਦੂ ਹਾਕਮਾਂ ਨੂੰ ਸਿੱਖਾਂ ਨਾਲ਼ ਅਜ਼ਾਦੀ ਤੋਂ ਪਹਿਲਾਂ ਕੀਤੇ ਵਾਅਦੇ ਯਾਦ ਕਰਾਏ ਤਾਂ ਮੱਕਾਰ ਨਹਿਰੂ ਕਹਿੰਦਾ ਕਿ 'ਅਬ ਵਕਤ ਬਦਲ ਚੁੱਕਾ ਹੈ।'

ਸਾਨੂੰ ਬਣਦੇ ਹੱਕ ਤਾਂ ਕੀ ਦੇਣੇ ਸੀ ਸਗੋਂ ਦਿੱਲੀ ਤੋਂ ਸਰਕੂਲਰ ਜਾਰੀ ਕਰ ਕੇ ਸਿੱਖਾਂ ਨੂੰ 'ਜ਼ਰਾਇਮ ਪੇਸ਼ਾ' ਕੌਮ ਕਹਿ ਕੇ ਭੰਡਿਆ, ਸੰਵਿਧਾਨ ਦੀ 25-ਬੀ ਧਾਰਾ 'ਚ ਸਿੱਖ ਪਛਾਣ 'ਤੇ ਸਵਾਲੀਆ ਚਿੰਨ ਲਾ ਦਿੱਤਾ, ਸਿੱਖਾਂ ਦੇ ਵਿਆਹ ਹਿੰਦੂ ਮੈਰਿਜ ਐਕਟ ਅਧੀਨ ਰਜਿਸਟਰਡ ਕੀਤੇ ਗਏ। ਫਿਰ ਹਿੰਦੂਤਵੀ ਸਰਕਾਰ ਨੇ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬਾ ਹੀ ਨਾ ਬਣਾਇਆ ਤੇ ਪੰਜਾਬੀ ਭਾਸ਼ਾ 'ਤੇ ਵੀ ਪਾਬੰਦੀ ਲਾ ਦਿੱਤੀ। ਜਦੋਂ ਸਿੱਖਾਂ ਨੇ ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਮੋਰਚਾ ਵਿੱਢਿਆ ਤਾਂ ਨਹਿਰੂ ਨੇ ਇਸ ਸੰਘਰਸ਼ ਨੂੰ ਕੁਚਲਣ ਲਈ 3-4 ਜੁਲਾਈ 1955 ਨੂੰ ਸ੍ਰੀ ਦਰਬਾਰ ਸਾਹਿਬ 'ਤੇ ਪੁਲਿਸ ਹਮਲਾ ਕਰਵਾ ਦਿੱਤਾ, ਇਸ ਹਮਲੇ 'ਚ ਸੈਂਕੜੇ ਸਿੰਘ ਸ਼ਹੀਦ, ਹਜ਼ਾਰਾਂ ਜ਼ਖ਼ਮੀ ਅਤੇ ਗ੍ਰਿਫ਼ਤਾਰ ਹੋਏ।

ਗੁਰੂ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਨਹੀਂ ਦਿੱਤਾ ਜਦ ਕਿ ਹਿੰਦੂਆਂ ਨਾਲ਼ ਸਬੰਧਤ ਬਨਾਰਸ, ਹਰਦੁਆਰ, ਕਾਂਸ਼ੀ ਸਮੇਤ ਹੋਰਨਾਂ ਸ਼ਹਿਰਾਂ ਨੂੰ ਇਹ ਦਰਜਾ ਬਿਨਾਂ ਮੰਗਿਆ ਤੇ ਬਿਨਾਂ ਕੋਈ ਕੁਰਬਾਨੀ ਕੀਤਿਆਂ ਹਾਸਲ ਹੈ। ਪੰਜਾਬ ਕੋਲ਼ ਆਪਣੀ ਵੱਖਰੀ ਰਾਜਧਾਨੀ ਨਹੀਂ, ਹਾਈਕੋਰਟ ਨਹੀਂ ਤੇ ਪੰਜਾਬ ਕੋਲ ਬਿਜਲੀ ਪਾਣੀ ਦਾ ਹੱਕ ਨਹੀਂ, ਕੇਂਦਰ ਸਰਕਾਰ ਵੱਲੋਂ ਧੱਕੇ ਨਾਲ਼ ਸਭ ਕੁਝ ਹਰਿਆਣਾ, ਰਾਜਸਥਾਨ, ਹਿਮਾਚਲ ਅਤੇ ਦਿੱਲੀ ਨੂੰ ਮੁਫ਼ਤ ਦਿੱਤਾ ਜਾ ਰਿਹਾ ਹੈ। ਪੰਜਾਬ ਕੋਲ਼ੋਂ ਪੰਜਾਬ ਬੋਲਦੇ ਇਲਾਕੇ ਵੀ ਖੋਹੇ ਗਏ।

1984 'ਚ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਤੋਂ ਪਹਿਲਾਂ ਹਿੰਦੂਤਵੀਆਂ ਨੇ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਲੱਗਾ ਸ੍ਰੀ ਦਰਬਾਰ ਸਾਹਿਬ ਦਾ ਮਾਡਲ ਤੋੜਿਆ, ਹਿੰਦੂ-ਸਿਪਾਹੀਆਂ ਨੇ ਇੱਕ ਸਿੱਖ ਨੂੰ ਢਾਹ ਕੇ ਉਸ ਦੇ ਮੂੰਹ 'ਚ ਤੰਬਾਕੂ ਤੁੰਨਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਬੇਅਦਬੀ ਕੀਤੀ, ਬਿੱਛੂ ਰਾਮ ਥਾਣੇਦਾਰ ਨੇ ਇੱਕ ਸਿੱਖ ਦੀ ਦਾੜ੍ਹੀ ਮੁੰਨੀ, ਹਿੰਦੂਤਵੀਆਂ ਨੇ ਜਲੂਸ ਕੱਢ ਕੇ ਸ਼ਰੇਆਮ ਸਿੱਖਾਂ ਖ਼ਿਲਾਫ਼ ਨਾਹਰੇ ਲਾਏ 'ਕੱਛ ਕੜਾ ਕਿਰਪਾਨ, ਇਨਕੋ ਭੇਜੋ ਪਾਕਿਸਤਾਨ' ਅਤੇ 'ਦੁੱਕੀ ਤੁੱਕੀ ਖਹਿਣ ਨੀਂ ਦੇਣੀ, ਸਿਰ 'ਤੇ ਪੱਗੜੀ ਰਹਿਣ ਨੀਂ ਦੇਣੀ'। ਜਦੋਂ ਸਿੱਖਾਂ ਨੇ ਸ੍ਰੀ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦੀ ਮੰਗ ਉਠਾਈ ਤਾਂ ਹਿੰਦੂਤਵੀਆਂ ਨੇ ਤ੍ਰਿਸ਼ੂਲ ਦੀ ਨੋਕ 'ਤੇ ਬੀੜੀਆਂ-ਸਿਗਰਟਾਂ ਟੰਗ ਕੇ ਨਾਅਰੇ ਲਾਏ 'ਸਿਗਰਟ ਬੀੜੀ ਪੀਏਂਗੇ ਬੜੀ ਸ਼ਾਨ ਸੇ ਜੀਏਂਗੇ।'

ਲਾਲਾ ਜਗਤ ਨਰਾਇਣ ਨਾਂ ਦੇ ਹਿੰਦੂ ਨੇ ਦਸਵੇਂ ਪਾਤਸ਼ਾਹ ਜੀ ਦੀ ਤਸਵੀਰ ਦੇ ਬਰਾਬਰ (ਅਖੌਤੀ ਮਹਾਤਮਾ) ਗਾਂਧੀ ਦੀ ਫੋਟੋ ਅਖ਼ਬਾਰਾਂ 'ਚ ਛਾਪੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਸਿੱਖ ਹਸਤੀਆਂ ਨੂੰ ਦੇਸ਼ ਦੇ ਗ਼ੱਦਾਰ ਲਿਖਿਆ ਤੇ ਉਹ ਸਿੱਖਾਂ ਖ਼ਿਲਾਫ਼ ਰੱਜ ਕੇ ਜ਼ਹਿਰ ਉਗਲਦਾ ਰਿਹਾ। ਏਸ਼ੀਆਈ ਖੇਡਾਂ ਮੌਕੇ ਬੱਸਾਂ ਵਿੱਚੋਂ ਕੱਢ ਕੇ ਅਤੇ ਰਾਹ ਜਾਂਦੇ ਸਿੱਖਾਂ ਨੂੰ ਬੇਇੱਜ਼ਤ ਕਰਨਾ, ਨਕਲੀ ਨਿਰੰਕਾਰੀਆਂ ਜਿਹੇ ਸਿੱਖ ਵਿਰੋਧੀ ਡੇਰਿਆਂ ਨੂੰ ਸ਼ਹਿ ਦੇਣੀ, ਸਿੱਖਾਂ ਦਾ ਮਜ਼ਾਕ ਉਡਾਉਣ ਅਤੇ ਬਦਨਾਮੀ ਕਰਨ ਦਾ ਕੋਈ ਮੌਕਾ ਨਾ ਜਾਣ ਦੇਣਾ ਆਦਿ ਇਸੇ ਮਾਨਸਿਕਤਾ ਦੀ ਦੇਣ ਹੈ।

ਹਿੰਦੂਆਂ ਦੇ ਅਜਿਹੇ ਖ਼ਿਆਲਾਤਾਂ ਬਾਰੇ ਹੀ ਅੰਗਰੇਜ਼ ਦੇ ਸੀ.ਆਈ.ਡੀ. ਪ੍ਰਮੁੱਖ ਮਿਸਟਰ ਡੀ.ਪੈਟਰੀ. ਨੇ ਪਹਿਲਾਂ ਹੀ ਲਿਖ ਦਿੱਤਾ ਸੀ ਕਿ 'ਹਿੰਦੂ ਮੱਤ ਮੁੱਢ ਤੋਂ ਹੀ ਸਿੱਖੀ ਦਾ ਦੁਸ਼ਮਣ ਹੈ ਕਿਉਂਕਿ ਸਿੱਖ ਗੁਰੂ ਸਾਹਿਬਾਨ ਨੇ ਬ੍ਰਾਹਮਣਵਾਦੀ ਜਾਤ-ਪਾਤ ਦੀ ਸਫ਼ਲ ਤੇ ਭਰਪੂਰ ਮੁਖ਼ਾਲਫ਼ਿਤ ਕੀਤੀ ਹੈ। ਇਸ ਕਰਕੇ ਹਿੰਦੂਆਂ ਦੀ ਇਹ ਨਿਸ਼ਚਿਤ ਨੀਤੀ ਚੱਲੀ ਆਉਂਦੀ



ਸ਼ਹੀਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ੇ

ਹੈ ਕਿ ਸਿੱਖ ਧਰਮ ਦਾ ਵਿਨਾਸ਼ ਕੀਤਾ ਜਾਵੇ ਅਤੇ ਉਹ ਆਪਣੇ ਬੱਚਿਆਂ ਨੂੰ ਵੀ ਸਿੱਖੀ ਗ੍ਰਹਿਣ ਕਰਨ ਤੋਂ ਰੋਕਦੇ ਹਨ, ਜਿਹੜੇ ਸਿੰਘ ਸੱਜ ਚੁੱਕੇ ਹਨ ਤੇ ਹਿੰਦੂ ਉਨਾਂ ਨੂੰ ਹਰ ਪ੍ਰਕਾਰ ਦੇ ਲਾਲਚ ਵਰਤ ਕੇ, ਸਿੱਖੀ ਤੋਂ ਪਤਿਤ ਕਰਨ ਲਈ ਸਦੀਵ ਤਤਪਰ ਰਹਿੰਦੇ ਹਨ। ਹਿੰਦੂ ਮੱਤ ਨੇ ਬੁੱਧ ਮੱਤ ਦਾ ਗਲ਼ਾ ਘੁੱਟ ਕੇ ਉਸ ਨੂੰ ਮਾਰ ਮੁਕਾਇਆ ਹੈ ਤੇ ਹੁਣ ਹਿੰਦੂ, ਸਿੱਖਾਂ ਦਾ ਵਿਨਾਸ਼ ਕਰਨ ਵਿੱਚ ਵੀ ਬਹੁਤ ਹੱਦ ਤਕ ਸਫ਼ਲ ਹੋ ਚੁੱਕੇ ਹਨ।' ਸੋ ਗ਼ੈਰ-ਸਿੱਖ ਵੱਲੋਂ ਲਿਖੀ ਇਸ ਰਿਪੋਰਟ ਤੋਂ ਇਹ ਗੱਲ ਬਿਲਕੁਲ ਸਪੱਸ਼ਟ ਹੋ ਜਾਂਦੀ ਹੈ ਕਿ ਜੇ ਸਿੱਖਾਂ ਨੇ ਸਿੱਖੀ ਬਚਾਉਣੀ ਹੈ ਤਾਂ ਉਨਾਂ ਨੂੰ ਗੁਲਾਮੀ ਗਲੋਂ ਲਾਹੁਣੀ ਪਵੇਗੀ ਤੇ ਅਜ਼ਾਦੀ ਹਾਸਲ ਕਰਨੀ ਪਵੇਗੀ।

ਬ੍ਰਾਹਮਣਵਾਦ ਦੀਆਂ ਨੀਤੀਆਂ ਨੂੰ ਸੰਤ ਗਿਆਨੀ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਬਹੁਤ ਪਹਿਲਾਂ ਭਾਂਪ ਚੁੱਕੇ ਸਨ ਤੇ ਇਸੇ ਲਈ ਸੰਤ ਜੀ ਹਿੰਦੁਸਤਾਨੀ ਬੁਰਛਾਗਰਦੀ ਵਿਰੁੱਧ ਸੰਘਰਸ਼ ਵਿੱਢਣ ਲਈ ਖ਼ਾਲਸਾਈ ਰਵਾਇਤਾਂ ਅਨੁਸਾਰ ਡਟ ਗਏ ਸਨ। ਜਦੋਂ ਸਿੱਖ ਕੌਮ ਨਾਲ਼ ਲਗਾਤਾਰ ਵਧੀਕੀਆਂ, ਧੱਕੇ, ਵਿਤਕਰੇ ਹੁੰਦੇ ਗਏ ਤਾਂ ਫਿਰ ਸੰਤ ਜਰਨੈਲ ਸਿੰਘ ਜੀ ਮਾੜੇ ਤੱਤਾਂ ਖਿਲਾਫ਼ ਕਿਉਂ ਨਾ ਡਟਦੇ। ਪਰ ਇਧਰ ਹਿੰਦੁਸਤਾਨ ਦੀ ਸਰਕਾਰ ਨੇ ਪੰਥ ਅਤੇ ਪੰਜਾਬ ਦੇ ਹੱਕਾਂ ਦੀ ਪ੍ਰਾਪਤੀ ਲਈ ਲੱਗੇ ਧਰਮ ਯੁੱਧ ਮੋਰਚੇ ਨੂੰ ਕੁਚਲਣ ਲਈ 3 ਜੂਨ 1984 ਨੂੰ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਹਾੜੇ ਵਾਲ਼ੇ ਦਿਨ ਕਰਫ਼ਿਊ ਲਾ ਦਿੱਤਾ ਤੇ 4 ਜੂਨ ਨੂੰ ਅੰਮ੍ਰਿਤ ਵੇਲ਼ੇ ਸ੍ਰੀ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲਾ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਟੈਂਕਾਂ-ਤੋਪਾਂ ਦੇ ਗੋਲ਼ਿਆਂ ਨਾਲ਼ ਢਹਿ-ਢੇਰੀ ਕਰ ਦਿੱਤਾ।

ਹਿੰਦੂਤਵ ਨੇ ਜੂਨ 1984 ਤੇ ਨਵੰਬਰ 1984 'ਚ ਸਿੱਖਾਂ ਨੂੰ ਅਜਿਹੇ ਡੂੰਘੇ ਜ਼ਖ਼ਮ ਦਿੱਤੇ ਜੋ ਕਦੇ ਨਹੀਂ ਭਰ ਸਕਦੇ, ਜਿਸ ਨੇ ਸਿੱਖਾਂ ਅਤੇ ਹਿੰਦੂਆਂ ਵਿਚਕਾਰ ਇੱਕ ਲਕੀਰ ਖਿੱਚ ਦਿੱਤੀ। ਬਸ, ਹੁਣ ਹੋਰ ਜ਼ੁਲਮ ਨਹੀਂ ਸਹਿਣਾ, ਹੁਣ ਨਹੁੰ-ਮਾਸ ਦੇ ਰਿਸ਼ਤੇ ਵਾਲ਼ਾ ਡਰਾਮਾ ਨਹੀਂ ਚਲਣਾ, ਹੁਣ ਬ੍ਰਾਹਮਣਵਾਦ ਦੀ ਹੋਰ ਗੁਲਾਮੀ ਨਹੀਂ ਸਹਿਣ ਕਰਨੀ। ਇਸ ਘੱਲੂਘਾਰੇ ਤੋਂ ਬਾਅਦ ਸਿੱਖ ਨੌਜਵਾਨ, ਕੌਮੀ ਘਰ ਖ਼ਾਲਿਸਤਾਨ ਦੀ ਅਜ਼ਾਦੀ ਲਈ ਕਮਰਕੱਸੇ ਕਰ ਕੇ ਘਰਾਂ-ਪਰਿਵਾਰਾਂ ਦਾ ਮੋਹ ਤਿਆਗ ਕੇ ਮੈਦਾਨ-ਏ-ਜੰਗ 'ਚ ਹਿੰਦੁਸਤਾਨੀ ਹਕੂਮਤ ਵਿਰੁੱਧ ਹਥਿਆਰਬੰਦ ਹੋ ਕੇ ਸੰਘਰਸ਼ ਲਈ ਨਿਕਲੇ।

ਸਿਰਦਾਰ ਕਪੂਰ ਸਿੰਘ ਜੀ ਠੀਕ ਹੀ ਲਿਖਦੇ ਹਨ ਕਿ 'ਮੁਲਕ ਹਿੰਦੂ ਕਾ, ਰਾਜ ਤਿੱਕੜੇ ਕਾ, ਗੁਰੂ ਰਾਖਾ ਹੈ ਭਾਈ ਸਿੱਖੜੇ ਕਾ।' ਹਿੰਦੂ ਬੜਾ ਸ਼ਾਤਰ ਦਿਮਾਗ ਹੈ, ਉਹ ਸਿੱਖ ਕੌਮ ਨੂੰ ਸਰੀਰਕ-ਮਾਨਸਿਕ ਅਤੇ ਸਿਧਾਂਤਕ ਪੱਖ ਤੋਂ ਕੇਵਲ ਮਾਰਨਾ ਹੀ ਨਹੀਂ ਚਾਹੁੰਦਾ ਬਲਕਿ ਆਪਣੇ ਵਿੱਚ ਹੀ ਜਜ਼ਬ ਕਰ ਲੈਣਾ ਚਾਹੁੰਦਾ ਹੈ। ਕਿਸੇ ਵੇਲ਼ੇ ਤਾਂ ਹਿੰਦੂਤਵ, ਸਿੱਖਾਂ ਦੀ ਸਰੀਰਕ ਤੌਰ 'ਤੇ ਖੁੱਲ ਕੇ ਨਸਲਕੁਸ਼ੀ ਕਰਦਾ ਹੈ ਪਰ ਮਾਨਸਿਕ ਅਤੇ ਸਿਧਾਂਤਕ ਪੱਖ ਤੋਂ ਲੁਕਵੇਂ ਰੂਪ 'ਚ ਲਗਾਤਾਰ ਨਸਲਕੁਸ਼ੀ ਕਰਦਾ ਹੈ। ਇਨਾਂ ਬੌਧਿਕ ਹਮਲੇ ਦੀਆਂ ਬਰੀਕੀਆਂ ਨੂੰ ਸਮਝਣਾ ਸਿੱਖ ਕੌਮ ਲਈ ਬਹੁਤ ਜ਼ਰੂਰੀ ਹੈ।

ਮੁਗਲ ਰਾਜ ਤੋਂ ਬਾਅਦ ਹਿੰਦੂਤਵੀਆਂ ਨੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕੀਤੀ ਤੇ ਉਹ ਅੱਤਿਆਚਾਰ ਕੀਤੇ ਜਿਸ ਨਾਲ਼ ਸਾਰਾ ਸਿੱਖ ਜਗਤ ਤੜਪ ਉੱਠਿਆ। ਅੰਗਰੇਜ਼ ਹਕੂਮਤ ਨੇ ਦਰਬਾਰ ਸਾਹਿਬ ਵੱਲ ਕਦੇ ਮੈਲ਼ੀ ਅੱਖ ਨਾਲ਼ ਨਹੀਂ ਸੀ ਵੇਖਿਆ ਪਰ ਹਿੰਦੂਤਵੀਆਂ ਨੇ ਜੋ ਸਿੱਖੀ ਅਤੇ ਸਿੱਖਾਂ 'ਤੇ ਕਹਿਰ ਢਾਹਿਆ, ਉਹ ਸਿੱਖ ਕੌਮ ਨੂੰ ਉਦੋਂ ਤਕ ਯਾਦ ਰਹੇਗਾ ਜਿੰਨਾ ਚਿਰ ਤਕ ਸੰਸਾਰ ਦੇ ਨਕਸ਼ੇ 'ਤੇ ਇੱਕ ਵੀ ਸਿੱਖ ਜਿਊਂਦਾ ਹੈ। ਨਾ ਇਸ ਕਹਿਰ ਨੂੰ ਭੁਲਾਇਆ ਜਾ ਸਕਦਾ ਹੈ, ਨਾ ਭੁੱਲੇਗਾ ਤੇ ਨਾ ਹੀ ਅਸੀਂ ਭੁੱਲਣ ਦਿਆਂਗੇ। ਇਹ ਹਮਲਾ ਕੇਵਲ ਸ੍ਰੀ ਦਰਬਾਰ ਸਾਹਿਬ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੀ ਨਹੀਂ ਬਲਕਿ ਸਿੱਖਾਂ ਦੇ ਦਿਲ-ਦਿਮਾਗ 'ਤੇ ਹੋਇਆ ਹੈ, ਸਾਡੇ ਧਰਮ 'ਤੇ ਹੋਇਆ ਹੈ, ਸਾਡੇ ਗੁਰੂ 'ਤੇ ਹੋਇਆ ਹੈ, ਸਾਡੀ ਹੋਂਦ-ਹਸਤੀ ਨੂੰ ਮਿਟਾਉਣ, ਸਾਨੂੰ ਗੁਲਾਮ ਬਣਾਉਣ ਅਤੇ ਸਾਡੀ ਕੌਮ ਦੇ ਬੱਚਿਆਂ, ਨੌਜਵਾਨਾਂ, ਬਜ਼ੁਰਗਾਂ ਤੇ ਬੀਬੀਆਂ ਨੂੰ ਕੁਚਲਣ ਲਈ ਹੋਇਆ ਹੈ।

ਜੂਨ 1984 ਦੇ ਹਮਲੇ ਤੋਂ ਬਾਅਦ ਪੰਜਾਬ ਅੰਦਰ ਬਹੁਤ ਉਥਲ-ਪੁਥਲ ਹੋਈ। ਰਾਜਨੀਤੀ ਵਿੱਚ ਵੀ ਵੱਡੀ ਤਬਦੀਲੀ ਆਈ, ਰਾਜਨੀਤਿਕ ਸਮੀਕਰਨ ਵੀ ਬਦਲੇ ਪਰ ਇਹ ਸਭ ਘੱਲੂਘਾਰੇ ਦੇ ਜ਼ਖ਼ਮਾਂ ਨੂੰ ਭਰ ਨਹੀਂ ਸਕੇ। ਦਹਾਕੇ ਬੀਤਣ ਦੇ ਬਾਅਦ ਵੀ ਜ਼ਖ਼ਮ ਹਰੇ ਹਨ। ਸਾਡੀ ਅੱਜ ਵੀ ਪੀੜ ਸੱਜਰੀ ਹੈ ਤੇ ਖ਼ਾਲਿਸਤਾਨ ਦੀ ਅਜ਼ਾਦੀ ਲਈ ਸੰਘਰਸ਼ ਜਾਰੀ ਹੈ। ਸ੍ਰੀ ਦਰਬਾਰ ਸਾਹਿਬ ਉੱਤੇ ਹੌਲਨਾਕ ਹਮਲੇ ਦਾ ਪ੍ਰਭਾਵ ਦੁਨੀਆਂ ਪੱਧਰ ਉੱਤੇ ਅੱਜ ਵੀ ਵੇਖਣ ਨੂੰ ਮਿਲਦਾ ਹੈ ਤੇ ਸੱਚ ਦੁਨੀਆਂ ਦੇ ਸਾਹਮਣੇ ਹੈ। ਸਿੱਖ ਕੌਮ ਨੇ ਹਿੰਦੂਤਵ ਨੂੰ ਇਸ ਵਹਿਸ਼ੀ ਕਾਰੇ ਲਈ ਕਦੇ ਮੁਆਫ਼ ਨਹੀਂ ਕਰਨਾ, ਇਹ ਇਤਿਹਾਸ ਬੋਲੇਗਾ।

ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਿਸੇ ਇੱਕ ਪਾਰਟੀ ਨੇ ਨਹੀਂ, ਬਲਕਿ ਭਾਰਤ ਦੇ ਸਮੁੱਚੇ ਰਾਜਤੰਤਰ ਨੇ ਕੀਤਾ ਸੀ ਜਿਸ ਦੀ ਅਗਵਾਈ ਤਾਂ ਭਾਵੇਂ ਕਾਂਗਰਸ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਕੀਤੀ ਸੀ ਪਰ ਸਮਰਥਨ ਭਾਜਪਾ, ਅਕਾਲੀ ਦਲ, ਆਰ.ਐੱਸ.ਐੱਸ. ਅਤੇ ਕਾਮਰੇਡ ਜਥੇਬੰਦੀਆਂ ਸਮੇਤ ਪੂਰੇ ਭਾਰਤ ਦੇ ਕੱਟੜ ਹਿੰਦੂਵਾਦੀਆਂ ਨੇ ਕੀਤਾ ਸੀ।

ਇਸ ਹਮਲੇ 'ਚ ਭਾਰਤੀ ਮੀਡੀਆ ਦਾ ਰੋਲ ਵੀ ਅਣਗੌਲ਼ਿਆ ਨਹੀਂ ਜਾ ਸਕਦਾ ਜਿਸ ਨੇ ਸਿੱਖਾਂ ਨੂੰ ਬਦਨਾਮ ਕਰਨ ਦੀ ਕੋਝੀ ਚਾਲ ਚੱਲੀ ਤੇ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਦਾ ਪਿੜ ਬੰਨਣ 'ਚ ਅਹਿਮ ਭੂਮਿਕਾ ਨਿਭਾਈ। ਭਾਰਤ ਦੀ ਹਿੰਦੂਤਵੀ ਸਰਕਾਰ ਵੱਲੋਂ ਸਿੱਖਾਂ ਉੱਤੇ ਕੀਤੇ ਜ਼ੁਲਮਾਂ ਨੇ ਮੁਗਲਾਂ ਅਤੇ ਅੰਗਰੇਜ਼ਾਂ ਦੇ ਜ਼ੁਲਮਾਂ ਨੂੰ ਵੀ ਮਾਤ ਪਾ ਦਿੱਤੀ। ਐਨਾ ਕਹਿਰ ਤਾਂ ਸੋਮਨਾਥ ਮੰਦਰ ਢਾਹੁਣ ਵੇਲੇ ਮਹਿਮੂਦ ਗ਼ਜ਼ਨਵੀ ਨੇ ਵੀ ਨਹੀਂ ਸੀ ਢਾਹਿਆ, ਜਿੰਨਾ ਅਕ੍ਰਿਤਘਣ ਹਿੰਦੂਤਵੀਆਂ ਨੇ ਸਿੱਖਾਂ ਉੱਤੇ ਕੀਤਾ।

ਭਾਰਤੀ ਫ਼ੌਜ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰਨ ਉਪਰੰਤ ਤਿਰੰਗੇ ਝੰਡੇ ਲਹਿਰਾਏ, ਪਾਵਨ ਸਰੂਪਾਂ ਨੂੰ ਅਗਨ ਭੇਟ ਕੀਤਾ, ਸਿੱਖ ਸਾਹਿਤ ਸਾੜਿਆ ਤੇ ਲਾਇਬ੍ਰੇਰੀ 'ਚੋਂ ਸਾਡਾ ਇਤਿਹਾਸਕ ਖ਼ਜ਼ਾਨਾ, ਗ੍ਰੰਥ-ਪੋਥੀਆਂ, ਕਿਤਾਬਾਂ ਆਦਿ ਵਸਤਾਂ ਲੁੱਟ ਲਈਆਂ। ਸਿੱਖ ਬੀਬੀਆਂ ਦੀ ਬੇਪਤੀ ਕੀਤੀ ਤੇ ਅੰਮ੍ਰਿਤ ਸਰੋਵਰ ਅਤੇ ਪਾਵਨ ਪ੍ਰਕਰਮਾ ਖ਼ੂਨ ਨਾਲ ਲੱਥ-ਪੱਥ ਹੋਈ ਪਈ ਸੀ। ਫ਼ੌਜ ਨੇ ਸਿੱਖ ਸੰਗਤਾਂ ਨੂੰ ਬੰਦੀ ਬਣਾਇਆ ਤੇ ਸਿੱਖਾਂ ਦੀਆਂ ਪੱਗਾਂ ਨਾਲ਼ ਉਨਾਂ ਦੇ ਹੱਥ-ਬਾਂਹਾਂ ਪਿੱਛੇ ਬੰਨ ਕੇ ਕੜਕਦੀ ਧੁੱਪ 'ਚ ਬਿਠਾਇਆ ਤੇ ਪਾਣੀ ਦੀ ਬੂੰਦ ਤੱਕ ਨਾ ਦਿੱਤੀ ਤੇ ਫਿਰ ਤੜਫਾ-ਤੜਫਾ ਕੇ ਨੇੜਿਓਂ ਸਿਰ 'ਚ ਗੋਲ਼ੀਆਂ ਮਾਰੀਆਂ। ਹਿੰਦੁਸਤਾਨੀ ਫ਼ੋਰਸਾਂ ਨੇ ਪ੍ਰਕਰਮਾ 'ਚ ਸਿਗਰਟਾਂ-ਸ਼ਰਾਬਾਂ ਪੀਤੀਆਂ ਤੇ ਦੁੱਧ ਪੀਂਦੇ ਬੱਚਿਆਂ ਨੂੰ ਵੀ ਨਾ ਬਖ਼ਸ਼ਿਆ।

ਇਸ ਹਮਲੇ ਸਮੇਂ ਜਦੋਂ ਸਿੱਖ, ਰੋਹ ਅਤੇ ਰੋਸ ਨਾਲ ਭਰੇ ਪਏ ਸੀ ਤਾਂ ਓਦੋਂ ਹਿੰਦੂ ਖ਼ੁਸ਼ੀ 'ਚ ਲੱਡੂ ਵੰਡ ਰਹੇ ਸੀ। ਹਿੰਦੁਸਤਾਨੀ ਧਾੜਵੀ ਫ਼ੌਜੀਆਂ ਨੂੰ ਹਿੰਦੂਆਂ ਨੇ ਬੀੜੀਆਂ, ਸਿਗਰਟਾਂ, ਪੂੜੀਆਂ-ਛੋਲੇ, ਮੀਟ, ਸ਼ਰਾਬ ਅਤੇ ਤਰਾਂ-ਤਰਾਂ ਦੇ ਪਕਵਾਨ ਬਣਾ ਕੇ ਖਵਾਏ, ਸਾਡੀ ਬਰਬਾਦੀ 'ਤੇ ਢੋਲ ਵਜਾ ਕੇ 'ਤੇ ਭੰਗੜੇ ਪਾਏ। ਹਿੰਦੂਤਵੀਆਂ ਨੇ ਅੰਮ੍ਰਿਤਸਰ ਦੇ ਹਾਲ ਬਜ਼ਾਰ 'ਚ ਜਗਾ-ਜਗਾ 'ਤੇ ਲਿਖਿਆ ਸੀ 'ਇੰਡੀਅਨ ਆਰਮੀ ਵੈਲਕਮ।' ਸਰਕਾਰ ਨੇ ਸਿੱਖਾਂ ਦੇ ਹਰ ਸ਼ਾਂਤਮਈ ਸੰਘਰਸ਼ ਨੂੰ ਹਿੰਸਾ ਨਾਲ਼ ਦਬੋਚਿਆ ਤੇ ਉਲਟਾ ਸਿੱਖਾਂ ਨੂੰ ਹੀ ਕਸੂਰਵਾਰ ਠਹਿਰਾਇਆ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਵੀ ਬਦਨਾਮ ਕਰਨ ਲਈ ਸਰਕਾਰੀ ਮਸ਼ੀਨਰੀ ਨੇ ਕਈ ਕਮੀਨੀਆਂ ਚਾਲਾਂ ਚੱਲੀਆਂ।

'ਅਜੀਬ ਦਸਤੂਰ ਹੈ, ਐ ਮਹਿਜਬੀਂ ਤੇਰੀ ਮਹਿਫ਼ਲ ਕਾ।
ਹਮਾਰਾ ਕਤਲ ਭੀ ਕੀਆ, ਔਰ ਮੁਜਰਿਮ ਭੀ ਹਮ ਹੁਏ।'

ਘੱਲੂਘਾਰੇ ਤੋਂ ਪਹਿਲਾਂ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲ਼ੇ ਨਿਰਣਾਇਕ ਬਚਨ ਕਰਦਿਆਂ ਕੌਮ ਲਈ ਇੱਕ ਨਿਸ਼ਾਨ ਮਿੱਥ ਗਏ ਸਨ ਕਿ 'ਜੇ ਹਿੰਦੁਸਤਾਨ ਦੀ ਸਰਕਾਰ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਖ਼ਾਲਿਸਤਾਨ ਦੀ ਨੀਂਹ ਰੱਖੀ ਜਾਏਗੀ।' ਭਾਵ ਸਿੱਖਾਂ ਦਾ ਅਗਲਾ ਸੰਘਰਸ਼ ਖ਼ਾਲਿਸਤਾਨ ਦੀ ਅਜ਼ਾਦੀ ਲਈ ਹੀ ਹੋਵੇਗਾ।

'ਰਾਜ ਬਿਨਾਂ ਨਹਿ ਧਰਮ ਚਲੈ ਹੈਂ।
ਧਰਮ ਬਿਨਾਂ ਸਭ ਦਲੈ ਮਲੈ ਹੈਂ।'

ਇਸ ਤਰਾਂ ਜੂਨ 1984 ਦੇ ਘੱਲੂਘਾਰੇ ਨਾਲ਼ ਸਿੱਖ ਸਟੇਟ 'ਖ਼ਾਲਿਸਤਾਨ' ਦੀ ਨੀਂਹ ਰੱਖੀ ਗਈ ਤੇ ਦਸਮੇਸ਼ ਪਿਤਾ ਦੇ ਬਚਨਾਂ 'ਤੇ ਪਹਿਰਾ ਦਿੰਦਿਆਂ ਹਜ਼ਾਰਾਂ ਜੁਝਾਰੂ-ਸੂਰਮਿਆਂ ਨੇ ਖ਼ਾਲਿਸਤਾਨ ਦੀ ਅਜ਼ਾਦੀ ਦੀ ਜੰਗ ਤੇਜ਼ ਕਰ ਦਿੱਤੀ।

'ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥'

ਇੰਝ ਇਸ ਧਰਤੀ 'ਤੇ ਖ਼ਾਲਸਈ ਜਾਹੋ-ਜਲਾਲ ਪ੍ਰਚੰਡ ਹੋ ਗਿਆ। ਬੇਸ਼ੱਕ ਖ਼ਾਲਿਸਤਾਨੀ ਸੰਘਰਸ਼ ਦੇ ਇਹ ਜੁਝਾਰੂ-ਜਰਨੈਲ ਹਕੂਮਤ ਨਾਲ਼ ਜੂਝਦਿਆਂ ਜਾਨਾਂ ਵਾਰ ਗਏ ਪਰ ਸਿੱਖ ਸੰਗਤ ਦੇ ਦਿਲ-ਦਿਮਾਗ ਵਿੱਚ ਉਹ ਸਦਾ ਲਈ ਜਿਊਂਦੇ ਰਹਿਣਗੇ। ਖ਼ਾਲਿਸਤਾਨ ਦੀ ਅਜ਼ਾਦੀ ਲਈ ਸੰਘਰਸ਼ ਅੱਜ ਵੀ ਜਾਰੀ ਹੈ ਤੇ ਰਹੇਗਾ।

ਗੁਰਬਾਣੀ ਦਾ ਫ਼ੁਰਮਾਨ ਹੈ:-

**'ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥**
**ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥'**

# ਜੂਨ ਚੌਰਾਸੀ ਘਲੂਘਾਰੇ ਦਾ ਦੁਖਾਂਤਕ ਵਰਤਾਰਾ

## ✪ ਖ਼ੂਨ ਵਾਲਾ ਪਾਣੀ ਪੀ ਕੇ ਤੇਜਿੰਦਰ ਕੌਰ ਨੇ ਕੀਤਾ ਸੀ ਗੁਜ਼ਾਰਾ ✪ ਸਿੰਘਾਂ ਦੀਆਂ ਸ਼ਹਾਦਤਾਂ ਨੂੰ ਆਪਣੇ ਅੱਖੀਂ ਦੇਖਿਆ ✪ ਭਾਈ ਅਮਰੀਕ ਸਿੰਘ ਜ਼ਖਮੀ ਹਾਲਤ ਵਿਚ ਦੇਖੇ

**ਪਠਾਨਕੋਟ/ਏ.ਟੀ.ਨਿਊਜ਼ :** ਸਾਕਾ ਨੀਲਾ ਤਾਰਾ ਦੀ ਯਾਦ ਨੂੰ ਆਪਣੇ ਅੰਦਰ ਸਮੇਟੇ ਪਠਾਨਕੋਟ ਦੀ ਬੀਬੀ ਤਜਿੰਦਰ ਕੌਰ ਹਨ ਜੋ ਕਿ ਇਸ ਸਾਕੇ ਦੌਰਾਨ ਦਰਬਾਰ ਸਾਹਿਬ ਦੇ ਅੰਦਰ ਹੀ ਸਨ ਤੇ ਇਹ ਸਾਰਾ ਦੁਖਾਂਤ ਉਨਾਂ ਆਪਣੇ ਅੱਖੀਂ ਦੇਖਿਆ। ਦਿੱਲੀ ਦੀ ਜੰਮਪਲ ਤੇਜਿੰਦਰ ਕੌਰ ਦਾ ਪਠਾਨਕੋਟ ਵਿਖੇ ਜਥੇਦਾਰ ਕੇਸਰ ਸਿੰਘ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਦੇ ਸਭ ਤੋਂ ਛੋਟੇ ਸਪੁੱਤਰ ਜਸਬੀਰ ਸਿੰਘ ਨਾਲ ਵਿਆਹੇ ਸਨ। ਸਾਕਾ ਨੀਲਾ ਤਾਰਾ ਦੌਰਾਨ ਅੱਧ ਸੜੇ ਗੁਟਕਾ ਸਾਹਿਬ ਨੂੰ ਦਿਖਾਉਂਦੇ ਹੋਏ ਬੀਬੀ ਤੇਜਿੰਦਰ ਕੌਰ ਨੇ ਦੱਸਿਆ ਕਿ ਸਾਕੇ ਦੌਰਾਨ ਉਹ ਦਰਬਾਰ ਸਾਹਿਬ ਵਿਖੇ ਆਪਣੀ ਸੱਸ ਜਥੇਦਾਰਨੀ ਰਤਨ ਕੌਰ ਤੇ ਭਤੀਜੀ ਸੁਖਜਿੰਦਰ ਕੌਰ ਨਾਲ ਦਰਬਾਰ ਸਾਹਿਬ ਵਿਖੇ ਹੀ ਸਨ ਕਿ 4 ਜੂਨ ਨੂੰ ਸਵੇਰੇ ਤੜਕਸਾਰ ਇਸ਼ਨਾਨ ਕਰਨ ਤੋਂ ਬਾਅਦ ਉਹ ਹਰਿ ਕੀ ਪਉੜੀ ਦੇ ਕੋਲ ਬੈਠ ਕੇ ਨਿੱਤਨੇਮ ਕਰ ਰਹੇ ਸਨ ਕਿ ਅਚਾਨਕ ਹੀ ਘੰਟਾ ਘਰ ਅਤੇ ਚੁੰਨੀਆਂ ਵਾਲੇ ਬਾਜ਼ਾਰ ਦੇ ਪਾਸੀਓਂ ਦੋ ਗੋਲੇ ਆ ਡਿੱਗੇ, ਜਿਸ ਨੂੰ ਉਨਾਂ ਵਲੋਂ ਬਹਾਦਰੀ ਨਾਲ ਸਰੋਵਰ ਵਿਚ ਸੁੱਟ ਦਿੱਤਾ ਗਿਆ। ਜਿਸ ਤੋਂ ਬਾਅਦ ਅਚਾਨਕ ਗੋਲਾਬਾਰੀ ਤੇਜ਼ ਹੋ ਗਈ। ਦਰਬਾਰ ਸਾਹਿਬ ਦੇ ਇਕ ਸੇਵਾਦਾਰ ਨੇ ਕਿਹਾ ਕਿ ਬੀਬੀ ਜੀ ਅੰਦਰ ਆ ਜਾਓ ਗੋਲੀਬਾਰੀ ਤੇਜ਼ ਹੋ ਗਈ ਹੈ। ਜਿਸ ਤੋਂ ਬਾਅਦ ਉਹ ਦਰਬਾਰ ਸਾਹਿਬ ਦੇ ਅੰਦਰ ਚੱਲੇ ਗਏ। ਜਦੋਂ ਕਿ ਕੁਝ ਲੋਕ ਹਿੰਮਤ ਕਰਕੇ ਦਰਬਾਰ ਸਾਹਿਬ ਤੋਂ ਦਰਸ਼ਨੀ ਡਿਉੜੀ ਤੱਕ ਲੰਮੇ ਪੈ ਕੇ ਨਿਕਲੇ। ਦੁਪਹਿਰ ਸਾਢੇ ਕੁ 12 ਵਜੇ ਦੇ ਕਰੀਬ ਸੇਵਾਦਾਰ ਤੇਜਵੰਤ ਸਿੰਘ ਬੜੀ ਮੁਸੀਬਤ ਦਾ ਸਾਹਮਣਾ ਕਰਦੇ ਹੋਏ ਉਨਾਂ ਕੋਲ ਪੁੱਜਾ, ਜਿਸ ਨੇ ਆ ਕੇ ਦੱਸਿਆ ਕਿ ਦਰਬਾਰ ਸਾਹਿਬ ਨੂੰ ਭਾਰਤੀ ਫ਼ੌਜ ਨੇ ਘੇਰਾ ਪਾ ਲਿਆ ਹੈ ਅਤੇ ਸਾਰੇ ਪੰਜਾਬ ਵਿਚ ਕਰਫ਼ਿਊ ਲਗਾ ਦਿੱਤਾ ਹੈ। ਸਵੇਰ ਦੇ ਭੁੱਖੇ ਭਾਣੇ ਸੇਵਾਦਾਰ ਦੇ ਨਾਲ ਦਰਬਾਰ ਸਾਹਿਬ ਤੋਂ ਦਰਸ਼ਨੀ ਡਿਉੜੀ ਤੱਕ ਥੱਲੇ ਲੰਮੇ ਪੈ ਕੇ ਹੌਲੀ-ਹੌਲੀ ਅਕਾਲ ਤਖ਼ਤ ਸਾਹਮਣੇ ਛਬੀਲ ਵਾਲੀ ਜਗਾ ਪਹੁੰਚੇ। ਉਹ ਆਪਣੇ ਆਪ ਨੂੰ ਬਚਾਉਂਦੇ ਹੋਏ ਜਿਸ ਜਗਾ ਦੋ ਨਿਸ਼ਾਨ ਸਾਹਿਬ ਲੱਗੇ ਹੋਏ ਹਨ, ਉਨਾਂ ਦੇ ਸਾਹਮਣੇ ਇਕ ਛੋਟੇ ਜਿਹੇ ਕਮਰੇ ਵਿਚ ਆ ਗਏ, ਜਿਥੇ ਸਾਰਾ ਦਿਨ ਰਹੇ ਪਰ ਨਾ ਪਾਣੀ ਪੀਣ ਤੇ ਨਾ ਹੀ ਕੁਝ ਖ਼ਾਣ ਨੂੰ, ਗਰਮੀ ਦਾ ਵੀ ਪੂਰਾ ਜ਼ੋਰ ਸੀ। ਇਕ ਸਿੰਘ ਪਿਆਸ ਨਾਲ ਹੀ ਸ਼ਹੀਦ ਹੋ ਗਿਆ। ਉਹ ਸਾਰੇ ਮਿਲ ਕੇ ਚੌਪਈ ਸਾਹਿਬ ਤੇ ਜਪੁਜੀ ਸਾਹਿਬ ਦੇ ਪਾਠ ਕਰਦੇ ਰਹੇ। 5 ਜੂਨ ਵੀ ਸਾਰਾ ਦਿਨ ਗੋਲੀਬਾਰੀ ਹੁੰਦੀ ਰਹੀ। ਕਮਰੇ ਵਿਚ ਸਾਰੇ ਪਾਣੀ ਤੋਂ ਬਿਨਾਂ ਤੜਫ਼ ਰਹੇ ਸਨ। ਸ਼ਾਮ ਨੂੰ ਸੁਖਜਿੰਦਰ ਆਪਣੀ ਚਾਚੀ ਦੀ ਹਾਲਤ ਦੇਖ ਕੇ ਪਾਣੀ ਦੀ ਤਲਾਸ਼ ਵਿਚ ਲਾਸ਼ਾਂ 'ਚੋਂ ਹੁੰਦੇ ਹੋਏ ਉਸ ਕਮਰੇ ਵਿਚ ਜਾ ਪਹੁੰਚੀ, ਜਿੱਥੇ ਭਾਈ ਅਮਰੀਕ ਸਿੰਘ ਤੇ ਭਾਈ ਠਾਰਾ ਸਿੰਘ ਸਨ। ਭਾਈ ਅਮਰੀਕ ਸਿੰਘ ਜ਼ਖਮੀ ਹਾਲਤ ਵਿਚ ਸਨ, ਜਿਨਾਂ ਨੇ ਸੁਖਜਿੰਦਰ ਨੂੰ ਦੇਖ ਕੇ ਕਿਹਾ ਇਸ ਬਾਲਟੀ ਵਿਚੋਂ ਪਾਣੀ ਲੈ ਲਓ ਪਰ ਉਸ ਬਾਲਟੀ ਵਿਚ ਅੱਧਾ ਖ਼ੂਨ ਤੇ ਅੱਧਾ ਪਾਣੀ ਸੀ। 6 ਜੂਨ ਦਾ ਸੂਰਜ ਚੜਨ ਦੀ ਤਿਆਰੀ ਕਰ ਰਿਹਾ ਸੀ, ਮੱਠੇ ਮੱਠੇ ਹਨੇਰੇ ਵਿਚ ਅਕਾਲ ਤਖ਼ਤ ਦੇ ਅੱਗੇ ਪਰਿਕਰਮਾ ਵਿਚ ਸਿੰਘਾਂ ਦੀਆਂ ਲਾਸ਼ਾਂ ਦੇ ਢੇਰ ਨਜ਼ਰ ਆ ਰਹੇ ਸਨ। ਸਵੇਰ ਦੇ 10 ਕੁ ਵਜੇ ਉਹ ਹੌਲੀ-ਹੌਲੀ ਕਮਰੇ ਦੇ ਨਾਲ ਪੌੜੀਆਂ ਰਾਹੀਂ ਬਾਹਰ ਆ ਕੇ ਨਾਲ ਹੀ ਇਕ ਕਮਰੇ ਵਿਚ ਪੁਜੇ ਜਿੱਥੇ ਪਾਣੀ ਦੀ ਬਹੁਤ ਵੱਡੀ ਟੈਂਕੀ ਸੀ, ਜਿਥੋਂ ਉਨਾਂ ਰੱਜ ਰੱਜ ਪਾਣੀ ਪੀਤਾ। ਇਸ ਤੋਂ ਬਾਅਦ ਲੋਹੇ ਦੇ ਸਰੀਏ ਨਾਲ ਉਹ ਕਮਰੇ ਦੀ ਦੀਵਾਰ ਤੋੜ ਕੇ ਬਾਹਰ ਨਿਕਲੇ ਅਤੇ ਰੇਲਵੇ ਪੁਲ ਕੋਲ ਪਹੁੰਚੇ ਤਾਂ ਕੁੱਝ ਹਿੰਦੂ ਲੋਕਾਂ ਨੇ ਲੰਗਰ ਲਗਾਇਆ ਹੋਇਆ ਸੀ, ਜਿਥੋਂ ਉਨਾਂ ਪ੍ਰਸ਼ਾਦਾ ਛਕਿਆ। ਇਸ ਦੌਰਾਨ ਉਹ ਅੰਮ੍ਰਿਤਸਰ ਆਪਣੇ ਰਿਸ਼ਤੇਦਾਰ ਦੇ ਘਰ ਰਹੇ, ਜਿਉਂ ਹੀ ਕਰਫ਼ਿਊ ਖ਼ਤਮ ਹੋਇਆ ਅਤੇ ਪਠਾਨਕੋਟ ਨੂੰ 17 ਦਿਨਾਂ ਬਾਅਦ ਰੇਲ ਗੱਡੀ ਤੁਰੀ ਤਾਂ ਉਹ ਪਠਾਨਕੋਟ ਪਹੁੰਚੇ।




# ਸੰਤ ਭਿੰਡਰਾਂਵਾਲੇ ਤੇ ਦਲਬੀਰ ਸਿੰਘ ਪੱਤਰਕਾਰ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਲੜੀਵਾਰ-2



**ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ**

ਜੀ. ਬੀ. ਐਸ. ਸਿਧੂ ਦੀ ਕਿਤਾਬ 'ਦ ਖਾਲਿਸਤਾਨ ਸਾਜਿਸ਼' ਵਿਚ ਸੰਤ ਭਿੰਡਰਾਂਵਾਲਿਆਂ ਦੇ 4 ਸਲਾਹਕਾਰਾਂ ਦਾ ਜ਼ਿਕਰ ਕੀਤਾ ਗਿਆ ਹੈ। ਇਹ ਚਾਰ ਹਨ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਜਨਰਲ ਸਕਤਰ ਭਾਈ ਹਰਮਿੰਦਰ ਸਿੰਘ ਸੰਧੂ, ਪ੍ਰਧਾਨ ਭਾਈ ਅਮਰੀਕ ਸਿੰਘ, ਭਾਬਾ ਠਾਰਾ ਸਿੰਘ ਤੇ ਰਾਜਸੀ ਸਲਾਹਕਾਰ ਦਲਬੀਰ ਸਿੰਘ ਪੱਤਰਕਾਰ। ਆਪਣਾ ਕਮਿਊਨਿਸਟ ਪਿਛੋਕੜ ਹੋਣ ਕਰ ਕੇ ਦਲਬੀਰ ਸਿੰਘ ਕਦੀ ਵੀ ਮਾਰਕਸਵਾਦ ਦੇ ਇਨਕਲਾਬੀ ਤਤ ਤੋਂ ਮੁਨਕਰ ਨਹੀਂ ਸੀ ਹੋਇਆ। ਪਰ ਉਹ ਹਮੇਸ਼ਾ ਪੰਜਾਬ ਦੇ 'ਕਾਮਰੇਡਾਂ ਦੇ ਸਿਖੀ ਵਿਰੋਧੀ ਰੋਲ ਦੀ ਨਿਖੇਧੀ ਕਰਦਾ ਰਿਹਾ। ਉਸ ਦੀ ਮਾਰਕਸਵਾਦ ਪ੍ਰਤੀ ਨਿਸ਼ਠਾ ਦਾ ਸੰਖੇਪ ਜ਼ਿਕਰ ਜਸਪਾਲ ਸਿੰਘ ਪੱਤਰਕਾਰ ਨੇ ਆਪਣੀ ਲਿਖਤ 'ਭਾਈਆ ਯਾਰੀ ਨਿਭਾਈਂ' ਵਿਚ ਕੀਤਾ ਹੈ।'

'ਕਾਮਰੇਡਾਂ ਵਲੋਂ ਸਿਖਾਂ ਦਾ ਵਿਰੋਧ ਕਰਨਾ ਦਲਬੀਰ ਸਿੰਘ ਨੂੰ ਕਦੇ ਵੀ ਗਵਾਰਾ ਨਹੀਂ ਸੀ ਹੋਇਆ। ਉਹ ਅਕਸਰ ਕਿਹਾ ਕਰਦੇ ਸਨ ਕਿ 'ਜਿਹੜੇ ਕਾਮਰੇਡ 'ਮੂਲਵਾਦੀ' ਜਾਂ 'ਫੰਡਾਮੈਂਟਲਿਜ਼ਮ' ਦੇ ਲਕਬ ਨਾਲ ਸਿਖਾਂ ਨੂੰ ਭੰਡਦੇ ਹਨ, ਇਹ ਮਾਰਕਸਵਾਦੀ ਸ਼ਬਦਾਵਲੀ ਨਹੀਂ ਹੈ ਬਲਕਿ ਲਿਬਰਲ ਡੈਮੋਕਰੇਟਸ ਰਾਹੀਂ 1960 ਵਿਆਂ ਵਿਚ ਮੁਸਲਮਾਨਾਂ ਅਤੇ ਸਿਖਾਂ ਦੀ ਸਿਆਸਤ ਨੂੰ ਨਿੰਦਣ ਲਈ ਘੜੇ ਗਏ ਮੁਹਾਵਰੇ ਹਨ। ਉਹ ਜ਼ੋਰ ਦੇ ਕੇ ਕਿਹਾ ਕਰਦੇ ਸਨ ਕਿ ਕਾਂਗੜਾ ਦੀ ਯੋਲ ਜੇਲ ਵਿਚ ਫੜੇ ਗਏ ਕਮਿਊਨਿਸਟਾਂ ਵਿਚੋਂ 10-12 ਅੰਮ੍ਰਿਤਧਾਰੀ ਸਿਖ ਵੀ ਸ਼ਾਮਿਲ ਸਨ। ਜੇਲ ਅੰਦਰ ਵੀ ਉਹ ਪੱਕੇ ਨਿਤਨੇਮੀ ਸਨ। ਸੋਚਣ ਵਾਲੀ ਗੱਲ ਇਹ ਹੈ ਕਿ ਉਹ ਕਿਉ ਕਮਿਊਨਿਸਟਾਂ ਨਾਲ ਮੁਜ਼ਾਹਰਿਆਂ ਵਿਚ ਸ਼ਾਮਿਲ ਹੁੰਦੇ ਸਨ? ਕੀ ਸਿਰਫ ਇਕ ਸਾਂਝੀ ਸਿਆਸਤ ਦੋਨਾਂ ਧਿਰਾਂ ਨੂੰ ਇਕ ਪਲੇਟਫਾਰਮ ਉਤੇ ਲੈ ਕੇ ਆਈ ਸੀ।'





ਦਲਬੀਰ ਸਿੰਘ ਮਾਸਕੋ ਤੋਂ ਵਾਪਸ ਆਏ ਭਾਈ ਸੰਤੋਖ ਸਿੰਘ ਵਰਗੇ ਗਦਰੀ ਬਾਬਿਆਂ ਦੀ ਉਦਾਹਰਣ ਦੇ ਕੇ ਕਿਹਾ ਕਰਦੇ ਸਨ ਕਿ 'ਉਹ ਪੰਜਾਬ ਵਿਚ 1925 ਵਿਚ ਕਮਿਊਨਿਸਟ ਪਾਰਟੀ ਦੀ ਨੀਂਹ ਰਖਣ ਵਾਲਿਆਂ ਵਿਚੋਂ ਮੁਖ ਸਨ। ਉਸ ਸਮੇਂ ਕਮਿਊਨਿਸਟਾਂ ਦੀਆਂ ਮੀਟਿੰਗਾਂ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਹੋਇਆ ਕਰਦੀਆਂ ਸਨ। ਭਾਈ ਸੰਤੋਖ ਸਿੰਘ ਸਿਖ ਧਰਮ ਵਿਚ ਪਰਪਕ ਸੀ। ਉਸ ਨੂੰ ਸਿਖ ਮਿਸ਼ਨਰੀ ਕਾਲਜ ਨੇ ਰਸਾਲਾ ਕਢਣ ਲਈ ਜਗਾ ਦਿਤੀ ਸੀ ਅਤੇ 'ਲਾਲ ਝੰਡਾ' ਵੀ ਸਭ ਤੋਂ ਪਹਿਲਾਂ ਉਸੇ ਕਾਲਜ ਦੀ ਇਮਾਰਤ ਉਤੇ ਲਹਿਰਾਇਆ ਗਿਆ ਸੀ।' ਦਲਬੀਰ ਸਿੰਘ ਨੇ ਕਦੇ ਵੀ ਮਾਰਕਸਵਾਦ ਦਾ ਵਿਰੋਧ ਨਹੀਂ ਕੀਤਾ। ਧਰਮਯੁਧ ਮੋਰਚੇ ਦੌਰਾਨ 1983 ਦੇ ਅਖੀਰ ਭਾਅ ਜੀ ਅਤੇ ਮੈਂ ਦਰਬਾਰ ਸਾਹਿਬ ਅੰਦਰ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਕੋਲ ਉਸ ਦੇ ਕਮਰੇ ਵਿਚ ਬੈਠੇ ਸਾਂ। ਆਪਣੇ ਹੀ ਤੌਰ ਤਰੀਕਿਆਂ ਨਾਲ ਭਾਈ ਸਾਹਿਬ ਆਪਣੇ ਹੋਰ ਫੈਡਰੇਸ਼ਨ ਦੇ ਸਾਥੀਆਂ ਦੀ ਸੰਗਤ ਵਿਚ ਕਾਮਰੇਡਾਂ ਦੀ ਖਿਲੀ ਉਡਾਉਂਦਿਆਂ ਮਾਰਕਸਵਾਦ ਦੇ ਸਿਧਾਂਤ ਉਤੇ ਕੁਝ ਅਣਜਾਣ ਟਿਪਣੀਆਂ ਕਰ ਬੈਠੇ। ਭਾਅ ਜੀ ਇਕ ਦਮ ਉਨਾਂ ਦੇ ਗਲ ਪੈ ਗਏ, 'ਮਾਰਕਸਵਾਦ ਕਦੇ ਪੜਿਐ ?... ਪਤੈ ਕਿੰਨਾ ਮਹਾਨ ਫਲਸਫੈ ? ਇਨਾਂ ਕਾਮਰੇਡਾਂ ਨੂੰ ਕੀ ਪਤਾ ਮਾਰਕਸਵਾਦ ਦਾ ?'

ਕਮਰੇ ਵਿਚ ਇਕਦਮ ਚੁਪ ਵਰਤ ਗਈ। ਭਾਅ ਜੀ ਜ਼ੋਰ ਨਾਲ ਕਹਿ ਰਹੇ ਸਨ, 'ਸਿਖੀ ਅਤੇ ਮਾਰਕਸਵਾਦ ਦੇ ਮਾਨਵਵਾਦੀ ਸਰੋਕਾਰ ਅਤੇ ਉਦੇਸ਼ ਇਕੋ ਹਨ। ਬਸ ਰਸਤੇ ਵਖਰੇ ਵਖਰੇ ਹਨ।'

ਭਾਅ ਜੀ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਨੇੜਤਾ ਤੇ ਸਿਆਸੀ ਸਾਂਝ ਕਦੇ ਵੀ ਅਜੋੜ ਜਾਂ ਗਲਤ ਨਹੀਂ ਸੀ ਲਗੀ। ਦਲਬੀਰ ਸਿੰਘ ਨੂੰ ਸਗੋ ਹਮੇਸ਼ਾਂ ਇਹ ਗਿਲਾ ਰਿਹਾ ਕਿ 'ਪਛਮੀ ਸਕੂਲੀ-ਕਾਲਜੀ ਵਿਦਿਆ ਪ੍ਰਾਪਤ ਕਰ ਕੇ ਇੰਡੀਅਨ ਮਧਵਰਗੀ ਜਮਾਤ ਵਿਚੋਂ ਨਿਕਲੇ ਕਾਮਰੇਡ ਸਿਖੀ ਦੇ ਇਨਕਲਾਬੀ ਵਿਰਸੇ ਅਤੇ ਪਰੰਪਰਾਵਾਂ ਨੂੰ ਸਮਝ ਹੀ ਨਹੀਂ ਸਕੇ। ਉਨਾਂ ਨੂੰ ਅਪਨਾਉਣ ਦੀ ਬਜਾਏ, ਉਨਾਂ ਵਿਰੁਧ ਆਢਾ ਲਾ ਬੈਠੇ ਹਨ... ਜਿਸ ਕਰਕੇ ਕਾਮਰੇਡਾਂ ਦੀ ਸਿਆਸਤ 'ਇੰਡੀਅਨ ਨੇਸ਼ਨ ਸਟੇਟ' ਦੇ ਹਕ ਵਿਚ ਜਾ ਖੜੀ ਹੈ।'

ਦਲਬੀਰ ਸਿੰਘ ਦੀ ਸੰਤ ਭਿੰਡਰਾਂਵਾਲੇ ਨਾਲ ਨੇੜਤਾ ਹੋਣ ਕਰਕੇ ਉਸ ਦੇ ਪੁਰਾਣੇ ਕਮਿਊਨਿਸਟ ਸਾਥੀਆਂ ਨੇ ਉਸ ਬਾਰੇ ਕਈ ਜੁਮਲੇ ਘੜ ਰਖੇ ਸਨ। ਭਾਅ ਜੀ ਦੇ ਨੇੜੇ ਰਹੇ ਸਾਥੀ ਮਸ਼ਹੂਰ ਨਾਟਕਕਾਰ ਗੁਰਸ਼ਰਨ ਸਿੰਘ ਨੇ ਇਕ ਵਾਰ ਕਿਸੇ ਹੋਰ ਸਾਥੀ ਕੋਲ ਕਹਿ ਦਿਤਾ, 'ਦਲਬੀਰ ਤਾਂ ਹੁਣ ਦਮਦਮੀ ਟਕਸਾਲ ਵਾਲਾ ਚੋਲਾ ਪਾ ਕੇ ਰਖਦੈ।' ਭਾਅ ਜੀ ਨੂੰ ਇਹ 'ਵਿਅੰਗ' ਬੜਾ ਰੜਕਿਆ। ਗੁਰਸ਼ਰਨ ਸਿੰਘ ਨਾਟਕਕਾਰ ਨਾਲ ਦਲਬੀਰ ਸਿੰਘ ਦੇ ਜਾਤੀ ਅਤੇ ਪਰਿਵਾਰਕ ਰਿਸ਼ਤੇ ਸਨ। ਇਕ ਦਿਨ ਦਲਬੀਰ ਸਿੰਘ ਮੂੰਹ-ਹਨੇਰੇ ਗੁਰਸ਼ਰਨ ਸਿੰਘ ਦੇ ਘਰੇ ਪਹੁੰਚ ਗਿਆ। ਘਰ ਵਿਚ ਹਾਜ਼ਰ ਉਸਦੀ ਸੁਪਤਨੀ ਨੂੰ ਕਿਹਾ, 'ਗੁਰਸ਼ਰਨ ਨੂੰ ਦਸ ਦੇਣਾ ਕਿ ਦਲਬੀਰ ਸਿੰਘ ਆਪਣਾ ਚੋਲਾ ਦਿਖਾਉਣ ਘਰ ਆਇਆ ਸੀ।'

# ਅੱਖੀਂ ਡਿੱਠਾ ਦ੍ਰਿਸ਼

# ਦਰਬਾਰ ਸਾਹਿਬ ਬਾਰੇ ਆਸਟ੍ਰੇਲੀਅਨ ਯਾਤਰੀ ਦਾ ਸਵਾਲ

**ਮਨਮੋਹਨ ਸਿੰਘ ਢਿੱਲੋਂ**

ਆਸਟ੍ਰੇਲੀਆ ਰਹਿੰਦੇ ਆਪਣੇ ਬੱਚਿਆਂ ਦੇ ਆਸਟ੍ਰੇਲੀਅਨ ਮਹਿਮਾਨਾਂ ਨੂੰ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਵਾ ਕੇ, ਲੰਗਰ ਛਕਾ ਕੇ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਚ ਉਨਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਤੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਮੁਹੱਈਆ ਕਰਵਾਉਣ ਲਈ ਪੁੱਜੇ ਤਾਂ ਉਨਾਂ ਇਤਿਹਾਸ ਜਾਨਣ ਤੋਂ ਪਹਿਲਾਂ ਹੀ ਸਵਾਲ ਕਰ ਦਿੱਤਾ। ਉਨਾਂ ਦਾ ਸਵਾਲ ਸੁਣ ਕੇ ਉੱਥੇ ਬੈਠੇ ਹੋਰ ਸ਼ਰਧਾਲੂ ਵੀ ਹੈਰਾਨ ਹੋ ਗਏ। ਇਕ ਗੋਰੀ ਨੇ ਕਿਹਾ ਕਿ ਹਰਿਮੰਦਰ ਸਾਹਿਬ ਦੀ ਭਵਨ ਉਸਾਰੀ ਬਹੁਤ ਕਮਾਲ ਹੈ, ਪ੍ਰਬੰਧ ਵੀ ਬਾਕਮਾਲ ਹੈ। ਇਤਿਹਾਸ ਬਾਅਦ ਵਿਚ ਦੱਸਣਾ, ਪਹਿਲਾਂ ਇਹ ਦੱਸੋ ਕਿ ਕੀ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਹੋਣ ਤੋਂ ਬਾਅਦ ਇਸ ਨੂੰ ਉਸਾਰਨ ਵਾਲਿਆਂ ਦੇ ਹੱਥ ਵੀ ਵੱਢ ਦਿੱਤੇ ਗਏ ਸਨ ਜਿਵੇਂ ਬਾਦਸ਼ਾਹ ਸ਼ਾਹਜਹਾਂ ਨੇ ਤਾਜਮਹੱਲ ਉਸਾਰਨ ਵਾਲਿਆਂ ਦੇ ਹੱਥ ਵਢਵਾ ਦਿੱਤੇ ਸਨ? ਅਜਿਹਾ ਸਵਾਲ ਕਿਸੇ ਸ਼ਰਧਾਲੂ ਨੇ ਕੀਤਾ ਹੋਵੇ, ਕਦੇ ਸੁਣਿਆ ਨਹੀਂ ਸੀ। ਸਾਡੇ ਆਸਟ੍ਰੇਲੀਅਨ ਮਹਿਮਾਨਾਂ ਵਿਚ ਇਕ ਮੀਆਂ ਬੀਵੀ ਅਤੇ ਇਕ ਉਸ ਦੀ ਭੈਣ ਸਨ। ਉਹ ਸ੍ਰੀ ਹਰਿਮੰਦਰ ਸਾਹਿਬ ਅਤੇ ਤਾਜ ਮਹੱਲ ਬਾਰੇ ਸੁਣ ਕੇ ਵਿਸ਼ੇਸ਼ ਤੌਰ 'ਤੇ ਇਹ ਦੋਵੇਂ ਥਾਵਾਂ ਵੇਖਣ ਲਈ ਇੱਥੇ ਪੁੱਜੇ ਸਨ। ਅਸੀਂ ਦਿੱਲੀ ਹਵਾਈ ਅੱਡੇ ਤੋਂ ਲੈ ਕੇ ਪਹਿਲਾਂ ਉਨਾਂ ਨੂੰ ਤਾਜ ਮਹੱਲ ਵਿਖਾਉਣ ਆਗਰੇ ਲੈ ਕੇ ਗਏ ਸਾਂ। ਤਾਜ ਮਹੱਲ ਪੁੱਜ ਕੇ ਜਦੋਂ ਅਸੀਂ ਟਿਕਟਾਂ ਲੈਣ ਲੱਗੇ ਤਾਂ ਇੱਥੇ ਦੇ ਲੋਕਾਂ ਲਈ ਕੇਵਲ ਦਸ ਰੁਪਏ ਦੀ ਟਿਕਟ ਸੀ ਜਦੋਂਕਿ ਵਿਦੇਸ਼ੀਆਂ ਵਾਸਤੇ ਸੌ ਰੁਪਏ ਸੀ। ਟਿਕਟਾਂ ਲੈਣ ਲੱਗਿਆਂ ਉਨਾਂ ਰੋਕ ਦਿੱਤਾ। ਉਦੋਂ ਉਨਾਂ ਦਾ ਗੁੱਸਾ ਵੀ ਵੇਖਣ ਵਾਲਾ ਸੀ। ਉਨਾਂ ਟਿਕਟ ਦੇਣ ਵਾਲੇ ਨੂੰ ਖਰੀਆਂ-ਖਰੀਆਂ ਸੁਣਾਈਆਂ। ਉਨਾਂ ਕਿਹਾ ਕਿ ਭਾਰਤੀਆਂ ਦਾ ਇਹ ਵਿਤਕਰਾ ਬਰਦਾਸ਼ਤ ਕਰਨ ਯੋਗ ਨਹੀਂ। ਉਹ ਆਸਟ੍ਰੇਲੀਆ ਤੋਂ ਲੱਖਾਂ ਰੁਪਏ ਖਰਚ ਕੇ, ਵਿਸ਼ੇਸ਼ ਤੌਰ 'ਤੇ ਪਿਆਰ ਦੀ ਨਿਸ਼ਾਨੀ ਦੱਸੇ ਜਾਂਦੇ ਤਾਜ ਮਹੱਲ ਨੂੰ ਵੇਖਣ ਆਏ ਹਨ। ਵਿਦੇਸ਼ੀਆਂ ਨਾਲ ਇਹ ਵਿਤਕਰਾ ਕਿਉਂ? ਇਕ ਨੇ ਕਿਹਾ ਕਿ ਉਹ ਦਿੱਲੀ ਹੋਟਲ ਵਿਚ ਠਹਿਰੇ, ਉੱਥੇ ਪੈਸਾ ਖਰਚਿਆ। ਇੱਥੇ ਰਹਾਂਗੇ ਤਾਂ ਹੋਟਲ ਦਾ ਖਰਚਾ ਕਰਾਂਗੇ। ਤੁਸੀਂ ਟਿਕਟ ਜ਼ਰੂਰ ਲਾਉ, ਪਰ ਟਿਕਟ ਲਾਉਣ ਵਿਚ ਵਿਤਕਰਾ ਨਾ ਕਰੋ। ਉਨਾਂ ਦਾ ਇਹ ਵੀ ਤਰਕ ਸੀ ਕਿ ਉਨਾਂ ਵਾਪਸ ਜਾ ਕੇ ਆਪਣੇ ਰਿਸ਼ਤੇਦਾਰਾਂ, ਮਿੱਤਰਾਂ, ਸੱਜਣਾਂ ਤੇ ਵਾਕਫ਼ ਸੱਜਣਾਂ ਨੂੰ ਦੱਸਣਾ ਸੀ ਕਿ ਤਾਜ ਮਹੱਲ ਬਹੁਤ ਖ਼ੂਬਸੂਰਤ ਹੈ, ਜ਼ਰੂਰ ਵੇਖਣਾ ਚਾਹੀਦਾ ਹੈ। ਪਰ ਹੁਣ ਅਸੀਂ ਜਾ ਕੇ ਇਹ ਦੱਸਾਂਗੇ ਕਿ ਭਾਰਤੀ ਲੋਕ ਵਿਦੇਸ਼ੀਆਂ ਨਾਲ ਵਿਤਕਰਾ ਕਰਦੇ ਹਨ। ਉਨਾਂ ਦਾ ਕਹਿਣਾ ਸੀ ਕਿ ਗੱਲ ਸੌ ਰੁਪਏ ਦੀ ਨਹੀਂ ਸਗੋਂ ਤੁਹਾਡੇ ਵੱਲੋਂ ਵਿਦੇਸ਼ੀਆਂ ਨਾਲ ਕੀਤੇ ਜਾ ਰਹੇ ਵਿਤਕਰੇ ਦੀ ਹੈ। ਵਿਤਕਰੇ ਬਾਰੇ ਉੱਥੇ ਜਾ ਕੇ ਦੱਸਾਂਗੇ ਤਾਂ ਉਹ ਵੀ ਬਰਦਾਸ਼ਤ ਨਹੀਂ ਕਰਨਗੇ। ਉਨਾਂ ਇਕ ਗੱਲ ਹੋਰ ਵੀ ਆਖੀ ਕਿ ਆਸਟ੍ਰੇਲੀਆ ਵਿਚ ਵੀ ਵੇਖਣ ਵਾਲੀਆਂ ਥਾਵਾਂ ਦੀ ਕੋਈ ਕਮੀ ਨਹੀਂ, ਪਰ ਉੱਥੇ ਵਿਦੇਸ਼ੀਆਂ ਲਈ ਵੀ ਉਨੀ ਹੀ ਟਿਕਟ ਹੈ ਜਿੰਨੀ ਉੱਥੋਂ ਦੇ ਵਾਸੀਆਂ ਵਾਸਤੇ। ਇਕ ਨੇ ਇਹ ਵੀ ਗੱਲ ਕਰ ਦਿੱਤੀ ਕਿ ਸ਼ਾਹਜਹਾਂ ਨੇ ਇਸ ਮਹੱਲ ਨੂੰ ਆਪਣੀ ਪਤਨੀ ਦੀ ਯਾਦ ਵਿਚ ਪਤਾ ਨਹੀਂ ਕਿੰਨਾ ਕੁ ਪੈਸਾ ਖਰਚ ਕੇ ਬਣਾਇਆ ਹੋਵੇਗਾ ਅਤੇ ਇਹ ਵੀ ਨਹੀਂ ਸੋਚਿਆ ਹੋਵੇਗਾ ਕਿ ਉਹ ਜਾਂ ਫਿਰ ਉਸ ਤੋਂ ਅੱਗੋਂ ਆਉਣ ਵਾਲੀਆਂ ਪੀੜੀਆਂ ਜਾਂ ਰਾਜ ਕਰਨ ਵਾਲੇ ਤਾਜ ਮਹੱਲ ਨੂੰ ਆਪਣੀ ਆਮਦਨ ਦਾ ਸਾਧਨ ਬਣਾਉਣਗੇ।

ਟਿਕਟ ਖਿੜਕੀ 'ਤੇ ਬੈਠੇ ਦੋ ਸੱਜਣਾਂ ਨੂੰ ਉਨਾਂ ਦੀ ਕੋਈ ਗੱਲ ਸਮਝ ਵੀ ਆਈ ਹੋਵੇਗੀ ਜਾਂ ਨਹੀਂ, ਪਰ ਕਿਸੇ ਨੇ ਅੱਗੋਂ ਕੋਈ ਬਹਿਸ ਨਹੀਂ ਸੀ ਕੀਤੀ।

ਅਸੀਂ ਟਿਕਟਾਂ ਲਈਆਂ ਅਤੇ ਅੰਦਰ ਚਲੇ ਗਏ। ਉਨਾਂ ਵੀ ਤਾਜ ਮਹੱਲ ਵੇਖਿਆ, ਉਸ ਦੀ ਉਸਾਰੀ ਨੂੰ ਸਲਾਹਿਆ। ਇਕ ਗਾਈਡ ਨੇ ਹੋਰ ਜਾਣਕਾਰੀ ਦੇਣ ਦੇ ਨਾਲ ਨਾਲ ਇਹ ਗੱਲ ਵੀ ਦੱਸੀ ਕਿ ਸ਼ਾਹਜਹਾਂ ਨੇ ਇਸ ਮਹੱਲ ਦੀ ਉਸਾਰੀ ਮੁਕੰਮਲ ਹੋਣ ਤੋਂ ਬਾਅਦ ਉਸਾਰੀ ਕਰਨ ਵਾਲੇ ਕਾਰੀਗਰਾਂ ਦੇ ਹੱਥ ਵੱਢ ਦਿੱਤੇ ਸਨ ਤਾਂ ਜੋ ਭਵਿੱਖ ਵਿਚ ਕੋਈ ਵੀ ਬਾਦਸ਼ਾਹ ਅਜਿਹੀ ਇਮਾਰਤ ਨਾ ਬਣਵਾ ਸਕੇ।

ਕਾਰੀਗਰਾਂ ਦੇ ਹੱਥ ਵੱਢਣ ਵਾਲੀ ਗੱਲ ਮਹਿਮਾਨਾਂ ਦੇ ਮਨ ਵਿਚ ਘਰ ਕਰ ਗਈ ਸੀ। ਇਸੇ ਲਈ ਜਦੋਂ ਉਨਾਂ ਹਰਿਮੰਦਰ ਸਾਹਿਬ ਦੀ ਭਵਨ ਨਿਰਮਾਣ ਕਲਾ ਨੂੰ ਵੇਖਿਆ ਤਾਂ ਉਹ ਬਹੁਤ ਪ੍ਰਭਾਵਿਤ ਹੋਏ। ਉਨਾਂ ਅੰਦਰ ਇਹ ਸ਼ੰਕਾ ਪੈਦਾ ਹੋਣਾ ਕੁਦਰਤੀ ਸੀ ਕਿ ਕਿਧਰੇ ਹਰਿਮੰਦਰ ਸਾਹਿਬ ਦੀ ਉਸਾਰੀ ਮਗਰੋਂ ਇਸ ਨੂੰ ਉਸਾਰਨ ਵਾਲੇ ਕਾਰੀਗਰਾਂ ਦੇ ਵੀ ਹੱਥ ਵੱਢ ਦਿੱਤੇ ਗਏ ਸਨ?

ਸੂਚਨਾ ਕੇਂਦਰ ਵਿਚ ਸੂਚਨਾ ਅਧਿਕਾਰੀ ਨੇ ਹਰਿਮੰਦਰ ਸਾਹਿਬ ਬਾਰੇ ਸਪੱਸ਼ਟ ਕੀਤਾ ਕਿ ਇਹ ਕਿਸੇ ਰਾਜੇ-ਮਹਾਰਾਜੇ ਦਾ ਬਣਾਇਆ ਭਵਨ ਨਹੀਂ ਸਗੋਂ ਇਹ ਤਾਂ ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਆਦੇਸ਼ਾਂ ਅਨੁਸਾਰ ਇਕ ਧਾਰਮਿਕ ਸਥਾਨ ਵਜੋਂ ਉਸਾਰਿਆ ਸੀ। ਇਸ ਬਾਰੇ ਗੁਰੂ ਅਰਜਨ ਦੇਵ ਜੀ ਨੇ ਆਖਿਆ ਸੀ 'ਡਿਠੇ ਸਭੇ ਥਾਵ ਨਹੀਂ ਤੁਧੁ ਜੇਹਿਆ'। ਇਸ ਦੀ ਉਸਾਰੀ ਸੇਵਾ-ਭਾਵਨਾ ਨਾਲ ਹੋਈ ਸੀ ਜਿਸ ਨੂੰ ਕਾਰ ਸੇਵਾ ਵੀ ਆਖਿਆ ਜਾਂਦਾ ਹੈ। ਉਨਾਂ ਦੱਸਿਆ ਕਿ ਇਸ ਦੇ ਮੁੱਖ ਦਰਵਾਜ਼ੇ 'ਤੇ ਇਹ ਸ਼ਬਦ ਉੱਕਰੇ ਹੋਏ ਹਨ।

ਸੂਚਨਾ ਅਧਿਕਾਰੀ ਨੇ ਜਿਸ ਭਾਵਪੂਰਤ ਢੰਗ ਨਾਲ ਦੱਸਿਆ, ਉਸ ਤੋਂ ਉਨਾਂ ਨੂੰ ਪੂਰਨ ਤਸੱਲੀ ਹੋ ਗਈ ਸੀ। ਅਧਿਕਾਰੀ ਨੇ ਤਾਜਮਹੱਲ ਤੇ ਹਰਿਮੰਦਰ ਸਾਹਿਬ ਵਿਚਾਲੇ ਬੁਨਿਆਦੀ ਅੰਤਰ ਬਾਰੇ ਪੂਰੇ ਵੇਰਵੇ ਸਹਿਤ ਜਾਣਕਾਰੀ ਦਿੱਤੀ। ਫਿਰ ਮਹਿਮਾਨਾਂ ਨੇ ਹਰਿਮੰਦਰ ਸਾਹਿਬ ਦੇ ਪੂਰਨ ਇਤਿਹਾਸ ਬਾਰੇ ਪੂਰੀ ਨਿਸ਼ਠਾ ਨਾਲ ਜਾਣਕਾਰੀ ਲਈ ਅਤੇ ਹੋਰ ਸਵਾਲ ਕਰਕੇ ਹੋਰ ਵੀ ਜਾਣਕਾਰੀ ਲਈ। ਹਰਿਮੰਦਰ ਸਾਹਿਬ ਨੂੰ ਉੱਚੀ ਥਾਂ ਦੀ ਬਜਾਏ ਨੀਵੀਂ ਥਾਂ 'ਤੇ ਬਣਾਉਣ, ਇਹਦੇ ਨਾਲ ਸਰੋਵਰ ਦੀ ਸਥਾਪਨਾ, ਚਹੁੰ ਵਰਣਾਂ ਲਈ ਚਾਰ ਮੁੱਖ ਗੇਟ, ਲੰਗਰ ਦੀ ਪਰੰਪਰਾ ਦੀ ਸ਼ੁਰੂਆਤ ਬਾਰੇ



ਵੇਰਵੇ ਸਹਿਤ ਜਾਣਕਾਰੀ ਦਿੱਤੀ। ਉਨਾਂ ਨੂੰ ਉੱਥੇ ਠਹਿਰਨ ਦੀ ਸਹੂਲਤ ਲਈ ਸਰਾਵਾਂ ਦੇ ਪ੍ਰਬੰਧ ਬਾਰੇ ਵੀ ਦੱਸਿਆ। ਉਨਾਂ ਦੱਸਿਆ ਕਿ ਚਾਰ ਦਰਵਾਜ਼ੇ ਚਹੁੰ ਵਰਣਾਂ ਦੇ ਸਾਂਝੇ ਹਨ ਜਿਹੜੇ ਸਭਨਾਂ ਲਈ ਹਮੇਸ਼ਾ ਖੁੱਲੇ ਰਹਿੰਦੇ ਹਨ। ਇਹ ਦਰਵਾਜ਼ੇ ਰਾਤੀਂ ਦੇਰ ਰਾਤ ਕੇਵਲ ਅੰਦਰ ਸਾਫ਼ ਸਫਾਈ ਲਈ ਕੁਝ ਸਮੇਂ ਲਈ ਬੰਦ ਹੁੰਦੇ ਹਨ।

ਵਿਦੇਸ਼ੀ ਮਹਿਮਾਨ ਹਰਿਮੰਦਰ ਸਾਹਿਬ ਅਤੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਲੈ ਕੇ ਬਹੁਤ ਪ੍ਰਭਾਵਿਤ ਹੋਏ। ਉਨਾਂ ਵਿਚ ਸ਼ਾਮਲ ਏਂਜਲਾ ਨੇ ਕਿਹਾ, 'ਸਾਨੂੰ ਹੈਰਾਨੀ ਹੋ ਰਹੀ ਹੈ ਕਿ ਕਿਸੇ ਨੇ ਸਾਨੂੰ ਇਹ ਨਹੀਂ ਕਿਹਾ ਕਿ ਅੰਦਰ ਜਾਣ ਦੀ ਟਿਕਟ ਦੇ ਪੈਸੇ ਦਿਉ। ਲੰਗਰ ਛਕ ਕੇ ਆਏ ਹਾਂ, ਬਹੁਤ ਅਨੰਦ ਆਇਆ ਸੀ, ਕਿਸੇ ਨੇ ਪੈਸੇ ਨਹੀਂ ਮੰਗੇ। ਸੂਚਨਾ ਕੇਂਦਰ ਵਿਚ ਚਾਹ ਵੀ ਪਿਆਈ ਗਈ, ਸਨਮਾਨ ਵੀ ਦਿੱਤਾ ਗਿਆ। ਸਿੱਖ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਇਹ ਸਭ ਕਿੰਦਾਂ ਹੋ ਰਿਹਾ ਹੈ? ਇਹ ਕਿਹੋ ਜਿਹਾ ਵੱਖਰੀ ਕਿਸਮ ਦਾ ਧਰਮ ਹੈ, ਇਸ ਬਾਰੇ ਅੱਜ ਪਤਾ ਲੱਗਾ ਹੈ। ਆਸਟਰੇਲੀਆ ਵਿਚ ਵਸਦੇ ਸਿੱਖਾਂ ਨੇ ਗੁਰਦੁਆਰੇ ਬਣਾ ਲਏ ਹਨ ਜਿੱਥੇ ਮੁਫ਼ਤ ਲੰਗਰ ਚਲਦੇ ਹਨ। ਜਿੱਥੇ ਵੀ ਕੋਈ ਮੁਸੀਬਤ ਆਉਂਦੀ ਹੈ, ਸਿੱਖ ਹਰ ਤਰਾਂ ਦੀ ਮੱਦਦ ਲਈ ਆਪੇ ਪਹੁੰਚ ਜਾਂਦੇ ਹਨ।' ਉਸ ਦਾ ਇਹ ਵੀ ਕਹਿਣਾ ਸੀ ਕਿ ਉਹ ਵਿਦਿਆਰਥੀ, ਜਿਹੜੇ ਉੱਥੇ ਪੜਨ ਗਏ ਹਨ, ਉਹ ਵੀ ਲੰਗਰ ਵਿਚ ਹਿੱਸਾ ਪਾਉਂਦੇ ਹਨ, ਲੋਕਾਂ ਦੀ ਮੁਸ਼ਕਲ ਵੇਲੇ ਮੱਦਦ ਕਰਦੇ ਹਨ। ਸੂਚਨਾ ਅਧਿਕਾਰੀ ਨੇ ਉਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਹਰ ਸਿੱਖ ਆਪਣੀ ਕਮਾਈ ਵਿਚੋਂ ਦਸਵੰਧ ਵੀ ਕੱਢਦਾ ਹੈ। ਏਂਜਲਾ ਦਾ ਕਹਿਣਾ ਸੀ ਕਿ ਅਸੀਂ ਹੈਰਾਨ ਹਾਂ ਇਸ ਧਰਮ ਨੂੰ ਸਾਰੇ ਧਰਮਾਂ ਦੇ ਲੋਕੀਂ ਮੰਨਦੇ ਹਨ ਤੇ ਇੱਥੇ ਸਿੱਖ, ਮੁਸਲਿਮ, ਹਿੰਦੂ, ਇਸਾਈ ਸਾਰਿਆਂ ਲਈ ਦਰਵਾਜ਼ੇ ਖੁੱਲੇ ਹਨ। ਕਿਸੇ ਨੇ ਪੁੱਛਿਆ ਨਹੀਂ ਕਿ ਤੁਸੀਂ ਕੌਣ ਹੋ, ਕਿੱਥੋਂ ਆਏ ਹੋ, ਕਿਸ ਧਰਮ ਨਾਲ ਸਬੰਧਤ ਹੋ। ਅਸੀਂ ਬਹੁਤ ਦੇਸ਼ ਘੁੰਮੇ ਹਾਂ, ਪਰ ਅਜਿਹਾ ਵਰਤਾਰਾ ਨਹੀਂ ਵੇਖਿਆ, ਅਜਿਹਾ ਧਰਮ ਨਹੀਂ ਵੇਖਿਆ। ਸਿੱਖ ਧਰਮ ਬਾਰੇ ਜਾਣਕਾਰੀ ਲੈ ਕੇ ਉਹ ਬਹੁਤ ਹੈਰਾਨ ਤੇ ਪ੍ਰਸੰਨ ਸਨ। ਉਨਾਂ ਦਾ ਕਹਿਣਾ ਸੀ ਕਿ ਉਹ ਆਸਟ੍ਰੇਲੀਆ ਵਿਚ ਕਦੇ ਵੀ ਕਿਸੇ ਗੁਰਦੁਆਰੇ ਵਿਚ ਨਹੀਂ ਗਏ। ਉਨਾਂ ਕਿਹਾ ਕਿ ਇਹ ਸਾਡੇ ਲਈ ਇਕ ਵੱਖਰਾ ਵਰਤਾਰਾ ਹੈ। ਇਹ ਸਭ ਕੁਝ ਸਾਡੇ ਲਈ ਬਹੁਤ ਵੱਡੀ ਮਾਣ ਵਾਲੀ ਗੱਲ ਹੈ ਕਿ ਸਾਨੂੰ ਇੱਥੇ ਆ ਕੇ ਬਹੁਤ ਮਾਣ ਮਿਲਿਆ ਹੈ ਅਤੇ ਇਕ ਵੱਖਰੇ ਧਰਮ ਦੇ ਲੋਕਾਂ ਅਤੇ ਉਨਾਂ ਦੇ ਧਰਮ ਤੇ ਸਭਿਆਚਾਰ ਬਾਰੇ ਜਾਨਣ ਦਾ ਮੌਕਾ ਵੀ ਮਿਲਿਆ ਹੈ।

ਮਹਿਮਾਨਾਂ ਨੂੰ ਅਸੀਂ ਇੱਥੇ ਹੋਟਲ ਵਿਚ ਠਹਿਰਾਇਆ ਸੀ। ਉਹ ਰੋਜ਼ ਸਵੇਰੇ ਹਰਿਮੰਦਰ ਸਾਹਿਬ ਚਲੇ ਜਾਂਦੇ ਸਨ। ਪਰਿਕਰਮਾ ਵਿਚ ਵੀ ਬੈਠਦੇ। ਹਰਿਮੰਦਰ ਸਾਹਿਬ ਵਿਚ ਕੀਰਤਨ ਸੁਣਦੇ (ਭਾਵੇਂ ਉਨਾਂ ਦੀ ਸਮਝ ਵਿਚ ਵੀ ਕੁਝ ਨਹੀਂ ਸੀ ਆਉਂਦਾ), ਪਰ ਇਕ ਸਕੂਨ ਜਿਹਾ ਮਹਿਸੂਸ ਹੁੰਦਾ ਸੀ। ਤਿੰਨ ਦਿਨ ਮਗਰੋਂ ਉਨਾਂ ਜਾਣ ਬਾਰੇ ਦੱਸਿਆ। ਅਸੀਂ ਉਨਾਂ ਨੂੰ ਦਿੱਲੀ ਜਾਣ ਲਈ ਟੈਕਸੀ ਕਰਕੇ ਦਿੱਤੀ। ਉਹ ਬਹੁਤ ਖ਼ੁਸ਼ ਸਨ। ਉਨਾਂ ਦੱਸਿਆ ਕਿ ਉਨਾਂ ਤਿੰਨ ਦਿਨ ਕੇਵਲ ਦਰਬਾਰ ਸਾਹਿਬ ਵਿਚ ਹੀ ਗੁਜ਼ਾਰੇ ਹਨ ਅਤੇ ਜੋ ਕੁਝ ਇੱਥੇ ਮਹਿਸੂਸ ਕੀਤਾ, ਉਹਦੇ ਬਾਰੇ ਉਨਾਂ ਲਈ ਬਿਆਨ ਕਰਨਾ ਬਹੁਤ ਮੁਸ਼ਕਲ ਹੈ। ਹਰਿਮੰਦਰ ਸਾਹਿਬ ਦੇ ਦਰਸ਼ਨ ਉਨਾਂ ਲਈ ਬਹੁਤ ਸੁਖਦ ਅਤੇ ਯਾਦਗਾਰੀ ਸਾਬਤ ਹੋਏ ਹਨ। ਅਸੀਂ ਬਹੁਤ ਧੰਨਵਾਦੀ ਹਾਂ ਤੇ ਇਹ ਯਾਤਰਾ ਯਾਦ ਵੀ ਰੱਖਾਂਗੇ, ਹੋਰ ਮਿੱਤਰਾਂ ਨੂੰ ਵੀ ਦੱਸਾਂਗੇ।

# ਪੜਾਅ-ਦਰ-ਪੜਾਅ ਅੱਗੇ ਵਧਦਾ ਕਿਸਾਨ ਅੰਦੋਲਨ



**ਹਰਮਨਪ੍ਰੀਤ ਸਿੰਘ**

**98550-10005**

ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਸੰਘਰਸ਼ ਪੜਾਅ-ਦਰ-ਪੜਾਅ ਅੱਗੇ ਵਧਦਾ ਰਿਹਾ ਹੈ। ਦਿੱਲੀ ਦੀਆਂ ਸਰਹੱਦਾਂ ਤੇ ਜਾਰੀ ਕਿਸਾਨ ਅੰਦੋਲਨ ਨੂੰ 6 ਮਹੀਨੇ ਤੋਂ ਉੱਪਰ ਦਾ ਸਮਾਂ ਹੋ ਗਿਆ ਹੈ, ਇਸ ਦੌਰਾਨ ਕਈ ਉਤਾਰ-ਚੜਾਅ ਆਏ। ਕਿਸਾਨਾਂ, ਮਜਦੂਰਾਂ, ਬਜੁਰਗਾਂ, ਬੀਬੀਆਂ ਤੇ ਕਿਸਾਨ ਅੰਦੋਲਨ ਵਿਚ ਮੌਜੂਦ ਹਰ ਮਨੁੱਖ ਨੇ ਹਰ ਮੁਸ਼ਕਲ ਦਾ ਡਟ ਕੇ ਮੁਕਾਬਲਾ ਕੀਤਾ। ਅੰਦੋਲਨ ਦੌਰਾਨ ਕਿਸਾਨਾਂ ਵਲੋਂ 26 ਮਈ ਨੂੰ 'ਕਾਲਾ ਦਿਵਸ' ਮਨਾਇਆ ਗਿਆ। ਪੂਰੇ ਭਾਰਤ ਵਿਚ ਕਈ ਥਾਂ ਭਾਰੀ ਇਕੱਠ ਹੋਏ ਨਾਲ ਹੀ ਲੋਕਾਂ ਨੇ ਆਪਣੇ ਘਰਾਂ 'ਤੇ ਕਾਲੇ ਝੰਡੇ ਲਹਿਰਾਏ। ਖੇਤੀ ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਸੰਘਰਸ਼ ਕਰ ਰਹੇ ਕਿਸਾਨਾਂ ਵਲੋਂ 26 ਨਵੰਬਰ, 2020 ਤੋਂ ਸ਼ੁਰੂ ਹੋਏ ਦੇਸ਼ ਵਿਆਪੀ ਅੰਦੋਲਨ ਦੌਰਾਨ ਕਿਸਾਨ ਅਨੇਕਾਂ ਹੀ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹੋਏ ਦੇਸ਼ ਦੇ ਰਾਜਧਾਨੀ ਦਿੱਲੀ ਵਿਚ ਲਗਾਤਾਰ ਡਟੇ ਹੋਏ ਹਨ। ਨਾਲ ਹੀ ਕਿਸਾਨ ਅੰਦੋਲਨ ਨੇ ਪਿਛਲੇ 6 ਮਹੀਨਿਆਂ ਵਿਚ ਬਹੁਤ ਉਤਰਾ ਚੜਾਅ ਦੇਖੇ ਅਤੇ ਇਸ ਅੰਦੋਲਨ ਨੇ ਪੂਰੇ ਮੁਲਕ ਹੀ ਨਹੀਂ ਪੂਰੀ ਦੁਨੀਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਜੋ ਆਪਣੇ ਆਪ ਵਿਚ ਇਕ ਵੱਡੀ ਪ੍ਰਾਪਤੀ ਹੈ। ਪਿਛਲੇ 6 ਮਹੀਨਿਆਂ ਤੋਂ ਚੱਲ ਰਹੇ ਸ਼ਾਂਤਮਈ ਅੰਦੋਲਨ ਦੇ ਬਾਵਜੂਦ ਕੇਂਦਰ ਸਰਕਾਰ ਵਲੋਂ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਨਾ ਕਰਨ ਕਾਰਨ ਰੋਸ ਵਜੋਂ ਪੂਰੇ ਦੇਸ਼ 'ਚ ਕਿਸਾਨਾਂ ਵਲੋਂ 26, ਮਈ 2021 ਦਾ ਦਿਨ 'ਕਾਲੇ ਦਿਵਸ' ਵਜੋਂ ਮਨਾਇਆ ਗਿਆ। ਕਿਸਾਨ ਆਗੂਆਂ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਘਰਾਂ, ਵਾਹਨਾਂ ਤੇ ਹੋਰ ਥਾਵਾਂ 'ਤੇ ਕਾਲੇ ਝੰਡਾ ਲਹਿਰਾ ਕੇ ਕਾਲੇ ਦਿਵਸ ਨੂੰ ਮਨਾਉਣ, ਕਿਸਾਨੀ ਸੰਘਰਸ਼ ਦੀ ਜਿੱਤ ਯਕੀਨੀ ਬਣਾਉਣ ਲਈ ਮੁਲਕ ਦਾ ਹਰ ਵਰਗ ਅੱਗੇ ਆਵੇ, ਕਿਉਂਕਿ ਹੁਣ ਖੇਤੀ ਕਾਨੂੰਨਾਂ ਦੀ ਲੜਾਈ ਕਿਸਾਨਾਂ ਦੀ ਨਹੀਂ ਬਲਕਿ ਹਰ ਵਰਗ ਦੀ ਹੈ। ਲੋਕਾਂ ਵਲੋਂ ਵੀ ਇਸ 'ਕਾਲੇ ਦਿਵਸ' ਨੂੰ ਮਨਾਉਣ ਲਈ ਕਿਸਾਨਾਂ ਦਾ ਪੂਰਾ ਸਾਥ ਦਿੱਤਾ ਗਿਆ। ਲੋਕ ਦੇ ਨਾਲ-ਨਾਲ ਕਈ ਸਿਆਸੀ ਧਿਰਾਂ ਨੇ ਇਸ ਅੰਦੋਲਨ ਦੇ 6 ਮਹੀਨੇ ਪੂਰੇ ਹੋਣ 'ਤੇ ਮਨਾਏ ਗਏ ਕਾਲੇ ਦਿਵਸ ਦੀ ਹਮਾਇਤ ਕੀਤੀ। ਕਿਸਾਨ ਅੰਦੋਲਨ ਕਾਰਨ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਸਮੇਤ ਕਈ ਰਾਜਾਂ ਵਿਚ ਸਿਆਸਤ ਕਰ ਰਹੀਆਂ ਸਿਆਸੀ ਪਾਰਟੀਆਂ ਨੂੰ ਪ੍ਰਭਾਵਿਤ ਕੀਤਾ ਹੈ। ਕਈ ਥਾਈਂ ਸਿਆਸੀ ਧਿਰਾਂ ਨੇ ਵੀ ਕਾਲੇ ਝੰਡੇ ਲਹਿਰਾਏ। ਇਸ ਅੰਦੋਲਨ ਨੂੰ ਤੋੜਨ ਲਈ ਹੁਣ ਤੱਕ ਜਿੰਨੀਆਂ ਵੀ ਵਿਉਂਤਬੰਦੀਆਂ ਕੇਂਦਰ ਸਰਕਾਰ, ਸੂਬਾ ਸਰਕਾਰਾਂ ਨੇ ਕੀਤੀਆਂ ਉਹ ਨਾਕਾਮ ਹੀ ਹੋਈਆਂ ਕਿਉਂਕਿ ਇਹ ਅੰਦੋਲਨ ਕਿਸੇ ਇਕ ਧਿਰ ਜਾਂ ਕਿਸੇ ਇਕ ਪਾਰਟੀ ਦਾ ਨਹੀਂ, ਇਹ ਅੰਦੋਲਨ ਹਰ ਉਸ ਇਨਸਾਨ ਦਾ ਹੈ ਜੋ ਜਮੀਨ ਨਾਲ ਜੁੜਿਆ ਹੈ। ਹਰ ਵਰਗ ਦੇ ਲੋਕ ਜਾਤਾਂ-ਧਰਮਾਂ ਤੋਂ ਉੱਪਰ ਉੱਠ ਕੇ ਹੱਥਾਂ 'ਚ ਕਾਲੇ ਝੰਡੇ ਲਈ ਕਿਸਾਨ ਅੰਦੋਲਨ ਵਲੋਂ ਮਨਾਏ 'ਕਾਲੇ ਦਿਵਸ' ਦੀ ਹਮਾਇਤ ਕਰ ਰਹੇ ਹਨ। ਇਹ ਅੰਦੋਲਨ ਹੁਣ ਜਨ-ਅੰਦੋਲਨ ਬਣ ਗਿਆ ਹੈ ਤੇ ਜਦੋਂ ਤੱਕ ਖੇਤੀ ਕਾਨੂੰਨ ਪੂਰਨ ਤੌਰ 'ਤੇ ਰੱਦ ਨਹੀਂ ਹੁੰਦੇ, ਉਦੋਂ ਤਕ ਅੰਦੋਲਨ ਜਾਰੀ ਰਹੇਗਾ। ਸਮੇਂ ਦੀ ਨਜ਼ਾਕਤ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੂੰ ਆਪਣਾ ਅੜੀਅਲ ਵਤੀਰਾ ਛੱਡ ਕੇ ਇਹ ਖੇਤੀ ਕਾਨੂੰਨਾਂ ਨੂੰ ਰੱਦ ਕਰ ਦੇਣਾ ਚਾਹੀਦਾ ਹੈ। ਕੇਂਦਰ ਸਰਕਾਰ ਕਿਸਾਨ ਅੰਦੋਲਨ ਨੂੰ ਜਿੰਨਾ ਲਮਕਾਏਗੀ ਸਰਕਾਰ ਪ੍ਰਤੀ ਲੋਕਾਂ ਦਾ ਰੋਸ ਉਨਾਂ ਹੀ ਵੱਧਦਾ ਜਾਵੇਗਾ। ਹੁਣ ਤੱਕ ਕੇਂਦਰ ਸਰਕਾਰ ਤੇ ਕਿਸਾਨਾਂ ਜਥੇਬੰਦੀਆਂ ਵਿਚਾਲੇ 11 ਮੀਟਿੰਗਾਂ ਹੋਈਆਂ, ਜੋ ਬੇਸਿੱਟਾ ਰਹੀਆਂ। ਕਿਸਾਨ ਆਗੂਆਂ ਤੇ ਕੇਂਦਰ ਸਰਕਾਰ ਵਿਚ ਆਖ਼ਰੀ ਵਾਰ 22 ਜਨਵਰੀ 2021 ਨੂੰ ਗੱਲਬਾਤ ਹੋਈ ਸੀ, ਜਿਸ ਵਿਚ ਸਰਕਾਰ ਨੇ ਡੇਢ ਸਾਲ ਤੱਕ ਕਾਨੂੰਨਾਂ 'ਤੇ ਰੋਕ ਲਾਉਣ ਦਾ ਪ੍ਰਸਤਾਵ ਦਿੱਤਾ ਸੀ, ਜਿਸ ਨੂੰ ਕਿਸਾਨ ਆਗੂਆਂ ਨੇ ਠੁਕਰਾ ਦਿੱਤਾ ਸੀ। ਕਿਸਾਨ ਆਗੂਆਂ ਵਲੋਂ ਸਰਕਾਰ ਨੂੰ ਵਾਰ-ਵਾਰ ਕਿਹਾ ਜਾ ਰਿਹਾ ਕਿ ਇਹ ਨਵੇਂ ਤਿੰਨ ਖੇਤੀ ਕਾਨੂੰਨ ਮੌਜੂਦਾ ਕਿਸਾਨੀ ਵਿਚ ਕੋਈ ਸੁਧਾਰ ਨਹੀਂ ਕਰਨਗੇ ਬਲਕਿ ਖੇਤੀਬਾੜੀ ਸੈਕਟਰ ਨੂੰ ਪੂਰੀ ਤਰਾਂ ਤਬਾਹ ਕਰ ਦੇਣਗੇ। ਸਦੀਆਂ ਤੋਂ ਚੱਲੀ ਆ ਰਹੀ ਕਿਸਾਨਾਂ ਦੀ ਖੇਤ ਮਜ਼ਦੂਰ ਤੇ ਆੜਤੀਆਂ ਨਾਲ ਸਾਂਝ ਵੀ ਖਤਮ ਇਨਾਂ ਕਾਨੂੰਨ ਕਾਰਨ ਹੋ ਜਾਵੇਗੀ। ਹੌਲੀ -ਹੌਲੀ ਇਸ ਕਾਨੂੰਨ ਦਾ ਮਾੜਾ ਪ੍ਰਭਾਵ ਸਭ 'ਤੇ ਪਵੇਗਾ, ਪ੍ਰੰਤੂ ਪਤਾ ਨਹੀਂ ਕਿਉਂ ਕੇਂਦਰ ਸਰਕਾਰ ਇਸ ਨੂੰ ਸਮਝ ਨਹੀਂ ਰਹੀ। ਅੰਦੋਲਨ ਕਰ ਰਹੇ ਕਿਸਾਨ ਹੁਣ ਲੰਬੇ ਚੱਲ ਰਹੇ ਅੰਦੋਲਨ ਨੂੰ ਦੇਖਦੇ ਹੋਏ ਸਮੇਂ-ਸਮੇਂ 'ਤੇ ਨਵੀਆਂ ਨੀਤੀਆਂ ਨਾਲ ਅੰਦੋਲਨ ਨੂੰ ਅੱਗੇ ਲਿਜਾ ਰਹੇ ਹਨ ਕਿਸਾਨ ਅੰਦੋਲਨ ਵਲੋਂ ਮਨਾਏ 'ਕਾਲੇ ਦਿਵਸ' ਨੂੰ ਹਰ ਵਰਗ ਦੇ ਲੋਕ ਪੂਰਨ ਤੌਰ 'ਤੇ ਸਮਰਪਿਤ ਨਜ਼ਰ ਆਏ ਜੋ ਕਿ ਕਿਸਾਨ ਅੰਦੋਲਨ ਦੀ ਜਿੱਤ ਦੀ ਨਿਸ਼ਾਨੀ ਹੈ।

# ਤਵਾਰੀਖ਼ ਦੇ ਪੰਨਿਆਂ ’ਤੇ ਜੂਨ-1984

## ਸਰਕਾਰ ਦਾ ਅਕਾਲ ਤਖ਼ਤ ਤੇ ਵਜਿਆ ਪਹਿਲਾ ਗੋਲਾ ਖਾਲਿਸਤਾਨ ਦੀ ਨੀਂਹ ਰੱਖੇਗਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਭਾਗ 2**



ਪਰਮਪਾਲ ਸਿੰਘ ਸਭਰਾਅ
9814991699

ਪਹਿਲੇ ਲੇਖ ਵਿਚ ਅਸੀਂ ਤੀਜੇ ਘੱਲੂਘਾਰੇ ਦੇ ਕਾਰਨ ਜਾਨਣ ਦੀ ਕੋਸ਼ਿਸ਼ ਕੀਤੀ ਸੀ। ਇਸ ਭਾਗ ਦੇ ਵਿਚ ਤੀਜੇ ਘੱਲੂਘਾਰੇ ਦੇ ਪਿਛੋਕੜ ਦੇ ਬਣੇ ਹਾਲਾਤਾਂ ਦੀ ਬਾਤ ਪਾਵਾਂਗੇ । ਅੰਗਰੇਜ ਸਰਕਾਰ ਨੇ ਬਹੁਤ ਵੱਡੇ ਵੱਡੇ ਸਿਧਾਂਤਕ ਹਮਲਿਆਂ ਨਾਲ ਸਿੱਖ ਕੌਮ ਨੂੰ ਜੜ ਤੋਂ ਕਮਜ਼ੋਰ ਕੀਤਾ, ਪਰ ਸਿੱਧੀ ਲੜਾਈ ਨਹੀਂ ਕੀਤੀ (ਇਸ ਨੁਕਤੇ ਤੇ ਵੱਡੀ ਚਰਚਾ ਲੋੜੀਂਦੀ ਹੈ) ਬਲਕਿ ਸਿੱਖ ਗੁਰਧਾਮਾਂ ਨੂੰ 1920 ਵਿਚ ਹੀ ਅਜ਼ਾਦ ਕਰ ਦਿੱਤਾ ਗਿਆ । 1947 ਮਗਰੋਂ ਹਿੰਦ ਦੇ ਨਵੇਂ ਮਾਲਕਾਂ ਨੂੰ ਸਿੱਖਾਂ ਤੋਂ ਦੋ ਵੱਡੀਆਂ ਚੁਣੌਤੀਆਂ ਸਨ, ਪਹਿਲੀ, ਗੁਰਬਾਣੀ ਵਲੋਂ ਬਿਪਰਵਾਦ ਦਾ ਖਾਤਮਾ, ਇਹ ਪੰਜ ਸਦੀਆਂ ਪੁਰਾਣਾ ਸਿਧਾਂਤਕ ਵੈਰ ਸੀ ਪਰ ਸਦੀਆਂ ਤੋਂ ਗੁਲਾਮ ਹੋਣ ਕਾਰਨ ਬਿਪਰ ਦਾ ਕੋਈ ਵੱਸ ਨਹੀਂ ਚੱਲਿਆ ਸਿੱਖੀ ਨੂੰ ਮੁਕਾਉਣ ਲਈ । ਦੂਜੀ, ਚੁਣੌਤੀ ਸੀ ਸਿੱਖ ਮਾਨਸਿਕਤਾ ਵਿਚ ਖਾਲਸਾ ਰਾਜ ਦਾ ਸੰਕਲਪ । ਦੋਵਾਂ ਚੁਣੌਤੀਆਂ ਨਾਲ ਨਜਿੱਠਣ ਲਈ ਅਜ਼ਾਦ ਭਾਰਤ ਦੇ ਬ੍ਰਾਹਮਣਵਾਦੀ ਮਾਲਕਾਂ ਨੇ 1947 ਤੋਂ ਵੀ ਪਹਿਲਾਂ ਤੋਂ ਤਿਆਰੀ ਸ਼ੁਰੂ ਕਰ ਦਿੱਤੀ ਸੀ, ਜਦ ਸਿੱਖ ਲੀਡਰਾਂ ਨੇ ਨਹਿਰੂ ਗਾਂਧੀ ਦੇ ਲਾਰਿਆਂ ਵਿਚ ਆ ਕੇ ਭਾਰਤ ਨਾਲ ਕੌਮ ਦੀ ਤਕਦੀਰ ਗੰਢਣ ਦਾ ਫੈਸਲਾ ਕੀਤਾ ਤਾਂ ਮੁਹੰਮਦ ਅਲੀ ਜ਼ਿਨਾਹ ਨੇ ਕਿਹਾ ਸੀ ਸਿੱਖੋ ! ਤੁਸੀਂ ਇਨਾਂ ਨੂੰ ਸਦੀਆਂ ਤੋਂ ਗੁਲਾਮ ਵੇਖਿਆ ਹੈ, ਅਜ਼ਾਦ ਕੁਰਸੀ ’ਤੇ ਬੈਠੇ ਇਹ ਬਹੁਤ ਖ਼ਤਰਨਾਕ ਹੋਣਗੇ, ਓਹੀ ਗੱਲ ਵਾਪਰੀ, ਅਜ਼ਾਦੀ ਦੇ ਜਸ਼ਨ ਮੁੱਕੇ ਵੀ ਨਹੀਂ ਸਨ ਕਿ ਸਰਕਾਰ ਨੇ ਸਿੱਖਾਂ ਨੂੰ ਜਰਾਇਮ ਪੇਸ਼ਾ ਘੋਸ਼ਿਤ ਕਰ ਦਿੱਤਾ, ਅਜਾਦੀ ਦੀ ਜੰਗ ਵਿਚ ਸਭ ਤੋਂ ਵੱਧ ਨੁਕਸਾਨ ਕਰਵਾਉਣ ਵਾਲੀ ਕੌਮ ਨੂੰ ਆਪਣੀ ਪੰਜਾਬ ਸਟੇਟ ਬਣਾਉਣ ਲਈ ਮੋਰਚਾ ਲਾਉਣਾ ਪਿਆ। ਦਿੱਲੀ ਨੇ ਪੰਜਾਬ ਦੇ ਹੋਰ ਟੋਟੇ ਕਰ ਕੇ ਨਿੱਕੀ ਜਹੀ ਸਟੇਟ ਪੰਜਾਬ ਬਣਾ ਦਿੱਤੀ ਪਰ ਨਾਲ ਹੀ ਲਗਾਤਾਰ ਪੰਜਾਬ ਉਜਾੜਨ ਅਤੇ ਸਿੱਖ ਕੌਮ ਦੇ ਸਰਵਨਾਸ਼ ਦੀਆਂ ਸਾਜਿਸ਼ਾਂ ਆਰੰਭ ਕਰ ਦਿੱਤੀਆਂ ਜਿਸ ਦੇ ਤਹਿਤ ਹੀ ਸਾਜਸ਼ੀ ਢੰਗ ਨਾਲ 1978 ਦੀ ਵਿਸਾਖੀ ਮੌਕੇ ਦਿੱਲੀ ਦੇ ਇਕ ਨਕਲੀ ਨਿਰੰਕਾਰੀ ਬਾਬੇ ਗੁਰਬਚਨੇ ਨੇ ਅੰਮ੍ਰਿਤਸਰ ਸਾਹਿਬ ਦੀ ਪਵਿੱਤਰ ਨਗਰੀ ਵਿਚ ਸਿੱਖ ਕੌਮ ਨੂੰ ਉਕਸਾਉਣ ਲਈ ਗੁਰੂ ਸਾਹਿਬਾਨ ਦੇ ਨਿਰਾਦਰ ਦੀ ਕਾਰਵਾਈ ਕੀਤੀ, ਇਸ ਮਾੜੀ ਕਰਤੂਤ ਤੇ ਜਦ ਅਖੰਡ ਕੀਰਤਨੀ ਜੱਥੇ ਅਤੇ ਦਮਦਮੀ ਟਕਸਾਲ ਦੇ ਸਿੰਘ ਉਸ ਨਾਲ ਵਿਚਾਰ ਕਰਨ ਲਈ ਗਏ ਤਾਂ ਉਸ ਦੇ ਗੁੰਡਿਆਂ ਨੇ 13 ਸਿੰਘ ਸ਼ਹੀਦ ਕਰ ਦਿੱਤੇ, ਸਰਕਾਰ ਨੇ 13 ਸਿੰਘਾਂ ਦੀ ਸ਼ਹੀਦੀ ਤੇ ਇਨਸਾਫ ਦੇਣ ਦੀ ਬਜਾਏ ਗੁਰਬਚਨੇ ਪਾਪੀ ਦਾ ਸਾਥ ਦਿੱਤਾ, ਸਿੱਖ ਕੌਮ ਨੇ ਇਸ ਬੇਇਨਸਾਫੀ ਨੂੰ ਨਾ ਸਹਾਰਦਿਆਂ ਹੋਇਆਂ ਸੰਘਰਸ਼ ਦਾ ਬਿਗਲ ਵਜਾ ਦਿੱਤਾ, ਸੰਤ ਬਾਬਾ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਅਖੰਡ ਕੀਰਤਨੀ ਜੱਥੇ ਅਤੇ ਸ਼੍ਰੋਮਣੀ ਅਕਾਲੀ ਦਲ ਨਾਲ ਮਿਲਕੇ ਇਨਸਾਫ ਦੀ ਮੰਗ ਕੀਤੀ । ਅਕਾਲੀਆਂ ਦੇ ਲੀਡਰ ਅੰਦਰੋਂ ਸਾਫ ਨੀਤ ਨਾਲ ਸੰਘਰਸ਼ ਦਾ ਹਿੱਸਾ ਨਹੀਂ ਸਨ ਪਰ ਪੰਥ ਦੀਆਂ ਵੋਟਾਂ ਖਾਤਰ ਅਤੇ ਸੰਤ ਜਰਨੈਲ ਸਿੰਘ ਦੇ ਡਰ ਤੋਂ ਪੰਜਾਬ ਦੀਆਂ ਹੱਕੀ ਮੰਗਾਂ ਲਈ ਧਰਮ ਯੁੱਧ ਮੋਰਚਾ ਲਾਉਣ ਲਈ ਰਾਜੀ ਹੋ ਗਏ। 1981 ਵਿਚ ਧਰਮ ਯੁੱਧ ਮੋਰਚਾ ਆਰੰਭ ਹੋਇਆ ਅਕਾਲੀ ਪ੍ਰਧਾਨ ਹਰਚਰਨ ਸਿੰਘ ਲੌਂਗੋਵਾਲ ਮੋਰਚੇ ਦਾ ਡਿਕਟੇਟਰ ਲਾਇਆ ਗਿਆ । ਪੰਜਾਬ ਦੀਆਂ ਹੱਕੀ ਮੰਗਾਂ ਖਾਤਰ ਲੱਗੇ ਮੋਰਚੇ ਦੀਆਂ ਮੰਗਾਂ ਪ੍ਰਵਾਨ ਕਰਨ ਦੀ ਥਾਂ ਸਰਕਾਰ ਤੇ ਉਸ ਦੀ ਪਾਲਤੂ ਮਸ਼ੀਨਰੀ ਨੇ ਸਿੱਖਾਂ ਨੂੰ ਵੱਖਵਾਦੀ ਗਰਦਾਨ ਕੇ ਬਦਨਾਮ ਕੀਤਾ। ਜਗਬਾਣੀ ਅਖਬਾਰ ਵਿਚ ਗੁਰੂ ਸਾਹਿਬ ਦੀ ਬੇਅਦਬੀ ਭਰੇ ਬਿਆਨ ਆਉਣ ਲੱਗ ਪਏ। ਗੁਰੂ ਦੀ ਬੇਅਦਬੀ ਨਾ ਸਹਾਰਦਿਆਂ ਸਿੰਘਾਂ ਨੇ ਜਗਬਾਣੀ ਦੇ ਮਾਲਕ ਲਾਲਾ ਜਗਤ ਨਰੈਣ ਦਾ ਕਤਲ ਕਰ ਦਿੱਤਾ। ਸਰਕਾਰ ਨੇ ਲਾਲੇ ਦੇ ਕਤਲ ਦੇ ਦੋਸ਼ ਵਿਚ ਸੰਤ ਜਰਨੈਲ ਸਿੰਘ ਦੇ ਵਾਰੰਟ ਕੱਢ ਦਿੱਤੇ। ਸੰਤ ਜੀ ਨੂੰ ਫੜਨ ਲਈ ਪੁਲਿਸ ਚੰਦੋਕਲਾ ਗਈ। ਸੰਤ ਜੀ ਤਾਂ ਨਹੀਂ ਮਿਲੇ ਪਰ ਪੁਲਿਸ ਨੇ ਜੱਥੇ ਦੀਆਂ ਦੋ ਬੱਸਾਂ ਸਾੜ ਦਿੱਤੀਆਂ ਜਿਨਾਂ ਵਿਚ ਗੁਰਬਾਣੀ ਦੀਆਂ ਪੋਥੀਆਂ ਅਤੇ ਗੁਟਕਾ ਸਾਹਿਬ ਸਨ, ਇਸ ਹੌਲਨਾਕ ਘਟਨਾ ਨੇ ਬਾਬਾ ਜਰਨੈਲ ਸਿੰਘ ਸਮੇਤ ਸਮੁੱਚੀ ਕੌਮ ਨੂੰ ਝੰਜੋੜ ਕੇ ਰੱਖ ਦਿੱਤਾ, ਹਫ਼ਤੇ ਮਗਰੋਂ ਸੰਤ ਜੀ ਨੂੰ ਟਕਸਾਲ ਦੇ ਹੈਡਕੁਆਟਰ ਮਹਿਤਾ ਚੌਂਕ ਤੋਂ ਗ੍ਰਿਫਤਾਰ ਕੀਤਾ ਗਿਆ, ਇਸ ਮੌਕੇ ਵੀ ਪੁਲਿਸ ਦੀ ਗੋਲੀ ਨਾਲ ਸਿੰਘ ਸ਼ਹੀਦ ਹੋਏ । 25 ਦਿਨਾਂ ਮਗਰੋਂ ਬਿਨਾਂ ਸ਼ਰਤ ਸੰਤ ਜੀ ਨੂੰ ਰਿਹਾਅ ਕੀਤਾ ਗਿਆ, ਸਰਕਾਰ ਦੀਆਂ ਐਸੀਆਂ ਕਾਰਵਾਈਆਂ ਤੋਂ ਸਿੱਖਾਂ ਅਤੇ ਸਰਕਾਰ ਦਾ ਵਿਰੋਧਾਭਾਸ ਨਿਰੰਤਰ ਵੱਧ ਰਿਹਾ ਸੀ । ਪੰਜਾਬ ਦੀਆਂ ਹੱਕੀ



ਮੰਗਾਂ ਵਿਚ ਪੰਜਾਬ ਦੇ ਦਰਿਆਈ ਪਾਣੀਆਂ ਦੇ ਇਵਜਾਨੇ ਦੀ ਮੰਗ ਵੀ ਸੀ, ਪਰ ਸਿੱਖਾਂ ਦੇ ਰੋਹ ਨੂੰ ਹੋਰ ਲਾਂਬੂ ਲਾਉਣ ਲਈ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਜਾਣਬੁਝ ਕੇ ਕਪੂਰੀ ਵਿਖੇ ਸਤਲੁਜ ਯਮਨਾ ਲਿੰਕ ਨਹਿਰ ਦਾ ਨੀਂਹ ਪੱਥਰ ਰੱਖਿਆ। ਸਰਕਾਰੀ ਸਾਜਿਸ਼ਾਂ ਨਾਲ ਮਸਲਾ ਦਿਨੋਂ ਦਿਨ ਵਿਗੜਦਾ ਜਾ ਰਿਹਾ ਸੀ । ਇਕ ਪਾਸੇ ਸਰਕਾਰ ਗੱਲਬਾਤ ਦਾ ਰਾਹ ਖੋਲ ਰਹੀ ਸੀ, ਦੂਜੇ ਪਾਸੇ ਸਰਕਾਰੀ ਸਾਜਿਸ਼ਾਂ ਤਹਿਤ ਪਿੰਡਾਂ ਵਿਚ ਸਿੱਖ ਨੌਜਵਾਨਾਂ ਤੇ ਪੁਲਿਸ ਵਲੋਂ ਭਾਰੀ ਤਸ਼ੱਦਦ ਕਰ ਕੇ ਮਰਿਆ ਜਾ ਰਿਹਾ ਸੀ। ਭਾਈ ਅਮਰੀਕ ਸਿੰਘ ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ ਨੂੰ ਝੂਠੇ ਕੇਸ ਵਿਚ ਗ੍ਰਿਫਤਾਰ ਕੀਤਾ। ਤਰਨ ਤਾਰਨ ਵਿਖੇ ਅਕਾਲੀ ਮੋਰਚੇ ਤੇ ਜਾ ਰਹੀ ਬੱਸ ਅਤੇ ਰੇਲ ਦੀ ਟੱਕਰ ਵਿਚ 34 ਸਿੰਘ ਸ਼ਹੀਦ ਹੋ ਗਏ। ਅਕਾਲੀ ਦਲ ਦੇ ਰਸਤਾ ਰੋਕੋ ਪ੍ਰੋਗਰਾਮ ਸਮੇਂ ਸ਼ਾਂਤਮਈ ਧਰਨਾ ਦੇ ਰਹੇ 26 ਸਿੰਘਾਂ ਨੂੰ ਪੁਲਿਸ ਨੇ ਸ਼ਹੀਦ ਕੀਤਾ। ਮੋਰਚੇ ਦੀ ਬਦਨਾਮੀ ਲਈ ਸਰਕਾਰ ਇਥੋਂ ਤੱਕ ਗਿਰ ਗਈ ਕਿ ਬੱਸਾਂ ਵਿਚੋਂ ਹਿੰਦੂ ਕੱਢ ਕੇ ਮਾਰੇ ਜਾਣ ਲੱਗੇ। ਇਸ ਤਰਾਂ ਰੋਜ਼ਾਨਾ ਦੀਆਂ ਖੂਨੀ ਘਟਨਾਵਾਂ ਨੇ ਹੌਲੀ ਹੌਲੀ ਪੰਜਾਬ ਦੇ ਮਾਹੌਲ ਨੂੰ ਅੱਗ ਵਿਚ ਝੋਕ ਦਿੱਤਾ । ਹਿੰਦੂ ਸਿੱਖਾਂ ਦੇ ਕਤਲਾਂ ਦਾ ਸਿਲਸਿਲਾ ਲਗਾਤਾਰ ਵੱਧਣ ਲੱਗਾ । ਅੰਮ੍ਰਿਤਸਰ ਵਿਚ ਹਿੰਦੂ ਸੁਰਕਸ਼ਾ ਸਮਿਤੀ ਨੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਦਰਬਾਰ ਸਾਹਿਬ ਦੇ ਮਾਡਲ ਦੀ ਭੰਨ-ਤੋੜ ਕੀਤੀ, ਰੋਹ ਵਿਚ ਆਏ ਸਿੰਘਾਂ ਵਲੋਂ ਹਰਬੰਸ ਲਾਲ ਖੰਨੇ ਦੀ ਹੱਤਿਆ ਕਰ ਦਿੱਤੀ। ਖੰਨੇ ਦੀ ਅੰਤਿਮ ਯਾਤਰਾ ਮੌਕੇ ਭੀੜ ਨੇ ਸਿੰਘਾਂ ਤੇ ਹਮਲਾ ਕੀਤਾ ਤੇ 8 ਸਿੰਘ ਸ਼ਹੀਦ ਕੀਤੇ। ਜਗਬਾਣੀ ਦੇ ਦੂਜੇ ਮਾਲਿਕ ਰਮੇਸ਼ ਦੀ ਹੱਤਿਆ ਕੀਤੀ ਗਈ। ਜੂਨ 1984 ਤੱਕ ਉਹ ਪੂਰਾ ਮਾਹੌਲ ਤਿਆਰ ਹੋ ਗਿਆ ਸੀ ਜਿਸ ਦਾ ਹਿੰਦ ਹਕੂਮਤ ਤੇ ਉਸ ਦੀ ਮਾਲਕ ਇੰਦਰਾ ਗਾਂਧੀ ਨੂੰ ਇੰਤਜਾਰ ਸੀ। ਹਿੰਦੂਆਂ ਨੂੰ ਬੁਰੀ ਤਰਾਂ ਡਰਾ ਲਿਆ ਗਿਆ। ਸਿੱਖਾਂ ਨੂੰ ਅੱਤਵਾਦੀ ਗਰਦਾਨ ਕੇ ਬੁਰੀ ਤਰਾਂ ਜ਼ੁਲਮੀ ਸਿੱਧ ਕਰ ਦਿੱਤਾ ਗਿਆ ਤੇ ਅੰਤ ਉਹ ਸਮਾਂ ਆਗਿਆ ਜਦ ਇੰਦਰਾ ਗਾਂਧੀ ਸਿੱਖਾਂ ਨੂੰ ਬੁਰੀ ਤਰਾਂ ਰਗੜ ਕੇ ਹਿੰਦੂ ਬਹੁਗਿਣਤੀ ਨੂੰ ਖੁਸ਼ ਕਰਨਾ ਚਾਹੁੰਦੀ ਸੀ ।

ਸੰਤ ਜਰਨੈਲ ਸਿੰਘ ਮੰਜੀ ਸਾਹਿਬ ਤੋਂ ਲਗਾਤਾਰ ਰੋਜ਼ਾਨਾ ਦੇ ਦੀਵਾਨ ਵਿਚ ਸਰਕਾਰੀ ਸਾਜਿਸ਼ਾਂ, ਸਰਕਾਰੀ ਬਦਨੀਤੀਆਂ, ਭਾਰਤ ਵਿਚ ਸਿੱਖਾਂ ਦੀ ਗੁਲਾਮੀ ਦੀ ਦਾਸਤਾਨ ਸੁਣਾਉਂਦੇ ਤੇ ਕੌਮ ਨੂੰ ਜਗਾਉਂਦੇ ਸਨ, ਸੰਤ ਜੀ ਨੇ ਦਲੀਲਾਂ ਅਤੇ ਤੱਥਾਂ ਦੇ ਅਧਾਰ ਤੇ ਸਰਕਾਰ ਨੂੰ ਨਿਰਉੱਤਰ ਕੀਤਾ ਸੀ ਪਰ ਹਕੂਮਤ ਦਲੀਲਾਂ ਦੀ ਜਵਾਬਦੇਹੀ ਕਰਨ ਦੀ ਬਜਾਏ ਕਈ ਮਹੀਨਿਆਂ ਤੋਂ ਚਕਾਰਤਾ ਵਿਚ ਦਰਬਾਰ ਸਾਹਿਬ ਸਮੂਹ ਦਾ ਨਕਲੀ ਮਾਡਲ ਬਣਾ ਕੇ ਸਿੱਖ ਕੌਮ ਦੇ ਖਾਤਮੇ ਦੀਆਂ ਜੰਗੀ ਮਸ਼ਕਾਂ ਕਰ ਰਹੀ ਸੀ । ਅੰਤ ਇਕ ਜੂਨ ਨੂੰ ਹਿੰਦ ਦੀ ਰਾਣੀ ਆਪਣੀ ਆਖਰੀ ਜੰਗ ਦਾ ਬਿਗਲ ਵਜਾਉਂਦਿਆਂ ਦਰਬਾਰ ਸਾਹਿਬ ਤੇ ਗੋਲੀਆਂ ਦਾ ਮੀਂਹ ਵਰਸਾਉਂਦੀ ਹੈ, ਜਿਸ ਵਿਚ ਕੌਮੀ ਸ਼ੇਰ ਸ਼ਹੀਦ ਮਹਿੰਗਾ ਸਿੰਘ ਬੱਬਰ ਸਮੇਤ 11 ਸਿੰਘ ਸ਼ਹੀਦ ਹੋਏ ਸਨ । ਰਾਤ 9 ਵਜੇ 32 ਘੰਟਿਆਂ ਦਾ ਕਰਫਿਊ ਲਾ ਦਿੱਤਾ ਗਿਆ, ਸੰਤ ਜਰਨੈਲ ਸਿੰਘ ਵੀ ਕੌਮੀ ਹੋਂਦ ਦੀ ਇਸ ਜੰਗ ਅਤੇ ਹਿੰਦ ਦੀ ਰਾਣੀ ਦੇ ਕੋਝੇ ਮਨਸੂਬੇ ਬਹੁਤ ਨੇੜੇ ਤੋਂ ਮਹਿਸੂਸ ਕਰ ਚੁੱਕੇ ਸਨ। ਇਸੇ ਲਈ ਟਿਕਾਣਾ ਅਕਾਲ ਤਖ਼ਤ ਸਾਹਿਬ ਤੇ ਕਰ ਲਿਆ ਗਿਆ। 2 ਜੂਨ ਨੂੰ ਸਵੇਰ ਤੋਂ ਹੀ ਸੰਤ ਲੌਂਗੋਵਾਲ, ਜਥੇਦਾਰ ਟੌਹੜਾ, ਅਕਾਲ ਤਖ਼ਤ ਦੇ ਜਥੇਦਾਰ ਅਤੇ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਵਲੋਂ ਪੱਤਰਕਾਰ ਬੁਲਾ ਕੇ ਇਕ ਜੂਨ ਦੀ ਗੋਲਾਬਾਰੀ ਖਿਲਾਫ ਸਖ਼ਤ ਬਿਆਨ ਦਿੱਤੇ ਗਏ। ਸੰਤ ਜਰਨੈਲ ਸਿੰਘ ਅਕਾਲ ਤਖ਼ਤ ਸਾਹਿਬ ’ਤੇ ਬੈਠੇ ਭਵਿੱਖ ਦੇ ਹਾਲਾਤਾਂ ਨਾਲ ਜੂਝਣ ਲਈ ਬਿਲਕੁਲ ਤਿਆਰ ਬਰ ਤਿਆਰ ਸਨ। ਉਨਾਂ ਨੂੰ ਜਾਂਬਾਜ ਜੁਝਾਰੂ ਕਮਾਂਡਰ ਜਰਨਲ ਸੁਬੇਗ ਸਿੰਘ ਦੀ ਨੀਤੀ ਅਤੇ ਕੌਮੀ ਜੰਗਜੂਆਂ ਉਤੇ ਖੁਦ ਤੋਂ ਵੀ ਵੱਧ ਭਰੋਸਾ ਸੀ ਤਾਂ ਹੀ ਸ਼ਾਮ ਨੂੰ ਪੱਤਰਕਾਰ ਵਾਰਤਾ ਵਿਚ ਕੌਮ ਦੇ ਨਾਮ ਆਖਰੀ ਸੰਦੇਸ਼ ਦਿੱਤਾ ਤੇ ਨਾਲ ਕਿਹਾ ਕਿ ਜੇ ਹਮਲਾ ਹੋਇਆ ਤਾਂ ਇਸ ਦਾ ਸਿੱਧਾ ਮਤਲਬ ਹੈ ਕਿ ਸਰਕਾਰ ਸਾਡੇ ਹੱਕ ਦੇਣ ਦੀ ਬਜਾਏ ਸਾਨੂੰ ਵੱਖ ਕਰਨ ਦਾ ਰਸਤਾ ਅਖਤਿਆਰ ਕਰ ਰਹੀ ਹੈ। ਸਰਕਾਰ ਦਾ ਅਕਾਲ ਤਖ਼ਤ ਤੇ ਵਜਿਆ ਪਹਿਲਾ ਗੋਲਾ ਖਾਲਿਸਤਾਨ ਦੀ ਨੀਂਹ ਰੱਖੇਗਾ । ਸੰਤ ਜੀ ਨੇ ਕਿਹਾ ਕਿ ਪਹਿਲੀ ਗੱਲ ਤਾਂ ਸਰਕਾਰ ਐਡਾ ਗ਼ਲਤ ਫੈਸਲਾ ਨਹੀਂ ਲੈ ਸਕਦੀ ਪਰ ਜੇ ਕਿਧਰੇ ਭੁੱਲੀ ਹੋਈ ਸਰਕਾਰ ਨੇ ਹਮਲੇ ਦੀ ਕਰਤੂਤ ਕੀਤੀ ਤਾਂ ਉਹ ਜੁਆਬ ਦੇਵਾਂਗਾ ਕਿ ਰਹਿੰਦੀ ਦੁਨੀਆਂ ਤੱਕ ਯਾਦ ਕਰੋਗੇ। ਸੱਚ ਮੁੱਚ ਐਸਾ ਹੀ ਹੋਇਆ, ਰਾਤ ਨੂੰ ਇਕ ਪਾਸੇ ਤਾਂ ਇੰਦਰਾ ਗਾਂਧੀ ਟੀਵੀ ’ਤੇ ਪੰਜਾਬ ਮਸਲੇ ਦਾ ਹੱਲ ਕਰਨ ਦਾ ਡਰਾਮਾ ਕਰ ਰਹੀ ਸੀ, ਦੂਜੇ ਪਾਸੇ ਤੋਪਾਂ ਤੇ ਟੈਂਕਾਂ ਦੀ ਡਾਰ ਦਰਬਾਰ ਸਾਹਿਬ ਦੇ ਰਾਹ ਪੈ ਗਈ ਸੀ, ਟੀਵੀ ’ਤੇ ਸਰਕਾਰੀ ਡਰਾਮੇ ਮਗਰੋਂ ਕੁਝ ਮਿੰਟਾਂ ਵਿਚ ਹੀ ਪੰਜਾਬ ਭਾਰਤੀ ਫੌਜ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਕੌਮ ਦਾ ਜਰਨੈਲ ਦੇਰ ਰਾਤ ਤੱਕ ਮੋਰਚਿਆਂ ਵਿਚ ਡੱਟੇ ਕੌਮੀ ਜੰਗਜੂਆਂ ਨੂੰ ਵੈਰੀ ਦੀ ਘੰਡੀ ਮਰੋੜਨ ਦਾ ਵੱਲ ਅਤੇ ਸ਼ਹੀਦੀ ਦਾ ਸਬਕ ਯਾਦ ਕਰਵਾਉਂਦਾ ਰਿਹਾ। ਕਿਉਂਕਿ ਸਰਕਾਰ ਨੇ ਹੋਰ ਕੋਈ ਰਸਤਾ ਨਹੀਂ ਛੱਡਿਆ ਸੀ, ਹੁਣ ਉਹ ਯੋਧਾ ਵੈਰੀ ਨਾਲ ਆਰ ਪਾਰ ਲਈ ਪੂਰੀ ਤਰਾਂ ਤਿਆਰ ਸੀ।

(ਚਲਦਾ...)

### ਜੂਨ 1984 ‘ਚ ਫ਼ੌਜੀ ਹਮਲਿਆਂ ਨੂੰ ਬਿਆਨ ਕਰਦੀ ਪੁਸਤਕ “ਗੁਰਦੁਆਰਿਆਂ ‘ਤੇ ਹੋਏ ਫੌਜੀ ਹਮਲਿਆਂ ਦੀ ਵਿਥਿਆ”




ਇਸ ਪੁਸਤਕ ਵਿਚ ਜੂਨ 1984 ਵਿਚ ਇੰਡੀਆ ਦੀ ਫੌਜ ਦੁਆਰਾ ਦਰਬਾਰ ਸਾਹਿਬ ਤੋਂ ਇਲਾਵਾ ਵੱਖ-ਵੱਖ ਗੁਰਦੁਆਰਿਆਂ ‘ਤੇ ਕੀਤੇ ਫੌਜੀ ਹਮਲਿਆਂ ਦੀ ਵਿਥਿਆ ਹੈ। ਜਿਸਦੀ ਗਵਾਹੀ ਮੌਕੇ ‘ਤੇ ਮੌਜੂਦ ਚਸ਼ਮਦੀਦ ਗਵਾਹ ਆਪਣੀ ਜੁਬਾਨੀ ਬਿਆਨ ਕਰਦੇ ਹਨ, ਗਵਾਹੀਆਂ ਨੂੰ ਅਧਾਰ ਬਣਾ ਕੇ ਇਹ ਪੁਸਤਕ ਮਲਕੀਤ ਸਿੰਘ ‘ਭਵਾਨੀਗੜ੍ਹ’ ਵਲੋਂ ਲਿਖੀ ਗਈ ਹੈ ਜੋ ਕਿ ਜਲਦ ਹੀ ਬਿਬੇਕਗੜ੍ਹ ਵਲੋਂ ਪ੍ਰਕਾਸ਼ਿਤ ਹੋ ਸੰਗਤਾਂ ਦੇ ਸਨਮੁੱਖ ਹੋਵੇਗੀ।



# ਲੋਕ ਮਨਾਂ ਵਿਚ ਵਸੀ ਜੂਨ 1984 ਦੀ ਰਹੱਸਮਈ ਜੰਗ

## ਜੁਝਾਰੂਅ ਸਿੰਘਾਂ ਨੇ ਹਰ ਪਲ-ਛਿਨ ਗੁਰੂ ਨੂੰ ਅੰਗ ਸੰਗ ਜਾਣ, ਆਪਣੀਆਂ ਜਾਨਾਂ ਤਲੀ 'ਤੇ ਰੱਖ ਕੇ ਵਾਰੀਆਂ



**ਗੱਜਣਵਾਲਾ ਸੁਖਮਿੰਦਰ ਸਿੰਘ**
**ਸੰਪਰਕ ਨੰ. ੯੯੧੫੧ ੦੬੪੪੯**

ਜੂਨ 84 ਨੂੰ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਵਿਖੇ ਭਾਰਤੀ ਆਰਮੀ ਵੱਲੋਂ ਸਿੱਖ ਖੜਕੂਆਂ ਨਾਲ ਲੜੀ ਗਈ, ਲੜਾਈ ਨਿਰਸੰਦੇਹ ਅਸਾਵੀਂ ਜੰਗ ਸੀ। ਇਕ ਪਾਸੇ ਵਿਸ਼ਵ ਦੀ ਸ਼ਕਤੀਸ਼ਾਲੀ ਫੌਜ ਦੀਆਂ ਟਰੇਂਡ ਪਲਟਣਾਂ ਅਤੇ ਮੁਕਾਬਲੇ 'ਤੇ ਗਿਣਤੀ ਦੇ ਕੁਝ ਕੁ ਵਚਨਬੱਧ ਸਿੱਖ। ਪਰ ਫਿਰ ਵੀ ਇਹ ਲੜਾਈ ਸਿੱਖ ਇਤਿਹਾਸ ਦੇ ਪੰਨਿਆਂ ਉਤੇ ਤਾਰੀਖੀ ਜੰਗਾਂ ਵਾਂਗ ਮੁਕੰਮਲ ਵਾਰ ਦਾ ਰੂਪ ਧਾਰ ਗਈ। ਕੁੱਲ ਆਲਮ ਵੱਲੋਂ, ਭਾਰੀ ਸੈਨਿਕ ਦਲ ਦੁਆਰਾ ਪੂਰੀ ਪਲੈਨਿੰਗ ਨਾਲ ਕੀਤੇ ਗਏ ਪ੍ਰਹਾਰ ਨੂੰ, ਭਿਅੰਕਰ ਹਮਲੇ ਵਜੋਂ ਗਰਦਾਨਿਆ ਗਿਆ। ਸਮਕਾਲੀ ਚਿੰਤਕਾਂ ਦਾ ਮੱਤ ਸੀ ਜੇਕਰ ਉਸ ਸਮੇਂ ਦੀ ਹੁਕਮਰਾਨ ਜਮਾਤ ਚਾਹੁੰਦੀ ਤਾਂ ਇਹ ਮੰਦਭਾਗਾ ਇਤਿਹਾਸਕ ਕਤਲੇਆਮ ਹੋਣੋਂ ਬਚਾਇਆ ਜਾ ਸਕਦਾ ਸੀ। ਸਰਕਾਰ ਆਪਣੇ ਹੀ ਦੇਸ਼ ਵਾਸੀਆਂ ਦੀਆਂ ਲਾਸ਼ਾਂ ਦੇ ਢੇਰ ਲਾਉਣ ਦੇ ਕਾਰਜ ਤੋਂ ਬਚ ਸਕਦੀ ਸੀ। ਆਪਣੇ ਆਪ ਨੂੰ ਸੈਕੂਲਰ ਕਹਾਉਣ ਵਾਲੀ ਜਮਾਤ ਆਪਣੇ ਇਤਮਾਦ ਤੇ ਸਵਾਲੀਆ ਚਿੰਨ ਲੁਆਉਣੋਂ ਬਚ ਸਕਦੀ ਸੀ। ਕੁਝ ਵਿਸ਼ਲੇਸ਼ਕਾਂ ਦਾ ਮੱਤ ਹੈ ਕਿ ਸ਼ਾਸਕ ਜਮਾਤ ਦਾ ਮੰਤਵ ਬਹੁਤ ਹੀ ਵੱਖਰਾ, ਆਮ ਜਨ ਸਧਾਰਨ ਦੀ ਸਮਝ ਤੋਂ ਬਹੁਤ ਹੀ ਲੁਕਵਾਂ ਤੇ ਗੁਪਤ ਏਜੰਡੇ ਵਾਲਾ ਸੀ। ਖਾੜਕੂ ਸਮੁਦਾਏ ਨੂੰ ਵੱਡਾ ਸਬਕ ਸਿਖਾਉਣ ਲਈ ਸੋਚੀ ਸਮਝੀ ਕਾਰਵਾਈ ਦਾ ਅਮਲ ਸੀ। ਪਰ ਕੌਣ ਜਾਣਦਾ ਕਿ ਮੁਕੱਦਸ ਸਥਾਨਾਂ ਦੀ ਬੇਰੁਹਮਤੀ ਦੇ ਅੰਤਮ ਨਿਰਨੇ, ਅੱਗੇ ਜਾ ਕੇ ਕਿਸ ਵਿਕਰਾਲ ਆਫਤ ਦੇ ਰੂਪ ਵਿਚ ਉਠ ਖਲੋਣੇ ਹੁੰਦੇ।

ਜੂਨ ਚੁਰਾਸੀ ਦੇ ਹਵਾਲੇ ਨਾਲ ਹੁਣ ਤੱਕ ਦਾ ਜਿੰਨਾ ਵੀ ਕਿਤਾਬੀ ਬਿਰਤਾਂਤ ਰਚਿਆ ਗਿਆ ਹੈ ਉਹ ਸਾਰੇ ਦਾ ਸਾਰਾ ਜਾਂ ਤਾਂ ਦ੍ਰਿਸ਼ਟ ਰੂਪ, ਵੇਖੇ-ਸੁਣੇ ਦੇ ਹਵਾਲੇ ਨਾਲ ਹੈ ਜਾਂ ਜ਼ਿਆਦਾਤਰ ਰਿਆਸਤ ਵੱਲੋਂ ਮੁਹੱਈਆ ਕੀਤੀ ਗਈ ਸਮੱਗਰੀ 'ਤੇ ਆਧਾਰਿਤ ਹੈ। ਇਸ ਵੱਡੇ ਸਾਕੇ ਦੀਆਂ ਡੂੰਘੀਆਂ ਤੇ ਸੱਚੀਆਂ ਪਰਤਾਂ ਨੂੰ ਫਰੋਲਣ ਦਾ ਕਾਰਜ, ਨਿਰਸੰਦੇਹ ਅਜੇ ਬਾਕੀ ਹੈ। ਜਦ ਵੀ ਕੋਈ ਇਤਿਹਾਸਕਾਰ ਇਸ ਦੀਆਂ ਗਹਿਰੀਆਂ ਤਹਿਆਂ ਦੇ ਅਸਲ ਸੱਚ ਨੂੰ ਤਲਾਸ਼ਣ ਦਾ ਯਤਨ ਕਰੇਗਾ ਤਾਂ ਉਸ ਦੀ ਰਚੀ ਹੋਈ ਤਹਿਰੀਰ ਦੇ ਅਰਥ ਬਹੁਤ ਹੀ ਅਦਭੁੱਤ ਹੋ ਸਕਦੇ ਹਨ। ਢਾਹੇ ਗਏ ਕਹਿਰ ਨੇ, ਸ਼ੁਰੂ ਵਿੱਚ ਤਾਂ ਕੌਮ ਦੇ ਮਨਾਂ 'ਤੇ ਗਮਗੀਨ ਅਵਸਥਾ ਤਾਜ਼ੀ ਕਰ ਦਿੱਤੀ ਸੀ। ਲੋਕਾਂ ਨੂੰ ਲੱਗਦਾ ਸੀ ਇਹ ਜੂਨ ਚੁਰਾਸੀ ਦਾ ਦਿਹਾੜਾ ਵੀ ਇਕ ਉਦਾਸ ਲਮਹਿਆਂ ਦੀ ਯਾਦ ਵਾਲਾ ਦਿਨ ਹੀ ਹੋ ਕੇ ਰਹਿ ਜਾਵੇਗਾ। ਪਰ ਕਿਸੇ ਨੂੰ ਕੀ ਪਤਾ ਖੂਨ-ਖਰਾਬੇ ਦਾ ਇਹ ਮੰਜ਼ਰ ਵੱਡੇ ਘੱਲੂਘਰਿਆਂ ਵਾਂਗ ਸਿੱਖ-ਯਾਦ ਦਾ ਵੱਡਾ ਹਿੱਸਾ ਬਣ ਜਾਵੇਗਾ। ਹਰ ਨਵੇਂ ਵਰੇ ਇਹ ਇੱਕ ਨਿਆਰੇ ਤੇ ਵੱਖਰੇ ਪੁਰਬ ਵਜੋਂ ਪ੍ਰਚੰਡ ਰੂਪ ਵਿੱਚ ਪਰਗਟ ਹੋਇਆ ਮਿਲੇਗਾ। ਜੂਨ 84 ਦੇ ਅਣਮਨੁੱਖੀ ਵਰਤਾਰੇ ਦੇ ਵਾਪਰਨ ਤੋਂ ਪਹਿਲਾਂ ਸਿਰਕੱਢ ਕਰਨਲਾਂ ਬ੍ਰਿਗੇਡੀਅਰਾਂ, ਫੌਜੀ ਅਫਸਰਾਂ ਨੂੰ ਦ੍ਰਿੜ ਵਿਸ਼ਵਾਸ ਸੀ ਕਿ ਇਹ ਛੋਟੀ ਜੇਹੀ ਯਕਤਰਫੀ ਝੜਪ ਹੀ ਹੋਵੇਗੀ। ਇੰਡੀਅਨ ਆਰਮੀ ਨਾਲ, ਨਾ-ਤਜਰਬੇਕਾਰ ਜਜ਼ਬਾਤੀ ਸਿੱਖ ਮੁੰਡਿਆਂ ਦਾ ਕੀ ਮੁਕਾਬਲਾ, ਪਲਾਂ ਵਿਚ ਸਾਰੇ ਦੇ ਸਾਰੇ ਢੇਰ ਹੋ ਜਾਣਗੇ। ਫੌਜ ਮੂਹਰੇ ਇਹ ਮਸਾਂ ਇਕ ਅੱਧਾ ਘੰਟਾ ਹੀ ਟਿਕ ਸਕਣਗੇ। ਦੇਸੀ ਵਿਦੇਸ਼ ਪੱਤਰਕਾਰਾਂ ਵੱਲੋਂ ਵੀ ਏਸੇ ਇਰਾਦੇ ਨਾਲ ਬਹੁਤ ਲਿਖਿਆ ਗਿਆ। ਕਿਸੇ ਲੇਖਕ ਨੇ ਬਰਤਾਨਵੀ ਪੱਤਰਕਾਰ ਮੇਰੀ ਐਨੇ ਵੀਵਰ ਦੁਆਰਾ ਸੰਡੇ ਟਾਈਮਜ਼ 'ਚ ਲਿਖੇ ਦਾ ਹਵਾਲਾ ਦਿਤਾ ਹੈ ਕਿ ਫੌਜ ਨੂੰ ਪੁਰ-ਯਕੀਨ ਸੀ, ਉਹ ਕੁਝ ਘੰਟਿਆਂ 'ਚ ਸਿੱਖ ਖਾੜਕੂਆਂ ਨੂੰ ਬਾਹਰ ਕੱਢ ਦੇਵੇਗੀ। ਉੱਚ ਕੋਟੀ ਦੇ ਲਿਖਾਰੀਆਂ ਵੱਲੋਂ ਵੀ ਰਿਆਸਤ ਦੇ ਏਸੇ ਖਿਆਲ ਨੂੰ



ਉਭਾਰਿਆ ਗਿਆ ਕਿ ਇਹ ਮੁਕਾਬਲਾ ਮੁੱਠੀ ਭਰ ਗਿਣਤੀ ਦੇ ਸਿੱਖਾਂ ਨਾਲ ਹੈ, ਬੜੀ ਆਸਾਨੀ ਨਾਲ ਇੱਕ ਦੋ ਘੰਟਿਆਂ ਵਿੱਚ ਹੀ ਸਭ ਕੁਝ 'ਤੇ ਕਾਬੂ ਪਾ ਲਿਆ ਜਾਵੇਗਾ। ਪਰ ਸਮੇਂ ਦੇ ਹੁਕਮਰਾਨ ਵੱਲੋਂ ਤੁੱਛ ਜਿਹੀ ਸਮਝੀ ਜਾਣ ਵਾਲੀ ਝਪਟ, ਐਸੀ ਗਲੇ ਪੈ ਗਈ, ਕਿ ਘੰਟਿਆਂ ਵਿਚ ਮੁਕਣ/ ਸਿਮਟਣ ਦੀ ਬਜਾਏ, ਤਕਰੀਬਨ ਚਾਰ ਦਿਨ ਤੱਕ ਲੰਮੇਰੀ ਚੱਲੀ। ਜੂਨ 84, ਹਿੰਦੋਸਤਾਨੀ ਤਰੀਖ ਵਿਚ ਇਕ ਭਿਆਨਕ ਜੰਗ ਦੇ ਰੂਪ ਵਿੱਚ ਰਕਮ ਹੋ ਗਈ ਸਿੱਖਾਂ ਦੇ ਰੂਹਾਨੀ ਬਲ ਅਤੇ ਉਨਾਂ ਦੁਆਰਾ ਦਿੱਤੀ ਸਪਿਰਚੂਅਲ ਫਾਈਟ ਨੇ ਕੁਸ਼ਲ ਅਤੇ ਨਿਪੁੰਨ ਮਾਹਿਰਾਂ ਦੇ ਲਾਏ ਗਏ ਸਭ ਤਖਮੀਨੇ ਮਨਫੀ ਕਰ ਦਿੱਤੇ।

ਕਈ ਆਲਮ ਫਾਜ਼ਲ ਲੋਕ ਜੂਨ ਚੁਰਾਸੀ ਦੇ ਵਰਤਾਰੇ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਦੌਰ ਨਾਲ ਮੇਲ ਕੇ ਵੇਖਦੇ ਹਨ। ਮੌਤ ਦੇ ਖੂੰਖਾਰ ਰਾਹਾਂ 'ਤੇ ਚੱਲਣ ਵੇਲੇ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਬਖਸ਼ਸ਼ ਹਾਸਲ ਕਰਨ ਤੋਂ ਬਾਅਦ ਗੁਰੂ ਪਿਆਰ ਨੂੰ ਅੱਖੋਂ ਪਰੋਖੇ ਨਹੀਂ ਸੀ ਕੀਤਾ ਅਤੇ ਤਾਅ ਉਮਰ ਗੁਰੂ ਲਿਵ ਨਾਲ ਇਕਸਾਰ ਜੁੜਿਆ ਰਿਹਾ। ਹਿਰਦੇ ਤੋਂ ਗੁਰੂ ਨੇੜਤਾ ਬਣਾਈ ਰੱਖੀ ਸੀ। ਗੁਰੂ ਦੀ ਅਜ਼ਮਤ ਤੇ ਰਹੱਸਮਈ ਵਰਤਾਰਿਆਂ ਸਦਕਾ ਬਾਬਾ ਬੰਦਾ ਮਿੱਥ ਬਣ ਗਿਆ ਤੇ ਬੰਦਾ ਰੂਹਾਨੀ ਬਲ ਦੀ ਬੁਲੰਦੀ 'ਤੇ ਜਾ ਪਹੁੰਚਿਆ। ਉਸ ਨੇ ਮੁਗਲ ਸਾਮਰਾਜ ਨਾਲ ਸਿੱਧੀ ਟੱਕਰ ਲਈ ਤੇ ਪੰਜਾਬ ਦੇ ਵਿਸ਼ਾਲ ਹਿੱਸੇ 'ਤੇ ਕਾਬਜ਼ ਹੋ ਗਿਆ। ਓੜਕ ਨੂੰ ਸ਼ਹਾਦਤ ਪਾ ਕੇ ਉਸ ਨੇ ਸਾਬਤ ਕਰ ਦਿੱਤਾ -ਉਹ ਸੱਚਮੁਚ ਗੁਰੂ ਦਾ ਬੰਦਾ ਹੈ-। ਉਸੇ ਤਰਾਂ ਜੂਨ ਚੁਰਾਸੀ ਵੇਲੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਵੀ ਉਸੇ ਗੁਰੂ ਸੰਕਲਪ ਦੇ ਧਾਰਨੀ ਲੱਗੇ। ਇਨਾਂ ਦੇ ਦੌਰ ਵਿਚ ਅਜ਼ਮਤੀ ਰਹੱਸ ਵਰਤੇ। ਗੁਰੂ ਸਾਹਿਬਾਨ ਦੀ ਕਹਿਣੀ- ਕਰਨੀ ਅਤੇ ਸਿੱਖੀ ਦੀ ਸ਼੍ਰੇਸ਼ਟ ਮਰਯਾਦਾ ਵਿਚ ਰਹਿ ਕੇ ਬਾਬਾ ਬੰਦਾ ਦੀ ਤਰਾਂ ਹੀ ਸੰਤਾਂ ਨੇ ਨਿਰਛਲ ਨਿਰਲੇਪ ਰੂਪ ਵਿਚ ਸ਼ਹਾਦਤ ਦਾ ਮੁਰਾਤਬਾ ਹਾਸਲ ਕਰ ਕੇ ਉਚੇ ਦਰਜਾਤ ਬੁਲੰਦ ਕਰ ਲਏ। ਜਿਵੇਂ ਬਾਬਾ ਬੰਦਾ ਤੇ ਉਨਾਂ ਦੇ ਸਾਥੀ ਸਿੰਘਾਂ ਵਿਚ ਗੁਰਦਾਸ ਨੰਗਲ ਦੇ ਘੇਰੇ ਵੇਲੇ ਗੁਰੂ ਨੇੜਤਾ ਦਾ ਉਤਸ਼ਾਹ ਸਿਖਰਾਂ 'ਤੇ ਸੀ, ਬਿਲਕੁਲ ਉਸੇ ਸਮਾਨਅੰਤਰ ਸੰਤ ਜਰਨੈਲ ਸਿੰਘ ਖਾਲਸਾ ਅਤੇ ਉਸਦੇ ਸਾਥੀਆਂ ਦੇ ਹਿਰਦਿਆਂ ਅੰਦਰ ਵੀ ਉਹੀ ਗੁਰੂ ਭਾਵਨਾ ਤੇ ਗੁਰੂ ਉਮੰਗ ਪੂਰੀ ਤਰਾਂ ਪ੍ਰਬਲ ਰਹੀ। ਜਿਸ ਤਰਾਂ ਇਕਸੁਰਤਾ ਦਾ ਮੰਜ਼ਰ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨਾਂ ਦੇ ਸਿੰਘਾਂ ਵਿਚਕਾਰ ਆਖਰੀ ਸ਼ਹਾਦਤ ਤੱਕ ਬਣਿਆ ਰਿਹਾ, ਉਹੀ ਇਕਜੁਟਤਾ ਦਾ ਸੰਤਾਂ ਅਤੇ ਸਿੱਖ ਖਾੜਕੂਆਂ ਵਿਚਕਾਰ ਤਾਲਮੇਲ ਅੰਤਮ ਸਵਾਸ ਤੱਕ ਪੂਰੀ ਤਰਾਂ ਕਾਇਮ ਵੇਖਣ ਨੂੰ ਮਿਲਿਆ।

ਜੂਨ ਚੁਰਾਸੀ ਦੇ ਸਿੰਘ ਜੁਝਾਰੂਆਂ ਨੇ ਹਰ ਪਲ-ਛਿਨ ਗੁਰੂ ਨੂੰ ਅੰਗ ਸੰਗ ਜਾਣ, ਆਪਣੀਆਂ ਜਾਨਾਂ ਤਲੀਆਂ 'ਤੇ ਰੱਖ ਕੇ ਆਰਮੀ ਨੂੰ ਤਗੜੀ ਲੰਮੇਰੀ ਫਾਈਟ ਦਿੱਤੀ। ਉਨਾਂ, ਗੁਰੂ ਜੀਵਨ ਨੂੰ ਆਪਣਾ ਰੋਲ ਮਾਡਲ ਮੰਨ ਕੇ, ਸਭ ਦੁਨਿਆਵੀ ਪਦਾਰਥਾਂ ਨੂੰ ਤਿਆਗ ਕੇ, ਤਮਾਮ ਸ਼ੋਹਰਤਾਂ ਸਰਦਾਰੀਆਂ ਨੂੰ ਇਕ ਪਾਸੇ ਰੱਖ ਕੇ ਦੀਨ ਹਿਤ ਮਰ-ਮਿਟਣ ਦਾ ਤਹੱਈਆ ਕਰ ਲਿਆ ਸੀ। ਸੂਰਮਿਆਂ ਨੇ ਇਕ ਤਰਾਂ ਦੁਨਿਆਵੀ ਸੁੱਖਾਂ ਦੀ ਪ੍ਰਵਾਹ ਨਾ ਕਰਦਿਆਂ ਗੁਰੂ-ਪਿਆਰ ਦੇ ਵਲਵਲੇ ਅਧੀਨ ਸ਼ਹਾਦਤ ਦਾ ਰਾਹ ਅਖਤਿਆਰ ਕੀਤਾ ਅਤੇ ਸਬਰ- ਸਿਦਕ ਦੇ ਬਲ ਸਦਕਾ ਆਖਰੀ ਸੁਆਸ ਤੱਕ ਆਪਣੇ ਆਪ ਨੂੰ ਵੱਡੀ ਅਜ਼ਮਾਇਸ਼ ਵਿੱਚ ਪਾ ਕੇ ਤਨਦੇਹੀਆਂ ਕੁਰਬਾਨ ਕਰਨ ਵਿਚ ਸਫਲ ਹੋ ਗਏ। ਭਾਰਤੀ ਆਰਮੀ ਜਿਸ ਦਾ ਕੋਈ ਸਾਨੀ ਨਹੀਂ, ਉਹ ਪੱਕੇ ਪੈਰੀਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਹਮਲਾਵਰ ਹੋ ਕੇ ਪਹੁੰਚੀ ਸੀ। ਸੰਤਾਂ ਤੇ ਸਿੱਖ ਜੁਝਾਰੂਆਂ ਨੇ ਸਿਰ ਨਾ ਝੁਕਾਉਦਿਆਂ, ਖਹਿਵੀਂ ਟੱਕਰ ਦਿੱਤੀ ਤੇ ਸਿੰਘ ਨਾਦ ਦੀ ਗਰਜ਼ ਤੇ ਗੂੰਜ ਨੂੰ ਵਿਸ਼ਵ ਦੇ ਕੋਨੇ ਕੋਨੇ ਤੱਕ ਪਹੁੰਚਾ ਦਿੱਤਾ। ਰੱਬੀ ਰਹੱਸਾਂ ਨੂੰ ਕੌਣ ਜਾਣੇ ਕਿ ਆਤਮਿਕ ਬਲਾਂ ਦੁਆਰਾ ਲੜੀਆਂ ਗਈਆਂ ਲੜਾਈਆਂ ਦੇ ਅਰਥ ਮਾਨਵੀ ਸੋਚਾਂ ਤੋਂ ਨਵੇਕਲੇ, ਅਦੁੱਤੀ ਅਤੇ ਬਹੁਤ ਹੀ ਅਤਿਕਥਨੇ ਸਾਬਤ ਹੁੰਦੇ ਹਨ। ਜੰਗਾਂ ਯੁੱਧਾਂ ਦੇ ਰਹੱਸਾਂ ਦੇ ਭੇਦਾਂ ਬਾਰੇ ਅਗਮ ਅਗਾਧੀ ਉਚ ਮੰਡਲਾਂ ਦੇ ਵਾਸੀ ਹੀ ਲੱਖਣਾ ਲਾ ਸਕਦੇ ਹਨ। ਦਸਵੇਂ ਪਾਤਸ਼ਾਹ ਲੱਖੀ ਜੰਗਲ ਨੂੰ ਰੰਗ ਭਾਗ ਲਾ ਕੇ ਜਦ ਤਲਵੰਡੀ ਸਾਬੋ ਦੇ ਕੋਲ ਚਲੇ ਗਏ ਤਾਂ ਉੱਥੋਂ ਦਾ ਸਿਧੂ ਜੱਟ ਸਰਦਾਰ ਭਾਈ ਡੱਲਾ ਗੁਰੂ ਜੀ ਦੀ ਖ਼ਿਦਮਤ ਲਈ ਆ ਪਹੁੰਚਿਆ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਸੇਵਾ ਹਿਤ ਉਹ ਰੋਜ਼ਾਨਾ ਗੁਰੂ ਸਾਹਿਬ ਕੋਲ ਡੇਰੇ ਤੇ ਆਉਂਦਾ। ਉਸ ਦੇ ਨਾਲ ਸੌ ਦੇ ਕਰੀਬ ਉੱਚੀ ਡੀਲ ਡੌਲ ਵਾਲੇ ਘੋੜ ਸਵਾਰ ਹੋਇਆ ਕਰਦੇ। ਭਾਈ ਡੱਲਾ ਸਿੱਖੀ ਦੀਆਂ ਰਹੁ ਰੀਤਾਂ ਤੋਂ ਅਣਜਾਣ, ਸੰਸਾਰੀ ਪਦਾਰਥਾਂ ਨੂੰ ਮੁਹੱਬਤ ਕਰਨ ਵਾਲਾ ਸੀ। ਉਹ ਬਹੁਤ ਹੀ ਭੋਲਾ, ਅਧਿਆਤਮਕ ਰਮਜ਼ਾਂ ਤੋਂ ਦੂਰ ਸੀ। ਇਕ ਦਿਨ ਗੁਰੂ ਸਾਹਿਬ ਨਾਲ ਬੀਤੇ ਹੋਏ ਸਮੇਂ ਦੀਆਂ ਗੱਲਾਂ ਕਰਦਾ ਹੋਇਆ ਕਹਿਣ ਲੱਗਾ- ਗੁਰੂ ਜੀ! ਦੁਸ਼ਟਾਂ ਨੇ ਆਪ ਨਾਲ ਬਹੁਤ ਕਪਟ ਕਮਾਇਆ। ਘਮਸਾਨ ਦੇ ਯੁੱਧ ਹੋਏ। ਵਿਸ਼ਾਲ ਸ਼ਾਹੀ ਫੌਜ ਦੇ ਮੁਕਾਬਲੇ ਆਪ ਜੀ ਕੋਲ ਕੁਝ ਕੁ ਉਤਸ਼ਾਹੀ ਯੋਧੇ ਸਨ। ਅਨੰਦਪੁਰ ਨੂੰ ਤਿਆਗਣ ਵੇਲੇ ਤੇ ਫਿਰ ਚਮਕੌਰ ਸਾਹਿਬ ਦੀ ਜੰਗ ਵਿੱਚ ਅਨੇਕ ਸਿੰਘ ਤੇ ਸਾਹਿਬਜ਼ਾਦੇ ਸ਼ਹੀਦੀਆਂ ਪਾ ਗਏ, ਕਿੰਨਾ ਨੁਕਸਾਨ ਝੱਲਣਾ ਪਿਆ।

ਉਹ ਆਪਣੀ ਮਗਰੂਰੀ ਵਿਚ ਕਹਿਣ ਲੱਗਾ ਗੁਰੂ ਜੀ! ਉਸ ਵੇਲੇ ਜਦ ਤੁਹਾਡੇ 'ਤੇ ਭਾਰੀ ਭੀੜ ਪਈ ਹੋਈ ਸੀ ਤੇ ਆਪ ਨੂੰ ਅਨੰਦਪੁਰ ਵਿਖੇ, ਚੌਹਾਂ ਪਾਸਿਆਂ ਤੋਂ ਘੇਰਿਆ ਹੋਇਆ ਸੀ ਉਸ ਵੇਲੇ ਕਿਤੇ ਤੁਸੀਂ ਮੈਨੂੰ ਯਾਦ ਕੀਤਾ ਹੁੰਦਾ, ਮੈਨੂੰ ਬੁਲਾ ਲਿਆ ਹੁੰਦਾ, ਮੈਂ ਆਪਣੇ ਕੱਦਾਵਾਰ ਘੋੜ ਸਵਾਰ ਲੈ ਕੇ ਪਹੁੰਚਦਾ ਤਾਂ ਅਨੰਦਪੁਰ ਦੀਆਂ ਜੰਗਾਂ ਵਿੱਚ ਸਿੰਘਾਂ ਦਾ ਆਹ ਬੁਰਾ ਹਾਲ ਨਾ ਹੁੰਦਾ। ਆਪ ਮੈਨੂੰ ਛੋਟਾ ਜੇਹਾ ਰੁੱਕਾ ਹੀ ਲਿਖ ਕੇ ਭੇਜ ਦਿੰਦੇ, ਐਨੇ ਵਿਘਨ ਪੈਣੇ ਹੀ ਨਹੀਂ ਸਨ। ਮੇਰੇ ਤਾਕਤਵਰ ਸੂਰਮਿਆਂ ਨੇ ਜੰਗ ਦਾ ਰੁਖ ਹੀ ਮੋੜ ਦੇਣਾ ਸੀ। ਭਾਈ ਡੱਲਾ ਜਦ ਚੁੱਪ ਹੀ ਨਾ ਹੋਇਆ ਤਾਂ ਗੁਰੂ ਸਾਹਿਬ ਨੇ ਕਿਹਾ ਜੇ ਤੈਨੂੰ ਐਨਾ ਹੀ ਮਾਣ ਹੈ ਤਾਂ ਆਪਣੇ ਦੋ ਬੰਦਿਆਂ ਨੂੰ ਭੇਜ। ਅਸੀਂ ਭੇਟ ਕੀਤੀ ਹੋਈ ਬੰਦੂਕ ਦੀ ਪਰਖ ਕਰਨੀ ਹੈ, ਕਿੰਨੀ ਕੁ ਦੂਰੋਂ ਮਾਰ ਸਕਦੀ ਹੈ। ਸੁਣ ਕੇ ਉਸ ਦੇ ਸਾਰੇ ਸੂਰਮੇ ਡਰ ਕੇ ਖਿਸਕ ਗਏ। ਭਾਈ ਡੱਲਾ ਵੀ ਸੁਣ ਕੇ ਸੁੰਨ-ਮਸੁੰਨ ਜੇਹਾ ਹੋ ਗਿਆ। ਉਧਰ ਜਦ ਗੁਰੂ ਦੇ ਆਪਣੇ ਸਿੰਘਾਂ ਨੂੰ ਪਤਾ ਲੱਗਾ ਤਾਂ ਦੋ ਰੰਘਰੇਟੇ ਸਿੰਘ ਹੁਕਮ ਸੁਣ ਕੇ ਭੱਜੇ ਆਏ। ਤਦ ਗੁਰੂ ਜੀ ਨੇ ਫਰਮਾਇਆ ਓ, ਭੋਲਿਆ ਡੱਲਿਆ! ਇਹ ਜੋ ਜੰਗਾਂ ਹੁੰਦੀਆਂ ਹਨ, ਇਹ ਜਿਸਮਾਨੀ ਬਲਾਂ ਤੇ ਭਾਰੀ ਭਰਕਮ ਡੌਲਿਆਂ ਦੇ ਜ਼ੋਰ ਨਾਲ ਨਹੀਂ ਲੜੀਆਂ ਜਾਂਦੀਆਂ। ਬਾਦਸ਼ਾਹੀਆਂ, ਸਰੀਰਕ ਜੋਰਾਂ ਤੋਂ ਨਹੀਂ ਡਰਦੀਆਂ, ਦ੍ਰਿੜ ਇਰਾਦੇ ਅਤੇ ਰੂਹ ਦੇ ਜ਼ੋਰ ਨਾਲ ਲੜੀਆਂ ਗਈਆਂ ਲੜਾਈਆਂ ਹੀ ਬਾਦਸ਼ਾਹੀਆਂ ਨੂੰ ਕੰਬਣੀ ਛੇੜਿਆ ਕਰਦੀਆਂ।

ਜੂਨ ਚੁਰਾਸੀ ਦੇ ਸਾਕੇ ਉਪਰ ਦਸਵੇਂ ਪਾਤਸ਼ਾਹ ਦਾ ਜੰਗਾਂ ਦੇ ਰਹੱਸਾਂ ਬਾਰੇ ਭਾਈ ਡੱਲੇ ਨੂੰ ਫਰਮਾਇਆ ਹੋਇਆ ਉਪਰੋਕਤ ਕਥਨ, ਪੂਰੀ ਤਰਾਂ ਸੱਚ ਹੋਇਆ ਪਰਗਟ ਹੁੰਦਾ ਹੈ। ਇਸ ਅਸਾਵੀਂ ਜੰਗ ਵੇਲੇ ਸਿੱਖ ਨੌਜਵਾਨਾਂ ਕੋਲ ਫੌਜ ਦੇ ਮੁਕਾਬਲੇ ਨਾ ਤਾਂ ਠੋਸ ਨਫਰੀ ਸੀ ਤੇ ਨਾ ਹੀ ਉਨਾਂ ਕੋਲ ਸਾਹਮਣਾ ਕਰਨ ਲਈ ਆਹਲਾ ਅਸਲਾ, ਗੋਲੀ ਸਿੱਕਾ ਤੇ ਖਾਧ ਖੁਰਾਕ। ਜਦ ਕਿ ਦੂਜੇ ਪਾਸੇ ਦੁਨੀਆ ਦੀ ਮੰਨੀ ਹੋਈ ਅਤਿਅਧੁਨਿਕ ਹਥਿਆਰਾਂ ਨਾਲ ਲੈਸ ਭਾਰਤੀ ਸੈਨਾ। ਬੱਸ ਸਿੱਖ ਨੌਜਵਾਨਾਂ ਕੋਲ ਜੇ ਕੁਝ ਸੀ ਤਾਂ ਉਹ ਸੀ ਗੁਰੂ ਦੇ ਰੂਹਾਨੀ ਮੰਡਲ ਦਾ ਓਟ ਆਸਰਾ। ਗੁਰੂ ਪ੍ਰਤੀ ਵਚਨਬੱਧਤਾ। ਇਤਿਹਾਸ ਵਿਚ ਕਦੇ ਵੀ ਨਾ ਭੁੱਲੀਂ ਜਾਣ ਵਾਲੀ ਇਹ ਜੂਨ ਚੁਰਾਸੀ ਦੀ ਜੰਗ ਵਿੱਚ ਸਿੰਘਾਂ ਉੱਪਰ ਰਹੱਸਮਈ ਥਾਪੜਾ ਤਾਂ ਹੈ ਹੀ ਸੀ ਪਰ ਇਸ ਦੇ ਨਾਲ ਨਾਲ ਮੁਕੱਦਸ ਸਥਾਨਾਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਅੰਮ੍ਰਿਤ ਸਰੋਵਰ ਦੇ ਦੈਵੀ ਪ੍ਰਕਾਸ਼ ਦੀ ਬਖਸ਼ਿਸ਼ ਵੀ ਭਲੀ ਪ੍ਰਕਾਰ ਛਾਈ ਜਾਪਦੀ ਸੀ। ਅੰਮ੍ਰਿਤ ਸਰੋਵਰ ਦੀ ਸ਼ਕਤੀ ਸਬੰਧੀ ਇਤਿਹਾਸ ਦੇ ਪੰਨਿਆ 'ਤੇ ਜ਼ਕਰੀਆ ਖ਼ਾਨ ਦਾ ਬਿਆਨ ਲਿਖਿਆ ਮਿਲਦਾ ਹੈ ਜਿਥੇ ਉਹ ਕਹਿੰਦਾ- ਸਿੱਖਾਂ ਦਾ ਜੋ ਅੰਮ੍ਰਿਤ ਸਰੋਵਰ ਹੈ ਉਸ ਵਿਚ ਕੋਈ ਆਬੇ ਹਯਾਤ ਵਰਗੀ ਉਭਰਦੀ ਸ਼ਕਤੀ ਹੈ ਜੋ ਸਿੰਘਾਂ ਨੂੰ ਹਮੇਸ਼ਾ ਚੜਦੀ ਕਲਾ ਵਿਚ ਜੂਝਣ ਲਈ ਉਤਸ਼ਾਹਤ ਕਰਦੀ ਹੈ। ਜਿਸ ਤਰਾਂ ਬਹੁਤ ਹੀ ਅਸਾਵੀਂ ਜੰਗ ਵਿਚ ਖਾੜਕੂ ਸਿੰਘਾਂ ਦੁਆਰਾ ਮਰ ਮਿਟਣ ਦਾ ਜਜ਼ਬਾ ਵੇਖਣ ਨੂੰ ਮਿਲਿਆ ਸੱਚਮੁਚ ਰੂਹਾਨੀ ਸ਼ਕਤੀ ਦੇ ਸੋਮਿਆਂ ਦਾ ਪ੍ਰਤਾਪ ਸੀ। ਆਤਮਕ ਬਲ ਦੇ ਪਾਵਰ ਹਾਊਸ ਸ੍ਰੀ ਹਰਿਮੰਦਿਰ ਸਾਹਿਬ ਦੀ ਰੁਹਾਨੀ ਬਖਸ਼ਿਸ਼ ਦੇ ਨਾਲ ਨਾਲ ਉਚ ਮੰਡਲਾਂ ਦੇ ਸੁਆਮੀ ਛੇਵੇਂ ਪਾਤਸ਼ਾਹ ਦੁਆਰਾ ਤਾਮੀਰ ਕੀਤਾ ਸ੍ਰੀ ਅਕਾਲ ਤਖ਼ਤ ਜੋ ਸਿੱਖਾਂ ਲਈ ਸ਼ਕਤੀ ਦਾ ਵਗਦਾ ਦਰਿਆ ਜਾਣਿਆ ਜਾਂਦਾ ਉਸ ਦੀ ਰੂਹਾਨੀ ਰੋਸ਼ਨੀ ਦਾ ਵਹਾਅ ਸੀ ਖਾੜਕੂ ਸਿੰਘਾਂ ਅੰਦਰ ਪੈਦਾ ਹੋਈ ਲੜਨ ਦੀ ਹਿੰਮਤ, ਦਲੇਰੀ ਤੇ ਹੌਂਸਲਾ ਕੋਈ ਦੈਵੀ ਪ੍ਰਕਾਸ਼ ਸੀ।

ਬਿਨ-ਸੰਦੇਹ ਜੂਨ ਚੁਰਾਸੀ ਦਾ ਕਾਲ ਸਮਾਂ ਹੁਕਮਰਾਨ ਨੂੰ ਹੱਥਾਂ ਪੈਰਾਂ ਦੀ ਪਾਉਣ ਵਾਲਾ ਇਕ ਰਹੱਸਮਈ ਵਰਤਾਰਾ ਹੀ ਸੀ। ਕੁਝ ਘੰਟਿਆਂ ਵਿਚ ਸਿਮਟਣ ਵਾਲੀ ਲੜਾਈ ਅਮੁੱਕ ਹੁੰਦੀ ਲੱਗੀ, ਲੰਮੇਰੀ ਹੋ ਗਈ ਸੀ। ਗੁਰਦਾਸ ਨੰਗਲ, ਵੱਡੇ ਛੋਟੇ ਘੱਲੂਘਾਰੇ ਅਤੇ ਸਾਰਾਗੜੀ ਆਦਿ ਵਰਗੇ ਤਾਰੀਖੀ ਯੁੱਧਾਂ ਵਾਂਗ ਜੂਨ ਚੁਰਾਸੀ ਵੀ ਲੋਕ ਮਨਾਂ ਦੇ ਚੇਤਿਆਂ ਵਿਚ ਸਦਾ ਲਈ ਸਮਾ ਗਈ। ਵੀਹਵੀਂ ਸਦੀ ਦੀ ਅਭੁੱਲ ਯਾਦ ਵਜੋਂ ਭਾਰਤੀ ਤਾਰੀਖ ਵਿਚ ਅਮਿਟ ਨਾਮ ਦਰਜ ਕਰਵਾ ਗਈ।

### ਸ਼ਹੀਦ ਪ੍ਰਭਜੋਤ ਸਿੰਘ ਬੂੜਾ ਗੁੱਜਰ

ਇਹ ਪਿੰਡ ਤੇਰੇ ਦੀਆਂ ਰਾਹਵਾਂ ਹੁਣ ਸੁੰਨੀਆਂ ਲੱਗਦੀਆਂ ਨੇ
ਘਰ ਆਉਣੇ ਦੇ ਤੇਰੇ ਪੈਣ ਭੁਲੇਖੇ ਜਦ ਹਵਾਵਾਂ ਵਗਦੀਆਂ ਨੇ
ਮੁਕਤਸਰ ਦੇ ਪਿੰਡ ਬੂੜਾ ਗੁੱਜਰ ਦਾ ਪੱਤਾ ਪੱਤਾ ਰੋ ਗਿਆ ਐ
ਅੱਜ ਇੱਕ ਹੋਰ ਫੌਜੀ ਵੀਰ ਦੇਸ਼ ਲਈ ਸ਼ਹੀਦ ਹੋ ਗਿਆ ਐ.....

ਸ਼ਹੀਦ ਪ੍ਰਭਜੋਤ ਸਰਦਾਰ ਹਰਦੀਪ ਸਿਉਂ ਦਾ ਇਕੱਲਾ ਪੁੱਤ ਸੀ
ਓ ਰੱਬਾ ਉਹਦੀ ਅਜੇ ਜਾਵਣ ਦੀ ਦੱਸ ਇਹ ਕਿਹੜੀ ਰੁੱਤ ਸੀ
ਕਿਵੇਂ ਸੌਣਗੇ ਉਹ ਜਿੰਨਾਂ ਦੀਆਂ ਅੱਖਾਂ ਦਾ ਤਾਰਾ ਖੋ ਗਿਆ ਐ
ਅੱਜ ਇੱਕ ਹੋਰ ਫੌਜੀ ਵੀਰ ਦੇਸ਼ ਲਈ ਸ਼ਹੀਦ ਹੋ ਗਿਆ ਐ....

ਅਜੇ ਤਾਂ ਚੰਗੇ ਵਕਤਾਂ ਨੇ ਹੁਣੇ ਪੈਰ ਉਸਦੇ ਬਰੂਹਾਂ ਤੇ ਪਾਏ ਸੀ
ਕੁੱਝ ਸਮਾਂ ਪਹਿਲਾਂ ਹੋਏ ਵਿਆਹ ਵੇਲੇ ਗੀਤ ਖੁਸ਼ੀ ਦੇ ਗਾਏ ਸੀ
ਡਾਢਿਆ ਤੂੰ ਤਰਸ ਨਾ ਕੀਤਾ ਸਾਰਾ ਮੁਲਖ਼ ਹੰਝੂ ਚੋ ਗਿਆ ਐ
ਅੱਜ ਇੱਕ ਹੋਰ ਫੌਜੀ ਵੀਰ ਦੇਸ਼ ਲਈ ਸ਼ਹੀਦ ਹੋ ਗਿਆ ਐ....

ਧੰਨ ਜਿਗਰੇ ਫੌਜੀ ਵੀਰਾਂ ਦੇ ਕਿ ਐਣੇ ਦੁਖੜੇ ਜਰਨੇ ਪੈਂਦੇ ਨੇ
ਮੁਲਖ਼ ਤੇ ਆਵੇ ਦੁੱਖ ਕੋਈ ਨਾ ਖੁਸ਼ੀਆਂ ਖੇੜੇ ਹਰਨੇ ਪੈਂਦੇ ਨੇ
ਇੱਕ ਧੰਨ ਮਾਪੇ ਜਿਨਾਂ ਦਾ ਪੁੱਤ ਚੜੀ ਜਵਾਨੀ ਸੋ ਗਿਆ ਐ
ਅੱਜ ਇੱਕ ਹੋਰ ਫੌਜੀ ਵੀਰ ਦੇਸ਼ ਲਈ ਸ਼ਹੀਦ ਹੋ ਗਿਆ ਐ....

ਸ਼ਬਦ ਨਾ ਬਚਦੇ ਸਾਉਂਕੇ ਦੇ ਕੋਲ ਕਿਵੇਂ ਸਿਜਦਾ ਥੋਨੂੰ ਕਰੀਏ
ਸਰਹੱਦਾਂ ਤੇ ਤੁਸੀਂ ਰਾਖੀ ਕਰਦੇ ਤਾਂ ਹੀ ਅਸੀਂ ਨੀਂਦਰ ਧਰੀਏ
ਜੋਬਨ ਰੁੱਤੇ ਐਂਵੇ ਰੁਖਸਤ ਹੋ ਜਾਣਾ ਦਿਲਾਂ ਨੂੰ ਟੋਹ ਗਿਆ ਐ
ਅੱਜ ਇੱਕ ਹੋਰ ਫੌਜੀ ਵੀਰ ਦੇਸ਼ ਲਈ ਸ਼ਹੀਦ ਹੋ ਗਿਆ ਐ...।

ਤਲਵਿੰਦਰ ਨਿੱਝਰ ਸਾਉਂਕੇ
94173-86547

# ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ

## ਸ਼ਹਾਦਤ: 30 ਮਈ, 1606

ਜਿਸ ਨੇ ਆਪਣੇ ਸੁਆਰਥ ਤੋਂ ਪਰੇ ਹੋ ਕੇ ਸਚਾਈ ਪਰਉਪਕਾਰ ਤੇ ਕੌਮੀ ਆਨ ਸ਼ਾਨ ਦੇ ਲਈ ਆਪਣਾ ਵਾਰ ਦਿੱਤਾ ਹੋਵੇ, ਉਸ ਨੂੰ ਸ਼ਹੀਦ ਕਿਹਾ ਜਾਂਦਾ ਹੈ। ਆਪਣੇ ਉੱਚ ਆਦਰਸ਼ ਤੇ ਪਹਿਰ ਦਿੰਦਾ ਹੋਇਆ ਉਹ ਇਕ ਚਾਨਣ ਮੁਨਾਰਾ ਹੈ ਜੋ ਦੀਨ ਹੀਨ, ਗੁਲਾਮੀ ਵਿਚ ਫਸੇ ਲੋਕਾਂ ਨੂੰ ਨਿਰਭੈਤਾ ਦਾ ਰਾਹ ਦੱਸ ਕੇ ਆਜ਼ਾਦੀ ਤੱਕ ਪਹੁੰਚਾਉਂਦਾ ਹੈ। ਗੁਰਬਾਣੀ ਵਿਚ ਸਮਝਾਇਆ ਹੈ ਕਿ :

ਜੋ ਮਨੁੱਖ ਇਸ ਜਗਤ ਰੂਪ ਰਣ ਭੂਮੀ ਵਿਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ ਤੇ ਅੜ ਖਲੋਤਾ ਹੈ ਤੇ ਇਹ ਸਮਝਦਾ ਹੈ ਕਿ ਇਹ ਮਨੁੱਖਾ ਜੀਵਨ ਹੀ ਮੌਕਾ ਹੈ ਜਦੋਂ ਇਨਾਂ ਨਾਲ ਲੜਿਆ ਜਾ ਸਕਦਾ ਹੈ। ਉਹ ਅਸਲ ਸੂਰਮਾ ਹੈ। ਉਸ ਦੇ ਦਸਮ ਦੁਆਰ ਵਿਚ ਧੌਂਸਾ ਵੱਜਦਾ ਹੈ। ਉਸ ਦੇ ਨਿਸ਼ਾਨੇ ਤੇ ਚੋਟ ਪੈਂਦੀ ਹੈ। ਭਾਵ ਉਸ ਦਾ ਮਨ ਪ੍ਰਭੂ ਚਰਨਾਂ ਵਿਚ ਉੱਚੀਆਂ ਉਡਾਰੀਆਂ ਲਾਉਂਦਾ ਹੈ। ਜਿੱਥੇ ਕਿਸੇ ਵਿਕਾਰ ਦੀ ਸੁਣਵਾਈ ਹੀ ਨਹੀਂ ਹੋ ਸਕਦੀ। ਉਸ ਦੇ ਹਿਰਦੇ ਵਿਚ ਪ੍ਰਭੂ ਚਰਨਾਂ ਵਿਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ। ਹਾਂ, ਇਕ ਹੋਰ ਭੀ ਸੂਰਮਾ ਹੈ। ਉਸ ਮਨੁੱਖ ਨੂੰ ਭੀ ਸੂਰਮਾ ਹੀ ਸਮਝਣਾ ਚਾਹੀਦਾ ਹੈ ਜੋ ਗਰੀਬਾਂ ਵਾਸਤੇ ਲੜਦਾ ਹੈ। ਟੋਟੇ ਟੋਟੇ ਹੋ ਸਕਦਾ ਹੈ। ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ।--ਅੰਗ 1105

ਸਿੱਖ ਇਤਿਹਾਸ ਕੁਰਬਾਨੀਆਂ ਤੇ ਸ਼ਹਾਦਤਾਂ ਦੀ ਤਰਜ਼ਮਾਨੀ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਪ੍ਰਤੀ ਨਿਸ਼ਠਾ ਸ਼ਰਧਾ ਕਰਕੇ ਸਿੰਘਾਂ ਨੇ ਕੁਰਬਾਨੀਆਂ ਦਿੱਤੀਆਂ। ਸਿੱਖ ਧਰਮ ਦਾ ਨਿਸ਼ਾਨਾ ਮਨੁੱਖ ਨੂੰ ਪੂਰਨ ਅਜ਼ਾਦੀ ਦੇਣਾ ਹੈ। ਗੁਰੂ ਨਾਨਕ ਦੇਵ ਜੀ ਨੇ ਸਮੇਂ ਦੀਆਂ ਪ੍ਰਚਲਿਤ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਕੁਰਤੀਆਂ ਦੀ ਨਿਖੇਧੀ ਕਰਕੇ ਵਹਿਮਾਂ ਭਰਮਾਂ ਦਾ ਵਿਰੋਧ ਕਰਕੇ ਸਾਵੀਂ ਪੱਧਰੀ ਜੀਵਨ ਜਾਚ ਸਿਖਾਈ। ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਵਿਚ ਕੇਵਲ ਅਧਿਆਤਮਕ ਉਚਾਈਆਂ ਹੀ ਨਹੀਂ, ਸਗੋਂ ਬੜੀ ਪ੍ਰਬਲ ਸਮਾਜੀ ਅਤੇ ਰਾਜਸੀ ਚੇਤਨਾ ਵੀ ਵਿਦਮਾਨ ਹੈ ਜੋ ਕ੍ਰਾਤੀਕਾਰੀ ਪ੍ਰੇਰਣਾ ਪ੍ਰਦਾਨ ਕਰਦੀ ਹੈ। ਜਿਸ ਨਾਲ ਸਿੱਖ ਧਰਮ ਦੇ ਪ੍ਰਚਾਰ ਦੀ ਵੱਧ ਰਹੀ ਲਹਿਰ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਵੀ ਸਿੱਖ ਧਰਮ ਵਿਚ ਆਉਣ ਲਈ ਪ੍ਰੇਰਿਆ ਜੋ ਕਿ ਕੱਟੜ ਸ਼ਰਈ ਮੁਸਲਮਾਨਾਂ ਲਈ ਦੁਖਦਾਇਕ ਸੀ।

ਉਨਾਂ ਨੇ ਮੁਗਲ ਬਾਦਸ਼ਾਹ ਅਕਬਰ ਦੇ ਵੇਲੇ ਗੁਰੂ ਸਾਹਿਬ ਵਿਰੁਧ ਧਾਰਮਿਕ ਈਰਖਾ ਦੀਆਂ ਸ਼ਿਕਾਇਤਾਂ ਲਾਈਆਂ। ਪਰ ਬਾਦਸ਼ਾਹ ਨੂੰ ਸਿੱਖੀ ਦੇ ਅਸੂਲਾਂ, ਰਹਿਤ ਮਰਯਾਦਾ ਅਤੇ ਸਿੱਖ ਦੇ ਪ੍ਰਚਾਰ ਢੰਗਾਂ ਉਪਰੰਤ ਲੰਗਰਾਂ ਦੀ ਸੇਵਾ ਅਤੇ ਪ੍ਰਬੰਧ ਵਿਚ ਕੁਝ ਵੀ ਅਯੋਗ ਨਹੀਂ ਸੀ ਦਿਸਿਆ। ਬਾਦਸ਼ਾਹ ਨੇ ਸਗੋਂ ਸਿੱਖ ਧਰਮ ਲਹੀ ਸੇਵਾ ਅਤੇ ਸ਼ਰਧਾ ਪ੍ਰਗਟ ਕੀਤੀ। ਬਾਦਸ਼ਾਹ ਅਕਬਰ ਦੀ 17 ਅਕਤੂਬਰ 1605 ਵਿਚ ਆਗਰੇ ਵਿਖੇ ਮੌਤ ਹੋ ਗਈ। ਸ਼ੇਖ ਅਹਿਮਦ ਸਰਹਿੰਦੀ ਜਿਹੇ ਜਨੂੰਨੀ ਮੁਸਲਮਾਨਾਂ ਨੇ ਜਹਾਂਗੀਰ ਨੂੰ ਰਾਜ ਗੱਦੀ ਤੇ ਬਿਠਾਇਆ। ਬਾਦਸ਼ਾਹ ਦੇ ਕੰਨ ਭਰੇ ਕਿ ਸਿੱਖੀ ਦੀ ਲਹਿਰ ਨੂੰ ਖਤਮ ਕਰਨਾ ਚਾਹੀਦਾ ਹੈ। ਇਹ ਮੁਗਲ ਸਾਮਰਾਜ ਲਈ ਖਤਰਾ ਹੈ। ਇਸ ਵਿਚ ਪ੍ਰਿਥੀ ਚੰਦ, ਚੰਦੂ ਅਤੇ ਬੀਰਬਲ ਨੇ ਵੀ ਜਹਾਂਗੀਰ ਨੂੰ ਭੜਕਾਇਆ।

ਬਾਦਸ਼ਾਹ ਜਹਾਂਗੀਰ ਗੁਰੂ ਜੀ ਨਾਲ ਟੱਕਰ ਲੈਣ ਦੇ ਬਹਾਨੇ ਢੂੰਡਣ ਲੱਗਾ। ਸ਼ੇਖ ਅਹਿਮਦ ਸਰਹਿੰਦੀ ਨੇ ਸਾਜਿਸ਼ ਅਧੀਨ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਸਲਾਮ ਵਿਰੁਧ ਲਿਖਿਆ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਵਾਚਣ ਲਈ ਗੁਰੂ ਜੀ ਨੂੰ ਤਲਬ ਕੀਤਾ ਗਿਆ। ਜਦੋਂ ਗ੍ਰੰਥ ਵਿਚ ਕੁਝ ਵੀ ਵਿਰੋਧ ਵਿਚ ਦਰਜ ਨਾ ਮਿਲਿਆ ਤਾਂ ਗ੍ਰੰਥ ਵਿਚ ਇਸਲਾਮ ਦੀ ਤਾਰੀਫ਼ ਦਰਜ ਕਰਨ ਤੇ ਜ਼ੋਰ ਦਿੱਤਾ ਗਿਆ। ਗੁਰੂ ਜੀ ਨੇ ਅਜਿਹਾ ਕਰਨ ਦੀ ਪੁਰਜ਼ੋਰ ਨਾਂਹ ਕਰ ਦਿੱਤੀ। ਤਦ ਇਸਲਾਮ ਵਿਰੁਧ ਪ੍ਰਚਾਰ ਕਰਨ ਅਤੇ ਬਾਦਸ਼ਾਹ ਦੀ ਹੇਠੀ ਕਰਨ ਦਾ ਦੋਸ਼ ਲਾਇਆ। ਇਸ ਤੇ ਬਾਦਸ਼ਾਹ ਨੇ ਦੋ ਲੱਖ ਦਾ ਜੁਰਮਾਨਾ ਲਾਇਆ। ਗੁਰੂ ਜੀ ਨੇ ਸੰਗਤਾਂ ਨੂੰ ਜੁਰਮਾਨਾ ਅਦਾ ਕਰਨ ਤੋਂ ਮਨਾ ਕਰ ਦਿੱਤਾ।

ਦੂਸਰਾ 6 ਅਪ੍ਰੈਲ 1606 ਨੂੰ ਖੁਸਰੋ ਨੇ ਰਾਜਗੱਦੀ ਲਈ ਬਗਾਵਤ ਕਰ ਦਿੱਤੀ। ਖੁਸਰੋ ਆਗਰੇ ਤੋਂ ਪੰਜਾਬ ਵੱਲ ਵਧਿਆ। ਉਸ ਦਾ ਪਿੱਛਾ ਕਰਦਾ ਜਹਾਂਗੀਰ ਸੁਲਤਾਨਪੁਰ, ਗੋਂਦਵਾਲ ਤਰਨਤਾਰਨ ਹੁੰਦਾ ਹੋਇਆ ਲਾਹੌਰ ਪੁੱਜਾ। ਰਾਹ ਵਿਚ ਉਹ ਲੋਕਾਂ ਨੂੰ ਸਜ਼ਾਵਾਂ ਦਿੰਦਾ ਆਇਆ। ਜਿਨਾਂ ਨੇ ਖੁਸਰੋ ਦੀ ਕਿਸੇ ਪ੍ਰਕਾਰ ਦੀ ਹਮਦਰਦੀ ਜਾਂ ਮਦਦ ਕੀਤੀ ਸੀ। ਉਸ ਨੇ ਗੁਰੂ ਜੀ ਤੇ ਦੋਸ਼ ਲਾਇਆ ਕਿ ਉਨਾਂ ਖੁਸਰੋ ਦੀਆਂ ਫੌਜਾਂ ਦੀ ਲੰਗਰ ਪਾਣੀ ਨਾਲ ਸੇਵਾ ਕੀਤੀ ਹੈ। ਗੁਰੂ ਜੀ ਨੇ ਸਮਝਾਇਆ ਕਿ ਖੁਸਰੋ ਅਤੇ ਫੌਜਾਂ ਨੇ ਗੋਂਦਵਾਲ ਪ੍ਰਸ਼ਾਦਾ ਜ਼ਰੂਰ ਛਕਿਆ ਸੀ ਪਰ ਮੈਂ ਖੁਦ ਉਸ ਵੇਲੇ ਤਰਨ ਤਾਰਨ ਵਿਖੇ ਸੀ। ਪਰ ਗੁਰੂਘਰ ਵਿਚ ਪ੍ਰਸ਼ਾਦਾ ਛਕਣ ਕੋਈ ਵੀ ਕਿਸੇ ਵੇਲੇ ਵੀ ਆ ਸਕਦਾ ਹੈ। ਇਥੇ ਕਦੇ ਭੇਦਭਾਵ ਨਹੀਂ ਹੋਇਆ। ਅੱਗੇ ਦੋਸ਼ ਲਾਉਂਦਿਆਂ ਕਿਹਾ ਕਿ ਗੁਰੂ ਜੀ ਨੇ ਉਸ ਦੇ ਮੱਥੇ ਤੇ ਤਿਲਕ ਲਗਾਇਆ ਕਿ ਖੁਸਰੋ ਜਹਾਂਗੀਰ ਦਾ ਟਾਕਰਾ ਕਰ ਸਕੇ ਅਤੇ ਤਖਤ ਹਾਸਲ ਕਰਨ ਲਈ ਆਸ਼ੀਰਵਾਦ ਵੀ ਦਿੱਤਾ। ਵਿਰੋਧੀਆਂ ਨੇ ਬਾਦਸ਼ਾਹ ਨੂੰ ਭੜਕਾਇਆ ਕਿ ਖੁਸਰੋ ਦੇ ਹਮਾਇਤੀਆਂ ਦੀ ਤਰਾਂ ਗੁਰੂ ਜੀ ਨੂੰ ਵੀ ਖੌਫ਼ਨਾਕ ਕਸ਼ਟ ਦੇ ਕੇ ਸ਼ਹੀਦ ਕਰ ਦਿੱਤਾ ਜਾਵੇ। ਬਾਦਸ਼ਾਹ ਜਹਾਂਗੀਰ ਨੇ ਪੱਕਾ ਇਰਾਦਾ ਕਰ ਲਿਆ ਕਿ ਜਾਂ ਤਾਂ ਗੁਰੂ ਜੀ ਨੂੰ ਮੁਸਲਮਾਨ ਬਣਾਇਆ ਜਾਵੇ ਜਾਂ ਉਨਾਂ ਨੂੰ ਸ਼ਹੀਦ ਕੀਤਾ ਜਾਵੇ। ਆਪਣੀ ਸਵੈਜੀਵਨੀ (ਤੌਜ਼ਕਿ ਜਹਾਂਗੀਰੀ) ਵਿਚ 6 ਜੂਨ 1606 ਨੂੰ ਇਵੇਂ ਬਿਆਨ ਕੀਤਾ ਹੈ ਕਿ :

ਬਿਆਸ ਦਰਿਆ ਦੇ ਕੰਢੇ ਇਕ ਅਰਜਨ ਨਾਉਂ ਦਾ ਹਿੰਦੂ, ਸੰਤ ਅਤੇ ਰੂਹਾਨੀ ਆਗੂ ਦੇ ਭੇਸ ਵਿਚ ਰਹਿੰਦਾ ਸੀ। ਕਈ ਸਾਧਾਰਨ ਸਮਝ ਦੇ ਹਿੰਦੂਆਂ ਅਤੇ ਮੂਰਖ ਮੁਸਲਮਾਨਾਂ ਨੂੰ ਉਸ ਨੇ ਆਪਣੇ ਵੱਖਰੇ ਧਰਮ ਦੇ ਢੰਗ ਤਰੀਕੇ ਅਪਨਾਉਣ ਲਈ ਨਾਲ ਜੋੜ ਲਿਆ ਹੈ। ਉਸ ਨੇ ਸੰਤਪੁਣੇ ਦੀ ਪਵਿੱਤਰਤਾ ਦਾ ਢੋਲ ਵਜਾਇਆ ਹੈ। ਉਸ ਨੂੰ ਗੁਰੂ ਅਤੇ ਸੱਚੇ ਪਾਤਸ਼ਾਹ ਕਿਹਾ ਜਾਂਦਾ ਸੀ। ਬਹੁਤ ਥਾਵਾਂ ਤੋਂ ਚਰਵਾਹੇ ਅਤੇ ਬੇਵਕੂਫ਼ ਉਸ ਦੇ ਪੱਕੇ ਸ਼ਰਧਾਲੂ ਬਣ ਗਏ। ਇਹ ਧੰਦਾ ਉਸ ਨੇ 3-4 ਪੀੜੀਆਂ ਤੋਂ ਚਲਾਇਆ ਹੈ। ਕਾਫੀ ਸਮੇਂ ਤੋਂ ਮੇਰੇ ਮਨ ਵਿਚ ਝੂਠ ਦੀ ਦੁਕਾਨ ਨੂੰ ਬੰਦ ਕਰਨ ਜਾਂ ਉਸ ਨੂੰ ਮੁਸਲਮਾਨ ਮੱਤ ਵਿਚ ਲਿਆਉਣ ਦਾ ਖਿਆਲ ਸੀ।

ਇਸ ਤਰਾਂ ਮੁਗਲ ਹਕੂਮਤ ਦੀ ਸਿੱਖ ਲਹਿਰ ਨਾਲ ਟੱਕਰ ਅਵੱਸ਼ ਸੀ। ਜਹਾਂਗੀਰ ਸਿਰਫ਼ ਗੁਰੂ ਜੀ ਨੂੰ ਸ਼ਹੀਦ ਹੀ ਨਹੀਂ ਕਰਨਾ ਚਾਹੁੰਦਾ ਸੀ ਸਗੋਂ ਉਹ ਸਿੱਖ ਲਹਿਰ ਦੀ ਵਿਚਾਰਧਾਰਾ ਨੂੰ ਮਾਰਨਾ ਚਾਹੁੰਦਾ ਸੀ। ਜਿਸ ਨੂੰ ਉਸ ਨੇ ਝੂਠੀ ਦੁਕਾਨਦਾਰੀ ਦਾ ਨਾਉਂ ਦਿੱਤਾ। ਇਹ ਸਮੁੱਚੀ ਸਿੱਖ ਲਹਿਰ ਤੇ ਹਮਲਾ ਸੀ। ਜੋ ਮੁਗਲ ਹਕੂਮਤ ਲਈ ਇਕ ਵੰਗਾਰ ਸੀ। ਗੁਰੂ ਜੀ ਜਾਣਦੇ ਸਨ ਕਿ ਜਿਸ ਰਾਹ ਤੇ ਉਹ ਚੱਲ ਰਹੇ ਹਨ, ਉਸ ਦੇ ਨਤੀਜੇ ਕੀ ਹੋਣਗੇ। ਇਸਲਾਮ ਛੱਡ ਕੇ ਹੋਰ ਧਰਮ ਅਪਨਾਉਣ ਵਾਲੇ ਲਈ ਮੌਤ ਦੀ ਸਜ਼ਾ ਸੀ। ਪਰ ਗੁਰੂ ਜੀ ਨਾ ਤਾਂ ਆਪਣੀ ਵਿਚਾਰਧਾਰਾ ਬਦਲਣ ਅਤੇ ਨਾ ਹੀ ਗੁਰੂ ਮਰਯਾਦਾ ਦਾ ਰਾਹ ਛੱਡਣ ਲਈ ਤਿਆਰ ਹੋਏ। ਸਮਰੱਥ ਗੁਰੂ ਆਉਣ ਵਾਲੇ ਨਤੀਜਿਆਂ ਤੋਂ ਵਾਕਫ਼ ਸਨ, ਜਿਸ ਨਾਲ ਕੌਮ ਨੇ ਜੁਲਮ ਅਤੇ ਮੁਸੀਬਤਾਂ ਦੇ ਖਿਲਾਫ਼ ਤਿਆਰ ਹੋਣਾ ਸੀ।

ਜਹਾਂਗੀਰ ਗੁਰੂ ਜੀ ਨੂੰ ਮੁਸਲਮਾਨ ਮੱਤ ਵਿਚ ਲਿਆਉਣਾ ਚਾਹੁੰਦਾ ਸੀ ਤਾਂ ਜੋ ਗੁਰੂ ਜੀ ਦੇ ਵੱਡੀ ਗਿਣਤੀ ਵਿਚ ਪੈਰੋਕਾਰ ਵੀ ਮੁਸਲਮਾਨ ਬਣ ਜਾਣ। ਬਾਦਸ਼ਾਹ ਜਹਾਂਗੀਰ ਨੇ ਹੁਕਮ ਦਿੱਤਾ ਕਿ ਉਸ ਦੇ ਘਰ ਘਾਟ ਤੇ ਬੱਚਿਆਂ ਨੂੰ ਮੁਰਤਜਾ ਖਾਨ ਦੇ ਹਵਾਲੇ ਕੀਤਾ ਜਾਵੇ। ਉਸ ਦਾ ਮਾਲ ਅਸਬਾਬ ਜਬਤ ਕਰਕੇ, ਉਸ ਨੂੰ ਸਿਅਸਾਤ ਅਤੇ ਯਾਸਾ ਦੇ ਸਖਤ ਕਾਨੂੰਨ ਹੇਠ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਵੇ। ਜਹਾਂਗੀਰ ਹੁਕਮ ਸੁਣਾ ਕੇ ਆਪ ਉਥੋਂ ਸਿੰਧ ਇਲਾਕੇ ਵੱਲ ਚਲਾ ਗਿਆ।

ਗੁਰੂ ਜੀ ਨੂੰ ਸ਼ਹੀਦ ਕਰਨ ਦੀ ਜ਼ਿੰਮੇਵਾਰੀ ਅਹਿਲਕਾਰ ਚੰਦੂ ਨੇ ਲੈ ਲਈ। ਉਸ ਦਾ ਗੁਰੂ ਜੀ ਨਾਲ ਚਿਰੋਕਾ ਵੈਰ ਸੀ। ਉਸ ਦੀ ਧੀ ਦਾ ਸਾਕ ਪੁਰੋਹਿਤ ਨੇ ਗੁਰੂ ਜੀ ਦੇ ਸਾਹਿਬਜਾਦੇ ਹਰਗੋਬਿੰਦ ਜੀ ਨਾਲ ਕਰਨ ਦੀ ਸਲਾਹ ਦਿੱਤੀ। ਤਾਂ ਉਸ ਵੇਲੇ ਉਸ ਨੇ ਗੁੱਸੇ ਵਿਚ ਕਿਹਾ ਕਿ 'ਤੂੰ ਚੁਬਾਰੇ ਦੀ ਇੱਟ ਮੋਰੀ ਨੂੰ ਲਾਉਣੀ ਚਾਹੁੰਦਾ ਹੈਂ। ਇਸ ਤਰਾਂ ਉਸ ਨੇ ਗੁਰੂ ਘਰ ਅਤੇ ਘਰਾਣੇ ਨੂੰ ਮੋਰੀ ਕਹਿ ਕੇ ਸਖਤ ਬੇਅਦਬੀ ਕੀਤੀ। ਬਾਅਦ ਵਿਚ ਉਹ ਤਜਵੀਜ ਮੰਨਣ ਲਈ ਤਿਆਰ ਹੋ ਗਿਆ। ਗੁਰੂ ਜੀ ਨੇ ਸੰਗਤ ਦੀ ਬੇਨਤੀ ਤੇ ਸਾਕ ਲੈਣ ਤੋਂ ਨਾਂਹ ਕਰ ਦਿੱਤੀ। ਜਦ ਗੁਰੂ ਜੀ ਨੂੰ ਮਨਾਉਣ ਦੇ ਉਸ ਦੇ ਸਾਰੇ ਯਤਨ ਸਫ਼ਲ ਨਾ ਹੋਏ ਤਾਂ ਉਸ ਨੇ ਗੁਰੂ ਜੀ ਨੂੰ ਸ਼ੇਖ ਫਰੀਦ ਬੁਖਾਰੀ ਦੇ ਬੰਦਿਆਂ ਹਵਾਲੇ ਕਰ ਦਿੱਤਾ।

ਗੁਰਦੇਵ ਜੀ ਨੂੰ ਲਾਹੌਰ ਦੇ ਸ਼ਾਹੀ ਕਿਲੇ ਵਿਚ ਲਿਆਂਦਾ ਗਿਆ। ਗੁਰੂ ਜੀ ਨੂੰ ਅਸਹਿ ਅਤੇ ਅਕਿਹ ਕਸ਼ਟ ਦੇ ਕੇ ਸ਼ਹੀਦ ਕੀਤਾ ਗਿਆ। ਭੁੱਖਾ ਪਿਆਸਾ ਰੱਖ ਕੇ ਦੇਖ ਵਿਚ ਉਬਾਲਿਆ ਗਿਆ। ਤੱਤੀ ਤਵੀ ਤੇ ਬਿਠਾਇਆ ਗਿਆ। ਸੜਦੀ ਬਲਦੀ ਰੇਤ ਸਰੀਰ ਤੇ ਪਾ ਕੇ ਸਰੀਰ ਛਾਲੇ ਛਾਲੇ ਕਰ ਦਿੱਤਾ। ਚਾਰ ਦਿਨ ਅਜਿਹੇ ਖੌਫ਼ਨਾਕ ਤਸੀਹੇ ਦੇ ਉਪਰੰਤ ਗੁਰੂ ਜੀ ਨੂੰ ਹੋਰ ਕਸ਼ਟ ਦੇਣ ਲਈ ਤਾਲਿਆਂ ਨਾਲ ਫਿੱਸੇ ਸਰੀਰ ਨੂੰ ਰਾਵੀ ਦੇ ਠੰਢੇ ਜਲ ਵਿਚ ਡਬੋ ਕੇ ਸਤਿਗੁਰੂ ਨੂੰ 30 ਮਈ, 1606 ਨੂੰ ਸ਼ਹੀਦ ਕੀਤਾ ਗਿਆ। ਗੁਰੂ ਜੀ ਧਰਮ ਵਾਸਤੇ ਅਸਹਿ ਅਤੇ ਅਕਹਿ ਕਸ਼ਟ ਝਲਦੇ ਹੋਏ ਰੱਬ ਦਾ ਭਾਣਾ ਮਿੱਠਾ ਕਰਕੇ ਮੰਨਦੇ ਹੋਏ ਸ਼ਹੀਦ ਹੋ ਗਏ। ਰਾਵੀ ਦੇ ਕੰਢੇ ਅਲੀਸ਼ਾਨ ਗੁਰਦੁਆਰਾ ਡੇਹਰਾ ਸਾਹਿਬ (ਪਾਕਿਸਤਾਨ) ਬਣਿਆ।

ਮੁਗਲ ਬਾਦਸ਼ਾਹ ਜਹਾਂਗੀਰ ਨੇ ਜਦੋਂ ਗੁਰੂ ਸਾਹਿਬ ਜੀ ਨੂੰ ਤਲਬ ਕੀਤਾ ਤਾਂ ਗੁਰੂ ਜੀ ਜਾਣ ਗਏ ਸਨ ਕਿ ਉਨਾਂ ਨੇ ਵਾਪਸ ਨਹੀਂ ਆਉਣਾ। ਲਾਹੌਰ ਜਾਣ ਲੱਗਿਆਂ ਆਪ ਆਗਿਆ ਕਰ ਗਏ ਸਨ ਕਿ ਸਾਡੇ ਪਿਛੋਂ ਹਰਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪੀ ਜਾਵੇ, ਜੋ 25 ਮਈ, 1606 ਨੂੰ ਗੁਰਗੱਦੀ ਤੇ ਬੈਠੇ।

**ਅੰਤਿਕਾ :** ਜੋ ਮਨੁੱਖ ਪ੍ਰਭੂ ਦੀ ਰਜ਼ਾ ਨੂੰ ਮਨ ਵਿਚ ਮਿੱਠੀ ਕਰਕੇ ਮੰਨਦਾ ਹੈ, ਉਹੀ ਜਿਉਂਦਾ ਮੁਕਤ ਅਖਵਾਉਂਦਾ ਹੈ। ਉਸ ਨੂੰ ਖੁਸ਼ੀ ਤੇ ਗਮੀ ਇਕੋ ਜਿਹੀ ਹੀ ਹੈ। ਵੁਸ ਨੂੰ ਸਦਾ ਅਨੰਦ ਹੈ, ਕਿਉਂਕਿ ਉਸ ਦੇ ਹਿਰਦੇ ਵਿਚ ਪ੍ਰਭੂ ਚਰਨਾਂ ਤੋਂ ਵਿਛੋੜਾ ਨਹੀਂ ਹੈ। ਸੋਨਾ ਤੇ ਮਿੱਟੀ ਵੀ ਉਸ ਮਨੁੱਖ ਵਾਸਤੇ ਬਰਾਬਰ ਹੈ। ਭਾਵ ਸੋਨਾ ਵੇਖ ਕੇ ਉਹ ਲੋਭ ਵਿਚ ਨਹੀਂ ਫਸਦਾ। ਅੰਮ੍ਰਿਤ ਅਤੇ ਕੌੜੀ ਵਿਹ ਭੀ ਉਸ ਲਈ ਇਕੋ ਜਿਹੀ ਹੈ। ਕਿਸੇ ਵਲੋਂ ਆਦਰ ਦਾ ਵਰਤਾਉ ਹੋਵੇ ਜਾਂ ਅਹੰਕਾਰ ਦਾ ਉਸ ਮਨੁੱਖ ਵਾਸਤੇ ਇਕ ਸਮਾਨ ਹੈ। ਕੰਗਾਲ ਅਤੇ ਸ਼ਹਿਨਸ਼ਾਹ ਵੀ ਉਸ ਦੀ ਨਜ਼ਰ ਵਿਚ ਬਰਾਬਰ ਹੈ। ਜੋ ਰਜ਼ਾ ਪ੍ਰਭੂ ਵਰਤਾਉਂਦਾ ਹੈ, ਉਹੀ ਉਸ ਵਾਸਤੇ ਜ਼ਿੰਦਗੀ ਦਾ ਗਾਡੀ ਰਾਹ ਹੈ। ਹੇ ਨਾਨਕ ! ਉਹ ਮਨੁੱਖ ਜਿਉਂਦਾ ਮੁਕਤ ਕਿਹਾ ਜਾ ਸਕਦਾ ਹੈ। ਅੰਗ-275




# ਸੰਤਾਂ ਦੀ ਸੂਝ ਅਤੇ ਸੂਰਮਗਤੀ ਨੇ ਸਿੱਖ ਸੰਘਰਸ਼ ਦਾ ਸਾਰਾ ਬਿਰਤਾਂਤ ਹੀ ਬਦਲ ਦਿੱਤਾ

**ਗੁਰਬਚਨ ਸਿੰਘ ਦੇਸ ਪੰਜਾਬ**

'ਭਾਰਤ ਸਰਕਾਰ ਦੇ ਕੈਬਨਿਟ ਸਕਤਰੇਤ ਦੀ ਖੁਫੀਆ ਏਜੰਸੀ ਰਾਅ ਦੇ ਸਟੇਸ਼ਨ ਮੁਖੀ ਵਜੋਂ ਗੰਗਟੋਕ, ਸਿਕਮ ਵਿਚ ਮੇਰੇ ਢਾਈ ਸਾਲ ਬੜੇ ਸਰਗਰਮੀ ਭਰਪੂਰ ਰਹੇ। ਮੈਂ ਉਥੇ ਅਗਸਤ 1973 ਤੋਂ ਫਰਵਰੀ 1976 ਤੱਕ ਰਿਹਾ। ਤਿੱਬਤ ਅਤੇ ਚੀਨ ਦੀ ਸੀਮਾ ਦੇ ਆਰ-ਪਾਰ ਦੀ ਖੁਫੀਆ ਜਾਣਕਾਰੀ ਇਕਠੀ ਕਰਨ ਤੋਂ ਬਿਨਾਂ ਸਾਨੂੰ ਇਕ ਬੜੇ ਉਚ ਪਧਰੀ ਅਤੇ ਮੀਲ ਪਥਰ ਗਡਣ ਵਾਲੇ ਓਪਰੇਸ਼ਨ ਨੂੰ ਸਿਰੇ ਲਾਉਣ ਦੀ ਜਿੰਮੇਵਾਰੀ ਸੌਂਪੀ ਗਈ ਸੀ। ਇਹ ਓਪਰੇਸ਼ਨ ਸੀ, ਸਿਕਮ ਨੂੰ ਭਾਰਤ ਵਿਚ ਸ਼ਾਮਿਲ ਕਰਨਾ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀਆਂ ਵਿਸ਼ੇਸ ਹਦਾਇਤਾਂ ਨਾਲ ਇਹ ਓਪਰੇਸ਼ਨ ਰਾਅ ਦੇ ਬਾਨੀ ਮੁਖੀ ਆਰ ਐਨ ਕਾਓ ਨੂੰ ਸੌਂਪਿਆ ਗਿਆ ਸੀ। ਹੇਠਲੇ ਪਧਰ ਉਤੇ ਵਿਸ਼ੇਸ਼ ਤੌਰ ਉਤੇ ਕਾਇਮ ਕੀਤੇ ਗਏ ਤਿੰਨ ਮੈਂਬਰੀ ਉਚ ਖੁਫੀਆ ਸੈਲ ਨੇ ਇਸ ਓਪਰੇਸ਼ਨ ਨੂੰ ਅਮਲ ਵਿਚ ਲਿਆਉਣਾ ਸੀ ਅਤੇ ਮੈਂ ਇਸ ਸੈਲ ਦਾ ਮੁਖੀ ਸਾਂ। ਇਸ ਓਪਰੇਸ਼ਨ ਦੇ ਕਪਟਪੁਣੇ ਦਾ ਅੰਦਾਜਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਇਸ ਓਪਰੇਸ਼ਨ ਦੇ ਮੁਖ ਨਿਸ਼ਾਨੇ ਸਾਬਕਾ ਚੋਗਿਆਲ ਜਿਸ ਨੂੰ ਮੈਂ ਤਿੱਬਤ ਅਤੇ ਚੀਨ ਨਾਲ ਸਬੰਧਤ ਮਸਲਿਆਂ ਦੀ ਜਾਣਕਾਰੀ ਦੇਣ ਲਈ ਥੋੜੇ ਥੋੜੇ ਸਮੇਂ ਬਾਅਦ ਲਗਾਤਾਰ ਮਿਲਦਾ ਰਹਿੰਦਾ ਸਾਂ, ਇਹ ਨਹੀਂ ਸੀ ਜਾਣਦਾ ਕਿ ਮੇਰਾ ਇਸ ਓਪਰੇਸ਼ਨ ਨਾਲ ਕੋਈ ਸਬੰਧ ਹੈ। ਅਖੀਰ ਤਕ ਉਹ ਅਤੇ ਉਸ ਦਾ ਪਰਿਵਾਰ ਆਪਣੀਆਂ ਸਾਰੀਆਂ ਮੁਸ਼ਕਿਲਾਂ ਲਈ ਆਈ. ਬੀ. (ਇੰਟੈਲੀਜੈਂਸ ਬਿਓਰੋ) ਉਤੇ ਦੋਸ਼ ਲਾਉਂਦੇ ਰਹੇ। ਇਸ ਓਪਰੇਸ਼ਨ ਦੇ ਸਿਟੇ ਵਜੋਂ ਮਈ 1975 ਵਿਚ ਸੰਵਿਧਾਨ ਦੀ 36ਵੀਂ ਸੋਧ ਨਾਲ ਸਿਕਮ ਭਾਰਤੀ ਯੂਨੀਅਨ ਦਾ 21ਵਾਂ ਸੂਬਾ ਬਣ ਗਿਆ।'

ਸ. ਜੀ. ਬੀ. ਐਸ. ਸਿੱਧੂ ਨੇ ਆਪਣੀ ਕਿਤਾਬ 'ਦ ਖਾਲਿਸਤਾਨ ਸਾਜਿਸ਼' ਦੀ ਭੂਮਿਕਾ ਦੇ ਮੁਢ ਵਿਚ ਇਹ ਜਾਣਕਾਰੀ ਦਿਤੀ ਹੈ। ਇਹ ਜਾਣਕਾਰੀ ਇਸ ਗੱਲ ਦਾ ਸਬੂਤ ਹੈ ਕਿ ਸ. ਸਿੱਧੂ ਦੀ ਰਾਅ ਵਿਚ ਬੜੀ ਅਹਿਮ ਪੁਜੀਸ਼ਨ ਸੀ। ਰਾਅ ਭਾਰਤ ਸਰਕਾਰ ਦੀ ਸਭ ਤੋਂ ਉਚਤਮ ਖੁਫੀਆ ਏਜੰਸੀ ਹੈ। ਸ. ਸਿੱਧੂ ਰਾਅ ਵਿਚੋਂ ਵਿਸ਼ੇਸ਼ ਸਕੱਤਰ ਦੇ ਤੌਰ ਉਤੇ ਰਿਟਾਇਰ ਹੋਏ ਹਨ। ਉਨਾਂ ਦੇ ਕਹਿਣ ਮੁਤਾਬਿਕ ਜੇ ਉਹ ਸਿੱਖ ਨਾ ਹੁੰਦੇ ਤਾਂ ਉਹ ਰਾਅ ਦੇ ਮੁਖੀ ਵਜੋਂ ਰਿਟਾਇਰ ਹੁੰਦੇ। ਉਨਾਂ ਵਲੋਂ ਦਿਤੀ ਗਈ ਇਹ ਸਾਰੀ ਜਾਣਕਾਰੀ ਫਰਸਟ ਹੈਂਡ ਇਨਫਰਮੇਸ਼ਨ ਹੈ। ਭਾਵ ਇਹ ਸਾਰੀ ਜਾਣਕਾਰੀ ਦਸਤਾਵੇਜੀ ਅਹਿਮੀਅਤ ਰਖਦੀ ਹੈ। ਇਸ ਲਈ ਇਸ ਜਾਣਕਾਰੀ ਉਤੇ ਯਕੀਨ ਨਾ ਕਰਨ ਦਾ ਕੋਈ ਵਾਜਿਬ ਕਾਰਨ ਨਹੀਂ ਬਣਦਾ। ਸ. ਸਿੱਧੂ ਕੇਂਦਰ ਵਿਚ ਕਈ ਸਾਲ ਕੈਬਨਿਟ ਮੰਤਰੀ ਵਜੋਂ ਨਿਯੁਕਤ ਰਹੇ ਸ. ਸਵਰਨ ਸਿੰਘ ਦੇ ਜਵਾਈ ਹਨ। ਕਿਤਾਬ ਦੇ ਅੰਤਿਮ ਕਾਂਡ ਵਿਚ ਹੇਠ ਲਿਖੀ ਜਾਣਕਾਰੀ ਦਿੱਤੀ ਗਈ ਹੈ

'ਇਹ ਕਿਤਾਬ ਲਿਖਣ ਵੇਲੇ ਓਪਰੇਸ਼ਨ ਭਿੰਡਰਾਂਵਾਲੇ-ਖਾਲਿਸਤਾਨ (ਓਪ-1) ਨੂੰ 42 ਸਾਲ ਬੀਤ ਗਏ ਹਨ। ਇਹ ਇੰਦਰਾ ਗਾਂਧੀ ਦੀ ਅਸ਼ੀਰਵਾਦ ਨਾਲ 1978 ਵਿਚ ਸੰਜੇ ਗਾਂਧੀ ਵਲੋਂ ਵਿਉਂਤਿਆ ਗਿਆ ਸੀ। 2 ਸਾਲ ਬਾਅਦ ਇਸ ਓਪਰੇਸ਼ਨ ਦਾ ਘੇਰਾ ਸੂਬਾ ਪਧਰ ਤੋਂ ਵਧਾ ਕੇ ਦੇਸ ਪਧਰ ਤਕ (ਓਪ-੨) ਫੈਲਾਅ ਦਿਤਾ ਗਿਆ। ਇਸ ਦਾ ਇਕੋ ਇਕ ਮੰਤਵ ਕਾਂਗਰਸ ਨੂੰ ਜਨਵਰੀ 1985 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਜਿਤਾਉਣਾ ਸੀ। ਬਦਕਿਸਮਤੀ ਨਾਲ ਭਾਰਤ ਲਗਾਤਾਰ ਉਨਾਂ ਤਾਕਤਾਂ ਨਾਲ ਜੂਝ ਰਿਹਾ ਹੈ, ਜਿਹੜੀਆਂ ਕੁਝ ਸੰਵਿਧਾਨ ਬਾਹਰੇ ਮੁੱਠੀ ਭਰ ਤਾਕਤਵਰ ਨੌਜਵਾਨਾਂ ਅਤੇ ਉਹਨਾਂ ਦੇ ਦੋਸਤਾਂ ਦੀ ਗਲਤ ਮਾਅਰਕੇਬਾਜੀ ਵਜੋਂ ਗਤੀਸ਼ੀਲ ਹੋਈਆਂ ਹਨ। ਇਸ ਸਮੇਂ ਦੌਰਾਨ ਵਿਰਾਟ ਪਧਰ ਉਤੇ ਪੈਦਾ ਕੀਤੀ ਗਈ ਧਾਰਮਿਕ ਵੰਡ ਦਾ ਅੰਤ ਇਕ ਬੁਰੀ ਤਰਾਂ ਵਿਉਂਤੇ, ਬੜੀ ਭੈੜੀ ਤਰਾਂ ਯੋਜਨਾਬਧ ਕੀਤੇ ਅਤੇ ਬੜੇ ਭਿਆਨਕ ਢੰਗ ਨਾਲ ਅਮਲ ਵਿਚ ਲਿਆਂਦੇ ਗਏ ਓਪਰੇਸ਼ਨ ਬਲਿਊ ਸਟਾਰ ਨਾਲ ਹੋਇਆ। ਇੰਦਰਾ ਗਾਂਧੀ ਦੀ ਹਤਿਆ ਤੋਂ ਬਾਅਦ ਦਿੱਲੀ ਅਤੇ ਭਾਰਤ ਦੇ ਕੁਝ ਹੋਰਨਾਂ ਸ਼ਹਿਰਾਂ ਵਿਚ ਸਿੱਖਾਂ ਦੀ ਨਸਲਕੁਸ਼ੀ ਬੜੇ ਯੋਜਨਾਬੱਧ ਢੰਗ ਅਤੇ ਬੜੀ ਬਾਰੀਕਬੀਨੀ ਨਾਲ ਅਮਲ ਵਿਚ ਲਿਆਂਦੀ ਗਈ। ਇਸ ਨਾਲ ਪੰਜਾਬ ਦੇ ਨੌਜਵਾਨਾਂ ਵਿਚ ਜੋ ਰੋਸ ਅਤੇ ਗੁਸਾ ਪੈਦਾ ਹੋਇਆ, ਉਸੇ ਦਾ ਨਤੀਜਾ ਇਕ ਦਹਾਕੇ ਦੇ ਭਿਆਨਕ ਦੌਰ ਦੇ ਰੂਪ ਵਿਚ ਸੂਬੇ ਨੇ ਵੇਖਿਆ। ਸੂਬੇ ਵਿਚ ਅਮਨ ਹੋਣ ਤੋਂ ਪਹਿਲਾਂ ਰੋਹ ਵਿਚ ਆਏ ਹਜਾਰਾਂ ਸਿਖ ਨੌਜਵਾਨ ਖਾੜਕੂ ਰਾਹ ਉਤੇ ਚਲ ਕੇ ਆਪਣੀਆਂ ਜਾਨਾਂ ਗੁਆ ਗਏ, ਜਿਨਾਂ ਵਿਚੋਂ ਕੁਝ ਗਿਣਤੀ ਵਿਚ ਆਏ ਪਰ ਬਹੁਤੇ (ਲਾਵਾਰਿਸ ਲਾਸ਼ਾਂ ਦੇ ਰੂਪ ਵਿਚ) ਅਜੇ ਵੀ ਲਾਪਤਾ ਹਨ।'

... 'ਭਾਵੇਂ ਕਿ ਸਿੱਖ ਨਵੰਬਰ 1984 ਅਤੇ ਪੰਜਾਬ ਵਿਚ ਓਪਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿਚ ਵਾਪਰੇ ਬੜੇ ਭਿਆਨਕ ਜੁਰਮਾਂ ਦਾ ਇਨਸਾਫ ਉਡੀਕ ਰਹੇ ਹਨ ਪਰ ਗੋਂਗਲੂਆਂ ਤੋਂ ਮਿਟੀ ਝਾੜਨ ਵਾਂਗ 13 ਕਮਿਸ਼ਨਾਂ, ਕਮੇਟੀਆਂ ਅਤੇ ਵਿਸ਼ੇਸ਼ ਜਾਂਚ ਟੀਮਾਂ ਬਣਾਉਣ ਤੋਂ ਬਗੈਰ ਕੁਝ ਨਹੀਂ ਕੀਤਾ ਗਿਆ। ਦਰਅਸਲ ਕਿਸੇ ਨੇ ਵੀ ਅਸਲ ਮਸਲਿਆਂ ਦੀ ਤਹਿ ਤਕ ਜਾਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਜਿਵੇਂ ਕਿ ਕਮੇਟੀਆਂ ਅਤੇ ਕਮਿਸ਼ਨਾਂ ਦਾ ਬਣਨਾ ਹੀ ਮਸਲੇ ਦਾ ਹਲ ਹੈ। ਬੜੀ ਚੁਸਤੀ ਨਾਲ ਓਪਰੇਸ਼ਨ ਨੂੰ ਅਮਲ ਵਿਚ ਲਿਆਉਣ ਦੌਰਾਨ ਪੰਜਾਬ ਅੰਦਰ 15 ਸਾਲ



ਕੀ ਕੁਝ ਵਾਪਰਿਆ ਨੂੰ ਜਾਣਬੁੱਝ ਕੇ ਫਜ਼ੂਲ ਮਸਲਾ ਸਮਝ ਕੇ ਪਿਛੋਕੜ ਵਿਚ ਧੱਕ ਦਿੱਤਾ ਗਿਆ ਹੈ।'

ਦਰਅਸਲ ਪੰਜਾਬ ਅੰਦਰ ਓਪਰੇਸ਼ਨ ਬਲਿਊ ਸਟਾਰ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿਚ ਵਾਪਰੇ ਸਾਰੇ ਘਟਨਾਕਰਮ ਨੂੰ ਲੜੀਵਾਰ ਸਮਝਣ ਲਈ ਸ. ਸਿੱਧੂ ਦੀ ਇਹ ਜਾਣਕਾਰੀ ਬੜੀ ਮਹੱਤਵਪੂਰਨ ਹੈ। ਇਹ ਜਾਣਕਾਰੀ ਸੰਤ ਭਿੰਡਰਾਂਵਾਲੇ ਦੇ ਵਰਤਾਰੇ ਨੂੰ ਸਮਝਣ ਵਿਚ ਬਹੁਤ ਸਹਾਈ ਹੋ ਸਕਦੀ ਹੈ। ਸੰਤ ਭਿੰਡਰਾਂਵਾਲੇ ਦੀ ਸਖਸੀਅਤ ਨੂੰ ਬਦਨਾਮ ਕਰਨ ਲਈ ਭਾਰਤੀ ਏਜੰਸੀਆਂ ਨੇ ਜਿਹੜੀ ਕੂੜ ਦੀ ਕੰਧ ਖੜੀ ਕੀਤੀ ਸੀ, ਇਸ ਜਾਣਕਾਰੀ ਨੇ ਉਸ ਨੂੰ ਢਹਿ-ਢੇਰੀ ਕਰ ਦਿਤਾ ਹੈ।

ਇਸ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਕਿ 'ਦ ਖਾਲਿਸਤਾਨ ਸਾਜਿਸ਼' ਕਿਤਾਬ ਦੀ ਸੁਰ ਰਾਸ਼ਟਰਵਾਦੀ ਹੈ। ਸ. ਜੀ. ਬੀ. ਐਸ ਸਿੱਧੂ ਵਰਗੇ ਅਫਸਰ ਤੋਂ ਇਸ ਤੋਂ ਵਖਰੀ ਕਿਸੇ ਸੁਰ ਦੀ ਆਸ ਵੀ ਨਹੀਂ ਸੀ ਰਖਣੀ ਚਾਹੀਦੀ। ਪਰ ਇਸ ਕਿਤਾਬ ਨੇ 'ਨੇੜਿਓਂ ਡਿਠੇ ਸੰਤ ਭਿੰਡਰਾਂਵਾਲੇ ਦੇ ਕਰਤਾ ਸ. ਦਲਬੀਰ ਸਿੰਘ ਪੱਤਰਕਾਰ ਦੀ ਇਸ ਗੱਲ ਦੀ ਇਕ ਵਾਰ ਫਿਰ ਪੁਸ਼ਟੀ ਕਰ ਦਿੱਤੀ ਹੈ ਕਿ ਇੰਦਰਾ ਗਾਂਧੀ ਨੇ ਓਪਰੇਸ਼ਨ ਬਲਿਊ ਸਟਾਰ ਨੂੰ ਸਰਅੰਜਾਮ ਦੇਣ ਲਈ ਆਰ ਐਨ ਕਾਓ ਦੀ ਅਗਵਾਈ ਹੇਠ ਸਰਕਾਰ ਤੇ ਸੰਵਿਧਾਨ ਤੋਂ ਬਾਹਰੀ ਇਕ ਤੀਜੀ ਏਜੰਸੀ ਕਾਇਮ ਕੀਤੀ ਹੋਈ ਸੀ, ਜਿਸ ਕੋਲ ਬੇਹਿਸਾਬਾ ਪੈਸਾ ਅਤੇ ਤਾਕਤ ਸੀ। ਇਸ ਕਿਤਾਬ ਨੇ ਇਹ ਤਥ ਵੀ ਉਭਾਰ ਕੇ ਸਾਹਮਣੇ ਲੈਆਂਦਾ ਹੈ ਕਿ ਭਾਰਤੀ ਖੁਫੀਆ ਏਜੰਸੀਆਂ ਇਸ ਸੰਵਿਧਾਨ ਬਾਹਰੀ ਤੀਜੀ ਏਜੰਸੀ ਦੀਆਂ ਹਦਾਇਤਾਂ ਮੁਤਾਬਿਕ ਕੰਮ ਕਰਦੀਆਂ ਸਨ। ਇਹ ਤੀਜੀ ਏਜੰਸੀ ਇਸ ਗੱਲ ਪ੍ਰਤੀ ਵੀ ਸੁਚੇਤ ਸੀ ਕਿ ਇਨਾਂ ਏਜੰਸੀਆਂ ਵਿਚ ਕੰਮ ਕਰਦੇ ਸਿਖ ਅਫਸਰਾਂ ਨੂੰ ਸਿਖੀ ਵਿਰੋਧੀ ਇਨਾਂ ਸਰਗਰਮੀਆਂ ਦੀ ਭਿਣਕ ਨਾ ਪੈਣ ਦਿਤੀ ਜਾਏ।

ਉਂਝ ਇਸ ਕਿਤਾਬ ਵਿਚ ਕੀਤਾ ਗਿਆ ਇਹ ਇੰਕਸ਼ਾਫ ਬੜਾ ਪੇਤਲਾ ਹੈ ਕਿ ਓਪਰੇਸ਼ਨ ਭਿੰਡਰਾਂਵਾਲੇ-ਖਾਲਿਸਤਾਨ ਇੰਦਰਾ ਗਾਂਧੀ ਦੇ ਅਸ਼ੀਰਵਾਦ ਨਾਲ ਸੰਜੇ ਗਾਂਧੀ ਦੀ ਮੁੰਡੀਰ ਵਲੋਂ 1978 ਵਿਚ ਉਲੀਕਿਆ ਗਿਆ ਸੀ ਅਤੇ ਇਸ ਦਾ ਨਿਸ਼ਾਨਾ ਮਹਿਜ 1985 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਜਿਤਣਾ ਸੀ। ਹਕੀਕਤ ਇਹ ਕਿ 1947 ਤੋਂ ਹੀ ਸਿਖ ਕੇਂਦਰੀ ਖੁਫੀਆਂ ਏਜੰਸੀਆਂ ਦੇ ਨਿਸ਼ਾਨੇ ਉਤੇ ਸਨ ਪਰ ਇਹ ਇਕ ਵਾਰ ਫਿਰ ਕੇਂਦਰੀ ਖੁਫੀਆ ਏਜੰਸੀਆਂ ਦੀ ਨਜਰ ਵਿਚ ਖਾਸ ਤੌਰ ਉਤੇ ਉਦੋਂ ਆ ਗਏ ਜਦੋਂ ਸੰਤ ਕਰਤਾਰ ਸਿੰਘ ਹੁਰਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਤਿੰਨ ਸੌ ਸਾਲਾਂ ਸ਼ਹੀਦੀ ਪੁਰਬ ਮੌਕੇ ਜੁੜੀ ਲਖਾਂ ਦੀ ਸੰਗਤ ਵਲੋਂ ਇੰਦਰਾਂ ਗਾਂਧੀ ਦੇ ਆਉਣ ਵੇਲੇ ਖੜੇ ਹੋ ਕੇ ਉਸ ਦਾ ਸੁਆਗਤ ਕਰਨ ਬਾਰੇ ਇਤਰਾਜ ਪ੍ਰਗਟ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਦੀ ਹਾਜਰੀ ਭਰਨ ਸਮੇਂ ਕੋਈ ਵੀ ਵਿਅਕਤੀ ਵੱਡਾ ਤੇ ਛੋਟਾ ਨਹੀਂ। ਸੰਤਾਂ ਦਾ ਇਹ ਇਤਰਾਜ ਵੀ ਇਸ ਹਮਲੇ ਦਾ ਇਕ ਕਾਰਨ ਬਣਿਆ।

ਗੁਰੂ ਤੇਗ ਬਹਾਦਰ ਜੀ ਦੇ 300 ਸਾਲਾ ਸ਼ਹੀਦੀ ਦਿਹਾੜੇ ਮੌਕੇ 7 ਦਸੰਬਰ 1975 ਨੂੰ ਦਿੱਲੀ ਦੀਆਂ ਸਿੱਖ ਸੰਗਤਾਂ ਵਲੋਂ ਰਾਮ ਲੀਲਾ ਗਰਾਊਂਡ ਵਿਚ ਇਕ ਗੁਰਮਤਿ ਸਮਾਗਮ ਰੱਖਿਆ ਗਿਆ। ਗੁਰਪੁਰਬ ਨੂੰ ਸਮਰਪਿਤ ਇਕ ਜਲੂਸ ਸ੍ਰੀ ਅਨੰਦਪੁਰ ਸਾਹਿਬ ਤੋਂ ਦਿੱਲੀ ਤੱਕ ਕਢਿਆ ਗਿਆ। ਇਸ ਜਲੂਸ ਵਿਚ ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਵੱਡੀ ਪੱਧਰ ਉਤੇ ਆਮ ਸਿੱਖ ਸੰਗਤਾਂ ਸ਼ਾਮਿਲ ਹੋਈਆਂ। ਆਪਣੇ ਜਥੇ ਦੇ ਸਿੰਘਾਂ ਸਮੇਤ ਸੰਤ ਕਰਤਾਰ ਸਿੰਘ ਜੀ ਵੀ ਇਸ ਜਲੂਸ ਵਿਚ ਸ਼ਾਮਿਲ ਸਨ। ਉਨਾਂ ਦੇ ਬੈਠਿਆਂ ਹੀ ਦੇਸ਼ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਜਦੋਂ ਇਸ ਸਮਾਗਮ ਵਿਚ ਸ਼ਾਮਿਲ ਹੋਣ ਲਈ ਆਈ ਤਾਂ ਦਿੱਲੀ ਦੇ ਸਿੱਖ ਆਗੂਆਂ ਦੇ ਕਹਿਣ ਉਤੇ ਸੰਗਤਾਂ ਇੰਦਰਾ ਗਾਂਧੀ ਦੇ ਸਵਾਗਤ ਵਾਸਤੇ ਉਠ ਕੇ ਖੜੀਆਂ ਹੋ ਗਈਆਂ। ਇਸ ਗੱਲ ਦਾ ਸੰਤ ਕਰਤਾਰ ਸਿੰਘ ਜੀ ਨੇ ਬੁਰਾ ਮਨਾਇਆ ਅਤੇ ਉਹ ਆਪਣੇ ਸਿੰਘਾਂ ਸਮੇਤ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠੇ ਰਹੇ। ਇਸ ਮੌਕੇ ਗਿਆਨੀ ਜੈਲ ਸਿੰਘ ਨੇ ਇੰਦਰਾ ਗਾਂਧੀ ਦੀ ਤਾਰੀਫ ਦੇ ਪੁਲ ਬੰਨਦਿਆਂ ਉਸ ਨੂੰ ਸੰਗਤਾਂ ਨੂੰ ਮੁਖਾਤਿਬ ਹੋਣ ਲਈ ਬੁਲਾਇਆ। ਸੰਤਾਂ ਦੇ ਬੋਲਣ ਦਾ ਸਮਾ ਇੰਦਰਾ ਗਾਂਧੀ ਤੋਂ ਬਾਅਦ ਦਾ ਸੀ। ਸੰਤਾਂ ਨੇ ਇੰਦਰਾ ਗਾਂਧੀ ਦੀ ਹਾਜ਼ਰੀ ਵਿਚ ਇਹ ਬਚਨ ਕਹੇ ਕਿ ਇਥੇ ਆ ਕੇ ਪ੍ਰਧਾਨ ਮੰਤਰੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸਿਰ ਝੁਕਾਉਣਾ ਚਾਹੀਦਾ ਸੀ ਨਾ ਕਿ ਉਸ ਦੇ ਸਹਿਚਾਰ ਵਾਸਤੇ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਉਠ ਕੇ ਖੜੇ ਹੋਣਾ ਚਾਹੀਦਾ ਸੀ। ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਦਾ ਸਦਕਾ ਹੀ ਅੱਜ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਦੀ ਕੁਰਸੀ ਉਤੇ ਬਿਰਾਜ਼ਮਾਨ ਹੈ। ਪ੍ਰਧਾਨ ਮੰਤਰੀ ਨੂੰ ਚਾਹੀਦਾ ਸੀ ਕਿ ਉਹ ਨੰਗੇ ਪੈਰੀਂ ਆ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਝੁਕਾਉਂਦੀ ਨਾ ਕਿ ਸੰਗਤਾਂ ਉਸ ਦੇ ਸਤਿਕਾਰ ਵਿਚ ਖੜੀਆਂ ਹੁੰਦੀਆਂ। ਸਿੱਖ ਸੰਗਤਾਂ ਦਾ ਸਿਰ ਸਿਰਫ ਗੁਰੂ ਗ੍ਰੰਥ ਸਾਹਿਬ ਅੱਗੇ ਹੀ ਝੁਕਣਾ ਚਾਹੀਦਾ ਹੈ ਨਾ ਕਿ ਕਿਸੇ ਵਿਅਕਤੀ ਅਗੇ ਭਾਵੇਂ ਉਹ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਹੀ ਕਿਉਂ ਨਾ ਹੋਵੇ।

ਦਰਅਸਲ ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਦੇ ਕਹੇ ਇਹੀ ਬਚਨ ਸਨ, ਜਿਨਾਂ ਨੇ ਇੰਦਰਾ ਗਾਂਧੀ ਸਮੇਤ ਜ਼ਾਲਮ, ਜਾਬਰ, ਵਹਿਸ਼ੀ, ਮਕਾਰ ਅਤੇ ਸਿਰੇ ਦੀ ਹੰਕਾਰੀ ਸਰਕਾਰੀ ਅਫ਼ਸਰਸ਼ਾਹੀ ਦੇ ਕੰਨ ਖੜੇ ਕਰ ਦਿਤੇ। ਉਸ ਦਿਨ ਤੋਂ ਹੀ 'ਦਮਦਮੀ ਟਕਸਾਲ' ਸਰਕਾਰੀ ਖੁਫੀਆ ਏਜੰਸੀਆਂ ਦੇ ਏਜੰਡੇ ਉਤੇ ਆ ਗਈ। ਧਿਆਨ ਰਹੇ ਕਿ ਇਹ ਉਹ ਦੌਰ ਸੀ ਜਦੋਂ ਇੰਦਰਾ ਗਾਂਧੀ ਨੇ ਸਮੁਚੇ ਦੇਸ਼ ਵਿਚ ਐਮਰਜੈਂਸੀ ਲਾ ਕੇ ਸਾਰੀਆਂ ਕਾਨੂੰਨੀ ਸ਼ਕਤੀਆਂ ਆਪਣੇ ਹੱਥ ਵਿਚ ਲਈਆਂ ਹੋਈਆ ਸਨ। ਸਾਰੇ ਵਿਰੋਧੀ ਰਾਜਸੀ ਆਗੂ ਜੇਲਾਂ ਵਿਚ ਨਜਰਬੰਦ ਸਨ। ਇਕ ਸਿਖ ਵਜੋਂ ਸੰਤਾਂ ਦੇ ਸਵੈਮਾਣ ਦੀ ਇਹ ਬੁਲੰਦੀ ਸੀ, ਜਿਸ ਨੇ ਸਰਕਾਰੀ ਖੁਫੀਆਂ ਏਜੰਸੀਆਂ ਨੂੰ ਚੌਕਸ ਕਰ ਦਿੱਤਾ ਅਤੇ ਉਸ ਤੋਂ ਬਾਅਦ ਹੀ ਦਮਦਮੀ ਟਕਸਾਲ ਤੇ ਸੰਤਾਂ ਦੀਆਂ ਸਰਗਰਮੀਆਂ ਦਾ ਨੋਟਿਸ ਲਿਆ ਜਾਣ ਲੱਗਾ। ਸੰਤ ਕਰਤਾਰ ਸਿੰਘ ਹੁਰਾਂ ਨੇ ਗੁਰੂ ਤੇਗ ਬਹਾਦਰ ਜੀ ਦੇ 300 ਸਾਲਾਂ ਸ਼ਹੀਦੀ ਪੁਰਬ ਦੇ ਮੌਕੇ ਧਰਮ ਪ੍ਰਚਾਰ ਕਰਨ ਅਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਐਮਰਜੈਂਸੀ ਵਿਰੁਧ ਲਾਏ ਗਏ ਮੋਰਚੇ ਵਾਸਤੇ ਸਿਖਾਂ ਨੂੰ ਲਾਮਬੰਦ ਕਰਨ ਲਈ ਪੰਜਾਬ ਦੀਆਂ ਵੱਖ-ਵੱਖ ਥਾਵਾਂ ਤੋਂ ਆਰੰਭ ਕਰ ਕੇ 37 ਜਲੂਸ ਕਢੇ। ਇਨਾਂ ਜਲੂਸਾਂ ਨੂੰ ਸਿੱਖ ਸੰਗਤਾਂ ਨੇ ਏਨਾ ਭਰਵਾਂ ਹੁਗਾਰਾਂ ਦਿੱਤਾ ਕਿ ਹਰੇਕ ਜਲੂਸ ਵਿਚ 300-400 ਟਰੱਕ, ਟਰਾਲੀਆਂ ਤੇ ਕਾਰਾਂ ਸਮੇਤ ਹਜ਼ਾਰਾਂ ਸਿੱਖ ਸੰਗਤਾਂ ਸ਼ਾਮਿਲ ਹੁੰਦੀਆਂ। ਜਲੂਸ ਘੱਟੋ-ਘੱਟ 100 ਕਿਲੋਮੀਟਰ ਦੇ ਇਲਾਕੇ ਵਿਚ ਪੈਂਦੇ ੬੦-੭੦ ਪਿੰਡਾਂ ਵਿਚੋਂ ਲੰਘਦਾ। ਪਿੰਡ ਪਿੰਡ ਸਵਾਗਤੀ ਗੇਟ ਬਣਾ ਕੇ ਸੰਗਤਾਂ ਜਲੂਸ ਆਉਣ ਤੋਂ ਪਹਿਲਾਂ ਹੀ ਇਕੱਠੀਆਂ ਹੋ ਜਾਂਦੀਆਂ। ਸੰਤ ਜੀ ਹਰੇਕ ਪਿੰਡ ਰੁਕ ਕੇ ਪ੍ਰਚਾਰ ਕਰਦੇ। ਸੰਗਤਾਂ ਕੋਲੋਂ ਬਾਹਵਾਂ ਖੜੀਆਂ ਕਰਵਾ ਕੇ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਭੇਖਧਾਰੀ ਸਾਧ ਨੂੰ ਗੁਰੂ ਨਾ ਮੰਨਣ ਅਤੇ ਅੰਮ੍ਰਿਤ ਛਕ ਕੇ ਦਸਮ ਪਾਤਸ਼ਾਹ ਦੇ ਪੁਤਰ ਬਣਨ ਦਾ ਪ੍ਰਣ ਲੈਂਦੇ। ਗੱਜ ਵੱਜ ਕੇ ਸੰਗਤਾਂ ਵਾਰ ਵਾਰ ਸੰਤਾਂ ਦੇ ਮਗਰ ਦੁਹਰਾਉਂਦੀਆਂ : 'ਮੇਰਾ ਸਿਰ ਜਾਵੇ ਤਾਂ ਜਾਵੇ ਮੇਰਾ ਸਿਖੀ ਸਿਦਕ ਨਾ ਜਾਵੇ।' ਸੰਤ ਕਰਤਾਰ ਸਿੰਘ ਹੁਰਾਂ ਦੀ ਅਗਵਾਈ ਹੇਠਲੀ ਦਮਦਮੀ ਟਕਸਾਲ ਦੀ ਵਧ ਰਹੀ ਇਸ ਤਾਕਤ ਨੂੰ ਠਲਣ ਲਈ ਹੀ ਜ਼ਿਲਾ ਗੁਰਦਾਸਪੁਰ ਦਾ ਡਿਪਟੀ ਕਮਿਸ਼ਨਰ ਨਰਿੰਜਣ ਸਿੰਘ ਅਤੇ ਪੰਜਾਬ ਸਰਕਾਰ ਦਾ ਮੁਖ ਸਕਤਰ ਹਰਦੇਵ ਸਿੰਘ 'ਨਿਰੰਕਾਰੀ' ਲਾਏ ਗਏ ਸਨ।

ਇਸ ਨਿਰੰਕਾਰੀ ਡਿਪਟੀ ਕਮਿਸ਼ਨਰ ਨੇ ਕਿਵੇਂ ਸੰਤਾਂ ਦੇ ਸਵੈਮਾਣ ਦਾ ਇਮਤਿਹਾਨ ਲਿਆ, ਇਸ ਦੀ ਜਾਣਕਾਰੀ ਵੀ ਬਾਅਦ ਵਿਚ ਵਾਪਰੀਆਂ ਘਟਨਾਵਾਂ ਬਾਰੇ ਕੁਝ ਰੋਸ਼ਨੀ ਪਾ ਸਕਦੀ ਹੈ। ਇਕ ਜਲੂਸ ਤੋਂ ਪਹਿਲੀ ਰਾਤ 10 ਵਜੇ ਦੇ ਕਰੀਬ ਇਕ ਪੁਲਿਸ ਅਫਸਰ ਨੂੰ ਲਿਖਤੀ ਪ੍ਰਵਾਨਾ ਦੇ ਕੇ ਸੰਤਾਂ ਕੋਲ ਭੇਜਿਆ ਗਿਆ ਕਿ ਸਵੇਰੇ 9 ਵਜੇ ਵੱਡੀ ਸੜਕ ਵਿਹਲੀ ਹੋਣੀ ਚਾਹੀਦੀ ਹੈ, ਕਿਉਂਕਿ ਇਕ ਕੇਂਦਰੀ ਮੰਤਰੀ ਅਤੇ ਮੁੱਖ ਮੰਤਰੀ ਨੇ ਉਥੋਂ ਲੰਘਣਾ ਹੈ। ਇਸ ਲਈ ਜਲੂਸ ਨੂੰ ਉਥੋਂ 9 ਵਜੇ ਤੋਂ ਪਹਿਲਾਂ ਪਹਿਲਾਂ ਲੰਘਾ ਲਉ। ਸੰਤਾਂ ਨੇ ਪੁਲਿਸ ਅਫਸਰ ਨੂੰ ਇਹ ਕਹਿ ਕੇ ਵਾਪਸ ਮੋੜ ਦਿਤਾ ਕਿ ਕੋਈ ਵੀ ਦੁਨਿਆਵੀ ਮੰਤਰੀ ਗੁਰੂ ਗ੍ਰੰਥ ਸਾਹਿਬ ਤੋਂ ਵੱਡਾ ਨਹੀਂ, ਇਸ ਲਈ ਦੋਵਾਂ ਮੰਤਰੀਆਂ ਨੂੰ ਕਹਿ ਦੇਵੋ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਯਾਦ ਵਿਚ ਸੰਗਤਾਂ ਦਾ ਮਹਾਨ ਜਲੂਸ ਆ ਰਿਹਾ ਹੈ, ਇਸ ਲਈ ਉਹ ਦੋਵੇਂ ਸੜਕ ਕਿਨਾਰੇ ਜੋੜੇ ਲਾਹ ਕੇ ਦੋਵੇਂ ਹੱਥ ਜੋੜ ਕੇ ਖੜੇ ਹੋ ਜਾਣ ਤੇ ਜਲੂਸ ਦੇ ਸਤਿਕਾਰ ਵਿਚ ਸੜਕ ਖਾਲੀ ਕਰ ਦੇਣ। ਇਸੇ ਤਰਾਂ ਹੀ ਹੋਇਆ। ਜਲੂਸ ਆਪਣੇ ਮਿਥੇ ਸਮੇਂ ਉਤੇ ਆਰੰਭ ਹੋਇਆ ਅਤੇ ਪਹਿਲੇ ਉਲੀਕੇ ਮਾਰਗ ਤੋਂ ਲੰਘਿਆ। ਡਿਪਟੀ ਕਮਿਸ਼ਨਰ ਨਰਿੰਜਣ ਸਿੰਘ ਆਪਣੇ ਹੁਕਮ ਦੀ ਹੋਈ ਇਸ ਉਲੰਘਣਾ ਤੋਂ ਖਿਝਦਾ ਰਿਹਾ। ਅਜਿਹੇ ਮੌਕੇ ਇਕ ਵਾਰ ਨਹੀਂ ਅਨੇਕ ਵਾਰ ਆਏ। ਅਸਲ ਵਿਚ ਇਹੀ ਸਿੱਖ ਸਵੈਮਾਣ ਅਤੇ ਸਿੱਖੀ ਦੀ ਆਤਮਾ ਸੀ, ਜਿਸ ਨੂੰ ਕੁਚਲਣ ਤੇ ਮਾਰਨ ਲਈ ਜੂਨ 1984 ਵਿਚ ਸ੍ਰੀ ਅਕਾਲ ਤਖਤ ਸਾਹਿਬ ਉਤੇ ਫੌਜੀ ਹਮਲਾ ਕੀਤਾ ਗਿਆ।

ਸਿਰਦਾਰ ਕਪੂਰ ਸਿੰਘ ਦੀਆਂ ਲਿਖਤਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਭਾਰਤੀ ਹੁਕਮਰਾਨ 1947 ਤੋਂ ਹੀ ਇਹ ਯਤਨ ਕਰਦੇ ਆ ਰਹੇ ਹਨ। ਪੰਜਾਬੀ ਸੂਬੇ ਦੇ ਮੋਰਚੇ ਤੇ ਅਨੰਦਪੁਰ ਸਾਹਿਬ ਦੇ ਮਤੇ ਦੀਆਂ ਮੰਗਾਂ ਮਨਵਾਉਣ ਲਈ ਲੱਗੇ ਧਰਮ ਯੁਧ ਮੋਰਚੇ ਨੂੰ ਸਰਕਾਰੀ ਜਬਰ ਨਾਲ ਕੁਚਲਣਾ ਇਸ ਦੀਆਂ ਮਿਸਾਲਾਂ ਹਨ। ਅਨੰਦਪੁਰ ਦੇ ਮਤੇ ਵਿਚ ਇਹ ਸਪੱਸ਼ਟ ਦਰਜ ਹੈ ਕਿ ਹਿੰਦੁਸਤਾਨ ਦੀ ਧਕੜ ਬਹੁਗਿਣਤੀ ਨੇ 1950 ਵਿਚ ਮੁਲਕ ਉਤੇ ਇਕ ਅਜਿਹਾ ਸੰਵਿਧਾਨਕ ਇੰਤਜ਼ਾਮ ਠੋਸਿਆ ਹੈ, ਜਿਸ ਨੇ ਸਿਖਾਂ ਨੂੰ ਉਨਾਂ ਦੀ ਰਾਜਸੀ ਪਛਾਣ ਅਤੇ ਸਭਿਆਚਾਰਕ ਵਿਲੱਖਣਤਾ ਤੋਂ ਸਖਣੇ ਕਰ ਦਿੱਤਾ ਹੈ। ... ਸਿੱਖਾਂ ਨਾਲ ਪਹਿਲੋਂ ਕੀਤੇ ਸੰਜੀਦਾ ਇਕਰਾਰਨਾਮੇ ਅਤੇ ਸ਼ਰੇਆਮ ਕੀਤੇ ਵਾਅਦਿਆਂ ਨੂੰ ਬੇਲਿਹਾਜ਼ੀ ਨਾਲ ਤੋੜ ਕੇ ਸਿਖਾਂ ਨੂੰ ਜਕੜ ਕੇ ਗੁਲਾਮ ਬਣਾ ਲਿਆ ਗਿਆ ਹੈ। ... ਸਿੱਖ ਆਪਣੇ-ਆਪ ਨੂੰ ਹਰ ਵਾਜਬ ਢੰਗ ਨਾਲ ਇਸ ਜ਼ਿਲਤ ਭਰੀ ਅਤੇ ਵਿਨਾਸ਼ਕਾਰੀ ਸਥਿਤੀ ਵਿਚੋਂ ਬਚਾਉਣ ਅਤੇ ਆਜ਼ਾਦ ਹੋਣ ਲਈ ਦ੍ਰਿੜ ਸੰਕਲਪ ਹਨ ਤਾਂ ਕਿ ਉਹ ਸਵੈਮਾਣ ਨਾਲ ਜਿਉਣ ਨੂੰ ਪੱਕੇ ਤੌਰ ਉਤੇ ਯਕੀਨੀ ਬਣਾ ਸਕਣ। ਇਹ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਗਾਮੀ ਰਾਜਨੀਤਕ ਸੂਝ ਹੀ ਸੀ ਕਿ ਉਨਾਂ ਨੇ ਇਸ ਹਮਲੇ ਵਿਰੁਧ ਸਮੁਚੇ ਸਿੱਖ ਪੰਥ ਨੂੰ ਆਪਣੇ ਮਗਰ ਲਾਮਬੰਦ ਕਰ ਲਿਆ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਅਜਮਤ ਲਈ ਜੂਝਦਿਆਂ ਹੋਇਆਂ ਸ਼ਹੀਦੀ ਦੇ ਕੇ ਇਸ ਨੂੰ ਦਿੱਲੀ ਤਖਤ ਅਤੇ ਅਕਾਲ ਤਖਤ ਦੀ ਟੱਕਰ ਬਣਾ ਦਿੱਤਾ। ਸੰਤ ਭਿੰਡਰਾਂਵਾਲੇ ਇਹ ਗੱਲ ਵਾਰ ਵਾਰ ਦੁਹਰਾਉਂਦੇ ਰਹੇ ਕਿ ਜੇ ਸਿੱਖਾਂ ਨੇ ਇਸ ਦੇਸ਼ ਵਿਚ ਰਹਿਣਾ ਤਾਂ ਸਵੈਮਾਣ ਨਾਲ ਜਿਉਣਾ ਹੈ ਅਤੇ ਸਿੱਖ ਜਮੀਰ ਨੂੰ ਜਿਉਂਦੀ ਰੱਖ ਕੇ ਜਿਉਣਾ ਹੈ। ਇਸ ਟਕਰਾਅ ਦਾ ਅਸਲੀ ਕਾਰਨ ਇਹੀ ਸੀ। ਸੰਤਾਂ ਦੀ ਸੂਝ ਅਤੇ ਸੂਰਮਗਤੀ ਨੇ ਸਿੱਖ ਸੰਘਰਸ਼ ਦਾ ਸਾਰਾ ਬਿਰਤਾਂਤ ਹੀ ਬਦਲ ਦਿੱਤਾ।

# ਭੱਜਦੀਆਂ ਜਾਂਦੀਆਂ ਗੱਲਾਂ

**ਕੇਵਲ ਧਰਮਪੁਰਾ**
੯੮੭੮੮੮੦੧੫੬੧

ਸਿਰਲੇਖ ਪੜ ਕੇ ਪਤਾ ਨਹੀਂ ਤੁਸੀਂ ਕੀ ਅੰਦਾਜ਼ਾ ਲਗਾਇਆ ਹੋਵੇਗਾ ਪਰ ਮੈਂ ਕਾਫੀ ਸੋਚ ਵਿਚਾਰ ਕੇ ਰੱਖਿਆ ਹੈ ਇਹ ਸਿਰਲੇਖ। ਗੱਲ ਇਸ ਤਰਾਂ ਹੈ ਕਿ ਜਦੋਂ ਅਸੀਂ ਕਿਸੇ ਸੜਕ, ਗਲੀ ਜਾਂ ਕਿਸੇ ਜਨਤਕ ਥਾਂ 'ਤੇ ਖੜੇ ਹੋਈਏ ਓਸੇ ਵਕਤ ਕੋਈ ਦੋ ਪਹੀਆ ਵਾਹਨ ਸਾਡੇ ਕੋਲੋਂ ਦੀ ਲੰਘਦਾ ਹੈ ਤਾਂ ਉਸ ਉੱਤੇ ਸਵਾਰ ਸਵਾਰੀਆਂ ਦੀਆਂ ਗੱਲਾਂ ਸਾਡੇ ਕੰਨੀਂ ਪੈਂਦੀਆਂ ਹਨ। ਇਸ ਤਰਾਂ ਲੱਗਦਾ ਹੈ ਜਿਵੇਂ ਗੱਲਾਂ ਭੱਜੀਆਂ ਜਾਂਦੀਆਂ ਹਨ, ਕਈ ਮੇਰੇ ਵਰਗੇ ਕਮਲੇ ਭੱਜਦੀਆਂ ਗੱਲਾਂ ਨੂੰ ਵੀ ਫੜ ਲੈਂਦੇ ਹਨ। ਜ਼ਿਆਦਾ ਵਾਰ ਉਨਾਂ ਦੀਆਂ ਅੱਧ ਅਧੂਰੀਆਂ ਗੱਲਾਂ ਹੀ ਸੁਣਦੀਆਂ ਹਨ। ਪਰ ਅਸੀਂ ਫੇਰ ਵੀ ਜ਼ਿਆਦਾਤਰ ਗੱਲਾਂ ਨੂੰ ਸਮਝ ਜਾਂਦੇ ਹਾਂ। ਅੱਜ ਆਪਾਂ ਇਨਾਂ ਗੱਲਾਂ ਬਾਰੇ ਹੀ ਚਰਚਾ ਕਰਾਂਗੇ। ਇਸ ਦੇ ਉਲਟ ਕਈ ਬਾਰ ਅਸੀਂ ਬਾਇਕ ਤੇ ਜਾ ਰਹੇ ਹੋਈਏ ਤਾਂ ਨੇੜੇ- ਤੇੜੇ ਦੇ ਲੋਕਾਂ ਦੀਆਂ ਗੱਲਾਂ ਵੀ ਇਸੇ ਤਰਾਂ ਹੀ ਪੱਲੇ ਪੈਂਦੀਆਂ ਹਨ। ਇਹ ਹੀ ਗੱਲਾਂ ਹੁੰਦੀਆਂ ਨੇ ਜੋ ਲੋਕਾਂ ਦੀਆਂ ਜਮੀਨੀ ਪੱਧਰ ਦੀਆਂ ਗੱਲਾਂ ਹੁੰਦੀਆਂ ਨੇ। ਇੱਥੇ ਲੋਕ ਆਪਣੀ ਪੂਰੀ ਭੜਾਸ ਕੱਢਦੇ ਹਨ। ਇਥੇ ਸਾਨੂੰ ਲੋਕਲ, ਸਟੇਟ ਪੱਧਰ, ਨੈਸ਼ਨਲ ਅਤੇ ਇੰਟਰਨੈਸ਼ਨਲ ਪੱਧਰ ਦੀਆਂ ਗੱਲਾਂ ਸੁਣਨ ਨੂੰ ਮਿਲਣਗੀਆਂ।

ਮੈਂ ਤਾਂ ਇਨਾਂ ਗੱਲਾਂ ਦੇ ਜ਼ਿਆਦਾਤਰ ਅਰਥ ਸਮਝ ਲੈਂਦਾ ਹਾਂ ਦੇਖਦੇ ਹਾਂ ਕਿ ਤੁਸੀਂ ਸਮਝ ਪਾਉਂਦੇ ਹੋ ਜਾਂ ਨਹੀਂ । ਚੱਲੋ ਦੇਖਦੇ ਹਾਂ ਕਿ ਤੁਹਾਡੀ ਸਮਝ ਕਿੰਨੀ ਕੁ ਹੈ, ਤੇ ਤੁਸੀਂ ਆਪਣੇ ਮੌਜੂਦਾ ਸਮੇਂ ਦੀ ਕਿੰਨੀ ਕੁ ਜਾਣਕਾਰੀ ਰੱਖਦੇ ਹੋ? ਮਾਫ਼ੀ ਚਾਹੁੰਦਾ ਹਾਂ ਕਿ ਲੋਕਾਂ ਦੁਆਰਾ ਕੱਢੀਆਂ ਜਾਂਦੀਆਂ ਗਰਮ ਗਰਮ ਗਾਲਾਂ ਸ਼ਾਮਲ ਨਹੀਂ ਕਰ ਪਾਵਾਂਗਾ। ਬਾਕੀ ਸਾਡੇ ਲੋਕਾਂ ਦੀ ਭਾਸ਼ਾ ਤਾਂ ਤੁਸੀਂ ਆਪ ਹੀ ਸਮਝਦੇ ਹੋ।

ਇੱਕ ਵਾਰ ਮੈਂ ਬਾਇਕ 'ਤੇ ਜਾ ਰਿਹਾ ਸੀ। ਰਸਤੇ ਵਿਚ ਇੱਕ ਬਜ਼ੁਰਗ ਦੀ ਗੱਲ ਮੇਰੇ ਕੰਨੀਂ ਬਸ ਐਨੀ ਕੁ ਪਈ, 'ਬਈ ਇਹ ਤਾਂ ਕੁਛ ਨਾ ਕੁਛ ਭੌਂਕਦਾ ਹੀ ਰਹਿੰਦਾ ਫੇਸਬੁੱਕ ਤੇ, ਇਹਦਾ ਮਕਸਦ ਬਸ ਸੁਰਖੀਆਂ ਵਿੱਚ ਰਹਿਣਾ ਹੀ ਆ।' ਹੁਣ ਇਹ ਕੌਣ ਹੈ? ਕੀ ਪਤਾ, ਉਹ ਜਾਣੇ ਜਾਂ ਤੁਸੀਂ।

ਥੋੜਾ ਹੋਰ ਅੱਗੇ ਕੋਈ ਕਹਿ ਰਿਹਾ ਸੀ, 'ਬਹੁਤ ਵੱਡਾ ਤੂਫ਼ਾਨ ਆ ਰਿਹਾ, ਮੀਡੀਆ ਦੇ ਹਿਸਾਬ ਨਾਲ ਤਾਂ ਪੰਜਾਬ ਨੂੰ ਉਡਾ ਕੇ ਲੈਜੂ। ਰੱਬ ਖੈਰ ਕਰੇ।'

ਇਹ ਕਿਹੜੇ ਤੂਫ਼ਾਨ ਦੀ ਗੱਲ ਕਰਦੇ ਨੇ, ਮੀਡੀਆ ਦੇ ਪੱਟੇ ਹੋਏ ਲੱਗਦੇ ਨੇ।

ਮੈਂ ਖੇਤ ਚ ਪਾਣੀ ਲਗਾ ਰਿਹਾ ਸੀ ਸੜਕ ਤੇ ਭੱਜਦੀਆਂ ਅਨੇਕਾਂ ਗੱਲਾਂ ਮੇਰੇ ਕੰਨੀਂ ਪੈਂਦੀਆਂ ਰਹੀਆਂ। ਜਿਵੇਂ ਕਿ- 'ਬੈਂਕ ਨਾਲ ਕਰੋੜਾਂ ਦਾ ਘਪਲਾ ਕਰਕੇ ਉਹ ਵਿਦੇਸ਼ ਚ ਜਾ ਵੜਿਆ, ਕੀ ਕਰ ਲਿਆ ਉਸ ਦਾ?' ਇਹ ਕਿਸ ਦੀ ਗੱਲ ਹੈ ਖੈਰ ਉਹ ਹੀ ਜਾਣੇ ਜਾਂ ਤੁਸੀਂ?

ਇੱਕ ਹੋਰ ਗੱਲ, 'ਹੁਣ ਕਾਲਾ ਧੰਨ ਕਿਵੇਂ ਚਿੱਟਾ ਹੋ ਗਿਆ, ਯਾਰ ਹੁਣ ਕੋਈ ਬੋਲਦਾ ਹੀ ਨਹੀਂ , ਔਹ ਵੀ ਚੁੱਪ ਐ ....'

ਇੱਕ ਹੋਰ, 'ਇਹ ਤਾਂ ਚੀਕੂ ਖਾਣਾ ਐ ਇਸ ਤੋਂ ਨੀ ਹੁੰਦਾ ਕੁਛ।' ਹੁਣ ਇਹ ਕੀ ਸੱਪ ਕੱਢ ਤਾ?

ਇੱਕ ਹੋਰ ਆਵਾਜ਼ ਆਈ, 'ਇਹ ਵੀ ਵੋਟਾਂ ਭਾਲਦੈ ਪਹਿਲਾਂ ਤਾਂ ਖਾ ਕੇ ਭੁੱਕੜ ਇਹ ਨੀ ਪਤਾ ਰਹਿੰਦਾ ਵੀ ਕੀ ਬੋਲਣਾ ਹੈ ਕੀ ਨਾ।'

ਇੱਕ ਹੋਰ ਸੁਣਿਆ, 'ਇਹ ਤਾਂ ਸਾਰਾ ਮੁਲਕ ਖਾ ਗਿਆ, ਲੱਗਦੈ ਸਾਰਾ ਕੁਛ ਹੀ ਵੇਚੂ ਦੇਸ ਦਾ, ਦੇਸ ਹੀ ਵੇਚ ਤਾ ਹੋਰ ਕੀ ਵੇਚੂ'

ਇੱਕ ਹੋਰ ਸੁਣੋ, 'ਲੱਗਦੈ ਪੈਟਰੋਲ ਲਾਊ ਸੈਂਕੜਾ ਬਾਈ। ਜੀਣਾ ਦੁੱਭਰ ਕਰਤਾ ਮਹਿੰਗਾਈ ਨੇ।'

ਇਸੇ ਤਰਾਂ ਕੁੱਝ ਹੋਰ ਵੱਖ ਵੱਖ ਸਮੇਂ ਦੀਆਂ ਉਡਦੀਆਂ ਜਾਂਦੀਆਂ ਗੱਲਾਂ, ਜੋ ਮੈਂ ਫੜ ਲਈਆਂ ਸੀ ਤੇ ਨੋਟ ਕਰ ਲਈਆਂ ਸੀ, ਤੁਸੀਂ ਵੀ ਸੁਣੋ ਤੇ ਸਮਝੋ ਦੇਸ਼ ਦੇ ਲੋਕ ਵੱਖ ਵੱਖ ਮੁੱਦਿਆਂ ਨੂੰ ਕਿਸ ਤਰਾਂ ਵਿਚਾਰਦੇ ਹਨ:

'ਆਪ ਪੰਜ ਪੰਜ ਪੈਨਸ਼ਨਾਂ ਲੈ ਰਹੇ ਨੇ ਸਾਡੇ ਵਾਰੀ ਇੱਕ ਵੀ ਨਹੀਂ। ਦੇਖ ਲਾ ਫੇਰ।'

'ਦੋ ਸਾਲ ਹੋਗੇ ਜਵਾਕਾਂ ਨੂੰ ਬਿਨਾਂ ਪੜੇ ਹੀ ਪਾਸ ਕਰੀ ਜਾਂਦਾ।'

'ਜੇ ਸਕੂਲ ਐਵੀਂ ਬੰਦ ਰਹੇ ਤਾਂ ਬੱਚੇ ਚਿਰੜ-ਘੁੱਗ ਬਣ ਜਾਣਗੇ'

'ਇਹ ਬੰਦਾ ਤਾਂ ਸਰਕਾਰੀ ਚਮਚਾ ਆ, ਸਰਕਾਰਾਂ ਦੀ ਉਹ ਨੀਤੀ ਆ ਵੀ ਵੰਡੋ ਤੇ ਰਾਜ ਕਰੋ।' ਹੁਣ ਇਹ ਕੌਣ ਆ?

'ਬਾਈ ਇਹ ਅੱਤਵਾਦੀ ਵੋਟਾਂ ਵੇਲੇ ਕਿਧਰੋਂ ਨਿੱਕਲ ਆਉਂਦੇ ਨੇ?'

'ਭਰਾਵੋ ਸਾਈਕਲ ਦੇ ਵੀ ਸਟੈਂਡ ਹੁੰਦਾ ਪਰ ਇਨਾਂ ਦੇ ਨੀਂ।' ਹਾ ਹਾ ਹਾ ...ਕਿੰਨਾਂ ਦੇ?

'ਜਿੰਨਾ ਪੈਸਾ ਇੱਕ ਬੁੱਤ ਤੇ ਲਾਤਾ ਐਨੇ 'ਚ ਤਾਂ ਕਈ ਹਸਪਤਾਲ ਬਣ ਜਾਂਦੇ।'

'ਯਾਰ ਸਾਡੇ ਟੀ. ਵੀ. ਸੀਰੀਅਲਾਂ ਜਿੰਨਾ ਅੰਧ-ਵਿਸ਼ਵਾਸ਼ ਕੋਈ ਨੀ ਫੈਲਾਉਂਦਾ। ਏਧਰ ਕੋਈ ਧਿਆਨ ਨਹੀਂ ਮਾਰਦਾ, ਜ਼ਨਾਨੀਆਂ ਦੇਖ ਦੇਖ ਅੱਧੀਆਂ ਕਮਲੀਆਂ ਹੋ ਰਹੀਆਂ ਨੇ।'

'ਆ ਦੇਖ ਲਾ ਬਾਈ ਵਿਕਾਊ ਮੀਡੀਆ ਦਾ ਹਰੇਕ ਚੈਨਲ ਹੀ ਆਪਣੇ ਆਪ ਨੂੰ ਪਹਿਲੇ ਨੰਬਰ ਤੇ ਦੱਸੀ ਜਾਂਦਾ, ਦੂਜੇ ਤੇ ਕਿਹੜਾ ਇਹ ਪਤਾ ਹੀ ਨੀ ਲੱਗਦਾ।'

'ਉੱਲੂ ਅਜੇ ਖਤਮ ਨਹੀਂ ਹੋਏ ਪੁੱਤਰੋ'

'ਦੇਖ ਲਿਓ ਸ਼ੇਰਾ, ਇਹ ਆਪਸ ਹੀ ਲੜ ਲੜ ਮਰ ਜਾਣਗੇ।'

'ਜਿਸਨੂੰ ਵਿਲੇਨ ਵਿਲੇਨ ਕਹਿੰਦੇ ਸੀ, ਉਹ ਤਾਂ ਅਸਲੀ ਹੀਰੋ ਨਿਕਲਿਆ। ਜਿਹੜੇ ਹੀਰੋ ਬਣਦੇ ਸੀ ਉਹ ਤਾਂ ਜ਼ੀਰੋ ਤੋਂ ਵੀ ਗਿਰ ਗਏ।'

'ਬਾਬੇ ਜੇ ਆਹ ਮੂਰਤੀਆਂ ਚ ਸ਼ਕਤੀ ਹੋਵੇ, ਤਾਂ ਇਹ ਦੁੱਧ ਪੀਣ ਨਾ, ਸਗੋਂ ਦੁੱਧ ਦੇਣ।'

'ਅੱਜ ਦੇ ਟੈਮ ਦਾ ਗਾਇਕ ਤਾਂ ਇੱਕੋ ਆ ਜੋ ਪੰਜਾਬੀ ਬੋਲੀ ਦੀ ਸੇਵਾ ਕਰ ਰਿਹਾ । ਬਾਕੀ ਤਾਂ ਗਾਲਮ ਗਾਲੇ ਹੀ ਹੋਈ ਜਾਂਦੇ ਨੇ।'

'ਦੇਖ ਲਾ ਬਾਈ ਕਰੋਨਾ ਕਰਕੇ ਪੇਪਰ ਕੈਂਸਲ ਕਰਤੇ ਪਰ ਰੈਲੀਆਂ ਨੀ।'

ਸੋ ਇਸ ਤਰਾਂ ਇਹ ਭੱਜਦੀਆਂ ਜਾਂਦੀਆਂ ਗੱਲਾਂ ਸਨ ਜੋ ਮੈਂ ਨੋਟ ਕਰ ਲਈਆਂ ਸੀ ਤੇ ਤੁਹਾਡੇ ਨਾਲ ਸਾਂਝੀਆਂ ਕੀਤੀਆਂ। ਬਹੁਤ ਗੱਲਾਂ ਰਹਿ ਵੀ ਗਈਆਂ ਹੋਣਗੀਆਂ। ਤੇ ਇਹ ਨਿੱਤ ਨਵੀਆਂ ਤੋਂ ਨਵੀਆਂ ਬਣਦੀਆਂ ਰਹਿੰਦੀਆਂ ਹਨ। ਹਰ ਰੋਜ਼ ਬਦਲ ਰਹੀਆਂ ਹਨ। ਲੋਕ ਤਾਂ ਹੋਰ ਵੀ ਘੈਂਟ ਘੈਂਟ ਗੱਲਾਂ ਕਰਦੇ ਨੇ। ਭਾਵੇਂ ਕੁੱਝ ਵੀ ਹੈ ਪਰ ਇਹ ਗੱਲਾਂ ਹੀ ਹੁੰਦੀਆਂ ਨੇ ਜੋ ਲੋਕਾਂ ਦੇ ਦਿਲੋਂ ਨਿਕਲਦੀਆਂ ਹਨ। ਇਨਾਂ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਸਾਡੇ ਦੇਸ਼ ਦੇ ਜਾਂ ਸੂਬੇ ਦੇ ਕੀ ਹਾਲਾਤ ਹਨ।



**ਜਨਮੇਜਾ ਸਿੰਘ ਜੌਹਲ**

**ਕਲਮਾਂ ਦੇ ਜਜ਼ਬਾਤ**

ਤਕਰੀਬਨ 44 ਸਾਲ ਪਹਿਲੋਂ ਮੈਂ ਮੁਹੱਬਤੀ ਰੁਬਾਈਆਂ ਲਿਖੀਆਂ ਸਨ। ਉਦੋਂ ਵੀ ਹੁਣ ਵਾਂਗ ਨਾ ਮੈਂ ਲੇਖਕ ਸੀ ਤੇ ਨਾ ਹੀ ਮੈਨੂੰ ਕਿਸੇ ਵਿਧੀ ਵਿਧਾਨ ਦਾ ਪਤਾ ਸੀ। ਬਸ ਮਨ ਦੇ ਆਖੇ ਲੱਗ ਕੇ ਲਿਖ ਦਿੱਤੀਆਂ। ਚੰਗੀਆਂ ਸਨ ਜਾਂ ਮਾੜੀਆਂ, ਇਹ ਤਾਂ ਪਤਾ ਨਹੀਂ ਪਰ ਇਕ ਬਸ ਅੱਡੇ ਵਾਲਾ ਮੇਰੇ ਕੋਲੋਂ 40 ਪੈਸੇ ਪ੍ਰਤੀ ਦੇ ਹਿਸਾਬ ਤਿੰਨ ਕੁ ਮਹੀਨੇ ਵਿਚ ਪੰਜ ਹਜ਼ਾਰ ਕਾਪੀਆਂ ਛਪਵਾ ਕੇ ਲੈ ਗਿਆ। ਮੇਰਾ ਖਰਚਾ ਉਦੋਂ 25 ਪੈਸੇ ਪ੍ਰਤੀ ਕਾਪੀ ਸੀ। ਉਹਨੇ ਅੱਗੇ ਬਸਾਂ ਵਿਚ ਇਕ ਰੁਪਏ ਨੂੰ ਵੇਚੀ ਸੀ। ਇਸਦਾ ਨਾਮ 'ਮੈਨੂੰ ਮੁਆਫ਼ ਕਰੀਂ' ਸੀ ਤੇ ਟਾਇਟਲ ਮੇਰੇ ਮਿੱਤਰ ਡੈਨੀ ਉਰਫ ਗੁਰਦੀਪ ਉੱਪਲ ਨੇ ਬਣਾਇਆ ਸੀ। ਇਸ ਕਿਤਾਬ ਦਾ ਜ਼ਿਕਰ ਕਿਸੇ ਨੇ ਆਪਣੇ ਥੀਸਸ ਵਿਚ ਵੀ ਕੀਤਾ ਸੀ। ਸਮਾਂ ਪਾ ਕਿ ਹੋਰ ਕਿਤਾਬਾਂ ਆਉਂਦੀਆਂ ਗਈਆਂ, ਇਸ ਬਾਰੇ ਭੁੱਲ ਭੁੱਲ ਗਿਆ। ਕਦੇ ਕਦੇ ਚੇਤਾ ਆਉਂਦਾ ਸੀ, ਪਰ ਕਿਤਿਓਂ ਵੀ ਕਦੇ ਕੋਈ ਕਾਪੀ ਨਾ ਲੱਭੀ। ਆਖਰ ਮਨ ਨੇ ਸਬਰ ਕਰ ਲਿਆ। ਪਰ .... ਅੱਜ ਆਪਣੀ ਸਵਰਗੀ ਪਤਨੀ ਦੇ ਕਿਸੇ ਸਰਕਾਰੀ ਕਾਗਜ਼ ਦੀ ਲੋੜ ਸੀ, ਜੋ ਲੱਭ ਨਹੀਂ ਸੀ ਰਿਹਾ। ਇਸ ਲਈ ਉਸਦੀ ਅਲਮਾਰੀ ਵਿਚ ਪਈਆਂ ਫਾਇਲਾਂ ਫਰੋਲਣੀਆਂ ਪਈਆਂ। ਕਾਗਜ਼ ਫਰੋਲਦੇ ਫਰੋਲਦੇ ਇਕ ਪੁਰਾਣੀ ਤਹਿ 'ਚੋਂ ਅਚਾਨਕ ਇਹ ਕਿਤਾਬ ਦਿੱਸ ਪਈ। ਸ਼ਾਇਦ ਇਹ 1980 ਵਿਚ ਸਾਡੇ ਵਿਆਹ ਵੇਲੇ ਤੋਂ ਪਈ ਸੀ। ਇਸਤੋਂ ਬਾਅਦ ਮੇਰੀਆਂ 49 ਕਿਤਾਬਾਂ ਹੋਰ ਆ ਚੁੱਕੀਆਂ ਹਨ, ਪਰ ਉਨਾਂ ਦਾ ਕੋਈ ਨਾਮੋ ਨਿਸ਼ਾਨ ਨਹੀਂ ਸੀ। ਮੈਨੂੰ ਕੀ ਪਤਾ ਸੀ ਕਿ ਮੇਰੀ ਪਹਿਲੀ ਕਿਰਤ ਸਾਂਭੀ ਪਈ ਹੈ ਤੇ ਮੈਂ ਸਿਰੇ ਦਾ ਬੇਪਰਵਾਹ ਬਾਕੀ ਦੀਆਂ ਵੀ ਗੁਆਈ ਬੈਠਾ ਹਾਂ।

# ਪਾਲਤੂ ਕੁੱਤੇ ਦਾ ਸ਼ਬਦ ਚਿੱਤਰ

**ਗੋਵਰਧਨ ਗੱਬੀ**

**ਹਾਸ ਵਿਅੰਗ**

ਪ੍ਰਾਚੀਨ ਸਮੇਂ ਤੋਂ ਹੀ ਕੁੱਤਾ, ਮਨੁੱਖ ਦਾ ਪਾਲਤੂ ਤੇ ਵਫ਼ਾਦਾਰ ਪ੍ਰਾਣੀ ਮੰਨਿਆ ਜਾਂਦਾ ਹੈ। ਅੱਜ ਕੱਲ ਜ਼ਿਆਦਾਤਰ ਘਰਾਂ ਵਿੱਚ ਪਾਲਤੂ ਕੁੱਤਾ ਇੱਕ ਵਿਸ਼ੇਸ਼ ਜੀਅ ਬਣ ਗਿਆ ਹੈ। ਇਨਾਂ ਦੀਆਂ ਕਈ ਪ੍ਰਜਾਤੀਆਂ ਹੁੰਦੀਆਂ ਹਨ। ਮਨੁੱਖਾਂ ਵਾਂਗ ਇਨਾਂ ਦਾ ਪਿਛੋਕੜ ਵੀ ਜੰਗਲੀ ਹੈ। ਜ਼ਿਆਦਾਤਰ ਰਿਸ਼ਤੇਦਾਰ ਅਜੇ ਵੀ ਜੰਗਲਾਂ ਵਿੱਚ ਹੀ ਰਹਿੰਦੇ ਹਨ।

ਕਿਹਾ ਜਾਂਦਾ ਹੈ ਕਿ ਕੁੱਤੇ ਦਾ ਵਿਕਾਸ ਬਘਿਆੜ ਤੇ ਗਿੱਦੜ ਤੋਂ ਹੋਇਆ ਹੈ। ਕਿਸੇ ਜ਼ਮਾਨੇ ਵਿੱਚ ਸਭ ਤੋਂ ਪਹਿਲਾਂ ਮਨੁੱਖ ਨੇ ਬਘਿਆੜ ਨੂੰ ਆਪਣਾ ਪਾਲਤੂ ਜਾਨਵਰ ਬਣਾਇਆ ਸੀ। ਕੁਝ ਸਮੇਂ ਬਾਅਦ ਗਿੱਦੜ ਨੂੰ ਵੀ ਬਣਾ ਲਿਆ। ਫਿਰ ਦੋਵਾਂ ਦੇ ਮਿਲਣ ਨਾਲ ਜੋ ਪ੍ਰਾਣੀ ਪੈਦਾ ਹੋਇਆ ਉਸ ਨੂੰ ਕੁੱਤਾ ਕਿਹਾ ਗਿਆ। ਕੁੱਤੇ ਵਿੱਚ ਬਘਿਆੜ ਤੇ ਗਿੱਦੜ ਦਾ ਸੁਭਾਅ ਪਾਇਆ ਜਾਂਦਾ ਹੈ। ਸਰੀਰਕ ਬਣਤਰ ਵਿੱਚ ਵੀ ਬਹੁਤ ਸਾਰੀਆਂ ਸਮਾਨਤਾਵਾਂ ਪਾਈਆਂ ਜਾਂਦੀਆਂ ਹਨ। ਕੁੱਤਾ ਬਘਿਆੜ ਵਾਂਗ ਸ਼ਿਕਾਰ ਕਰਦਾ ਹੈ। ਗਿੱਦੜ ਵਾਂਗ ਡਰਾਕਲ ਹੈ।

ਸਮਾਂ ਬੀਤਣ ਨਾਲ ਕੁੱਤਾ ਮਨੁੱਖਾਂ ਦੀਆਂ ਬਸਤੀਆਂ ਤੇ ਦਿਲਾਂ ਵਿੱਚ ਵੀ ਆਪਣਾ ਸੁਰੱਖਿਅਤ ਤੇ ਇੱਜ਼ਤ ਵਾਲਾ ਸਥਾਨ ਬਣਾਉਣ ਵਿੱਚ ਕਾਮਯਾਬ ਹੋ ਗਿਆ ਹੈ। ਬਹੁਤ ਘੱਟ ਕੁੱਤੇ ਹੁੰਦੇ ਹਨ ਜਿਨਾਂ ਦੀ ਕਿਸਮਤ ਵਿੱਚ ਘਰੇਲੂ ਜਾਂ ਪਾਲਤੂ ਕੁੱਤੇ ਬਣਨਾ ਲਿਖਿਆ ਹੁੰਦਾ ਹੈ। ਬਹੁਤਿਆਂ ਨੂੰ ਆਵਾਰਾ ਜਾਂ ਗਲੀ ਦੇ ਕੁੱਤੇ ਕਿਹਾ ਜਾਂਦਾ ਹੈ। ਉਨਾਂ ਨਾਲ ਅਕਸਰ ਕੁੱਤੇਖਾਣੀ ਹੁੰਦੀ ਰਹਿੰਦੀ ਹੈ। ਦੁਰਲਾਣਤਾਂ ਉਹ ਧੁਰੋਂ ਲਿਖਵਾ ਕੇ ਲਿਆਉਂਦੇ ਹਨ।

ਮਨੁੱਖਾਂ ਵਾਂਗ ਕੁੱਤਿਆਂ ਦੀਆਂ ਵੀ ਕਈ ਕਿਸਮਾਂ ਹੁੰਦੀਆਂ ਹਨ। ਜਿਨਾਂ ਵਿੱਚ ਜ਼ਿਆਦਾਤਰ ਬਦਮਾਸ਼ ਤੇ ਲੜਾਕੂ ਹੁੰਦੇ ਹਨ। ਸ਼ਰੀਫ਼ ਵਿਰਲਾ ਟਾਵਾਂ ਹੀ ਹੁੰਦਾ ਹੈ। ਭੌਂਕਣਾ ਕੁੱਤੇ ਦਾ ਜਮਾਂਦਰੂ ਸੁਭਾਅ ਤੇ ਹੱਕ ਹੈ। ਦਿਮਾਗ਼ ਨਾਂ-ਮਾਤਰ ਹੋਣ ਕਰਕੇ ਉਹ ਸੋਚ ਨਹੀਂ ਸਕਦਾ।

ਕੁੱਤਿਆਂ ਦਾ ਆਪਣਾ ਇਤਿਹਾਸ ਹੈ, ਪਰ ਮਨੁੱਖਤਾ ਦੇ ਇਤਿਹਾਸ ਵਿੱਚ ਵੀ ਉਹ ਆਪਣਾ ਨਾਮ ਦਰਜ ਕਰਵਾ ਚੁੱਕੇ ਹਨ। ਮਹਾਂਭਾਰਤ ਤੇ ਹੋਰ ਪ੍ਰਾਚੀਨ ਗ੍ਰੰਥਾਂ ਵਿੱਚ ਕੁੱਤਿਆਂ ਦਾ ਜ਼ਿਕਰ ਵਾਰ ਵਾਰ ਆਉਂਦਾ ਹੈ।

ਕੁੱਤਿਆਂ ਦਾ ਨਾਂ ਕਹਾਵਤਾਂ ਤੇ ਮੁਹਾਵਰਿਆਂ ਵਿੱਚ ਵੀ ਆਮ ਵਰਤਿਆ ਜਾਂਦਾ ਹੈ ਜਿਵੇਂ ਕੁੱਤੇਖਾਣੀ ਕਰਨੀ ਜਾਂ ਹੋਣੀ, ਕੁੱਤੇ ਬਿੱਲੀ ਦਾ ਵੈਰ ਹੋਣਾ, ਕੁੱਤਾ ਰਾਜ ਬਹਾਲਿਐ ਫਿਰਿ ਚੱਕੀ ਚਟੈ, ਰਿਹਾ ਨਾ ਫਿਰ ਕੁੱਤੇ ਦਾ ਕੁੱਤਾ ਹੀ, ਕੁੱਤੇ ਸੁਭਾਅ ਦਾ ਮਾਲਿਕ ਹੋਣਾ।

ਮਨੁੱਖ ਵਾਂਗ ਕੁੱਤਾ ਸ਼ਾਕਾਹਾਰੀ ਹੋਣ ਦੇ ਨਾਲ ਨਾਲ ਜ਼ਰੂਰਤ ਤੇ ਮੌਕਾ ਮਿਲਣ ਉੱਪਰ ਮਾਸਾਹਾਰੀ ਵੀ ਹੋ ਜਾਂਦਾ ਹੈ। ਜ਼ਿਆਦਾਤਰ ਕੁੱਤਿਆਂ ਨੂੰ ਥਿੰਦੀਆਂ ਵਸਤਾਂ ਹਜ਼ਮ ਨਹੀਂ ਹੁੰਦੀਆਂ। ਜਿਹੜੇ ਹਜ਼ਮ ਕਰਨਾ ਸਿੱਖ ਜਾਂਦੇ ਹਨ ਉਨਾਂ ਨੂੰ ਛੇਤੀ ਹੀ ਚਮੜੀ ਰੋਗ ਲੱਗ ਜਾਂਦਾ ਹੈ। ਮਨੁੱਖਾਂ ਵਾਂਗ ਕੁੱਤਿਆਂ ਦੇ ਬੱਤੀ ਨਹੀਂ ਸਗੋਂ ਬਤਾਲੀ ਦੰਦ ਹੁੰਦੇ ਹਨ ਜਿਨਾਂ ਵਿੱਚੋਂ ਕੁਝ ਵਿਖਾਉਣ ਤੇ ਡਰਾਉਣ ਵਾਸਤੇ, ਕੁਝ ਚੋਭਣ ਤੇ ਕੁਝ ਵੱਢਣ ਵਾਸਤੇ ਹੁੰਦੇ ਹਨ।

ਜਦੋਂ ਦੋ ਨਰ ਅਜਨਬੀ ਕੁੱਤੇ ਇੱਕ ਦੂਸਰੇ ਦੇ ਨੇੜੇ ਆਉਂਦੇ ਹਨ ਤਾਂ ਇਨਾਂ ਦੀਆਂ ਪੂਛਾਂ ਉੱਪਰ ਨੂੰ ਖੜੀਆਂ ਹੁੰਦੀਆਂ ਹਨ। ਇੱਕ ਦੂਸਰੇ ਦੀ ਪੂਛ ਨੂੰ ਸੁੰਘ ਕੇ ਇਹ ਆਪਸ ਵਿੱਚ ਪਛਾਣ ਕੱਢਦੇ ਜਾਪਦੇ ਹਨ। ਬਹੁਤੀ ਵਾਰ ਇਨਾਂ ਵਿੱਚ ਲੜਾਈ ਹੁੰਦੀ ਹੈ। ਆਪੋ ਆਪਣੇ ਦੰਦ ਵਿਖਾ ਕੇ ਇੱਕ ਦੂਸਰੇ ਨੂੰ ਘੂਰਦੇ ਹਨ, ਡਰਾਉਂਦੇ ਹਨ। ਫਿਰ ਅਚਾਨਕ ਇੱਕ ਦੂਸਰੇ ਉੱਪਰ ਟੁੱਟ ਕੇ ਪੈ ਜਾਂਦੇ ਹਨ, ਵੱਢਦੇ ਹਨ। ਲੜਾਈ ਤਦ ਖ਼ਤਮ ਹੁੰਦੀ ਹੈ ਜਦੋਂ ਇੱਕ ਦੌੜ ਜਾਏ ਜਾਂ ਫਿਰ ਦੂਸਰੇ ਅੱਗੇ ਪਿੱਠ ਭਾਰ ਪੈ ਲੱਤਾਂ ਖੜੀਆਂ ਕਰ ਆਪਣੀ ਹਾਰ ਮੰਨ ਲਏ। ਜਿੱਤਿਆ ਹੋਇਆ ਕੁੱਤਾ ਹਾਰੇ ਹੋਏ ਕੁੱਤੇ ਉਪਰ ਆਪਣੇ ਅਗਲੇ ਪੈਰ ਰੱਖ ਕੇ ਆਪਣੀ ਜਿੱਤ ਦਾ ਪ੍ਰਦਰਸ਼ਨ ਕਰਦਾ ਹੈ। ਥੋੜੀ ਦੇਰ ਬਾਅਦ ਮੌਕਾ ਦੇਖ ਹਾਰਿਆ ਕੁੱਤਾ ਆਪਣੀ ਪੂਛ ਪਿਛਲੀਆਂ ਲੱਤਾਂ ਵਿੱਚ ਦੇ ਦੌੜ ਜਾਂਦਾ ਹੈ।

ਕੁੱਤਿਆਂ ਦੇ ਬੱਚਿਆਂ ਭਾਵ ਕਤੂਰਿਆਂ ਨੂੰ ਪਹਿਲੇ ਤਿੰਨ ਹਫ਼ਤੇ ਕੇਵਲ ਆਪਣੀ ਮਾਂ ਦੇ ਦੁੱਧ ਉੱਪਰ ਨਿਰਭਰ ਰਹਿਣਾ ਪੈਂਦਾ ਹੈ। ਉਸ ਤੋਂ ਬਾਅਦ ਉਹ ਠੋਸ ਆਹਾਰ ਲੈਣਾ ਸ਼ੁਰੂ ਕਰ ਦਿੰਦੇ ਹਨ। ਸੱਤ ਕੁ ਹਫ਼ਤਿਆਂ ਬਾਅਦ ਕਤੂਰੇ ਨੌਜਵਾਨ ਕੁੱਤੇ ਬਣ ਜਾਂਦੇ ਹਨ।

ਛੋਟੇ ਤੇ ਵੱਡ ਆਕਾਰੀ ਕੁੱਤੇ ਕਈ ਨਸਲਾਂ ਤੇ ਕਿਸਮਾਂ ਦੇ ਹੁੰਦੇ ਹਨ। ਕਈ ਸਾਰੀ ਉਮਰ ਬਿੱਲੀ ਦੇ ਆਕਾਰ ਦੇ ਹੀ ਰਹਿੰਦੇ ਹਨ ਤੇ ਕਈ ਹੱਟੇ ਕੱਟੇ ਖੋਤੇ ਦੇ ਆਕਾਰ ਦੇ ਹੁੰਦੇ ਹਨ। ਕਈਆਂ ਦੇ ਕੱਦ-ਕਾਠ ਵਿੱਚ ਤਾਂ ਸ਼ੇਰਾਂ ਦਾ ਝਉਲਾ ਵੀ ਪੈਂਦਾ ਹੈ ਤੇ ਕਈਆਂ ਵਿੱਚ ਖੋਤਿਆਂ ਦਾ। ਕਈ ਕੇਵਲ ਭੌਂਕਦੇ ਹੀ ਹਨ, ਪਰ ਵੱਢਦੇ ਨਹੀਂ। ਕਈ ਵੱਢਦੇ ਜ਼ਿਆਦਾ ਤੇ ਭੌਂਕਦੇ ਕਦੇ ਕਦਾਈਂ ਹੀ ਹਨ। ਕੁੱਤਿਆਂ ਦੀ ਸੁਣਨ ਤੇ ਸੁੰਘਣ ਸ਼ਕਤੀ ਮਨੁੱਖ ਤੋਂ ਬਹੁਤ ਤੇਜ਼ ਹੁੰਦੀ ਹੈ, ਪਰ ਦੇਖਣ ਸ਼ਕਤੀ ਕਮਜ਼ੋਰ। ਮਨੁੱਖ ਵਾਂਗ ਇਹ ਵੱਖ ਵੱਖ ਰੰਗਾਂ ਨੂੰ ਨਹੀਂ ਪਛਾਣ ਸਕਦੇ।

ਮਨੁੱਖ ਵਾਸਤੇ ਕੁੱਤੇ ਬਹੁਤ ਹੀ ਉਪਯੋਗੀ ਸਿੱਧ ਹੁੰਦੇ ਹਨ। ਉਸ ਵਾਸਤੇ ਸ਼ਿਕਾਰ ਕਰਦੇ ਹਨ। ਘਰਾਂ ਸਮੇਤ ਉਨਾਂ ਦੀ ਵੀ ਰਾਖੀ ਕਰਦੇ ਹਨ। ਮਨਪ੍ਰਚਾਵਾ ਕਰਦੇ ਹਨ। ਖੇਡਦੇ ਕੁੱਦਦੇ ਵੀ ਹਨ। ਚੋਰਾਂ ਨੂੰ ਸੰਨ ਲਗਾਉਣ ਤੋਂ ਰੋਕਣ ਤੇ ਚੋਰੀ ਹੋਣ ਉੱਪਰ ਉਨਾਂ ਦਾ ਪਤਾ ਲਗਾਉਣ ਵਿੱਚ ਵੀ ਮਦਦ ਕਰਦੇ ਹਨ। ਜਦੋਂ ਕੋਈ ਅਜਨਬੀ ਘਰ ਆਉਂਦਾ ਹੈ ਤਾਂ ਇਹ ਭੌਂਕ ਕੇ ਆਪਣੇ ਮਾਲਿਕਾਂ ਨੂੰ ਅਗੇਤਾ ਸਾਵਧਾਨ ਕਰ ਦਿੰਦੇ ਹਨ। ਜਦੋਂ ਮਾਲਿਕ ਘਰ ਪਰਤਦਾ ਹੈ ਤਾਂ ਇਹ ਪੂਛ ਹਿਲਾ ਤੇ ਜੀਭ ਲਮਕਾ ਉਸ ਦੀ ਆਓਭਗਤ ਕਰਦੇ ਹਨ। ਰਾਲਾਂ ਵਗਾਉਣਾ ਤੇ ਚੱਟਣਾ ਕੁੱਤਿਆਂ ਦੇ ਅਹਿਮ ਲੱਛਣਾਂ ਵਿੱਚੋਂ ਹਨ। ਇਨਾਂ ਦੀ ਜੀਭ ਹਮੇਸ਼ਾ ਲਮਕਦੀ ਰਹਿੰਦੀ ਹੈ।

ਕੁੱਤੇ ਕੇਵਲ ਭੌਂਕਦੇ ਹੀ ਨਹੀਂ ਸਗੋਂ ਬੋਲਦੇ ਵੀ ਹਨ, ਪਰ ਉਹੀ ਲੋਕ ਸਮਝ ਪਾਉਂਦੇ ਹਨ ਜੋ ਉਨਾਂ ਦੀ ਭਾਸ਼ਾ ਦੇ ਜਾਣਕਾਰ ਹੁੰਦੇ ਹਨ। ਜਿਵੇਂ ਜਿਵੇਂ ਇੱਕ ਮਨੁੱਖ ਨੂੰ ਦੂਸਰੇ ਮਨੁੱਖਾਂ ਦੀ ਫਿਤਰਤ ਦੀ ਸਮਝ ਆਉਣ ਲੱਗਦੀ ਹੈ ਉਵੇਂ ਹੀ ਉਸ ਨੂੰ ਕੁੱਤੇ ਜ਼ਿਆਦਾ ਚੰਗੇ ਲੱਗਣ ਲੱਗਦੇ ਹਨ।

ਕੁੱਤਾ ਹੀ ਇਕ ਐਸਾ ਪ੍ਰਾਣੀ ਹੁੰਦਾ ਹੈ ਜੋ ਆਪਣੇ ਆਪ ਤੋਂ ਜ਼ਿਆਦਾ ਪਿਆਰ ਆਪਣੇ ਮਾਲਿਕ ਨੂੰ ਕਰਦਾ ਹੈ। ਮੁਫ਼ਤ ਦੀ ਸਲਾਹ ਹੈ ਕਿ ਜੇਕਰ ਇਨਸਾਨ ਨੂੰ ਕੋਈ ਸੱਚਾ ਦੋਸਤ ਨਾ ਮਿਲੇ ਤਾਂ ਉਸ ਨੂੰ ਘਰ ਵਿੱਚ ਕੁੱਤਾ ਪਾਲ ਲੈਣਾ ਚਾਹੀਦਾ ਹੈ। ਕੁੱਤਾ ਹਮੇਸ਼ਾ ਇੱਕ ਸੱਚਾ ਦੋਸਤ ਹੋ ਨਿਬੜਦਾ ਹੈ। ਇਹ ਜਮਾਂਦਰੂ ਵਫ਼ਾਦਾਰ ਹੁੰਦਾ ਹੈ ਕਦੇ ਵੀ ਧੋਖਾ ਨਹੀਂ ਦਿੰਦਾ। ਕੁੱਤੇ ਦੀ ਵਫ਼ਾਦਾਰੀ ਦੀਆਂ ਉਦਾਹਰਣਾਂ ਆਮ ਦਿੱਤੀਆਂ ਜਾਂਦੀਆਂ ਹਨ। ਕੁੱਤਾ ਕਦੇ ਵੀ ਬੇਈਮਾਨ ਜਾਂ ਭ੍ਰਿਸ਼ਟ ਨਹੀਂ ਹੁੰਦਾ। ਜੇਕਰ ਤੁਸੀਂ ਭੁੱਖੇ ਕੁੱਤੇ ਨੂੰ ਪੇਟ ਭਰ ਖਾਣਾ ਖਿਲਾਉਗੇ ਤਾਂ ਉਹ ਤੁਹਾਨੂੰ ਕਦੇ ਵੀ ਨਹੀਂ ਵੱਢੇਗਾ। ਇਹ ਇੱਕ ਅਹਿਮ ਫ਼ਰਕ ਹੈ ਮਨੁੱਖ ਤੇ ਕੁੱਤੇ ਵਿੱਚ। ਜੇਕਰ ਤੁਹਾਡੇ ਵੱਲ ਦੇਖ ਕੋਈ ਕੁੱਤਾ ਪੂਛ ਹਿਲਾਉਂਦਾ ਤੁਹਾਡੇ ਵੱਲ ਨਹੀਂ ਆਉਂਦਾ ਤਾਂ ਤੁਹਾਨੂੰ ਘਰ ਜਾ ਕੇ ਆਪਣੇ ਜ਼ਮੀਰ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ।

ਕੁੱਤੇ ਹਮੇਸ਼ਾ ਸੱਚੇ ਸਾਬਿਤ ਹੁੰਦੇ ਹਨ। ਉਹ ਝੂਠ ਨਹੀਂ ਬੋਲਦੇ ਕਿਉਂਕਿ ਉਨਾਂ ਨੂੰ ਬੋਲਣਾ ਨਹੀਂ ਆਉਂਦਾ। ਮਨੁੱਖ ਵਾਸਤੇ ਇਹ ਸੰਸਾਰ ਹੋਰ ਵੀ ਜ਼ਿਆਦਾ ਜਿਉਣ ਯੋਗ ਬਣ ਸਕਦਾ ਹੈ ਜੇਕਰ ਉਹ ਕੁੱਤੇ ਵਾਂਗ ਬਿਨਾਂ ਸ਼ਰਤ ਤੇ ਖਾਲਸ ਪਿਆਰ ਕਰਨਾ ਸਿੱਖ ਜਾਵੇ।



# ਉੱਚਾ ਜਨਮ

## ਮੁਹੰਮਦ ਇਮਤਿਆਜ਼

'ਰਾਮ ਲਖਨ, ਹਲੀਂ ਤੱਕ ਚਾਹ ਨੀਂ ਆਈ, ਜਾਰ!' ਕਹਿੰਦਿਆਂ ਤੇਜੇ ਮਿਸਤਰੀ ਨੇ ਮੇਖ 'ਤੇ ਪਹਿਲਾਂ ਨਾਲੋਂ ਤੇਜ਼ ਸੱਟ ਮਾਰੀ।

'ਇਹੀ ਤਾਂ, ਮਿੱਸਰੀ ਜੀ, ਮੈਂ ਸੋਚੀ ਜਾਂਦਾ ਹੈਗਾਂ' ਪੈਰਾਂ ਭਾਰ ਬੈਠਾ ਰਾਮ ਲਖਨ ਗੋਡਿਆਂ 'ਚ ਕੂਹਣੀਆਂ ਫਸਾਈ ਬੋਲਿਆ।

'ਚਲ ਫੇਰ, ਪ੍ਰਸ਼ਾਦੇ ਈ ਛਕ ਲਈਏ...,' ਕਹਿੰਦਿਆਂ ਉਸ ਨੇ ਹਥੌੜੀ ਪਾਸੇ ਰੱਖੀ ਤੇ ਨਵੇਂ ਬਣੇ ਅਟੈਚਡ ਬਾਥਰੂਮ 'ਚ ਵੜ ਗਿਆ।

ਵਾਸ਼ ਬੇਸਿਨ ਦੀ ਟੂਟੀ ਖੋਲ ਪਹਿਲਾਂ ਉਸ ਨੇ ਆਪਣੇ ਹੱਥ ਧੋਤੇ ਤੇ ਫਿਰ ਉਸ ਦੇ ਸ਼ੀਸ਼ੇ 'ਚ ਆਪਣੀ ਪੱਗ ਨੂੰ ਨਿਹਾਰਿਆ। 'ਫਿੱਟ ਐ' ਢਿੱਲੇ ਪੇਚਾਂ ਵਾਲੀ ਭਾਰੀ ਪੱਗ 'ਚ ਫਸਾਈ ਪੈਨਸਿਲ ਠੀਕ ਕਰਦਿਆਂ ਉਸ ਅੱਗੇ ਬੇਬੇ ਦਾ ਚਿਹਰਾ ਮੂਰਤੀਮਾਨ ਹੋ ਗਿਆ।

ਛੋਟੇ ਹੁੰਦਿਆਂ ਪਹਿਲੀ ਵਾਰ ਬੰਨੀ ਪੱਗ ਜਦੋਂ ਉਸ ਨੇ ਬੇਬੇ ਨੂੰ ਦਿਖਾਈ ਸੀ ਤਾਂ ਉਸ ਦੇ ਮੂੰਹੋਂ ਆਪਮੁਹਾਰੇ ਨਿਕਲ ਗਿਆ ਸੀ, 'ਨੀ, ਮੇਰਾ ਡੀ.ਸੀ. ਪੁੱਤ'

'ਜੇ ਅੱਜ ਬੀਬੀ ਜਿਉਂਦੀ ਹੁੰਦੀ...' ਉਸ ਨੂੰ ਦਾਦੀ ਦੀਆਂ ਉਸ ਬਾਰੇ ਛੋਟੇ ਹੁੰਦੇ ਦੀਆਂ ਦੱਸੀਆਂ ਗੱਲਾਂ ਯਾਦ ਆਈਆਂ 'ਤੈਨੂੰ ਪਤੈ, ਆਪਣੇ ਖਾਨਦਾਨ ਦੇ ਸਾਰੇ ਜਬਾਕ ਘਰੇ ਈ ਪੈਦਾ ਹੋਏ ਨੇ, ਇੱਕ ਤੈਨੂੰ ਛੱਡ ਕੇ...। ਤੂੰ ਤਾਂ ਭਜਾਇਆ ਵੀ ਸਾਨੂੰ ਪਟਿਆਲੇ...' 'ਪਟਿਆਲੇ?' ਹੁਣ ਵੀ ਤੇਜੇ ਨੂੰ ਹੈਰਾਨੀ ਹੁੰਦੀ ਸੀ। 'ਹੋਰ, ਪਟਿਆਲੇ, ਰਾਜੇ ਦੇ ਸ਼ਹਿਰ 'ਚ। ਉਹ ਵੀ ਬੜੇ ਪਰਾਈਬੇਟ ਅਸਪਤਾਲ 'ਚ ... ਹੋਰ' ... ਮਾਂ ਤੇਰੀ ਦੀ ਤਬੀਤ ਖਰਾਬ ਹੋ-ਗੀ। ਤੇਰੇ ਨਾਨੇ ਨੂੰ ਲੈ ਕੇ ਭੱਜਣਾ ਪਿਆ ...। ਜਦ ਕੌਣ ਜਾਂਦਾ ਤੀ ਅਸਪਤਾਲਾਂ 'ਚ। ਉਹਨੂੰ ਡਰ ਤੀ, ਭਾਈ, ਔਲਾਦ ਤਾਂ ਕੁੜੀ ਦੇ ਸਹੁਰਿਆਂ ਦੀ ਅਮਾਨਤ ਹੁੰਦੀ ਐ। ਜਦੋਂ ਪਤਾ ਲੱਗਿਆ ਤਾਂ ਮਗਰੇ ਮਠਿਆਈ ਲੈ ਕੇ ਮੈਂ ਤੇ ਤੇਰਾ ਡੈਡੀ ਭੱਜ-ਪੇ ...। ਫੇਰ, ਅਸਪਤਾਲ ਆਲੇ ਤੈਨੂੰ ਦੇਖਣ ਨਾ ਦੇਣ ..., ਮਸ਼ੀਨਾਂ 'ਚ ਰੱਖਿਆ ਹੋਇਆ ਤੀ ਤੂੰ, ਨਰਸ ਨੂੰ ਪੈਸੇ ਦੇ ਕੇ ਦੇਖਿਆ, ਤਾਂ ਸਾਡੇ ਕਾਲਜੇ ਠੰਢ ਪਈ' 'ਵਾਰਡ ਨੰਬਰ ਜਾਂ ਕਮਰਾ ਨੰਬਰ ਯਾਦ ਐ, ਬੇਬੇ, ਤੈਨੂੰ' 'ਉਹ ਤੇਰੇ ਡੈਡੀ ਨੂੰ ਪਤਾ ਤੀ, ਭਾਈ'

'ਤੈਨੂੰ ਪਤੈ, ਮੇਰਾ ਜਨਮ ਪਟਿਆਲ਼ੇ ਹੋਇਆ ਸੀ, ਬੜੇ ਅਸਪਤਾਲ 'ਚ' ਉਸ ਨੇ ਟਿਫਨ ਖੋਲਦਿਆਂ ਰਾਮ ਲਖਨ ਵੱਲ ਵੇਖਿਆ।

'ਅੱਛਾ ਮਿੱਸਰੀ ਜੀ' ਰਾਮ ਲਖਨ ਸਟੀਲ ਦੇ ਡੱਬਿਆਂ ਨੂੰ ਖੁੱਲਦਿਆਂ ਵੇਖਦਾ ਰਿਹਾ।

'ਹੋਰ ਕੀ? ਉੱਨੀ ਸੌ ਪਚਾਸੀ 'ਚ' ਹਥੇਲੀ ਦੇ ਨਾਲ-ਨਾਲ ਉਸ ਨੇ ਭਰਵੱਟੇ ਵੀ ਫੈਲਾਏ, 'ਤੇਰੇ ਅਰਗੇ ਨੂੰ ਤਾਂ ਓਥੇ ਵੜਨ ਬੀ ਨੀਂ ਦੇਂਦੇ'

ਰਾਮ ਲਖਨ ਕੁਝ ਨਾ ਬੋਲਿਆ। ਉਹ ਖਿੜਕੀ ਦੇ ਇੱਕ ਪੱਲੇ 'ਤੇ ਹਥੌੜੀ ਅਜ਼ਮਾਉਣ ਲੱਗਿਆ ਹੋਇਆ ਸੀ।

ਹਸਪਤਾਲ ਦੀ ਬਹੁ-ਮੰਜ਼ਿਲਾ ਇਮਾਰਤ ਤੇਜੇ ਦੀਆਂ ਅੱਖਾਂ ਅੱਗੋਂ ਘੁੰਮ ਗਈ। ਮੇਨ ਰੋਡ 'ਤੇ ਬਣੀ ਇਮਾਰਤ ਨੂੰ ਚਲਦੀ ਬਸ 'ਚੋਂ ਵੇਖਦਿਆਂ ਕਈ ਵਾਰ ਉਸ ਦਾ ਅੰਦਰ ਜਾਣ ਨੂੰ ਵੀ ਦਿਲ ਕੀਤਾ ਸੀ। ਪਰ ਹੌਸਲਾ ਕਦੇ ਨਹੀਂ ਸੀ ਹੋਇਆ।

'ਤੂੰ ਰੋਟੀ ਨੀਂ ਖਾਣੀ, ਓਏ?'

'ਨਾ, ਮਿੱਸਰੀ ਜੀ, ਮੈਂ ਤਾਂ ਕੰਮ ਤੋਂ ਵਿਹਲਾ ਹੋ ਕੇ ਘਰ ਜਾ ਕੇ ਈ ਖਾਂਦਾ ਹੁੰਨਾਂ ਹੈਗਾਂ ਜੀ।'

'ਅਗਰ ਲੈ ਕੇ ਨਹੀਂ ਆਇਆ, ਤਾਂ ਮੇਰੇ ਸੇ ਲੈ-ਲਾ ... ਜਾਹ, ਜਾ ਕੇ ਹੱਥ ਧੋ ਆ'

'ਨਹੀਂ ਮਿੱਸਰੀ ਜੀ, ਖਾਓ ਤੁਸੀਂ, ਮੈਂ ਘਰ ਜਾ ਕੇ ਈ ਖਾਊਂ...'

'ਤੈਨੂੰ ਪਤੈ, ਘਰ ਸਾਡੇ, ਚਾਹੇ ਕੋਈ ਪਿੰਡੋਂ ਆਉਂਦਾ, ਚਾਹੇ ਬਾਹਰੋਂ... ਰੋਟੀ-ਚਾਹ ਤੋਂ ਬਿਨਾ ਨਹੀਂ ਸੀ ਜਾਂਦਾ ਕਦੇ, ਘਰੇ ਹਰ ਟੈਮ ਲੰਗਰ ਲੱਗਿਆ ਰਹਿੰਦਾ ਸੀ।'

ਮਾਰਬਲ ਦੇ ਫਰਸ਼ 'ਤੇ ਖਿੰਡੇ ਬੂਰ ਦੇ ਪਰਲੇ ਪਾਸੇ ਜਾ ਰਾਮ ਲਖਨ ਨੇ ਦੂਜੀ ਖਿੜਕੀ ਦਾ ਪੱਲਾ ਚੁੱਕ ਲਿਆ।

ਬਾਥਰੂਮ 'ਚੋਂ ਹੱਥ ਧੋ ਕੇ ਨਿਕਲਦਿਆਂ ਤੇਜਾ ਉਸ ਨੂੰ ਪੱਲੇ ਦੀ ਇੱਕ ਬਾਹੀ ਨੂੰ ਦੂਜੀ 'ਚ ਪਾਉਂਦਿਆਂ ਵੇਖਦਾ ਰਿਹਾ। ਉਸ ਨੂੰ ਖਿੜਕੀ ਦੇ ਪੱਲੇ ਨਾਲ ਘੁਲਦਿਆਂ ਵੇਖ ਤੇਜੇ ਨੇ ਉਸ ਕੋਲੋਂ ਝਪੱਟਾ ਮਾਰ ਕੇ ਪੱਲਾ ਫੜ ਲਿਆ, 'ਲਿਆ ਉਰਾਂ, ਤੇਰੇ ਵੱਸ ਦਾ ਰੋਗ ਨੀਂ ਏਹ'

ਪੈਰਾਂ ਭਾਰ ਬੈਠਾ ਰਾਮ ਲਖਨ ਘੁੱਗੂ ਬਣੀਂ ਉਸ ਨੂੰ ਤੇਸੀ ਨਾਲ ਬਾਹੀ ਦੇ ਛਿੱਲੜ ਉਧੇੜਦਿਆਂ ਵੇਖਦਾ ਰਿਹਾ।

'ਤੁਸੀਂ ਲੋਕ ਨਾਂ ਟਕਨੀਕ ਸੇ ਨੀਂ ਚਲਤੇ ... ਐਮੇਂ ਈ ਜਦੋਂ ਲਾਕਡਾਊਨ ਹੋਇਆ ਤਾਂ ਉੱਠ ਕੇ ਤੁਰ ਪੇ ਪੈਦਲ ਈ, ਦੱਸ, ਸੈਂਕੜੇ ਕਿਲੋਮੀਟਰ ਵਾਟ ਪੈਦਲ ਚਲ ਕੇ ਕਿਮੇਂ ਤੈਅ ਹੁੰਦੀ ਐ, ਭਲਾਂ?'

'ਨਹੀਂ, ਮਿੱਸਰੀ ਜੀ, ਹੋਰ ਅਸੀਂ ਲੋਗ ਕਰਦਾ ਭੀ ਕੀ, ਭਲਾ, ਐਥੇ ਭੁੱਖ ਨਾਲ ਈ ਮਰਨਾ ਸੀਗਾ, ਏਸ ਤੋਂ ਚੰਗਾ, ਆਪਣੇ ਘਰ ਪਹੁੰਚ ਕੇ ਮਰੋ।'

'ਤੂੰ ਤਾਂ ਕਮਲੀ ਬਾਤੇਂ ਕਰਦੈਂ, ਰਾਮ ਲਖਨ, ਅਬ ਮੇਰੇ ਕੋ ਦੇਖ, ਪਟਿਆਲ਼ੇ ਦੇ ਬੜੇ ਅਸਪਤਾਲ 'ਚ ਪੈਦਾ ਹੋਇਆ ਸੀ ਮੈਂ...,' ਉਸ ਨੇ ਤੇਸੀ 'ਤੇ ਹਥੌੜੀ ਮਾਰਨੀ ਬੰਦ ਕਰ ਦਿੱਤੀ, 'ਵਧੀਆ ਕੰਮ ਚੱਲ ਪਿਆ ਸੀ ਪਲਾਈਆਂ ਦਾ। ਪਰ ਨਾਲ ਦਾ ਪਾਟਨਰ ਠੱਗੀ ਮਾਰ ਗਿਆ। ਪੂਰੇ ਪੰਦਰਾਂ ਲਾਖ ਦੀ ...ਕਿਤਨੇ ਕੀ?' ਉਸ ਨੇ ਪੱਕਾ ਕਰਨ ਲਈ ਉਸ ਵੱਲ ਵੇਖਿਆ।

'ਪੰਦਰਾਂ ਲਾਖ ਕੀ।'

'ਹਾਂਅ, ਪੂਰੇ ਪੰਦਰਾਂ ਲਾਖ ਕੀ' ਦੋਵੇਂ ਹੱਥਾਂ ਦੀਆਂ ਉਂਗਲਾਂ ਖੜੀਆਂ ਕਰਨ ਨਾਲ ਵੀ ਜਦੋਂ ਉਸ ਨੂੰ ਪੰਦਰਾਂ ਪੂਰੇ ਹੁੰਦੇ ਨਾ ਦਿਸੇ ਤਾਂ ਉਸ ਨੇ ਹਥੇਲੀਆਂ ਛੱਡ ਕੇ ਗੱਲ ਅੱਗੇ ਵਧਾਈ, 'ਕਯਾ ਕਰਤਾ? ... ਮਰ ਜਾਂਦਾ? ... ਮਸਾਂ-ਮਸਾਂ ਸੁੱਖਾਂ ਸੁੱਖ ਕੇ ਲਿਆ ਥਾ ਮੈਂ'

ਇੱਕ ਮਿੰਟ ਦੇ ਵਕਫ਼ੇ ਤੋਂ ਬਾਅਦ ਵੀ ਜਦੋਂ ਰਾਮ ਲਖਨ ਕੁਝ ਨਾ ਬੋਲਿਆ ਤਾਂ ਉਸ ਨੇ ਭਰਵੱਟੇ ਉੱਪਰ-ਹੇਠਾਂ ਹਿਲਾ ਕੇ ਆਪਣੀ ਗੱਲ ਦਾ ਪ੍ਰਭਾਵ ਚੈੱਕ ਕੀਤਾ। ਪਰ ਰਾਮ ਲਖਨ ਉਸ ਵੱਲ ਖਾਲੀ ਅੱਖਾਂ ਨਾਲ ਵੇਖਦਾ ਰਿਹਾ।

'ਅਗਰ ਮਿੱਸਰੀ ਜੀ, ਚਾਏ ਮਿਲ ਜਾਏ ਨਾ...।'

'ਹੁਣ ਕਿੰਨੇ ਸੁਨੇਹੇ ਤਾਂ ਭੇਜ ਚੁੱਕੇ ਹੇਠਾਂ...। ਹਮ ਮਿਸਤਰੀ ਹੈ ਮਿਸਤਰੀ! ਵਿਹਲ ਨੀਂ ਮਿਲਦੀ ਥੀ। ਚਾਹਾਂ-ਰੋਟੀਆਂ ਦੀ ਕੋਈ ਕਮੀ ਨੀਂ ਆਤੀ ਥੀ ਹਮੇਂ...। ਭਾਈ ਸਾਹਬ, ਆਈ. ਟੀ.ਆਈ. ਸੇ ਪੜਿਆ ਹੋਇਆ ਹੈ ਹਮ ...। ਕੋਈ ਨੌਕਰੀ ਨੀਂ ਮਿਲੀ। ਨਾ ਬਾਹਰ ਕਾ ਜੁਗਾੜ ਬਨਯਾ ਕੋਈ, ਕਯਾ ਕਰਤੇ, ਮਰ ਜਾਤੇ ...। ਕਰ-ਲੀ ਠੇਕੇਦਾਰੀ ਸ਼ੁਰੂ, ਏਕ ਕੋਠੀ ਕਾ ਠੇਕਾ ਪੂਰਾ ਹੋਤਾ ਨੀਂ ਥਾ, ਦਸ ਔਰ ਆ ਜਾਤੇ ਥੇ। ਲਾਕਡਾਊਨ ਸੇ ਪਹਲੇ ਲੋਕ ਮਿੰਨਤਾਂ ਕਰਤੇ ਥੇ ਮੇਰੀਆਂ। ਯਹ ਤੋ ਗਰਵਾਲੀ ਕਹਿਨ ਲੱਗ ਪਈ, ਬਈ, ਬਿਹਲੇ ਬੈਠ ਕੇ ਕਿਆ ਹੋਗਾ, ਜੈਸਾ ਕਾਮ ਮਿਲਤਾ ਹੈ, ਕਰ ਲੋ...। ਹਮ ਨੇ ਤੋ ਕਭੀ ਦਿਹਾੜੀ ਕੀਤੀ ਹੀ ਨੀਂ ਸੀ।'

'ਯਹਾਂ ਤੋ, ਮਿੱਸਰੀ ਜੀ, ਕਿਸੀ ਨੇ ਜਾਤ ਭੀ ਨੀਂ ਪੂਛੀ...'

ਤੇਜਾ ਉਸ ਦੀ ਗੱਲ ਦਾ ਜਵਾਬ ਦੇਣ ਲੱਗਿਆ, ਪਰ ਪੌੜੀਆਂ 'ਚ ਕਦਮਾਂ ਦੀ ਆਵਾਜ਼ ਸੁਣ ਮੁੜ ਹਥੌੜੀ ਚਲਾਉਣ ਲੱਗ ਪਿਆ।

ਪੌੜੀਆਂ 'ਚੋਂ ਤੀਹ-ਪੈਂਤੀ ਵਰਿਆਂ ਦੀ ਇੱਕ ਔਰਤ ਪ੍ਰਗਟ ਹੋਈ। ਉਸ ਨੇ ਮੂੰਹ ਤੇ ਨੱਕ ਦੁਆਲੇ ਚੁੰਨੀ ਲਪੇਟੀ ਹੋਈ ਸੀ। ਚੁੰਨੀ ਦੀ ਸਥਿਤੀ ਨੂੰ ਹੋਰ ਪੱਕਾ ਕਰਨ ਲਈ ਉਸ ਨੇ ਅੱਗੇ ਹੱਥ ਰੱਖਿਆ ਹੋਇਆ ਸੀ।

ਕਮਰੇ 'ਚ ਵੜਦਿਆਂ ਹੀ ਉਹ ਉਨਾਂ ਦੋਵਾਂ ਕੋਲੋਂ ਆਪਣੇ-ਆਪ ਬਚਾਉਂਦੀ ਹੋਈ ਦੂਰ-ਦੂਰ ਹੋ ਕੇ ਬਾਲਕੋਨੀ 'ਚ ਚਲੀ ਗਈ।

ਉਸ ਨੂੰ ਵਾਪਸ ਆਉਂਦਿਆਂ ਵੇਖ ਤੇਜੇ ਨੇ ਰਾਮ ਲਖਨ ਨੂੰ ਕੂਹਣੀ ਮਾਰੀ।

'ਮੈਡਮ ਜੀ! ਚਾਏ ਭੇਜ ਦੋ ਦੋ ਕੱਪ'

ਔਰਤ ਨੇ ਦੂਰੋਂ ਹੀ ਰਾਮ ਲਖਨ ਵੱਲ ਰੁਕ ਕੇ ਵੇਖਿਆ ਤੇ ਬਿਨਾ ਜਵਾਬ ਦਿੱਤਿਆਂ ਪੌੜੀਆਂ ਵੱਲ ਚਲੀ ਗਈ।

'ਰਾਮ ਲਖਨ, ਚਾਹ ਤਾਂ ਪੀਤੀ ਸੀ, ਬਈ ਮੈਂ ਇੱਕ ਜਗਾ ...। ਸਾਡੇ ਪਿੰਡ ਦਾ ਮੁੰਡਾ ਤਸੀਲਦਾਰ ਲੱਗਿਆ ਹੋਇਆ ਸੀ। ਕੋਠੀ ਬਣਦੀ ਸੀ ਓਹਦੀ, ਉਹ ਕਹੇ ਮੈਂ ਕੋਠੀ ਦਾ ਸਾਰਾ ਕੰਮ ਕਰਾਉਣਾ ਈ ਤੇਰੇ ਤੋਂ ਐ। ਤੇ ਮੇਰੇ ਕੋਲ ਟੈਮ ਨਾ। ਪਰ ਪਿੰਡ ਦੀ ਲਿਹਾਜ ਪਗਾਉਣੀ ਪਈ ...। ਤੂੰ ਦੇਖ ਲੈ, ਬਈ, ਚਾਹ ਦੀ ਛਬੀਲ ਈ ਲਾ-'ਤੀ ਉਨਾਂ ਨੇ। ਅਰ, ਚਾਹ ਵੀ ਸੁਆਦ ਏਨੀ... ਬਈ, ਤੂੰ ਪੀਤੀ ਨੀਂ ਹੋਣੀ ਕਦੇ।'

'ਮਿੱਸਰੀ, ਤਸੀਲਦਾਰ ਕੇ ਸਾਥ ਹੈਗੀ ਥੋਡੀ?'

'ਤਸੀਲਦਾਰ ... ਮੈਂ ਕਿਹਾ, ਬੜੇ-ਬੜੇ ਅਫ਼ਸਰਾਂ ਦੀਆਂ ਕੋਠੀਆਂ 'ਚ ਕੰਮ ਕੀਤੈ ਮੈਂ। ਆਹ ਤਾਂ ਕਰੋਨੇ ਨੇ ਮਾਰ ਲੇ ... ਨਹੀਂ ਤਾਂ ਮੈਂ ਕਿੱਥੋਂ ਇੱਕਾ-ਦੁੱਕਾ ਕਮਰੇ ਦਾ ਕੰਮ ਫੜਦਾ ਸੀ ਭਲਾਂ।'

ਕੁਝ ਸਮਾਂ ਲੰਘਣ ਤੋਂ ਬਾਅਦ ਔਜ਼ਾਰਾਂ ਦੀ ਠੱਕ-ਠੱਕ ਦੌਰਾਨ ਤੇਜੇ ਨੂੰ ਇਕਦਮ ਫੇਰ ਚੇਤੇ ਆਇਆ, 'ਰਾਮ ਲਖਨ, ਚਾਹ ਨੀਂ ਆਈ, ਜਾਰ।'

'ਹੋਰ ਮਿੱਸਰੀ ਜੀ! ਮੇਰਾ ਤਾਂ ਆਪ ਸ਼ਰੀਰ ਟੁੱਟਦਾ ਪਿਆ ਹੈਗਾ'

ਬਾਕੀ ਸਫ਼ਾ 30 'ਤੇ

# ਦੋਹਰੇ ਕਿਰਦਾਰ



ਰਾਜਨਦੀਪ ਕੌਰ ਮਾਨ
੬੨੩੯੩੨੬੧੬੬

ਕਿੰਨੇ ਚਾਅ ਨਾਲ ਅੱਬੂ ਵਿਆਹ ਕੇ ਲਿਆਏ ਸਨ ਆਪਣੀ ਨੂੰਹ ਰਾਣੀ ਨੂੰ। ਭਰਾ ਦੇ ਵਿਆਹ ਦੇ ਦ੍ਰਿਸ਼ ਅੱਜ ਸਨਾ ਨੂੰ ਫਿਰ ਯਾਦ ਆ ਗਏ। ਅੰਮੀ ਦਰਦ ਨਾਲ ਬੇਹਾਲ ਹੋ ਗਈ ਸੀ ਤਾਂ ਡਾਕਟਰ ਕੋਲ ਲੈ ਕੇ ਆਈ ਸੀ। ਡਾਕਟਰ ਨੇ ਤੁਰੰਤ ਪਿੱਤਾ ਕੱਢਣ ਦੀ ਸਲਾਹ ਦਿੱਤੀ। ਹੋਰ ਦੇਰੀ ਖਤਰਨਾਕ ਹੋ ਸਕਦੀ ਸੀ। ਅੰਦਰ ਅਪ੍ਰੇਸ਼ਨ ਚਲ ਰਿਹਾ ਸੀ ਤੇ ਇਧਰ ਸਨਾ ਮਾਂ ਦੀ ਤਕਲੀਫ਼ ਬਾਰੇ ਸੋਚ ਕੇ ਕਈ ਵਾਰ ਅੱਖਾਂ ਪੂੰਝ ਚੁੱਕੀ ਸੀ। ਵਾਰ ਵਾਰ ਭਰਾ ਭਰਜਾਈ ਦੇ ਆਪਣੇ ਫ਼ਰਜ਼ਾਂ ਤੋਂ ਭੱਜਣ ਕਰਕੇ ਦੁਖੀ ਸੀ। ਇਹ ਨਹੀਂ ਸੀ ਕਿ ਅੰਮੀ ਉਸ ਤੇ ਕੋਈ ਬੋਝ ਸੀ, ਪਰ ਅੰਮੀ ਦੇ ਦਿਲ ਦੀਆਂ ਉਹ ਜਾਣਦੀ ਸੀ। ਧੀਆਂ ਲੱਖ ਮਾਂ ਬਾਪ ਨੂੰ ਅੱਖਾਂ ਤੇ ਬਿਠਾ ਕੇ ਰੱਖਣ, ਮਾਂ ਬਾਪ ਦੇ ਦਿਲ ਵਿਚੋਂ ਕਦੇ ਬੇਟਿਆਂ ਬਾਰੇ ਆਸ ਨਹੀਂ ਮਰਦੀ। ਇਹੋ ਆਪ੍ਰੇਸ਼ਨ ਭਰਾ ਭਰਜਾਈ ਕਰਾ ਰਹੇ ਹੁੰਦੇ, ਮਾਂ ਨੇ ਹੌਸਲੇ ਨਾਲ ਹੀ ਤਕੜੀ ਹੋ ਜਾਣਾ ਸੀ। ਪਰ ਕਿਥੇ ਕਹਿੰਦੇ ਨੇ ਨਸੀਬਾਂ ਵਾਲੇ ਹੁੰਦੇ ਉਹ ਲੋਕ ਜਿਨਾਂ ਨੂੰ ਬੁਢੇਪੇ ਵਿੱਚ ਨੂੰਹ ਪੁੱਤ ਸਾਂਭਦੇ। ਅੱਬੂ ਬਹੁਤ ਚਾਈ ਚਾਈ ਮਹਿਨਾਜ ਨੂੰ ਆਪਣੀ ਨੂੰਹ ਬਣਾ ਕੇ ਲਿਆਏ ਸਨ। ਰਿਸ਼ਤਾ ਅਖਬਾਰ ਵਿੱਚੋ ਹੀ ਦੇਖਿਆ ਸੀ। ਅੱਬੂ ਕਹਿਣ ਲਗੇ ਚਲੋ ਕੁੜੀ ਪੜੀ ਲਿਖੀ ਨੌਕਰੀ ਕਰਦੀ ਹੈ। ਆਪਣਾ ਕਮਾਉਣਗੇ ਤੇ ਖਾਣਗੇ। ਖਾਨਦਾਨ ਵਿਚੋਂ ਇੰਨੀ ਪੜੀ ਕੁੜੀ ਮੁਮਕਿਨ ਨਹੀਂ ਸੀ। ਸੁਲੇਮਾਨ ਦੇ ਬਰਾਬਰ ਦੀ ਪੜਾਈ ਕੀਤੀ ਹੋਈ ਸੀ ਮਹਿਨਾਜ ਨੇ।

ਅੰਮੀ ਤੇ ਸਨਾ ਨੇ ਲੱਖ ਲੱਖ ਸ਼ਗਨ ਮਨਾਏ ਸਨ। ਮਹਿਨਾਜ਼ ਦਾ ਸਾਂਵਲਾ ਰੰਗ ਵੀ ਕਬੂਲ ਕੀਤਾ। ਉਸਦੀ ਝੋਲੀ ਸੋਨੇ ਦੇ ਗਹਿਣਿਆਂ ਨਾਲ ਭਰ ਦਿੱਤੀ। ਪਰ ਕਈ ਵਾਰ ਉਹ ਨਹੀਂ ਹੁੰਦਾ, ਜਿਹੜਾ ਸੋਚਿਆ ਹੁੰਦਾ। ਪਹਿਲਾਂ ਪਹਿਲਾਂ ਮਹਿਨਾਜ ਬੜੀਆਂ ਮਿੱਠੀਆਂ ਮਾਰਦੀ ਰਹੀ। ਇੱਕ ਦਿਨ ਅੱਬੂ ਨੂੰ ਰੋਟੀ ਦੇਕੇ ਆਈ ਤੇ ਕੁਝ ਦੇਰ ਬਾਅਦ ਹੀ ਅੱਬੂ ਬੇਹੋਸ਼ ਹੋ ਕੇ ਡਿੱਗ ਪਏ। ਮੂੰਹ ਵਿੱਚੋ ਝੱਗ ਨਿਕਲ ਰਹੀ ਸੀ। ਜਦੋਂ ਤੱਕ ਸਾਰੇ ਦੇਖਦੇ ਅੱਬੂ ਇਸ ਜਹਾਨੋਂ ਕੂਚ ਕਰ ਚੁੱਕੇ ਸਨ। ਪਰਿਵਾਰ ਤੇ ਦੁੱਖ ਦਾ ਪਹਾੜ ਟੁੱਟ ਪਿਆ। ਖ਼ੁਸ਼ੀਆਂ ਗਮੀਆਂ ਵਿੱਚ ਬਦਲ ਗਈਆਂ। ਅੰਮੀ ਦਾ ਰੋ ਰੋ ਬੁਰਾ ਹਾਲ ਸੀ। ਸਨਾ ਨੂੰ ਵੀ ਬੁਲਾ ਲਿਆ ਗਿਆ। ਅੱਬੂ ਦੀ ਲਾਸ਼ ਨੂੰ ਦੇਖਦੇ ਉਹ ਨੂੰ ਗਸ਼ੀ ਪੈ ਗਈ। ਇੰਨੀ ਜਲਦੀ ਉਹ ਕਿਵੇਂ ਜਾ ਸਕਦੇ ਸਨ। ਚੰਗੇ ਭਲੇ ਛੱਡ ਕੇ ਗਈ ਸੀ। ਉਮਰ ਸਿਰਫ 58 ਸਾਲ ਸੀ। ਇਹ ਕੋਈ ਜਾਣ ਦੀ ਉਮਰ ਸੀ? ਮਹਿਨਾਜ਼ ਦੇ ਮਿੱਠੇ ਪੋਚਿਆਂ ਕਰਕੇ ਉਸ ਉੱਪਰ ਕੋਈ ਸ਼ੱਕ ਨਹੀਂ ਕਰ ਰਿਹਾ ਸੀ। ਪਰ ਅਚਾਨਕ ਇਸ ਤਰਾਂ ਮੂੰਹ ਵਿੱਚੋਂ ਝੱਗ ਨਿਕਲਣਾ, ਕਿਤੇ ਨਾ ਕਿਤੇ ਕੁਝ ਗਲਤ ਹੋਇਆ ਸੀ। ਦਿਲਾਂ ਵਿਚ ਖਦਸ਼ੇ ਦਬ ਕੇ ਅੱਬੂ ਦੀਆਂ ਆਖਰੀ ਰਸਮਾਂ ਪੂਰੀਆਂ ਕਰ ਦਿੱਤੀਆਂ ਗਈਆਂ।

ਸਨਾ ਨੂੰ ਬੱਚਿਆਂ ਕਰਕੇ ਜਲਦੀ ਵਾਪਸ ਆਪਣੇ ਘਰ ਜਾਣਾ ਪਿਆ। ਉਸਦਾ ਵਿਆਹ ਦੂਜੀ ਸਟੇਟ ਵਿੱਚ ਆਪਣੀ ਨੇੜਲੀ ਰਿਸ਼ਤੇਦਾਰੀ ਵਿੱਚ ਹੀ ਹੋਇਆ ਸੀ। ਫਿਰ ਵੀ ਸੁਸਰਾਲ ਤਾਂ ਸੁਸਰਾਲ ਹੀ ਹੁੰਦਾ।

ਅੰਮੀ ਦੇ ਕੋਈ ਦਰਾਣੀ ਜਠਾਣੀ ਨਾ ਹੋਣ ਦਾ ਮਹਿਨਾਜ਼ ਨੇ ਬੜਾ ਫਾਇਦਾ ਉਠਾਇਆ। ਉਸਦਾ ਦੁਰਵਿਵਹਾਰ ਮਹੀਨੇ ਬਾਅਦ ਹੀ ਸ਼ੁਰੂ ਹੋ ਗਿਆ। ਉੱਪਰੋ ਸੁਲੇਮਾਨ ਨੂੰ ਪੱਟੀ ਪੜਾ ਦਿੱਤੀ ਕਿ ਸਨਾ ਨੂੰ ਬੋਲੋ ਸਾਰੀ ਜਾਇਦਾਦ ਹੁਣ ਸਾਡੀ ਹੈ। ਤੇਰਾ ਇਥੇ ਕੋਈ ਹੱਕ ਨਹੀਂ। ਮੈਂ ਅੱਬੂ ਵਾਲੀਆਂ ਸਭ ਜਿੰਮੇਵਾਰੀਆਂ ਅਦਾ ਕਰੂੰਗਾ। ਸਨਾ ਉਦੋਂ ਚਾਰ ਮਹੀਨੇ ਦੀ ਗਰਭਵਤੀ ਸੀ। ਸਨਾ ਦੇ ਜਾਣ ਤੋਂ ਬਾਅਦ ਇੱਕ ਦਿਨ ਸੁਲੇਮਾਨ ਗੁਰਮੁਖੀ ਵਿਚ ਲਿਖੇ ਹੋਏ ਕੁਝ ਕਾਗਜ਼ਾਤ ਹੱਥ ਵਿੱਚ ਫੜ ਕੇ ਅੰਮੀ ਦੇ ਕਮਰੇ ਵਿੱਚ ਆਇਆ ਤੇ ਅੰਮੀ ਨੂੰ ਦਸਤਖ਼ਤ ਕਰਨ ਲਈ ਕਿਹਾ। ਕਿਉਂਕਿ ਅੰਮੀ ਨੂੰ ਸਿਰਫ ਉਰਦੂ ਪੜਨੀ ਆਉਂਦੀ ਏ। ਉਨਾਂ ਸਿਰਫ ਇੰਨਾ ਪੁੱਛਿਆ ਕਿ ਪੁੱਤਰ ਇਹ ਕਿਸ ਚੀਜ਼ ਦੇ ਕਾਗਜ਼ਾਤ ਹਨ ਤਾਂ ਅੱਗੋਂ ਕਹਿਣ ਲੱਗਿਆ ਇਹ ਅੱਬੂ ਦੀ ਜ਼ਮੀਨ ਦੇ ਕਾਗਜ਼ਾਤ ਹਨ, ਜੋਕਿ ਹੁਣ ਤੁਹਾਡੇ ਨਾਮ ਹੋ ਜਾਏਗੀ। ਭੋਲੀ ਅੰਮੀ ਨੇ ਚੁੱਪ ਚਾਪ ਦਸਤਖ਼ਤ ਕਰ ਦਿੱਤੇ। ਉਹ ਤਾਂ ਬਹੁਤ ਸਾਲ ਬਾਅਦ ਪਤਾ ਲੱਗਾ ਕਿ ਸੁਲੇਮਾਨ ਨੇ ਜ਼ਮੀਨ ਆਪਣੇ ਨਾਮ ਕਰਾ ਲਈ। ਇਸੇ ਦੌਰਾਨ ਮਹਿਨਾਜ਼ ਅੰਮੀ ਤੇ ਦਿਨੋਂ ਦਿਨ ਅਤਿਆਚਾਰ ਕਰਦੀ ਆ ਰਹੀ ਸੀ। ਅੱਬੂ ਦੀ ਮੌਤ ਹੁੰਦੇ ਹੀ ਉਸ ਨੇ ਆਪਣਾ ਅਸਲੀ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ। ਇੱਕ ਵਾਰ ਅੰਮੀ ਦਾ ਖ਼ੂਨ ਬਹੁਤ ਘਟ ਗਿਆ ਤੇ ਉਹ ਬੁਰੀ ਤਰਾਂ ਬਿਮਾਰ ਹੋ ਗਈ। ਮਹਿਨਾਜ਼ ਨੇ ਉਸ ਹਾਲਤ ਵਿੱਚ ਵੀ ਉਸ ਨੂੰ ਧੱਕੇ ਮਾਰ ਕੇ ਗਲੀ ਵਿੱਚ ਖੜੀ ਕਰ ਦਿੱਤਾ ਸੀ। ਉਸ ਨੇ ਸੁਲੇਮਾਨ ਨੂੰ ਪੂਰੀ ਤਰਾਂ ਆਪਣੀ ਮੁਠੀ ਵਿੱਚ ਕਰ ਲਿਆ ਸੀ। ਕਦੇ ਉਸ ਨੂੰ ਡਰਾਵਾ ਦੇਣਾ ਮੈਂ ਬੱਚੇ ਛੱਡਕੇ ਪੇਕੇ ਚਲੀ ਜਾਊਂਗੀ, ਕਦੇ ਖੁਦਕੁਸ਼ੀ ਦੀਆਂ ਧਮਕੀਆਂ। ਡਰਦਾ ਮਾਰਿਆ ਉਹ ਬਿਲਕੁਲ ਉਸ ਦੇ ਮੁਤਾਬਿਕ ਹੀ ਗੱਲ ਕਰਦਾ। ਉੱਪਰੋਂ ਉਸ ਦੇ ਚਰਿੱਤਰ ਤੇ ਬੁਰੀ ਤਰਾਂ ਸ਼ੱਕ ਕਰਦੀ ਤੇ ਰੋਜ਼ ਨਵੇਂ ਇਲਜ਼ਾਮ ਲਗਾਉਂਦੀ, ਇਸ ਤਰਾਂ ਉਹ ਤਾਂ ਪੂਰੀ ਤਰਾਂ ਗੁਲਾਮ ਬਣ ਗਿਆ ਸੀ।

ਇਸੇ ਤਰਾਂ ਇੱਕ ਦਿਨ ਸਵੇਰੇ ਹੀ ਕਲੇਸ਼ ਪਾ ਲਿਆ ਕਿ ਇਥੇ ਪਿੰਡ ਵਿਚ ਨਹੀਂ ਰਹਿਣਾ, ਸ਼ਹਿਰ ਵਿਚ ਹੀ ਮਕਾਨ ਲੈਣਾ। ਕਿਉਂਕਿ ਮਹਿਨਾਜ਼ ਨੂੰ ਪਿੰਡ ਵਾਲੇ ਪਤਾ ਨਹੀਂ ਕਿਉ ਬਹੁਤ ਬੁਰੇ ਲਗਦੇ ਸਨ। ਉਨਾਂ ਨੂੰ ਗਾਲ਼ਾਂ ਕੱਢਣ ਨਾਲ ਉਸ ਨੂੰ ਸ਼ਾਂਤੀ ਮਿਲਦੀ ਸੀ। ਉਪਰੋਂ ਉਸਨੂੰ ਨਣਦ ਦੇ ਘਰਵਾਲੇ ਦੀ ਉੱਚੀ ਹੈਸੀਅਤ ਨਾਲ ਖੂਬ ਜਲਣ ਹੁੰਦੀ। ਉਸਦੇ ਸੁਸਰਾਲ ਵਾਲਿਆਂ ਨਾਲ ਚੁਗਲੀਆਂ ਕਰ ਕੇ ਉਸਦਾ ਘਰ ਤੋੜਨ ਦੀ ਬਹੁਤ ਕੋਸ਼ਿਸ਼ ਕਰਦੀ। ਸੱਸ ਤੇ ਨਨਾਣ ਕੋਲੋਂ ਕਲਹਿ ਕਲੇਸ਼ ਕਰਕੇ ਸਾਰਾ ਸੋਨਾ ਤੱਕ ਵਾਪਿਸ ਕਰਾ ਲਿਆ ਸੀ। ਅੰਮੀ ਨੂੰ ਬੇਟੀ ਨਾਲ ਫੋਨ ਤੇ ਵੀ ਕੋਈ ਗੱਲ ਨਾ ਕਰਨ ਦੇਣੀ, ਮੁਹੱਲੇ ਵਿਚ ਨਾ ਜਾਣ ਦੇਣਾ ਤਾਕਿ ਉਹ ਬਾਹਰ ਕਿਸੇ ਨੂੰ ਕੁਝ ਦਸ ਨਾ ਦੇਵੇ। ਅੰਮੀ ਦੇ ਨਾਮ ਤੇ ਅੱਬੂ ਨੇ 8 ਮਰਲੇ ਦਾ ਪਲਾਟ ਕਰਾਇਆ ਹੋਇਆ ਸੀ। ਅੱਜ ਉਸ ਪਲਾਟ ਲਈ ਅੰਮੀ ਦੇ ਦਸਤਖ਼ਤ ਕਰਵਾ ਲਏ। ਅੰਮੀ ਇਹੋ ਸੋਚਦੀ ਕਿ ਆਖਿਰ ਇਨਾਂ ਨੂੰ ਹੀ ਦੇਣਾ ਸਭ ਕੁਝ, ਚਲੋ ਅੱਜ ਹੀ ਸਹੀ। ਪਰ ਨੂੰਹ ਪੁੱਤ ਦਾ ਲਾਲਚ ਇਥੇ ਹੀ ਖਤਮ ਨਹੀਂ ਹੋਇਆ। ਅੱਬੂ ਦੀ ਰਿਟਾਇਰਮੈਂਟ ਵੇਲੇ 12 ਲੱਖ ਪੀ ਐਫ਼ ਮਿਲਿਆ ਸੀ। ਉਹ ਵੀ ਅੰਮੀ ਦੇ ਨਾਮ 'ਤੇ ਪਿਆ ਹੋਇਆ ਸੀ। ਮਕਾਨ ਖਰੀਦਣ ਦੇ ਨਾਮ ਤੇ ਉਹ ਵੀ ਹਥਿਆ ਲਿਆ। ਫਿਰ ਬਚਿਆ ਮਕਾਨ, ਬੇਟੇ ਨੇ ਤਕੜਾ ਕਲੇਸ਼ ਖੜਾ ਕੀਤਾ ਕਿ ਅੰਮੀ ਜਾਂ ਤਾਂ ਮੇਰੇ ਨਾਮ ਕਰ ਦਿਓ ਨਹੀਂ ਮੈਂ ਜ਼ਹਿਰ ਖਾਣ ਲੱਗਾ। ਚਲੋ ਜੀ ਮਾਂ ਦਾ ਦਿਲ ਫਿਰ ਡਰ ਗਿਆ। ਹੁਣ ਸਭ ਕੁਝ ਨੂੰਹ ਪੁੱਤ ਦੇ ਹੱਥ ਵਿੱਚ ਆ ਗਿਆ। ਪਿੰਡ ਛੱਡਕੇ ਸ਼ਹਿਰ ਆ ਗਏ। ਨੂੰਹ ਨੂੰ ਪਰ ਹਾਲੇ ਵੀ ਹੋਰ ਅਜ਼ਾਦੀ ਚਾਹੀਦੀ ਸੀ। ਸੱਸ ਉਸ ਨੂੰ ਆਪਣੀ ਅਜ਼ਾਦੀ ਵਿੱਚ ਰੋੜਾ ਪ੍ਰਤੀਤ ਹੁੰਦੀ ਸੀ, ਕਿਉਂਕਿ ਪਤੀ ਨੂੰ ਤਾਂ ਉਸਨੇ ਬੁਰੀ ਤਰਾਂ ਗੁਲਾਮ ਬਣਾ ਲਿਆ ਸੀ।

ਹੁਣ ਨੂੰਹ ਸਿਰਫ ਆਪਣੀ, ਪਤੀ ਤੇ ਬੱਚਿਆਂ ਦੀ ਰੋਟੀ ਬਣਾਉਂਦੀ ਤੇ ਕਮਰੇ ਦਾ ਦਰਵਾਜਾ ਬੰਦ ਕਰਕੇ ਅੰਦਰ ਬੈਠਕੇ ਰੋਟੀ ਖਾਣ ਮਗਰੋਂ ਬਾਹਰ ਨਿਕਲਦੇ। ਬਾਹਰ ਭੁੱਖੀ ਮਾਂ ਉਡੀਕ ਝਾਕ ਕੇ ਆਪਣੇ ਲਈ ਰੋਟੀ ਬਣਾਉਂਦੀ। ਉੱਪਰੋਂ ਉਸਦੇ ਪਿੱਤੇ ਵਿਚਲੀ ਪੱਥਰੀ ਦਾ ਦਰਦ ਉਸਨੂੰ ਬੁਰੀ ਤਰਾਂ ਤੰਗ ਕਰਦਾ। ਪਰ ਕਿਸੇ ਨੂੰ ਕੀ ਪਈ ਸੀ। ਅਗਲਿਆਂ ਹੱਥ ਵਢ ਲਏ ਸਨ। ਨੂੰਹ ਦਾ ਅਤਿਆਚਾਰ ਦਿਨੋਂ ਦਿਨ ਵਧ ਰਿਹਾ ਸੀ। ਹੁਣ ਉਹ ਆਪਣਾ ਖਾਣਾ ਬਣਾਉਣ ਮਗਰੋਂ ਰਸੋਈ ਨੂੰ ਜਿੰਦਰਾ ਮਾਰਨ ਲੱਗ ਪਈ। ਮਾਂ ਨੇ ਬੇਟੇ ਨੂੰ ਰੋਟੀ ਲਈ ਕਿਹਾ, ਅੱਗੋਂ ਬੇਟਾ ਗਰਜਿਆ, ਅੰਮੀ ਜਿੰਨੇ ਪੈਸੇ ਤੇ ਜ਼ਮੀਨ ਤੂੰ ਸਾਨੂੰ ਦਿੱਤੀ ਓਨੇ ਦੀਆਂ ਰੋਟੀਆਂ ਅਸੀਂ ਤੈਨੂੰ ਖਵਾ ਚੁੱਕੇ ਆ। ਸਾਥੋਂ ਨਹੀਂ ਹੋਰ ਖਵਾ ਹੁੰਦਾ। ਇੰਨਾ ਕਹਿ ਕੇ ਉਹ ਕਿਧਰੇ ਚਲਾ ਗਿਆ ਤਾਂ ਨੂੰਹ ਨੇ ਸੱਸ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਪਹਿਲਾਂ ਉਸਦੀਆਂ ਓਹੀ ਬਾਹਾਂ ਬੁਰੀ ਤਰਾਂ ਮਰੋੜ ਸੁੱਟੀਆਂ, ਜਿਨਾਂ ਵਿੱਚ ਚੁੱਕ ਚੁੱਕ ਕੇ ਉਸਨੇ ਸੁਲੇਮਾਨ ਨੂੰ ਪਾਲਿਆ ਸੀ। ਉਸ ਤੋਂ ਬਾਅਦ ਨੇੜੇ ਪਈ ਇੱਕ ਕੁਰਸੀ ਚੁੱਕ ਕੇ ਮਾਂ ਦੇ ਉੱਪਰ ਸੁੱਟ ਦਿੱਤੀ। ਹੰਕਾਰੀ ਹੋਈ ਨੂੰਹ ਇਹ ਵੀ ਭੁੱਲ ਗਈ ਸੀ ਕਿ ਮੇਰਾ ਬੇਟਾ ਵੀ ਸਾਹਮਣੇ ਖੜਾ ਦੇਖ ਰਿਹਾ, ਇੱਕ ਦਿਨ ਇਹ ਗੱਲ ਮੇਰੇ ਸਾਹਮਣੇ ਵੀ ਆ ਸਕਦੀ। ਪਰ ਉਸ ਸਮੇਂ ਤਾਂ ਉਸਨੂੰ ਸਿਰਫ ਆਪਣੀ ਅਜ਼ਾਦੀ ਚਾਹੀਦੀ ਸੀ। ਉਸ ਨੇ ਤਾਂ ਉਥੇ ਸੱਸ ਵਾਲੇ ਕਮਰੇ ਵਿਚ ਰੇਡੀਓ ਖੋਲਣਾ ਸੀ। ਸੱਸ ਨੂੰ ਕੱਢਣ ਸਾਰ ਸਹੁਰੇ ਦੇ ਰੁਤਬੇ ਤੇ ਰਸੂਖ਼ ਨੂੰ ਵਰਤਕੇ, ਆਪਣੀ ਪਹਿਚਾਣ ਵਧਾਈ ਜਾਣ ਲੱਗੀ। ਬੇਟਾ ਅਖਬਾਰਾਂ ਵਿੱਚ ਬਾਪ ਦਾ ਨਾਮ ਵਰਤ ਵਰਤ ਕੇ ਲੇਖ ਲਿਖਦਾ ਤੇ ਉਧਰ ਮਾਂ ਉਸ ਦਿਨ ਹੀ ਘਰ ਛੱਡ ਕੇ ਵਾਪਿਸ ਪਿੰਡ ਆ ਗਈ। ਉਥੇ ਉੱਜੜੇ ਮਕਾਨ ਵਿਚ ਨਾ ਮੰਜਾ ਨਾ ਬਰਤਨ। ਆਂਢੀ ਗੁਆਂਢੀ ਭਲੇ ਲੋਕ ਸਨ। ਅੱਬੂ ਦੀ ਬਹੁਤ ਬਣੀ ਹੋਈ ਸੀ। ਇੰਨੇ ਵੱਡੇ ਕਵੀ ਦਾ ਆਦਰ ਸਤਿਕਾਰ ਕਰਨਾ ਚਾਹੀਦਾ ਹੈ, ਉਹ ਜਾਣਦੇ ਸਨ। ਉਸਦੀ ਬੇਵਾ ਨੂੰ ਉਹ ਕਿਵੇਂ ਵਿਸਾਰ ਦਿੰਦੇ। ਇੱਕ ਦਿਨ ਬੇਟੇ ਨੂੰ ਅੰਮੀ ਨੇ ਫੋਨ ਕਰਕੇ ਕਿਹਾ ਕਿ ਮੇਰੇ ਕੋਲ ਸੌਣ ਲਈ ਮੰਜਾ ਵੀ ਨਹੀਂ ਹੈ

ਬਾਕੀ ਸਫ਼ਾ 30 'ਤੇ

# ਵਿਸ਼ਵ ਵਿਚ ਧੁੰਮਾਂ ਪਾਉਣ ਵਾਲਾ ਭਲਵਾਨ ਟਾਈਗਰ ਜੀਤ ਸਿੰਘ

**ਪ੍ਰਿੰ. ਸਰਵਣ ਸਿੰਘ**

ਜਗਰਾਓਂ ਤਹਿਸੀਲ ਵਿਚ ਪੈਂਦੇ ਪਿੰਡ ਸੂਜਾਪੁਰ ਦੇ ਜਗਜੀਤ ਸਿੰਘ ਹਾਂਸ ਨੂੰ ਬਹੁਤੇ ਲੋਕ ਨਹੀਂ ਜਾਣਦੇ ਹੋਣਗੇ ਪਰ ਟਾਈਗਰ ਜੀਤ ਸਿੰਘ ਨੂੰ ਸਾਰਾ ਜੱਗ ਜਾਣਦਾ ਹੈ। ਉਸ ਦੇ ਜ਼ਮਾਨੇ ਵਿਚ ਉਸ ਨੂੰ ਫਰੀ ਸਟਾਈਲ ਕੁਸ਼ਤੀਆਂ ਦਾ 'ਕਿੰਗ ਆਫ਼ ਕਿੰਗਜ਼' ਕਿਹਾ ਜਾਂਦਾ ਸੀ।

'ਜੀਤ ਨੇ ਜੱਗ ਜਿੱਤਿਆ' ਟਾਈਗਰ ਜੀਤ ਸਿੰਘ ਸੂਜਾਪੁਰੀਏ ਦੀ ਜੀਵਨੀ ਹੈ ਜੋ ਸੁਰਿੰਦਰਪ੍ਰੀਤ ਸਿੰਘ ਨੇ ਲਿਖੀ ਤੇ ਮਨਦੀਪ ਪਬਲੀਕੇਸ਼ਨ ਨੇ ਪ੍ਰਕਾਸ਼ਿਤ ਕੀਤੀ। ਟਾਈਗਰ ਜੀਤ ਸਿੰਘ ਨੂੰ ਫਰੀ ਸਟਾਈਲ ਕੁਸ਼ਤੀਆਂ ਦਾ 'ਕਿੰਗ ਆਫ਼ ਕਿੰਗਜ਼' ਕਿਹਾ ਜਾਂਦਾ ਸੀ। ਡਬਲਿਊਡਬਲਿਊਈ ਕੁਸ਼ਤੀਆਂ ਦਾ ਵਰਲਡ ਚੈਂਪੀਅਨ। ਜਪਾਨੀ ਉਸ ਨੂੰ ਜਪਾਨੀ ਕੁਸ਼ਤੀ 'ਸੂਮੋ' ਦੇ ਪਹਿਲਵਾਨਾਂ ਤੋਂ ਵੀ ਵੱਧ ਪਿਆਰਦੇ ਸਨ। ਜਪਾਨ ਦਾ ਉਹ ਆਨਰੇਰੀ ਸਿਟੀਜ਼ਨ ਸੀ। ਪਾਕਿਸਤਾਨ ਵਿਚ ਵੀ ਉਸ ਦਾ ਬਹੁਤ ਆਦਰ ਮਾਣ ਸੀ। ਹੁਣ ਉਹ ਅੱਸੀਆਂ ਸਾਲਾਂ ਨੂੰ ਢੁੱਕਣ ਲੱਗਾ ਹੈ। ਉਸਦਾ ਅਸਲੀ ਨਾਂ ਜਗਜੀਤ ਸਿੰਘ ਹਾਂਸ ਹੈ। ਅੱਜ ਕੱਲ ਉਹ ਟੋਰਾਂਟੋ ਲਾਗੇ ਮਿਲਟਨ ਵਿਚ ਰਹਿੰਦਾ ਹੈ। ਉਥੇ ਉਸ ਦੀ ਟਾਈਗਰ ਫਾਊਂਡੇਸ਼ਨ ਵੱਲੋਂ ਸੈਕੰਡਰੀ ਸਕੂਲ ਤੇ ਕੁਝ ਹੋਰ ਅਦਾਰੇ ਚਲਾਏ ਜਾ ਰਹੇ ਹਨ। ਜਿੰਨਾ ਤਕੜਾ ਉਹ ਪਹਿਲਵਾਨ ਸੀ, ਓਨੇ ਹੀ ਖੁੱਲ੍ਹੇ ਦਿਲ ਵਾਲਾ ਦਾਨੀ ਹੈ। ਪਿੰਡ ਸੂਜਾਪੁਰ ਤਹਿਸੀਲ ਜਗਰਾਓਂ ਦੀਆਂ ਜੂਹਾਂ ਵਿਚ ਖੇਡਣ ਮੱਲਣ ਪਿੱਛੋਂ 1966 ਵਿਚ ਜਦੋਂ ਕੈਨੇਡਾ ਗਿਆ ਤਾਂ ਡਬਲਿਊ ਡਬਲਿਊ ਇੰਟਰਟੇਨਮੈਂਟ ਵਾਲੀਆਂ ਕੁਸ਼ਤੀਆਂ ਦੇ ਸਿਰ 'ਤੇ ਕਰੋੜਾਂ ਡਾਲਰਾਂ ਵਿਚ ਖੇਡਿਆ।

ਉਸ ਦਾ ਬਾਪ ਮੇਜਰ ਗੁਰਬਚਨ ਸਿੰਘ ਹਾਂਸ ਗੁਰੂਸਰ ਸੁਧਾਰ ਤੋਂ ਦਸ ਜਮਾਤਾਂ ਪੜ੍ਹ ਕੇ ਦੂਜੀ ਵਿਸ਼ਵ ਜੰਗ ਸਮੇਂ ਫੌਜ ਵਿਚ ਭਰਤੀ ਹੋ ਗਿਆ ਸੀ। ਉਸ ਦੇ ਚਾਰ ਪੁੱਤਰ ਹੋਏ ਤੇ ਦੋ ਧੀਆਂ। 1947 ਵਿਚ ਉਸ ਦੀ ਡਿਊਟੀ ਪੋਠੋਹਾਰ ਦੇ ਇਲਾਕੇ ਵਿਚ ਫਸੇ ਹਿੰਦੂ ਸਿੱਖਾਂ ਨੂੰ ਕੱਢ ਲਿਆਉਣ ਦੀ ਲੱਗੀ ਸੀ। ਉਹਦੀ ਗਾਰਦ ਨੇ ਹੋਰਨਾਂ ਨਾਲ ਇਕ ਅਨਾਥ ਬੱਚਾ ਵੀ ਲਿਆਂਦਾ ਜਿਸ ਦਾ ਕੋਈ ਰਿਸ਼ਤੇਦਾਰ ਨਹੀਂ ਸੀ ਬਚਿਆ। ਦਸ ਕੁ ਸਾਲ ਦੇ ਦਰਸ਼ਨ ਸਿੰਘ ਨੂੰ ਉਸ ਨੇ ਧਰਮ ਦਾ ਪੁੱਤਰ ਬਣਾ ਕੇ ਆਪਣੇ ਬੱਚਿਆਂ ਨਾਲ ਪੜ੍ਹਾਇਆ ਲਿਖਾਇਆ, ਵਿਆਹ ਕੀਤਾ ਤੇ ਪੰਜਵੇਂ ਹਿੱਸੇ ਦੀ ਜਾਇਦਾਦ ਦੇ ਕੇ ਕਾਇਮ ਕਰ ਦਿੱਤਾ। ਉਸ ਦਾ ਇਹ ਪਰਉਪਕਾਰ ਬਹੁਤ ਫਲਿਆ ਫੁੱਲਿਆ।

1965 ਵਿਚ ਮੇਜਰ ਦੀ ਪਲਟਨ ਪਠਾਨਕੋਟ ਛਾਉਣੀ ਸੀ। ਕਸ਼ਮੀਰ ਤੋਂ ਮੁੜਦਿਆਂ ਗੋਰੇ ਦੀ ਕਾਰ ਗੁਰਬਚਨ ਸਿੰਘ ਦੀ



ਫੌਜੀ ਗੱਡੀ ਕੋਲ ਵਿਗੜ ਗਈ। ਗੋਰੇ ਨਾਲ ਉਹਦੀ ਪਤਨੀ ਤੇ ਦੋ ਬੱਚੇ ਸਨ। ਮੇਜਰ ਨੇ ਗੱਡੀ ਰੋਕ ਕੇ ਉਨ੍ਹਾਂ ਦੀ ਮਦਦ ਕੀਤੀ। ਚਾਹ ਪਾਣੀ ਪਿਆਇਆ ਤੇ ਕਾਰ ਠੀਕ ਕਰਵਾ ਕੇ ਪਿਆਰ ਨਾਲ ਪਰਿਵਾਰ ਨੂੰ ਵਿਦਾ ਕੀਤਾ। ਗੋਰਾ ਧੰਨਵਾਦ ਕਰਦਿਆਂ ਕਹਿਣ ਲੱਗਾ ਕਿ ਮੈਂ ਕੈਨੇਡੀਅਨ ਅੰਬੈਸੀ ਵਿਚ ਮਿਲਟਰੀ ਅਟੈਚੀ ਹਾਂ, ਮੇਰਾ ਆਹ ਫੋਨ ਨੰਬਰ ਲੈ ਲਓ, ਜੇ ਕਦੇ ਮੇਰੀ ਲੋੜ ਪਵੇ ਤਾਂ ਮੈਨੂੰ ਤੁਹਾਡੀ ਮਦਦ ਕਰ ਕੇ ਖ਼ੁਸ਼ੀ ਹੋਵੇਗੀ। ਇਹ ਕੁਦਰਤੀ ਢੋਅ-ਮੇਲ ਸੀ ਜਿਸ ਦੇ ਨਾਲ ਗੁਰਬਚਨ ਸਿੰਘ ਵਿਆਹੀ ਹੋਈ ਵੱਡੀ ਧੀ ਤੇ ਵਿਆਹੇ ਧਰਮ ਪੁੱਤਰ ਤੋਂ ਬਿਨਾਂ ਆਪਣੀ ਪਤਨੀ, ਚਾਰੇ ਪੁੱਤਰ ਤੇ ਛੋਟੀ ਧੀ ਨੂੰ ਕੈਨੇਡਾ ਲੈ ਗਿਆ ਜਿਥੇ ਉਹ ਕੈਨੇਡਾ ਦੇ ਸਿਟੀਜ਼ਨ ਬਣ ਗਏ। ਹੁਣ ਜਗਜੀਤ ਸਿੰਘ ਦੇ ਮਾਤਾ ਪਿਤਾ ਤਾਂ ਨਹੀਂ ਰਹੇ ਪਰ ਚਾਰੇ ਭਰਾ ਤੇ ਭੈਣ ਕੈਨੇਡਾ ਦੇ ਵੱਖੋ ਵੱਖਰੇ ਸ਼ਹਿਰਾਂ ਵਿਚ ਆਪੋ-ਆਪਣੇ ਕਾਰੋਬਾਰਾਂ ਦੇ ਸਿਰ 'ਤੇ ਚੰਗੀ ਤਰਾਂ ਸਥਾਪਤ ਹਨ।

**ਕੁਸ਼ਤੀਆਂ ਦੀਆਂ ਕਿਸਮਾਂ**

ਕੁਸ਼ਤੀਆਂ ਦੀਆਂ ਵੀ ਕਿਸਮਾਂ ਹਨ। ਦੇਸੀ ਕੁਸ਼ਤੀਆਂ, ਗਰੀਕੋ ਰੋਮਨ ਸਟਾਈਲ, ਓਲੰਪਿਕ ਕੁਸ਼ਤੀਆਂ, ਫਰੀ ਸਟਾਈਲ ਤੇ ਡਬਲਿਊ ਡਬਲਿਊਈ ਕੁਸ਼ਤੀਆਂ। ਇਨਾਂ ਕੁਸ਼ਤੀਆਂ ਦਾ ਇਤਿਹਾਸ ਪੁਰਾਤਨ ਓਲੰਪਿਕ ਖੇਡਾਂ ਜਿੰਨਾ ਹੀ ਪੁਰਾਣਾ ਹੈ। ਪੁਰਾਤਨ ਓਲੰਪਿਕ ਖੇਡਾਂ ਵਿਚ ਇਕ ਕੁਸ਼ਤੀ ਦਾ ਨਾਂ ਪੰਕਰਾਸ਼ਨ ਸੀ ਜੋ ਬੜੀ ਖ਼ਤਰਨਾਕ ਖੇਡ ਸੀ। ਇਹ ਮੁੱਕੇਬਾਜ਼ੀ ਤੇ ਕੁਸ਼ਤੀ ਦਾ ਮਿਲਗੋਭਾ ਸੀ। ਇਸ ਵਿਚ ਵਿਰੋਧੀ ਨੂੰ ਚੱਕ ਮਾਰਨ, ਉਂਗਲਾਂ ਤੋੜਨ ਤੇ ਅੱਖਾਂ ਕੱਢਣ ਦੀ ਮਨਾਹੀ ਸੀ, ਬਾਕੀ ਸਭ ਕੁਝ ਜਾਇਜ਼ ਸੀ। ਏਥਨਜ਼ ਦਾ ਬਾਦਸ਼ਾਹ ਥੀਸੀਅਸ ਇਸ ਕੁਸ਼ਤੀ ਦਾ ਨਾਮਵਰ ਪਹਿਲਵਾਨ ਸੀ। ਇਸ ਕੁਸ਼ਤੀ ਵਿਚ ਮਾਰ-ਕੁੱਟ ਕਾਰਨ ਕਈਆਂ ਦੇ ਮੁਹਾਂਦਰੇ ਏਨੇ ਵਿਗੜ ਜਾਂਦੇ ਕਿ ਉਨ੍ਹਾਂ ਨੂੰ ਘਰ ਦੇ ਜੀਅ ਵੀ ਨਾ ਸਿਆਣ ਸਕਦੇ।

1970ਵਿਆਂ ਤੇ 80ਵਿਆਂ ਦੌਰਾਨ ਮਾਰ-ਧਾੜ ਵਾਲੀਆਂ ਇਨਾਂ ਕੁਸ਼ਤੀਆਂ ਵਿਚ ਟਾਈਗਰ ਜੀਤ ਸਿੰਘ ਦੀ ਝੰਡੀ ਸੀ। ਉਹਦੇ ਨਾਂ ਤੋਂ ਤਾਂ ਵਿਸ਼ਵ ਦੇ ਕਰੋੜਾਂ ਲੋਕ ਜਾਣੂ ਸਨ ਪਰ ਉਹਦੀ ਜੀਵਨ ਕਹਾਣੀ ਤੋਂ ਨਹੀਂ। ਕਾਰਨ ਸੀ ਕਿ ਵੀਹਵੀਂ ਸਦੀ ਵਿਚ ਉਹਦੇ ਜੀਵਨ ਬਾਰੇ ਕਿਸੇ ਨੇ ਕੁਝ ਨਹੀਂ ਸੀ ਲਿਖਿਆ। ਲੋਕਾਂ ਨੂੰ ਉਹਦੇ ਸੰਘਰਸ਼ਮਈ ਜੀਵਨ ਦਾ ਪਤਾ 2001 ਵਿਚ ਲੱਗਾ ਜਦੋਂ ਹਿੰਦੀ ਪੱਤ੍ਰਿਕਾ 'ਭਾਰਤੀ ਮਨੋਰਮ ਕਹਾਣੀਆਂ' ਵਿਚ ਖੋਜੀ ਪੱਤਰਕਾਰ ਸੁਰਿੰਦਰਪ੍ਰੀਤ ਸਿੰਘ ਦੀ ਲਿਖੀ ਕਹਾਣੀ ਛਪੀ। ਫਿਰ 2003 ਵਿਚ ਟਾਈਗਰ ਜੀਤ ਸਿੰਘ ਦੀ ਜੀਵਨੀ ਲਿਖੀ ਜਿਸ ਦਾ ਨਾਂ 'ਜੀਤ ਨੇ ਜੱਗ ਜਿੱਤਿਆ' ਰੱਖਿਆ। ਕਹਾਣੀ ਦਾ ਪਿਛੋਕੜ ਲੇਖਕ ਨੇ ਇੰਜ ਬਿਆਨ ਕੀਤਾ ਹੈ: ਤਿੰਨ ਕੁ ਸਾਲ ਪਹਿਲਾਂ 'ਕੌਮਾਂਤਰੀ ਪਰਦੇਸੀ' ਨਾਂ ਦੇ ਪੰਜਾਬੀ ਰਸਾਲੇ ਨੇ ਟਾਈਗਰ ਜੀਤ ਸਿੰਘ ਅਤੇ ਉਸ ਦੇ ਲੜਕੇ ਟਾਈਗਰ ਅਲੀ ਸਿੰਘ ਦੀ ਫੋਟੋ ਤਾਂ ਕਵਰ ਤੇ ਬਹੁਤ ਵੱਡੀ ਛਾਪੀ ਪਰ ਅੰਦਰ ਉਨ੍ਹਾਂ ਬਾਰੇ ਜਾਣਕਾਰੀ ਮਾਮੂਲੀ ਸੀ। ਉਸ ਨਾਲ ਪੰਜਾਬੀਆਂ ਵਿਚ ਟਾਈਗਰ ਬਾਰੇ ਜਾਣਨ ਦੀ ਦਿਲਚਸਪੀ ਪੈਦਾ ਹੋ ਗਈ ਸੀ। ਮੈਨੂੰ ਏਨਾ ਕੁ ਹੀ ਪਤਾ ਲੱਗ ਸਕਿਆ ਕਿ ਟਾਈਗਰ ਜੀਤ ਸਿੰਘ ਅਤੇ ਟਾਈਗਰ ਅਲੀ ਸਿੰਘ ਕੈਨੇਡਾ ਵਿਚ ਪੰਜਾਬੀ ਮੂਲ ਦੇ ਹੈਵੀਵੇਟ ਰੈਸਲਿੰਗ ਦੇ ਪਹਿਲਵਾਨ ਹਨ ਤੇ ਉਨ੍ਹਾਂ ਦਾ ਪਿੰਡ ਜਗਰਾਓਂ ਲਾਗੇ ਸੂਜਾਪੁਰ ਹੈ। ਮੈਂ ਖੋਜ ਬੀਨ ਲਈ ਬੱਸ ਵਿਚ ਜਗਰਾਓਂ ਪਹੁੰਚਿਆ ਤੇ ਫਿਰ ਸੂਜਾਪੁਰ...।

ਬਾਕੀ ਸਫ਼ਾ 31 'ਤੇ

# ਮੁੱਕੇਬਾਜ਼ ਮੈਰੀਕਾਮ ਨੂੰ ਚਾਂਦੀ ਦੇ ਤ.ਗਮੇ ਨਾਲ ਹੀ ਸਬਰ ਕਰਨਾ ਪਿਆ

**ਪ੍ਰੋਫੈਸਰ ਜਤਿੰਦਰ ਬੀਰ ਸਿੰਘ**

ਭਾਰਤ ਦਾ ਮਾਣ ਮੈਰੀਕਾਮ ਨੇ ਸਦਾ ਆਪਣੀ ਜਿੱਤ ਦੀ ਮਸ਼ਾਲ ਬਲਦੀ ਰੱਖੀ ਹੈ ਪਰ ਇਸ ਸਮੇਂ ਜੋ ਦੁਬਈ ਵਿਚ ਏਸ਼ੀਅਨ ਚੈਂਪੀਅਨਸ਼ਿਪ ਚੱਲ ਰਹੀ ਹੈ ਉਸ ਬਾਰੇ ਕਿਸੇ ਨੂੰ ਇਹ ਸ਼ੰਕਾ ਨਹੀਂ ਸੀ ਕਿ ਜਿੱਤ ਮੈਰੀਕਾਮ ਦੀ ਹੀ ਹੋਵੇਗੀ। ਪਰ ਅਜਿਹਾ ਨਹੀਂ ਹੋ ਸਕਿਆ ਤੇ ਵਿਸ਼ਵ ਦੀ ਨੰਬਰ ਇਕ ਬਾਕਸਰ ਨੂੰ ਹਾਰਨ ਤੋਂ ਬਾਅਦ ਚਾਂਦੀ ਦੇ ਤਗਮੇ ਨਾਲ ਸਬਰ ਕਰਨਾ ਪੈਣਾ ਹੈ। ਇਸ ਗੱਲ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਸਦਾ ਪਹਿਲੇ ਨੰਬਰ 'ਤੇ ਰਹਿਣਾ ਕਿਸੇ ਦੀ ਇਜ਼ਾਰੇਦਾਰੀ ਨਹੀਂ ਹੁੰਦੀ। ਉਹ ਹੁਣ ਕਜ਼ਾਕਿਸਤਾਨ ਦੀ ਨਾਜ਼ਿਮ ਤੋਂ 3-2 ਦੇ ਫਰਕ ਨਾਲ ਜਿੱਤੀ ਸੀ। ਚਾਂਦੀ ਦੇ ਤਗਮੇ ਤੋਂ ਬਿਨਾਂ ਉਸ ਨੂੰ 5 ਹਜ਼ਾਰ ਡਾਲਰ ਇਨਾਮ ਵਜੋਂ ਵੀ ਮਿਲੇ ਹਨ। ਪਹਿਲਾਂ ਉਸ ਨੇ 51 ਕਿੱਲੋਗ੍ਰਾਮ ਵੰਨਗੀ ਵਿਚ ਮੰਗੋਲੀਆ ਦੀ ਬਾਕਸਰ ਨੂੰ 4-1 ਨਾਲ ਕਰਾਰੀ ਹਾਰ ਦਿੱਤੀ ਹੈ। ਇਸ ਤਰਾਂ ਦੀ ਉਸ ਦੀ ਦੂਸਰੀ ਸਾਥਣ ਨੇ 54 ਕਿਲੋਗ੍ਰਾਮ ਵਿਚ ਸਾਕਸ਼ੀ ਜੋ ਦੋ ਵਾਰ ਦੀ ਯੁਵਾ ਚੈਂਪੀਅਨ ਹੈ, ਨੇ ਕਜ਼ਾਕਿਸਤਾਨ ਦੀ ਖਿਡਾਰਨ ਨੂੰ 3-2 ਨਾਲ ਮਾਤ ਦਿੱਤੀ ਹੈ ਤੇ ਇਨਾਂ ਦੋਵਾਂ ਨੇ ਫਾਈਨਲ ਵਿਚ ਆਪਣੀ ਜਗਾ ਪੱਕੀ ਕਰ ਲਈ ਹੈ।

ਕੁਝ ਸਮਾਂ ਪਹਿਲਾਂ ਖੇਡ ਪ੍ਰੇਮੀਆਂ ਨੂੰ ਇਸ ਖਬਰ ਨਾਲ ਬਹੁਤ ਪ੍ਰਸੰਨਤਾ ਹੋਈ ਕਿ ਭਾਰਤ ਦੀ ਪਛੜੇ ਹੋਏ ਪਹਾੜੀ ਇਲਾਕੇ ਮਨੀਪੁਰ ਵਿਚ ਜੰਮ-ਪਲ, ਇਕ ਬਹੁਤ ਹੀ ਬਾਕਸਿੰਗ ਦੀ ਪ੍ਰਤਿਭਾ, ਸਮਝਦਾਰ ਮਾਂ ਤੇ ਵਿਸ਼ਵ ਦੀ 6 ਵਾਰ ਦੀ ਬਾਕਸਿੰਗ ਚੈਂਪੀਅਨ ਮੈਰੀਕਾਮ ਅੰਤਰਰਾਸ਼ਟਰੀ ਬਾਕਸਿੰਗ ਦਾ ਸਭ ਤੋਂ ਉੱਚਾ ਅਹੁਦਾ ਪ੍ਰਾਪਤ ਕਰਨ ਵਿਚ ਇਕ ਪਹਿਲੀ ਨਾਰੀ ਬਣਨ ਵਿਚ ਕਾਮਯਾਬ ਹੋ ਗਈ ਹੈ। ਇਸ ਚੋਣ ਨਾਲ ਉਨ੍ਹਾਂ ਲੋਕਾਂ ਦੀ ਵਿਚਾਰਧਾਰਾ 'ਤੇ ਮੋਹਰ ਲੱਗ ਗਈ ਸੀ ਜੋ ਇਹ ਕਹਿੰਦੇ ਹਨ ਕਿ ਖੇਡਾਂ ਦਾ ਪ੍ਰਬੰਧ ਖਿਡਾਰੀਆਂ ਦੇ ਹੱਥ ਵਿਚ ਹੀ ਹੋਣਾ ਚਾਹੀਦਾ ਹੈ। ਇਕ ਆਮ ਅਮੀਰ ਨੇਤਾ ਜਾਂ ਕੋਈ ਅਫ਼ਸਰ ਖੇਡ ਨਾਲ ਪੂਰਾ ਨਿਆਂ ਨਹੀਂ ਕਰ ਸਕਦਾ ਜੋ ਇਕ ਨਾਮਵਰ ਖਿਡਾਰੀ ਕਰ ਸਕਦਾ ਹੈ ਜਿਸ ਨੇ ਖੇਡ ਦੇ ਮੈਦਾਨ ਵਿਚ ਆਪਣਾ ਪਸੀਨਾ ਵਹਾਇਆ ਹੈ। ਹੁਣ ਮੇਰੀ ਕਾਮ ਦੇ ਆਸਾਂ 'ਤੇ ਨਾ ਪੂਰਾ ਉਤਰਨ ਕਰਕੇ ਇਹ ਵਿਵਾਦ ਹੁਣ ਹੋਰ ਭਖਣ ਲਗ ਪਿਆ ਹੈ।



ਇਸ ਹਾਰ ਤੋਂ ਪਹਿਲਾਂ ਚੋਣ ਤੋਂ ਬਾਅਦ ਏ.ਆਈ ਬੀ. ਏ. ਦੇ ਮੌਜੂਦਾ ਪ੍ਰਧਾਨ ਓਮਰ ਕ੍ਰਮਲੋਵ ਨੇ ਇਕ ਪੱਤਰ ਰਾਹੀਂ ਇਸ ਦੀ ਸੂਚਨਾ ਮੈਰੀਕਾਮ ਨੂੰ ਦਿੰਦੇ ਹੋਏ ਇਹ ਕਿਹਾ ਹੈ ਕਿ ਇਸ ਖੇਡ ਦੇ ਨਿਰਦੇਸ਼ਕਾਂ ਨੇ ਇਹ ਕਿਹਾ ਹੈ 'ਆਪ ਦੇ ਵਿਸ਼ਾਲ ਅਨੁਭਵ ਨੂੰ ਦੇਖਦੇ ਹੋਏ ਇਹ ਫੈਸਲਾ ਲਿਆ ਹੈ ਕਿ ਤੁਹਾਨੂੰ ਇਸ ਦਾ ਚੇਅਰਪਰਸਨ ਬਣਾਇਆ ਜਾਂਦਾ ਹੈ। ਤੁਹਾਡਾ ਵਿਸ਼ਾਲ ਅਨੁਭਵ ਤੇ ਜਾਣਕਾਰੀ ਇਸ ਖੇਡ ਲਈ ਬਹੁਤ ਸਹਾਇਕ ਸਿੱਧ ਹੋਵੇਗੀ।' ਹੁਣ ਅਜਿਹੀਆਂ ਟਿੱਪਣੀਆਂ ਵਿਵਾਦਾਂ ਦੇ ਘੇਰੇ ਵਿਚ ਆ ਸਕਦੀਆਂ ਹਨ ਕਿਉਂਕਿ ਮੈਰੀਕਾਮ ਫਾਈਨਲ ਵਿਚ ਹਾਰ ਗਈ ਹੈ।

ਪਹਿਲਾਂ ਇਹ ਗੱਲ ਵੀ ਉੱਠੀ ਸੀ ਕਿ ਮੈਰੀਕਾਮ ਦੀ ਇਸ ਬਾਕਸਿੰਗ ਦਾ ਪ੍ਰਬੰਧ ਸੰਭਾਲਣ ਨਾਲ-ਨਾਲ ਹੋਰ ਵੀ ਇਸ ਇਲਾਕੇ ਦੀਆਂ ਕੁੜੀਆਂ ਨੂੰ ਇਸ ਤਾਕਤਵਰ ਖੇਡ ਨੂੰ ਅਪਣਾਉਣ ਲਈ ਬਲ ਮਿਲੇਗਾ। ਇਹ ਹੀ ਕਾਰਨ ਉਨ੍ਹਾਂ ਲਈ ਸਹੀ ਜਾਪਦਾ ਸੀ ਕਿ ਅੱਜਕਲ ਚਲ ਰਹੇ ਬਾਕਸਿੰਗ ਮੁਕਾਬਲਿਆਂ ਵਿਚ ਭਾਰਤ ਦਾ ਪ੍ਰਦਰਸ਼ਨ ਉਤਮ ਕਿਹਾ ਜਾ ਸਕਦਾ ਹੈ। ਪਰ ਕੁਝ ਲੋਕ ਇਸ ਵਾਰੀ ਜੋ ਪ੍ਰਦਰਸ਼ਨ ਭਾਰਤ ਨੇ 15 ਤਗਮੇ ਜਿੱਤਣ ਦਾ ਤੇ 7 ਖਿਡਾਰੀਆਂ ਦਾ ਫਾਈਨਲ ਵਿਚ ਪੁੱਜਣ ਦਾ ਸਿਹਰਾ ਮੈਰੀਕਾਮ ਨੂੰ ਦੇ ਰਹੇ ਹਨ।

ਜੇਕਰ ਉਲੰਪਿਕ ਦੀ ਗੱਲ ਕੀਤੀ ਜਾਵੇ ਤਾਂ ਇਸ ਗੱਲ ਨਾਲ ਸਬਰ ਕੀਤਾ ਜਾ ਸਕਦਾ ਹੈ ਕਿ ਮੈਰੀਕਾਮ ਨੇ ਹੀ ਇਸ ਖੇਡ ਵਿਚ ਪਹਿਲਾਂ ਕਾਂਸੀ ਦਾ ਤਗਮਾ ਭਾਰਤ ਦੀ ਝੋਲੀ ਵਿਚ ਪਾਇਆ ਸੀ। ਹੁਣ ਉਲੰਪਿਕ ਦੇ ਨੇੜੇ ਆ ਕੇ ਇਸ ਤਰਾਂ ਦਾ ਸਨਮਾਨ ਕਰਨਾ ਤੇ ਇਸ ਖੇਡ ਦੀ ਵਾਗਡੋਰ ਮੈਰੀਕਾਮ ਨੂੰ ਦੇਣਾ ਇਕ ਉਤਮ ਉੱਦਮ ਕਿਹਾ ਜਾ ਸਕਦਾ ਹੈ। ਪਰ ਇਸ ਏਸ਼ੀਅਨ ਪ੍ਰਤੀਯੋਗਤਾ ਵਿਚ ਉਸ ਦਾ ਹਾਰਨਾ ਖੇਡ ਪ੍ਰੇਮੀਆਂ ਨੂੰ ਹਜ਼ਮ ਨਹੀਂ ਹੋ ਰਿਹਾ। 24 ਨਵੰਬਰ, 1982 ਵਿਚ ਜਨਮੀ ਮੈਰੀਕਾਮ ਇਕ ਬਹੁਤ ਹੀ ਗਰੀਬ ਪਰਿਵਾਰ ਵਿਚੋਂ ਹੈ।

ਕਈ ਖੇਡ ਪ੍ਰੇਮੀਆਂ ਦਾ ਇਹ ਵਿਚਾਰ ਹੈ ਕਿ ਅਜੇ ਵੀ ਉਸ ਵਿਚ ਬਹੁਤ ਦਮ ਹੈ। ਜੇ ਉਸ ਦੀ ਜ਼ਿੰਦਗੀ ਦੇ ਪੰਨੇ ਫਰੋਲੀਏ ਤਾਂ ਮੈਰੀਕਾਮ ਨੂੰ ਸਭ ਤੋਂ ਵੱਧ ਪ੍ਰੇਰਨਾ ਉਸ ਇਲਾਕੇ ਦੇ ਇਕ ਖਿਡਾਰੀ ਡਿਨੇਕਾ ਸਿੰਘ ਨੇ ਏਸ਼ੀਅਨ ਗੇਮਜ਼ ਵਿਚ 1998 ਵਿਚ ਬਾਕਸਿੰਗ ਵਿਚ ਜਦੋਂ ਸੋਨੇ ਦਾ ਤਗਮਾ ਜਿੱਤਿਆ ਤਾਂ ਮੈਰੀਕਾਮ ਵੀ ਇਸ ਤਗਮੇ ਨੂੰ ਲੈਣ ਦੇ ਸੁਪਨੇ ਲੈਣ ਲੱਗ ਪਈ। ਪਹਿਲਾਂ ਉਹ ਖ਼ਾਸ ਤੌਰ 'ਤੇ ਜੈਵਲਿਨ ਸੁੱਟਣ 'ਤੇ ਵਿਸ਼ੇਸ਼ ਧਿਆਨ ਦਿੰਦੀ ਰਹੀ ਹੈ ਤੇ ਦੌੜਾਂ ਵਿਚੋਂ ਘੱਟ ਦੂਰੀ ਦੀਆਂ ਦੌੜਾਂ ਦੌੜਨੀਆਂ ਵਿਸ਼ੇਸ਼ ਤੌਰ 'ਤੇ ਉਸ ਦੇ ਮਨ ਨੂੰ ਸਕੂਨ ਦਿੰਦੀਆਂ ਸਨ।

ਪਹਿਲਾਂ ਮੈਰੀਕਾਮ ਨੇ ਆਪਣੇ ਰਾਜ ਵਿਚ ਮੁੱਕੇਬਾਜ਼ੀ ਵਿਚ ਧਾਕ ਜਮਾਈ ਫਿਰ ਉਹ ਨੈਸ਼ਨਲ ਚੈਂਪੀਅਨ ਬਣੀ। ਅੰਤਰਰਾਸ਼ਟਰੀ ਤੌਰ 'ਤੇ ਮੈਰੀਕਾਮ ਨੇ ਵਾਰੋ ਵਾਰੀ ਏਸ਼ੀਅਨ, ਰਾਸ਼ਟਰਮੰਡਲ, ਵਿਸ਼ਵ ਤੇ ਆਖਰ ਵਿਚ ਉਲੰਪਿਕ ਵਿਚ ਤਗਮਾ ਜਿੱਤ ਕੇ ਭਾਰਤ ਦੀ ਝੋਲੀ ਵਿਚ ਪਾਇਆ। ਖੇਡਾਂ ਨਾਲ ਜੁੜੇ ਹੋਏ ਸਾਰੇ ਮਾਣ-ਸਨਮਾਨ ਉਸ ਨੂੰ ਮਿਲੇ ਹਨ। ਅਰਜਨਾ ਐਵਾਰਡ, ਰਾਜੀਵ ਗਾਂਧੀ ਖੇਲ ਰਤਨ ਇਨਾਮ, ਪਦਮਸ੍ਰੀ 2008, ਪਦਮ ਭੂਸ਼ਨ 2013 ਤੇ ਪਦਮ ਵਿਭੂਸ਼ਨ 2020 ਵਿਚ ਉਸ ਨੂੰ ਮਿਲ ਚੁੱਕੇ ਹਨ। ਰਾਸ਼ਟਰਪਤੀ ਨੇ ਰਾਜ ਸਭਾ ਦੀ ਸੀਟ ਲਈ ਨਾਮਜ਼ਦ ਕਰਕੇ ਵੀ ਉਸ ਦਾ ਸਨਮਾਨ ਕੀਤਾ ਹੈ। ਇਕ ਫ਼ਿਲਮ ਦਾ ਨਿਰਮਾਣ ਵੀ ਉਸ ਦੇ ਜੀਵਨ ਦੇ ਆਧਾਰ 'ਤੇ ਕੀਤਾ ਗਿਆ ਹੈ। ਮਾਹਰ ਇਹ ਮਸ਼ਵਰਾ ਦਿੰਦੇ ਹਨ ਕਿ ਹੁਣ ਜਦੋਂ ਉਹ ਪ੍ਰਬੰਧਕੀ ਜ਼ਿੰਮੇਵਾਰੀਆਂ ਵੀ ਸਭ ਉਸ ਨੇ ਨਾਲ ਨਿਭਾਉਣੀਆਂ ਹਨ, ਉਸ ਵਿਚ ਸ਼ਕਤੀ ਏਨੀ ਹੈ ਕਿ ਉਹ ਦੋਵੇਂ ਕੰਮ ਸਫਲਤਾ ਪੂਰਵਕ ਕਰ ਸਕੇਗੀ। ਪਰ ਇਸ ਦੁਬਈ ਚੈਂਪੀਅਨਸ਼ਿਪ ਵਿਚ ਜਦੋਂ ਉਹ ਦੂਸਰੇ ਨੰਬਰ 'ਤੇ ਆ ਗਈ ਹੈ ਉਸ ਦੀ ਪ੍ਰਸਿੱਧੀ ਨੂੰ ਕਾਫੀ ਨੁਕਸਾਨ ਪਹੁੰਚਿਆ ਹੈ। ਉਮੀਦ ਕੀਤੀ ਜਾਂਦੀ ਹੈ ਕਿ ਮੁਲਤਵੀ ਹੋਈਆਂ ਉਲੰਪਿਕ ਵਿਚ ਟੋਕੀਓ ਵਿਚ ਉਹ ਸਾਡੀ ਪਹਿਲੀ ਉਮੀਦ ਹੈ ਤੇ ਭਾਰਤ ਦੀਆਂ ਆਸਾਂ 'ਤੇ ਪੂਰਾ ਉਤਰੇਗੀ।

ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ



## ਘੱਲੂਘਾਰਾ 84 ਦੀ ਬਰਸੀ...

ਵਲੋਂ ਆਪਣੇ ਸਕੂਲਾਂ ਕਾਲਜਾਂ ਵਿਚ ਕੀਤਾ ਜਾਵੇਗਾ। ਉਨਾਂ ਜੂਨ ਚੌਰਾਸੀ ਦੌਰਾਨ ਬੈਰਕਾਂ ਛੱਡਣ ਵਾਲੇ ਧਰਮੀ ਫ਼ੌਜੀਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਇਨਾਂ ਨੂੰ ਆਰਥਿਕ ਸਹਾਇਤਾ ਦਿੱਤੀ ਗਈ ਹੈ ਅਤੇ ਜੇਕਰ ਕੋਈ ਧਰਮੀ ਫ਼ੌਜੀ ਸਹਾਇਤਾ ਤੋਂ ਰਹਿ ਗਿਆ ਹੈ ਤਾਂ ਉਹ ਸ਼੍ਰੋਮਣੀ ਕਮੇਟੀ ਨਾਲ ਸੰਪਰਕ ਕਰੇ।

ਚੰਦੂਮਾਜਰਾ ਨੇ ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਦੀ ਨਿਆਂਇਕ ਜਾਂਚ ਮੰਗੀ

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ 1984 ਵਿਚ ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਦੀ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜਾਂ ਦੇ ਪੈਨਲ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਉਨਾਂ ਪੱਤਰ ਵਿਚ ਆਖਿਆ ਕਿ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਇਹ ਹਮਲਾ ਸਿੱਖ ਭਾਈਚਾਰੇ ਨੂੰ ਬਦਨਾਮ ਕਰਨ ਦੀ ਸਾਜਿਸ਼ ਤਹਿਤ ਕਰਵਾਇਆ ਸੀ, ਜਿਸ ਵਿੱਚ ਹਜ਼ਾਰਾਂ ਸਿੱਖ ਸ਼ਹੀਦ ਹੋ ਗਏ। ਇਸ ਦੌਰਾਨ ਉਨਾਂ ਇਸ ਹਮਲੇ ਸਬੰਧੀ ਬਰਤਾਨੀਆ ਦੇ ਆਰਕਾਈਵ ਵਿਚ ਪਏ ਦਸਤਾਵੇਜ਼ ਵੀ ਜਨਤਕ ਕਰਨ ਦੀ ਅਪੀਲ ਕੀਤੀ। ਉਨਾਂ ਕਿਹਾ ਕਿ ਇਸ ਹਮਲੇ ਵਿੱਚ ਕਿਸੇ ਦੂਜੇ ਦੇਸ਼ ਨੂੰ ਸ਼ਾਮਲ ਕਰਨਾ ਦੇਸ਼ ਦੀ ਪ੍ਰਭੂਸੱਤਾ ਵਿੱਚ ਦਖਲਅੰਦਾਜ਼ੀ ਹੈ।

## ਡੇਰਾ ਮੁਖੀ ਗਰਮ ਚਿਮਟੇ...

ਰਾਬਤਾ ਕੀਤਾ ਅਤੇ ਉਸ ਦੀ ਮਾਤਾ ਤਕ ਪਹੁੰਚ ਕੀਤੀ। ਗੁਰਲਾਲ ਸਿੰਘ ਨੇ ਦੱਸਿਆ ਕਿ ਸੰਸਥਾ ਦੇ ਮੈਂਬਰ ਜਲਦ ਹੀ ਕੁਨਾਲ ਸ਼ਰਮਾ ਨੂੰ ਲੈਣ ਆ ਰਹੇ ਹਨ, ਉਸ ਤੋਂ ਬਾਅਦ ਕੁਨਾਲ ਨੂੰ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤਾ ਜਾਵੇਗਾ। ਥਾਣਾ ਮੁਖੀ ਹਰਬੰਸ ਸਿੰਘ ਨੇ ਦੱਸਿਆ ਕਿ ਗੁਰਲਾਲ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਪੁਲਿਸ ਨੇ ਮੁਕੱਦਮਾ ਦਰਜ ਕੇ ਜਗਰਾਜ ਸਿੰਘ ਉਰਫ ਰਾਜੂ ਨੂੰ ਗ੍ਰਿਫਤਾਰ ਕਰ ਲਿਆ ਹੈ। ਸਾਡੇ ਪੱਤਰਕਾਰ ਦਾ ਮੰਨਣਾ ਹੈ ਕਿ ਪਖੰਡੀ ਡੇਰੇਦਾਰ ਬਲਾਤਕਾਰੀ, ਕੁਕਰਮੀ ਤੇ ਅਪਰਾਧੀ ਹਨ। ਆਪਣਾ ਡੇਰਾ ਲੋਕਾਂ ਨੂੰ ਅਖੌਤੀ ਚਮਤਕਾਰ ਦਿਖਾਕੇ ਪ੍ਰਭਾਵਿਤ ਕਰਦੇ ਹਨ ਤੇ ਮਾਇਆ ਠਗਦੇ ਹਨ। ਪੰਜਾਬ ਸਰਕਾਰ ਨੂੰ ਇਨਾਂ ਵਿਰੁਧ ਸਖਤ ਕਾਰਵਾਈ ਕਰਨੀ ਚਾਹੀਦੀ ਹੈ।

## ਉੱਤਰ ਪ੍ਰਦੇਸ਼ ਦੀ ਭਾਜਪਾ...

ਖਿਲਾਫ ਐਨਐਸਏ, ਕੁੱਟ-ਮਾਰ ਜਾਂ ਫਿਰਕੂ ਬਿਆਨ ਨਹੀਂ ਦਿਤੇ ਜਾਂਦੇ।

ਦੂਜੇ ਪਾਸੇ, ਜਿਹੜੇ ਲੋਕ ਦਹਾਕਿਆਂ ਤੋਂ ਰਾਜ ਦੀ ਰਾਜਨੀਤੀ 'ਤੇ ਨਜ਼ਰ ਰੱਖ ਰਹੇ ਹਨ, ਉਨਾਂ ਦਾ ਮੰਨਣਾ ਹੈ ਕਿ ਯੋਗੀ ਨੇ ਆਪਣੇ ਆਪ ਨੂੰ ਮੋਦੀ ਦੇ ਬਰਾਬਰ ਦਾ ਨੇਤਾ ਮੰਨਣਾ ਸ਼ੁਰੂ ਕਰ ਦਿੱਤਾ ਹੈ। ਸੀਨੀਅਰ ਪੱਤਰਕਾਰ ਗੋਵਿੰਦਪੰਤ ਰਾਜੂ ਮੰਨਦੇ ਹਨ ਕਿ ਯੋਗੀ ਲਈ ਆਪਣੇ ਆਪ ਨੂੰ ਮੋਦੀ ਦੇ ਬਰਾਬਰ ਮੰਨਣਾ ਜਾਂ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਦਾ ਹੱਕਦਾਰ ਹੋਣ ਦਾ ਭਰਮ ਪਾਲਣਾ ਗਲਤੀ ਹੈ। ਉਹ ਕਹਿੰਦੇ ਹਨ, 'ਜੋ ਵੀ ਉੱਤਰ ਪ੍ਰਦੇਸ ਦਾ ਮੁੱਖ ਮੰਤਰੀ ਬਣੇਗਾ, ਉਹ ਮਹਿਸੂਸ ਕਰਦਾ ਹੈ, ਅਗਲਾ ਪ੍ਰਧਾਨ ਮੰਤਰੀ ਵੀ ਉਹੀ ਹੋਵੇਗਾ।'

ਹਾਲਾਂਕਿ, ਗੋਵਿੰਦਪੰਤ ਰਾਜੂ, ਜੋ ਆਪਣੀ ਰਾਜਨੀਤਿਕ ਸਮਝ ਲਈ ਜਾਣੇ ਜਾਂਦੇ ਹਨ, ਦਾ ਮੰਨਣਾ ਹੈ ਕਿ ਬੰਗਾਲ ਚੋਣਾਂ ਤੋਂ ਬਾਅਦ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵੀ ਕਮਜ਼ੋਰ ਹੋ ਗਈ ਹੈ। ਨਹੀਂ ਤਾਂ ਮੋਦੀ ਜਾਂ ਸੰਘ ਨੂੰ ਕਿਸੇ ਨੂੰ ਰੱਖਣ ਜਾਂ ਹਟਾਉਣ ਲਈ ਏਨਾ ਸੋਚਣ ਦੀ ਲੋੜ ਨਹੀਂ, ਉੱਤਰਾਖੰਡ ਵਿੱਚ ਲੀਡਰਸ਼ਿਪ ਦੀ ਮਿਸਾਲ ਹੈ। ਮੁੱਖ ਮੰਤਰੀ ਵੱਲੋਂ ਦਿੱਤੇ ਬਿਆਨ ਵਿੱਚ ਉਨਾਂ ਕਿਹਾ ਕਿ ਰਾਜ ਦੇ ਮੰਤਰੀ ਮੰਡਲ ਵਿੱਚ ਫੇਰਬਦਲ ਸਿਰਫ ਮੀਡੀਆ ਦੇ ਅੰਦਾਜ਼ੇ ਹਨ, ਪਰ ਉਹ ਕਹਿੰਦੇ ਹਨ, 'ਕਿਤੇ ਅੱਗ ਲੱਗੀ ਹੋਈ ਹੈ, ਜੋ ਧੂੰਆਂ ਹੈ।'

## ਬਲੈਕ ਫੰਗਸ ਇੱਕ...

**ਕੀ ਨਾ ਕਰੀਏ ?**

ਸ਼ੁਰੂਆਤੀ ਲੱਛਣ ਅਤੇ ਸੰਕੇਤਾਂ ਨੂੰ ਪਛਾਣੋ। ਹਰ ਵਿਅਕਤੀ ਜਿਸਦਾ ਨੱਕ ਬੰਦ ਹੈ, ਉਸ ਨੂੰ ਇੱਕ ਹੀ ਤਰੀਕੇ ਟਰੀਟ ਨਾ ਕਰੋ। ਕੋਵਿਡ ਤੋਂ ਠੀਕ ਹੋਣ ਲਈ ਆਪਣੀ ਮਰਜ਼ੀ ਨਾਲ ਸਟੇਇਰਾਇਡ ਦਾ ਪ੍ਰਯੋਗ ਨਾ ਕਰੋ। ਕੋਵਿਡ ਦੀਆਂ ਬਾਕੀ ਦਵਾਈਆਂ ਤੋਂ ਬਲੈਕ ਫੰਗਸ ਨਹੀਂ ਵਧਦਾ। ਸਟੇਇਰਾਇਡ ਦੀ ਹਾਈ ਡੋਜ਼ ਲੈਣ ਨਾਲ ਅਤੇ ਬਿਨਾਂ ਡਾਕਟਰ ਦੀ ਸਲਾਹ ਤੋਂ ਲੈਣ ਨਾਲ ਬਲੈਕ ਫੰਗਸ ਦਾ ਰੋਗ ਫੈਲਦਾ ਹੈ। ਬਲੈਕ ਫੰਗਸ ਇੱਕ ਹਤਿਆਰਾ ਰੋਗ ਹੈ। ਇਸਦਾ ਇਲਾਜ ਜ਼ਰੂਰੀ ਹੈ। ਬਿਨਾਂ ਇਲਾਜ ਦੇ 80 ਫੀਸਦ ਲੋਕਾਂ ਦੀ ਮੌਤ ਹੋ ਸਕਦੀ ਹੈ। ਜਿੰਨਾ ਜਲਦੀ ਫੰਗਸ ਦੇ ਲੱਛਣਾਂ ਨੂੰ ਅਸੀਂ ਪਛਾਣਾਂਗੇ, ਉਨਾ ਹੀ ਇਸਦਾ ਇਲਾਜ ਜਲਦੀ ਹੋ ਸਕੇਗਾ। ਇਨਾਂ ਬੀਮਾਰੀਆਂ ਵਿੱਚ ਸਾਧ ਸੰਤਾਂ ਦੇ ਟੋਟਕੇ ਤੇ ਟੂਣੇ ਨਹੀਂ ਚਲਦੇ, ਵਿਗਿਆਨ ਹੀ ਚਲਦੀ ਹੈ। ਵਿਗਿਆਨੀਆਂ ਦੀ ਮੰਨੋ ਤੇ ਤੰਦਰੁਸਤ ਰਹੋ।

## ਨਾਸਾ ਦਾ ਭਾਰਤੀ ਗਣਿਤ...

ਮਨੋਚਿਕਿਤਸਕ ਦੀ ਰਿਪੋਰਟ ਆਈ ਤਾਂ ਪਤਾ ਚਲਿਆ ਕਿ ਡਾ. ਵਿਸ਼ਸ਼ਟ ਨਰਾਇਣ ਸੀਜ਼ੋਫ੍ਰੇਨੀਆ ਬਿਮਾਰੀ ਦੀ ਸ਼ੁਰੂਆਤੀ ਸਟੇਜ ਤੋਂ ਪੀੜਤ ਸੀ। ਡਾਕਟਰਾਂ ਨੇ ਕੁਝ ਦਵਾਈਆਂ ਲੈਣ ਲਈ ਕਿਹਾ। ਮਾਨਸਿਕ ਤੌਰ 'ਤੇ ਆਰਾਮ ਕਰਨ ਦਾ ਮਸ਼ਵਰਾ ਦਿੱਤਾ।

ਇਕ ਦਿਨ ਉਸ ਦੀ ਪਤਨੀ ਨੇ ਉਸ ਨੂੰ ਓਹਲੇ ਵਿਚ, ਕੋਈ ਦਵਾਈ ਲੈਂਦੇ ਦੇਖ ਲਿਆ ਸੀ। ਡਾ. ਵਿਸ਼ਿਸ਼ਟ ਨਰਾਇਣ ਨੇ ਆਪਣੀ ਪਤਨੀ ਨੂੰ ਆਪਣੀ ਬਿਮਾਰੀ ਬਾਰੇ ਕੁਝ ਨਹੀਂ ਸੀ ਦੱਸਿਆ। ਪਤਨੀ ਨੂੰ ਉਸ ਦੀਆਂ ਕੁਝ ਹਰਕਤਾਂ ਚੰਗੀਆਂ ਨਾ ਲੱਗੀਆਂ। ਛੋਟੀ-ਛੋਟੀ ਗੱਲ 'ਤੇ ਗੁੱਸੇ ਹੋ ਜਾਂਦਾ। ਚਿੜਚਿੜਾ ਹੋ ਗਿਆ ਸੀ। ਉਹ ਕਮਰਾ ਬੰਦ ਕਰ ਲੈਂਦਾ ਅਤੇ ਸਾਰਾ ਦਿਨ ਕਿਤਾਬਾਂ ਹੀ ਪੜੀ ਜਾਂਦਾ। ਕਾਗਜ਼ਾਂ ਉੱਪਰ ਪੈਨਸਿਲ ਨਾਲ ਕੁਝ ਲਿਖੀ ਜਾਂਦਾ ਸੀ। ਰਾਤ ਭਰ ਜਾਗਦਾ ਰਹਿੰਦਾ। ਇਧਰ-ਉਧਰ ਗੇੜੇ ਕੱਢੀ ਜਾਂਦਾ। ਪਤਨੀ ਨੂੰ ਵਿਸ਼ਿਸ਼ਟ ਦੀ ਮਾਨਸਿਕ ਹਾਲਤ ਵਿਗੜੀ ਹੋਣ ਦਾ ਪੂਰਾ ਪਤਾ ਲੱਗ ਗਿਆ ਸੀ। ਸਾਲ 1974 ਵਿਚ ਉਹ ਦੋਵੇਂ ਭਾਰਤ ਮੁੜ ਆਏ। ਭਾਰਤ ਆਉਣ ਸਮੇਂ ਉਹ ਅਮਰੀਕਾ ਤੋਂ ਕਿੰਨੇ ਹੀ ਬਕਸੇ ਕਿਤਾਬਾਂ ਦੇ ਭਰ ਕੇ ਲਿਆਇਆ ਸੀ। ਇੱਥੇ ਆ ਕੇ ਉਸ ਨੇ ਆਈ.ਆਈ. ਟੀ. ਕਾਨਪੁਰ, ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰਿਸਰਚ ਮੁੰਬਈ ਅਤੇ ਇੰਡੀਅਨ ਇੰਸਟੀਚਿਊਟ ਕੋਲਕਾਤਾ ਵਿਚ ਪ੍ਰੋਫ਼ੈਸਰ ਰਿਹਾ। ਇੱਥੇ ਆ ਕੇ ਉਸ ਨੂੰ ਦਿਲ ਦਾ ਦੌਰਾ ਵੀ ਪਿਆ। ਗ੍ਰਹਿਸਥੀ ਵਿਚ ਤਰੇੜ ਆਉਣ ਲੱਗੀ। ਉਸ ਦੀ ਪਤਨੀ ਘੁਟਣ ਮਹਿਸੂਸ ਕਰਨ ਲੱਗੀ। ਅਜਿਹੇ ਮਾਨਸਿਕ ਰੋਗੀ ਆਦਮੀ ਨਾਲ ਉਸ ਦੀ ਨਿਭਣੀ ਔਖੀ ਹੋ ਗਈ। ਆਖਰ ਦੋ ਸਾਲ ਦੇ ਅੰਦਰ ਇਹ ਸ਼ਾਦੀ ਤਲਾਕ ਵਿਚ ਬਦਲ ਗਈ। ਤਲਾਕ ਹੋਣ ਨਾਲ ਵਸ਼ਿਸ਼ਟ ਨਰਾਇਣ ਤਾਂ ਅੰਦਰੋਂ ਟੁੱਟ ਹੀ ਗਿਆ ਸੀ। ਉਸ ਨੇ ਖਾਣਾ-ਪੀਣਾ ਛੱਡ ਦਿੱਤਾ। ਉਹ ਵਧੇਰੇ ਹਿੰਸਕ ਹੋ ਗਿਆ ਸੀ। ਉਸ ਦੀ ਸੀਜ਼ੋਫ੍ਰੇਨੀਆ ਬਿਮਾਰੀ ਅਗਲੇ ਪੜਾਅ ਵਿਚ ਪਹੁੰਚ ਗਈ ਸੀ।

ਇਸ ਬਿਮਾਰੀ ਵਿਚ ਮਰੀਜ਼ ਅਸਲੀਅਤ ਨਾਲੋਂ ਨਾਤਾ ਤੋੜ ਬੈਠਦਾ ਹੈ। ਜਦੋਂ ਸਥਿਤੀ ਵੱਸ ਤੋਂ ਬਾਹਰ ਹੋ ਗਈ ਤਾਂ ਉਸ ਨੂੰ ਸੈਂਟਰਲ ਇੰਸਟੀਚਿਊਟ ਆਫ਼ ਸਾਈਕੈਟਰੀ ਕਨਕੇ ਜੋ ਅੱਜ ਕੱਲ ਝਾਰਖੰਡ ਵਿਚ ਹੈ, ਵਿਖੇ ਭਰਤੀ ਕਰਵਾਇਆ ਗਿਆ। ਜਿੱਥੇ ਉਹ ਬਾਰਾਂ ਸਾਲ ਤੱਕ ਜ਼ੇਰੇ ਇਲਾਜ ਰਿਹਾ। ਸੰਨ 1987 ਵਿਚ ਉਹ ਆਪਣੇ ਪਿੰਡ ਬਸੰਤਪੁਰ, ਆਪਣੇ ਮਾਂ ਬਾਪ ਕੋਲ ਮੁੜ ਆਇਆ, ਜਿੱਥੇ ਉਹ ਆਪਣੀ ਮਾਂ ਅਤੇ ਭਾਈ ਨਾਲ ਰਹਿੰਦਾ ਸੀ। ਫਿਰ ਆਰਮੀ ਵਿਚ ਨੌਕਰੀ ਕਰਦਾ ਉਸ ਦਾ ਭਰਾ ਵਸ਼ਿਸ਼ਟ ਨਰਾਇਣ ਨੂੰ ਆਪਣੇ ਕੋਲ ਲੈ ਗਿਆ। ਸੰਨ 1989 ਵਿਚ ਇਕ ਦਿਨ ਉਸ ਦਾ ਭਰਾ ਅਯੁੱਧਿਆ ਪ੍ਰਸ਼ਾਦ, ਰਾਂਚੀ ਤੋਂ ਇਲਾਜ ਕਰਾ ਕੇ ਬੰਗਲੂਰੂ ਲੈ ਕੇ ਜਾ ਰਿਹਾ ਸੀ। ਰਸਤੇ ਵਿਚ ਖੰਡਵਾ ਸਟੇਸ਼ਨ 'ਤੇ ਵਿਸ਼ਿਸ਼ਟ ਨਰਾਇਣ ਚੁੱਪ ਚੁਪੀਤੇ ਉੱਤਰ ਗਿਆ ਅਤੇ ਸਟੇਸ਼ਨ ਦੀ ਭੀੜ ਵਿਚ ਹੀ ਕਿਧਰੇ ਗੁਆਚ ਗਿਆ।

ਬਥੇਰੀ ਭਾਲ ਕੀਤੀ ਪਰ ਕਿਤੇ ਨਹੀਂ ਲੱਭਿਆ। ਚਾਰ ਸਾਲ ਪਿੱਛੋਂ ਸੰਨ 1994 ਵਿਚ ਆਪਣੀ ਸਾਬਕਾ ਪਤਨੀ ਦੇ ਪਿੰਡ ਲਾਗੇ ਛੱਪਰਾ ਨੇੜੇ ਦੋਰੀਗੰਜ ਵਿਚ ਡਾ. ਵਿਸ਼ਿਸ਼ਟ ਨੀਮ ਬੇਹੋਸ਼ੀ ਦੀ ਹਾਲਤ ਵਿਚ, ਇਕ ਕੂੜੇ ਦੇ ਢੇਰ ਤੋਂ ਲੱਭਿਆ। ਫਿਰ ਉਸ ਨੂੰ ਨੈਸ਼ਨਲ ਇੰਸਟੀਚਿਊਟ ਆਫ਼ ਮੈਂਟਲ ਹੈਲਥ ਐਂਡ ਨਿਊਰੋ ਸਾਇੰਸਜ਼ ਬੰਗਲੌਰ ਵਿਚ ਭਰਤੀ ਕਰਵਾਇਆ ਗਿਆ। ਸੰਨ 2002 ਵਿਚ ਉਸ ਦਾ ਇਲਾਜ ਇੰਸਟੀਚਿਊਟ ਆਫ਼ ਹਿਊਮਨ ਬਿਹੇਵੀਅਰ ਐਂਡ ਅਲਾਇਡ ਸਾਇੰਸਜ਼ ਦਿੱਲੀ ਵਿਚ ਵੀ ਹੋਇਆ ਸੀ। ਕੁਝ ਠੀਕ ਹੋਣ 'ਤੇ ਸੰਨ 2014 ਵਿਚ ਡਾ. ਵਿਸ਼ਿਸ਼ਟ ਨਰਾਇਣ ਸਿੰਘ ਨੂੰ ਭੁਪਿੰਦਰ ਨਰਾਇਣ ਮੰਡਲ ਯੂਨੀਵਰਸਿਟੀ ਮਧੇਪੁਰਾ ਵਿਚ ਵਿਜਿਟਿੰਗ ਪ੍ਰੋਫ਼ੈਸਰ ਨਿਯੁਕਤ ਕੀਤਾ ਗਿਆ। ਕਈ ਸੰਸਥਾਵਾਂ ਨੇ ਡਾ. ਵਿਸ਼ਿਸ਼ਟ ਨਰਾਇਣ ਸਿੰਘ ਦੀ ਪੂਰੀ ਸਾਂਭ-ਸੰਭਾਲ ਕਰਨ ਦੀ ਪੇਸ਼ਕਸ਼ ਵੀ ਕੀਤੀ। ਪਰ ਉਸ ਦੀ ਮਾਂ ਨੇ ਅਜਿਹਾ ਕਰਨ ਤੋਂ ਸਭ ਨੂੰ ਮਨਾ ਕਰ ਦਿੱਤਾ।

14 ਨਵੰਬਰ, 2019 ਨੂੰ ਤਬੀਅਤ ਖ਼ਰਾਬ ਹੋ ਜਾਣ 'ਤੇ ਉਸ ਨੂੰ ਪਟਨਾ ਦੇ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ ਭਰਤੀ ਕਰਾਇਆ ਗਿਆ। ਉੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰਾਰ ਦਿੱਤਾ।

## ਉੱਚਾ ਜਨਮ

ਕੁਝ ਸਮਾਂ ਹੋਰ ਲੰਘਣ ਤੋਂ ਬਾਅਦ ਜਦੋਂ ਪੌੜੀਆਂ 'ਚ ਕਦਮਾਂ ਦੀ ਆਵਾਜ਼ ਸੁਣਾਈ ਦਿੱਤੀ ਤਾਂ ਔਜ਼ਾਰਾਂ 'ਤੇ ਚਲਦੇ ਹੱਥ ਹੋਰ ਤੇਜ਼ ਹੋ ਗਏ। ਦੋਵਾਂ ਨੂੰ ਖਾਲੀ ਹੱਥ ਪ੍ਰਗਟ ਹੋਇਆ ਤੀਹ-ਪੈਂਤੀ ਸਾਲਾਂ ਦਾ ਆਦਮੀ ਦਿਖਾਈ ਦਿੱਤਾ। ਮਾਸਕ ਵਾਲੇ ਚਿਹਰੇ ਨੂੰ ਧਿਆਨ ਨਾਲ ਵੇਖਣ 'ਤੇ ਤੇਜੇ ਨੂੰ ਸਮਝ ਲੱਗੀ ਕਿ ਉਹ ਘਰ ਦਾ ਮਾਲਕ ਸੀ।

'ਹੋਰ, ਕਿਮੇਂ ਚੱਲ ਰਿਹੈ ਕੰਮ ?' ਵਿਅਕਤੀ ਨੇ ਦੂਰੋਂ ਖੜਿਆਂ ਹੀ ਪੁੱਛਿਆ।

'ਕੰਮ ਤਾਂ ਠੀਕ ਐ, ਬਾਊ ਜੀ, ਪਰ ਚਾਹ ਤਾਂ ਪਲਾ ਦਿਓ...' ਤੇਜਾ ਬੋਲਿਆ।

ਨਾਲ ਹੀ ਰਾਮ ਲਖਨ ਨੇ ਵੀ ਹਾਮੀ ਭਰੀ, 'ਕਿਤਨੀ ਬਾਰ ਸੁਨੇਹਾ ਭੇਜਿਆ ਹੈਗਾ, ਪਰ ਚਾਹ ਨੀਂ ਆਈ ਅਭੀ ਤੱਕ।'

'ਚਾਹ ਤਾਂ, ਯਾਰ, ਥੋਨੂੰ ਪਤਾ ਈ ਐ...,' ਵਿਅਕਤੀ ਕੁਝ ਝਿਜਕਿਆ, 'ਕੋਵਿਡ ਚੱਲ ਰਿਹੈ।' ਫਿਰ ਜਿਵੇਂ ਉਸ ਨੂੰ ਕੁਝ ਫੁਰਨਾ ਫੁਰਿਆ ਹੋਵੇ, 'ਚਾਹ-ਚੂਹ ਤਾਂ ਤੁਸੀਂ ਆਪਣੇ ਘਰੋਂ ਲੈ ਆਇਆ ਕਰੋ।'

ਤੇਜਾ ਤੇ ਰਾਮ ਲਖਨ ਉਸ ਵੱਲ ਬਿੱਟ-ਬਿੱਟ ਵੇਖਦੇ ਰਹਿ ਗਏ। ਤੇਜੇ ਨੇ ਸੰਦ ਛੱਡ ਕੇ ਜਿਵੇਂ ਮੋਰਚਾ ਸੰਭਾਲਿਆ ਹੋਵੇ, 'ਬਾਊ, ਤੇਰੀ ਚਾਹ ਨਾਲ ਕਿਹੜਾ ਕਰੋਨਾ ਹੋਣ ਲੱਗਿਐ, ਭਲਾਂ ?'

'ਗੱਲ ਮਿਸਤਰੀ ਇਹ ਨੀਂ...' ਵਿਅਕਤੀ ਨੇ ਗੱਲ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ। ਪਰ ਤੇਜੇ ਦਾ ਸੁਰ ਹੋਰ ਉੱਚਾ ਹੋ ਗਿਆ, 'ਤੂੰ ਸਾਡੇ ਘਰ ਆਈਂ ਕਦੇ, ਜੇ ਤੈਨੂੰ ਚਾਹ-ਰੋਟੀ ਨਾਲ ਨਾ ਰਜਾ 'ਤਾ। ਚਾਹੇ ਮਹੀਨਾ ਬੈਠਾ ਰਹੀਂ, ਕਰੋਨਾ 'ਚ ਲੰਗਰ ਚਲਦਾ ਰਿਹੈ ਘਰ ਸਾਡੇ। ਆਹ, ਜਿਹੜੇ ਗ਼ਰੀਬ (ਉਸ ਨੇ ਰਾਮ ਲਖਨ ਵੱਲ ਇਸ਼ਾਰਾ ਕੀਤਾ) ਥੋਡੇ ਅਰਗਿਆਂ ਨੇ ਕੱਢ'ਤੇ ਸੀ, ਅਸੀਂ ਈ ਸਾਂਭੇ ਨੇ...,' ਬੋਲਦਿਆਂ ਤੇਜਾ ਸੰਦਾਂ ਵੱਲ ਤੁਰ ਪਿਆ।

'ਕਿਸੇ ਹੋਰ ਤੋਂ ਕਰਵਾ-ਲੀਂ ਕੰਮ ਆਪਣਾ...' ਕਹਿੰਦਿਆਂ ਉਹ ਇੱਕ-ਇੱਕ ਔਜ਼ਾਰ ਥੈਲੇ 'ਚ ਪਾਉਣ ਲੱਗ ਪਿਆ।

ਜਦੋਂ ਉਹ ਬਾਬੂ ਕੋਲੋਂ ਲੰਘਣ ਲੱਗਿਆ ਤਾਂ ਮੂਕ ਖੜਾ ਬਾਬੂ ਉਸ ਤੋਂ ਸਮਾਜਿਕ ਦੂਰੀ ਬਣਾਉਣੀ ਭੁੱਲ ਗਿਆ।

ਪਰ ਪੌੜੀਆਂ 'ਚੋਂ ਪਿੱਛੇ ਵੱਲ ਝਾਕੇ ਤੇਜੇ ਦੀਆਂ ਲਾਲ ਅੱਖਾਂ ਵੇਖ ਕੇ ਉਹ ਦੋ ਕਦਮ ਪਿੱਛੇ ਹੋ ਗਿਆ।

'ਤੇਜ ਪ੍ਰਤਾਪ ਸਿਹੁੰ ਨਾਂ ਐ ਮੇਰਾ, ਐਨੀ ਕੁ ਦਿਹਾੜੀ 'ਤੇ ਤਾਂ ਮੈਂ ਕਦੇ ਉਈਂ ਨੀਂ ਸੀ ਕੰਮ ਕੀਤਾ' ਦੋ ਪੌੜੀਆਂ ਹੋਰ ਉੱਤਰ ਕੇ ਉਸ ਨੇ ਦੁਬਾਰਾ ਫਿਰ ਚਿਹਰਾ ਪਿੱਛੇ ਘੁਮਾਇਆ, 'ਪਟਿਆਲੇ ਦੇ ਬੜੇ ਅਸਪਤਾਲ 'ਚ ਜਨਮ ਹੋਇਆ ਐ ਮੇਰਾ।'

## ਗੈਂਗਸਟਰ ਜੈਪਾਲ ਭੁੱਲਰ...

ਇਨਾਂ ਤਿੰਨਾਂ ਦਾ ਸਬੰਧ ਖੇਡ ਦੀ ਦੁਨੀਆ ਨਾਲ ਰਿਹਾ ਹੈ। ਪਰ ਖੇਡ ਦੇ ਮੈਦਾਨ ਦੀ ਥਾਂ ਇਹ ਕ੍ਰਾਈਮ ਦੀ ਦੁਨੀਆ ਵਿੱਚ ਜ਼ਿਆਦਾ ਸਰਗਰਮ ਹੋਏ ਗਏ। ਪਹਿਲਾਂ ਸ਼ੇਰਾ ਖੁੱਬਣ ਤੇ ਫਿਰ ਵਿੱਕੀ ਗੌਂਡਰ ਤੋਂ ਬਾਅਦ ਆਖਰਕਾਰ ਜੈਪਾਲ ਭੁੱਲਰ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ।

**ਜੈਪਾਲ ਭੁੱਲਰ ਦੀ ਹਿਸਟਰੀ ਸ਼ੀਟ**

ਪੰਜਾਬ ਪੁਲਿਸ ਮੁਤਾਬਕ ਜੈਪਾਲ, ਸਾਲ 2014 ਤੋਂ ਫਰਾਰ ਸੀ ਅਤੇ ਇਨਾਂ ਸਾਰੇ ਸਾਲਾਂ ਦੌਰਾਨ ਉਸ ਨੇ ਕਈ ਜੁਰਮ ਕੀਤੇ ਅਤੇ ਉਹ 25 ਤੋਂ ਵੱਧ ਸਨਸਨੀਖੇਜ਼ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦਾ ਸੀ। ਪੁਲਿਸ ਮੁਤਾਬਕ ਜਦੋਂ ਸ਼ੇਰਾ ਖੁੱਬਣ ਨਾਮਕ ਨੌਜਵਾਨ, ਜਿਸ ਬਾਰੇ ਪੰਜਾਬ ਪੁਲਿਸ ਦਾ ਦਾਅਵਾ ਹੈ ਕਿ ਉਹ ਅਪਰਾਧਿਕ ਗਤੀਵਿਧੀਆਂ ਵਿੱਚ ਸਾਮਲ ਸੀ, 2012 ਵਿੱਚ ਇੱਕ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ।

ਸ਼ੇਰਾ ਖੁੱਬਣ ਅਤੇ ਜੈਪਾਲ ਦੋਵੇਂ ਦੋਸਤ ਸਨ। ਸ਼ੇਰੇ ਦੇ ਮਾਰੇ ਜਾਣ ਬਾਰੇ ਜੈਪਾਲ ਨੂੰ ਸ਼ੱਕ ਸੀ ਕਿ ਰੌਕੀ ਫਾਜ਼ਿਲਕਾ ਨੇ ਸੇਰੇ ਬਾਰੇ ਪੁਲਿਸ ਨੂੰ ਜਾਣਕਾਰੀ ਦਿੱਤੀ ਸੀ।30 ਅਪ੍ਰੈਲ 2016 ਵਿੱਚ ਜੈਪਾਲ ਨੇ ਸੋਲਨ ਨੇੜੇ ਜਸਵਿੰਦਰ ਸਿੰਘ ਉਰਫ ਰੌਕੀ ਫਾਜ਼ਿਲਕਾ ਦਾ ਕਤਲ ਕਰ ਦਿੱਤਾ। ਜੈਪਾਲ ਨੇ ਬਕਾਇਦਾ ਫੇਸਬੁੱਕ ਉੱਤੇ ਰੌਕੀ ਦੇ ਕਤਲ ਦੀ ਜਿੰਮੇਵਾਰੀ ਲਈ ਅਤੇ ਇਸ ਨੂੰ ਸ਼ੇਰੇ ਦਾ ਬਦਲਾ ਕਰਾਰ ਦਿੱਤਾ।

ਪੁਲਿਸ ਮੁਤਾਬਕ 2017 ਵਿੱਚ ਜੈਪਾਲ ਨੇ ਚਿਤਕਾਰਾ ਯੂਨੀਵਰਸਿਟੀ ਨੇੜੇ ਪਟਿਆਲਾ ਹਾਈਵੇ ਉੱਤੇ ਇੱਕ ਨਕਦੀ ਲਿਜਾ ਰਹੀ ਵੈਨ ਵਿੱਚੋਂ 1.3 ਕਰੋੜ ਰੁਪਏ ਅਤੇ ਰੋਪੜ ਵਿੱਚ ਏ.ਟੀ.ਐੱਮ ਲੋਡਿੰਗ ਵੈਨ ਵਿਚੋਂ 35 ਲੱਖ ਰੁਪਏ ਲੁੱਟੇ। ਇਸ ਤੋਂ ਬਾਅਦ 15 ਮਈ ਨੂੰ ਜੈਪਾਲ ਅਤੇ ਉਸ ਦੇ ਸਾਥੀਆਂ ਨੇ ਜਗਰਾਓਂ ਵਿੱਚ ਪੰਜਾਬ ਪੁਲਿਸ ਦੇ ਦੋ ਏਐਸਆਈਜ ਨੂੰ ਗੋਲੀ ਮਾਰ ਦਿੱਤੀ।

**ਮਾਰੇ ਗਏ ਗੈਂਗਸਟਰ ਜੱਸੀ ਦੇ ਘਰਦਿਆਂ ਨੇ ਝੂਠਾ ਪੁਲਿਸ ਮੁਕਾਬਲਾ ਦਸਿਆ**

ਪੰਜਾਬ ਅਤੇ ਕਲੱਕਤਾ ਪੁਲਿਸ ਵੱਲੋਂ ਐਨਕਾਊਂਟਰ ਦੌਰਾਨ ਮਾਰੇ ਗਏ ਗੈਂਗਸਟਰ ਜਸਪ੍ਰੀਤ ਸਿੰਘ ਜੱਸੀ ਦੇ ਖਰੜ ਵਿਖੇ ਘਰ ਦੀਆਂ ਤਸਵੀਰਾਂ ਸਾਹਮਣੇ ਆਈਆਂ ਹਨ। ਜਸਪ੍ਰੀਤ ਦੇ ਘਰ ਵਿਚ ਗਮ ਦਾ ਮਾਹੌਲ ਬਣਿਆ ਹੋਇਆ ਹੈ। ਜਸਪ੍ਰੀਤ ਦੇ ਘਰ ਆਏ ਰਿਸ਼ਤੇਦਾਰਾਂ ਅਤੇ ਦੋਸਤਾਂ ਨੇ ਦੱਸਿਆ ਕਿ ਪੰਜਾਬ ਪੁਲਿਸ ਨੇ ਜਸਪ੍ਰੀਤ ਜੱਸੀ ਅਤੇ ਜੈਪਾਲ ਭੁੱਲਰ ਦਾ ਐਨਕਾਊਂਟਰ ਕਰਕੇ ਸਹੀ ਕਾਰਵਾਈ ਨਹੀਂ ਕੀਤੀ ਹੈ। ਉਨਾਂ ਕਿਹਾ ਕਿ ਉਨਾਂ ਦੋਹਾਂ ਨੂੰ ਗ੍ਰਿਫਤਾਰ ਵੀ ਕੀਤਾ ਜਾ ਸਕਦਾ ਸੀ ਪਰ ਅਜਿਹਾ ਨਹੀਂ ਹੋਇਆ। ਇਸ ਮੌਕੇ ਰਿਸ਼ਤੇਦਾਰਾਂ ਵੱਲੋਂ ਮੀਡੀਆ 'ਤੇ ਵੀ ਸਵਾਲ ਚੁੱਕੇ ਗਏ। ਉਨਾਂ ਦਾ ਕਹਿਣਾ ਸੀ ਕਿ ਜੇਕਰ ਮੀਡੀਆ ਆਪਣੀ ਸਹੀ ਭੂਮਿਕਾ ਨਿਭਾਉਂਦੀ ਤਾਂ ਸ਼ਾਇਦ ਅੱਜ ਉਨਾਂ ਦਾ ਦੋਸਤ ਉਨਾਂ ਦੇ ਨਾਲ ਹੁੰਦਾ। ਜਸਪ੍ਰੀਤ ਦੇ ਦੋਸਤਾਂ ਨੇ ਕਿਹਾ ਕਿ ਗਲਤ ਫਹਿਮੀਆਂ ਦੇ ਕਰਕੇ ਜਸਪ੍ਰੀਤ ਜੁਰਮ ਦੀ ਇਸ ਦੁਨੀਆ 'ਚ ਅੱਗੇ ਵੱਧਦਾ ਗਿਆ ਪਰ ਜੋ ਵੀ ਹੋਇਆ ਬਹੁਤ ਮਾੜਾ ਹੋਇਆ। ਜਸਪ੍ਰੀਤ ਦੇ ਘਰ ਪੁੱਜੇ ਇਕ ਰਿਸ਼ਤੇਦਾਰ ਨੇ ਕਿਹਾ ਕਿ ਜੇਕਰ ਜਸਪ੍ਰੀਤ ਵੀ ਪੁਲਿਸ ਅੱਗੇ ਆਤਮ ਸਮਰਪਣ ਕਰ ਦਿੰਦਾ ਤਾਂ ਉਸ 'ਤੇ ਕੇਸ ਚੱਲ ਪੈਂਦਾ ਪਰ ਪਰਿਵਾਰ ਨੂੰ ਇਹ ਦਿਨ ਨਾ ਦੇਖਣਾ ਪੈਂਦਾ। ਜਸਪ੍ਰੀਤ ਦੇ ਘਰ ਵਿਚ ਉਸ ਦੀ ਮਾਂ ਅਤੇ ਭੈਣ ਹਨ, ਜਦੋਂ ਕਿ ਪਿਤਾ ਦੀ ਮੌਤ ਹੋ ਚੁੱਕੀ ਹੈ। ਜਸਪ੍ਰੀਤ ਦੀ ਪਤਨੀ ਨੂੰ ਵੀ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੈ।

## ਦੋਹਰੇ ਕਿਰਦਾਰ

ਤਾਂ ਅੱਗੋਂ ਕਹਿੰਦਾ ਤੇਰਾ ਅਚਾਰ ਵਾਲਾ ਮਰਤਮਾਣ ਵੀ ਭੇਜਾਂ। ਉਸਨੇ ਉਸਦੀਆਂ ਪੇਟੀਆਂ ਅਲਮਾਰੀਆਂ ਦੇ ਜਿੰਦਰੇ ਤੋੜ ਕੇ ਕਾਫੀ ਸਮਾਨ ਕੱਢਣ ਮਗਰੋਂ ਟਰਾਲੀ ਵਿਚ ਭਰਕੇ ਭੇਜ ਦਿੱਤਾ। ਨਾਲ ਹੀ ਫੋਨ ਕਰਕੇ ਕਿਹਾ ਕਿ ਇਥੇ ਨਾ ਵੜੀਂ ਹੁਣ। ਉਧਰ ਰੇਡੀਓ ਉਪਰ ਬੜੀਆਂ ਚੰਗੀਆਂ ਗੱਲਾਂ ਕਰ ਕਰ ਕੇ ਲੋਕਾਂ ਨੂੰ ਭਰਮਾਉਂਦੇ।

ਆਂਢ ਗੁਆਂਢ ਨੇ ਸਨਾ ਨੂੰ ਫੋਨ ਕਰਕੇ ਸਭ ਦਸਿਆ ਤਾਂ ਉਹ ਵਿਚਾਰੀ ਰੋਂਦੀ ਰੋਂਦੀ ਮਾਂ ਨੂੰ ਲੈਣ ਪਹੁੰਚ ਗਈ। ਸਨਾ ਕੋਲ ਜਾ ਕੇ ਮਾਂ ਨੇ ਪਿੱਤੇ ਦੀ ਪੱਥਰੀ ਦੀ ਤਕਲੀਫ਼ ਦਸੀ ਤਾਂ ਧੀ ਜਵਾਈ ਹਸਪਤਾਲ ਲੈ ਕੇ ਗਏ। ਅੱਗੋਂ ਡਾਕਟਰ ਨੇ ਕਿਹਾ ਕਿ ਇਨਾਂ ਦਾ ਤਾਂ ਜਲਦੀ ਹੀ ਅਪ੍ਰੇਸ਼ਨ ਕਰਨਾ ਪਵੇਗਾ। ਸੋ ਅੱਜ ਮਾਂ ਦਾ ਅਪ੍ਰੇਸ਼ਨ ਹੋ ਗਿਆ ਸੀ। ਉਹ ਇਕ ਤਕਲੀਫ਼ ਵਿੱਚੋਂ ਬਾਹਰ ਆ ਗਈ ਸੀ। ਪਰ ਉਸ ਤਕਲੀਫ਼ ਦਾ ਕੀ ਜੋ ਉਸਦੇ ਕੁੱਖੋਂ ਜਣੇ ਨੇ ਦਿੱਤੀ। ਕੀ ਲੋਕ ਇਹ ਦਿਨ ਦੇਖਣ ਨੂੰ ਹੀ ਬੇਟੇ ਪੈਦਾ ਕਰਦੇ ਹਨ। ਬੇਟੀਆਂ ਨੂੰ ਬੋਝ ਸਮਝਣ ਵਾਲੇ ਇਸ ਕਹਾਣੀ ਤੇ ਗੌਰ ਕਰਨ।

## ਪੰਜਾਬ ਦੀ ਰਾਜਨੀਤੀ...

ਇਸ ਤਰਾਂ ਰਾਜਨੀਤਿਕ ਚਿਹਰੇ ਦੀ ਅਣਹੋਂਦ ਵਿਚ ਉਨ੍ਹਾਂ ਦੀ ਸ਼ਕਤੀ ਨੂੰ ਡੇਰਾ ਸੱਭਿਆਚਾਰ ਦੁਆਰਾ ਵੀ ਆਪਣੇ ਹਿੱਤਾਂ ਨੂੰ ਪ੍ਰਫੁੱਲਿਤ ਕਰਨ ਲਈ ਵਰਤਿਆ ਜਾਂਦਾ ਹੈ ਸਮਾਜਿਕ ਬੇਦਖਲੀ, ਆਰਥਿਕ ਪਿਛੜੇਪਣ ਅਤੇ ਰਾਜਨੀਤਿਕ ਹਾਸ਼ੀਏ ਤੇ ਹੋਣ ਦੇ ਬਾਵਜੂਦ ਭਾਰਤ ਵਿਚ ਹੋਰ ਦਲਿਤਾਂ ਦੇ ਮੁਕਾਬਲਤਨ ਪੰਜਾਬ ਦੇ ਦਲਿਤਾਂ ਦੀ ਸਥਿਤੀ ਸਿੱਖਿਆ, ਸਿਹਤ ਸੰਭਾਲ, ਨੌਕਰੀ ਪ੍ਰਬੰਧ ਅਤੇ ਕੁਝ ਹੱਦ ਤੱਕ ਰਾਜਨੀਤਿਕ ਪ੍ਰਤੀਨਿਧਤਾ ਦੇ ਸੰਦਰਭ ਵਿਚ ਬੇਹਤਰ ਹੈ। ਉਨ੍ਹਾਂ ਦੇ ਹਾਸ਼ੀਏ ਉੱਪਰ ਹੋਣ ਦਾ ਇਕ ਵੱਡਾ ਕਾਰਣ ਦਲਿਤਾਂ ਵਿਚ ਇਕਜੁੱਟਤਾ ਦੀ ਘਾਟ, ਜਾਤ ਦਰਜਾਬੰਦੀ ਅਤੇ ਪੇਂਡੂ ਅਤੇ ਸ਼ਹਿਰੀ ਦਲਿਤਾਂ ਵਿਚ ਵਧਦਾ ਪਾੜਾ ਹੈ ਦੂਜੇ ਡੇਰਿਆਂ ਦੀ ਤਰਜ ਤੇ ਹੀ ਦਲਿਤ ਡੇਰਿਆਂ ਦੇ ਪ੍ਰਫੁਲਿਤ ਹੋਣ ਨੇ ਵੀ ਪੰਜਾਬ ਵਿਚ ਦਲਿਤ ਡੇਰਾ ਮੁਖੀਆਂ ਨੂੰ ਪੈਦਾ ਕੀਤਾ ਹੈ ਜਿਨ੍ਹਾਂ ਦਾ ਆਪਣਾ ਰਾਜਨੀਤਿਕ ਪ੍ਰਭਾਵ ਹੈ ਉਨ੍ਹਾਂ ਨੇ ਮੁੱਖਧਾਰਾ ਦੀਆਂ ਪਾਰਟੀਆਂ ਨਾਲ ਆਪਣੇ ਸੰਬੰਧਾਂ ਕਰਕੇ ਰਾਜਨੀਤਿਕ ਮਹੱਤਤਾ ਹਾਸਿਲ ਕਰ ਲਈ ਹੈ ਡੇਰਾ ਉਨ੍ਹਾਂ ਦੀਆਂ ਰਾਜਨੀਤਿਕ ਵਿਕਲਪਾਂ ਨੂੰ ਪ੍ਰਭਾਵਿਤ ਕਰਦਾ ਹੈ ਜੋ ਕਿ ਜਿਆਦਾਤਰ ਹਾਸ਼ੀਆ ਸਮੂਹਾਂ ਵਿਚੋਂ ਆਉਂਦੇ ਹਨ।ਇਸ ਵਰਤਾਰੇ ਨੇ ਹਾਲੀਆ ਸਮੇਂ ਵਿਚ ਬਹੁਤ ਮਹੱਤਵਪੂਰਨ ਰੋਲ ਅਦਾ ਕੀਤਾ ਹੈ ਜਿਸ ਦਾ ਨਤੀਜਾ ਇਹ ਹੋਇਆ ਹੈ ਕਿ ਰਾਜਨੀਤਿਕ ਸ਼ਕਤੀ ਉੱਚ ਜਾਤੀਆਂ ਦੇ ਕੰਟਰੋਲ ਵਿਚ ਹੀ ਰਹਿੰਦੀ ਹੈ।20 22 ਦੀਆਂ ਆਉਣ ਵਾਲੀਆਂ ਅਸੈਂਬਲੀ ਚੋਣਾਂ ਦੀ ਵੀ ਇਹ ਕਠੋਰ ਸੱਚਾਈ ਹੈ, ਭਾਵੇਂ ਕਿ ਮੁੱਖ ਰਾਜਨੀਤਿਕ ਪਾਰਟੀਆਂ ਦਲਿਤਾਂ ਦੇ ਉਥਾਨ ਦੇ ਦਾਅਵੇ ਕਰਦੀਆਂ ਰਹਿੰਦੀਆਂ ਹਨ।


Website Design & Development

→ ਛੋਟੇ/ਵੱਡੇ ਬਜਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
→ ਈ-ਕਾਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
✓ WEB DEVELOPMENT
✓ WEB DESIGNING
✓ WEB RE-DESIGN
✓ LOGO DESIGN
✓ SEO SERVICES
✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਨਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

## ਵਿਸ਼ਵ ਵਿਚ ਧੁੰਮਾਂ...

ਸੁਰਿੰਦਰਪ੍ਰੀਤ ਸਿੰਘ ਨੂੰ ਬਚਪਨ ਵਿਚ ਪੜਾਈ ਕਰਨ ਦਾ ਮੌਕਾ ਨਹੀਂ ਸੀ ਮਿਲਿਆ। 1965-66 ਵਿਚ ਉਹ ਕਪੂਰਥਲੇ ਦੀ ਕਿਸੇ ਫੈਕਟਰੀ ਵਿਚ ਕੰਮ ਕਰਦਾ ਸੀ ਕਿ ਉਥੇ ਕਵੀ ਦਰਬਾਰ ਵਿਚ ਸ਼ਿਵ ਕੁਮਾਰ ਬਟਾਲਵੀ ਦੀਆਂ ਨਜ਼ਮਾਂ ਸੁਣ ਬੈਠਾ। ਉਥੋਂ ਉਸ ਨੂੰ ਸਾਹਿਤ ਪੜਨ ਦੀ ਲਗਨ ਲੱਗ ਗਈ ਜਿਸ ਨਾਲ ਸਾਹਿਤਕ ਪੱਤਰਕਾਰੀ ਕਰਨ ਲੱਗ ਪਿਆ। ਅਭਿਆਸ ਨਾਲ ਹਿੰਦੀ ਦੇ 'ਧਰਮਯੁਗ' ਵਰਗੇ ਨਾਮੀ ਮੈਗਜ਼ੀਨ ਵਿਚ ਛਪਣ ਲੱਗ ਪਿਆ। ਫਿਰ ਆਪ ਸੰਪਾਦਕ ਬਣ ਗਿਆ ਤੇ ਖੋਜ ਕਰ ਕੇ ਸੱਚੀਆਂ ਕਹਾਣੀਆਂ ਲਿਖਣ ਲੱਗ ਪਿਆ। ਸਬੱਬੀ ਕੈਨੇਡਾ ਤੋਂ ਪੰਜਾਬ ਆਇਆ ਟਾਈਗਰ ਜੀਤ ਸਿੰਘ ਉਸ ਨੂੰ ਮਿਲ ਗਿਆ ਜਿਸ ਨਾਲ ਉਹਦੇ ਬਾਰੇ ਕਾਫੀ ਸਾਰਾ ਮੈਟਰ ਇਕੱਠਾ ਹੋ ਗਿਆ। ਉਸ ਨੇ ਲਿਖਿਆ: 'ਭਾਰਤੀ ਮਨੋਰਮ ਕਹਾਣੀਆਂ' ਲਈ ਸੱਚੀ ਕਹਾਣੀ ਲਿਖਣ ਬੈਠਾ ਤਾਂ ਸਮਝ ਨਾ ਆਵੇ ਕਿ ਕਿਥੋਂ ਸ਼ੁਰੂ ਕਰਾਂ ਤੇ ਕਿਥੇ ਖ਼ਤਮ ਕਰਾਂ? ਕੀ ਲਿਖਾਂ ਤੇ ਕੀ ਛੱਡਾਂ? ਗੱਲ ਕਹਾਣੀ ਵਿਚ ਸਮਾਉਣ ਵਾਲੀ ਨਹੀਂ ਸੀ, ਪੂਰੀ ਕਿਤਾਬ ਦਾ ਮੈਟਰ ਸੀ। ਖ਼ੈਰ, ਕਿਸੇ ਤਰਾਂ ਕਹਾਣੀ ਲਿਖ ਕੇ ਭੇਜੀ ਜੋ ਨਵੰਬਰ 2001 ਦੇ ਅੰਕ ਵਿਚ ਪੂਰੇ ਸਤਾਰਾਂ ਪੰਨਿਆਂ ਤੇ ਛਪੀ ਤੇ ਨਾਲ ਹੀ ਸੰਪਾਦਕ ਨੇ ਕਹਾਣੀ ਬਾਰੇ ਦੋ ਸਫ਼ਿਆਂ ਦਾ ਨੋਟ ਛਾਪਿਆ। ਉਸ ਵਿਚ ਹਿੰਦੀ ਫਿਲਮਾਂ ਬਣਾਉਣ ਵਾਲਿਆਂ ਨੂੰ ਵੰਗਾਰਿਆ ਜੋ ਕਹਿੰਦੇ ਸਨ ਕਿ ਹਿੰਦੀ ਵਿਚ ਫਿਲਮਾਂ ਬਣਾਉਣ ਯੋਗ ਕਹਾਣੀਆਂ ਨਹੀਂ ਮਿਲਦੀਆਂ। ਇਹ ਦੇਖੋ ਕਹਾਣੀ ਜਿਸ ਤੇ ਸੁਪਰ ਹਿੱਟ ਫਿਲਮ ਬਣਾਈ ਜਾ ਸਕਦੀ ਹੈ ਜੋ ਵਰਿਆਂ ਤਕ ਯਾਦ ਕੀਤੀ ਜਾਵੇਗੀ।

ਇਸ ਤਰਾਂ ਹਿੰਦੀ ਦੀਆਂ 'ਸੱਤਿਆ' ਕਹਾਣੀਆਂ ਦੀ ਪੱਤ੍ਰਿਕਾ ਲਈ ਕਹਾਣੀ ਦੀ ਖੋਜ ਤੋਂ ਸ਼ੁਰੂ ਹੋਇਆ ਸਫ਼ਰ ਪੁਸਤਕ ਦੇ ਰੂਪ ਤਕ ਪਹੁੰਚ ਗਿਆ। ਯਾਰਾਂ ਦੋਸਤਾਂ, ਟਾਈਗਰ ਦੇ ਨਜ਼ਦੀਕੀਆਂ ਤੇ ਸਭ ਤੋਂ ਵੱਧ ਜਗਦੇਵ ਸਿੰਘ ਜੱਸੋਵਾਲ ਦਾ ਕਹਿਣਾ ਸੀ ਕਿ ਇਸ ਨੂੰ ਪੰਜਾਬੀ ਵਿਚ ਲਿਖਿਆ ਜਾਣਾ ਚਾਹੀਦਾ ਹੈ। ਸੋ, ਇਹ ਪੁਸਤਕ ਰੂਪ ਵਿਚ ਪੇਸ਼ ਹੈ। ਪੰਜਾਬ ਦੇ ਨੌਜਵਾਨ ਇਸ ਅਨੋਖੇ ਜੀਵਨ ਬਿਰਤਾਂਤ ਤੋਂ ਪ੍ਰੇਰਨਾ ਲੈ ਕੇ ਅਸਮਾਨ ਦੀਆਂ ਉਚਾਈਆਂ ਛੋਹਣ ਦੇ ਰਾਹ ਪੈ ਜਾਣ ਤਾਂ ਮੈਂ ਸਮਝਾਂਗਾ, ਮੈਂ ਵੀ ਆਪਣੀ ਕੌਮ, ਆਪਣੇ ਪੰਜਾਬ ਤੇ ਆਪਣੇ ਦੇਸ਼ ਲਈ ਕੁਝਯੋਗਦਾਨ ਪਾਉਣ ਵਿਚ ਸਫਲ ਰਿਹਾ ਹਾਂ। ਪੁਸਤਕ ਦੇ ਪਹਿਲੇ ਪੰਨੇ 'ਤੇ ਜਗਜੀਤ ਸਿੰਘ ਹਾਂਸ ਬਾਰੇ ਦਰਜ ਹੈ: ਮਿਡਲ ਸਕੂਲ ਦੇ ਵਿਦਿਆਰਥੀ ਵਜੋਂ ਉਸ ਨੇ ਦਾਰਾ ਸਿੰਘ ਅਤੇ ਕਿੰਗਕਾਂਗ ਦੀ 1955-56 ਵਿਚ ਦਿੱਲੀ ਵਿਖੇ ਹੋਈ ਕੁਸ਼ਤੀ ਦੇਖੀ ਤਾਂ ਉਹਦੇ ਸਿਰ ਤੇ ਪਹਿਲਵਾਨ ਬਣਨ ਦਾ ਭੂਤ ਸਵਾਰ ਹੋ ਗਿਆ। ਪੜਾਈ ਦੀ ਥਾਂ ਪਹਿਲਵਾਨੀ ਵਿਚ ਦਿਲਚਸਪੀ ਲੈਣ ਲੱਗਾ। 1966 ਵਿਚ ਉਸ ਦਾ ਫੌਜੀ ਅਫਸਰ ਪਿਤਾ ਸਾਰੇ ਪਰਿਵਾਰ ਨਾਲ ਉਸ ਨੂੰ ਵੀ ਕੈਨੇਡਾ ਲੈ ਗਿਆ। ਪਹਿਲਵਾਨੀ ਦਾ ਸ਼ੌਕ ਹੋਣ ਕਾਰਨ ਉਥੇ ਦੇ ਕੰਮ ਧੰਦੇ ਵਿਚ ਉਹਦਾ ਜੀਅ ਨਾ ਲੱਗਾ ਤੇ ਉਹ ਵਾਪਸ ਮੁੜ ਆਇਆ। ਆ ਕੇ ਭਲਵਾਨੀ ਕੀਤੀ, ਵਿਆਹ ਕਰਵਾਇਆ ਤੇ ਪਤਨੀ ਨੂੰ ਪਹਿਲਾ ਬੱਚਾ ਹੋਣ ਸਮੇਂ ਪਤਨੀ ਸਮੇਤ ਫਿਰ ਕੈਨੇਡਾ ਚਲਾ ਗਿਆ। ਮਹੀਨੇ ਕੁ ਬਾਅਦ ਹਸਪਤਾਲ ਵਿਚ ਬੱਚੇ ਦੀ ਪੈਦਾਇਸ਼ ਹੋਈ ਤਾਂ ਬਿੱਲ ਤਾਰਨ ਲਈ ਉਹਦੇ ਕੋਲ ਕੇਵਲ 6 ਡਾਲਰ ਸਨ ਜਦ ਕਿ ਬਿੱਲ 94 ਡਾਲਰ ਦਾ ਸੀ। ਇਸ ਤੋਂ ਬਿਨਾਂ ਦਵਾਈਆਂ ਖਰੀਦਣ ਅਤੇ ਪਤਨੀ ਤੇ ਬੱਚੇ ਨੂੰ ਭਰਾ ਦੇ ਘਰ ਲਿਜਾਣ ਲਈ ਟੈਕਸੀ ਦਾ ਖਰਚਾ ਪਾ ਕੇ ਕੁਲ ਸਵਾ ਸੌ ਡਾਲਰ ਚਾਹੀਦੇ ਸਨ।

ਉਹ ਹਸਪਤਾਲ ਤੋਂ ਨਿੰਮੋਝੂਣਾ ਬਾਹਰ ਨਿਕਲਿਆ। ਸੜਕ ਤੇ ਤੁਰੇ ਜਾਂਦੇ ਨੂੰ ਕਿਤੋਂ ਕੁਸ਼ਤੀ ਦੀਆਂ ਆਵਾਜ਼ਾਂ ਸੁਣੀਆਂ। ਕੁਸ਼ਤੀ ਦੀ ਸਿਖਲਾਈ ਉਸ ਨੇ ਲਈ ਹੀ ਹੋਈ ਸੀ। ਉਹ ਗੇਟ ਤੇ ਚਲਾ ਗਿਆ। ਮਾਈਕ ਤੋਂ ਸੰਸਾਰ ਪ੍ਰਸਿੱਧ ਪਹਿਲਵਾਨ ਦਹਾੜ ਰਿਹਾ ਸੀ... ਹੈ ਕੋਈ ਮਾਈ ਦਾ ਲਾਲ ਜੋ ਮੇਰੇ ਨਾਲ ਕੁਸ਼ਤੀ ਲੜਨ ਦੀ ਹਿੰਮਤ ਰੱਖਦਾ ਹੋਵੇ? ਮੈਨੂੰ ਹਰਾਉਣ ਵਾਲੇ ਨੂੰ ਛੇ ਹਜ਼ਾਰ ਡਾਲਰ ਨਗਦ ਇਨਾਮ ਦਿੱਤਾ ਜਾਵੇਗਾ। ਮੁਕਾਬਲੇ ਵਿਚ ਹਾਰ ਵੀ ਜਾਵੇ ਤਾਂ ਦੋ ਹਜ਼ਾਰ ਡਾਲਰ ਮਿਲਣਗੇ। ਹਾਂਸ ਨੂੰ ਸਵਾ ਸੌ ਡਾਲਰਾਂ ਦੀ ਫੌਰੀ ਲੋੜ ਸੀ। ਉਸ ਨੇ ਸੱਟਾਂ-ਫੇਟਾਂ ਦੀ ਪਰਵਾਹ ਨਾ ਕਰਦਿਆਂ ਚੈਲੰਜ ਕਬੂਲ ਕਰ ਲਿਆ। ਕਰਨੀ ਰੱਬ ਦੀ, ਹਾਂਸ ਨੇ ਹਾਥੀ ਵਰਗੇ ਪਹਿਲਵਾਨ ਨੂੰ ਡੇਢ ਮਿੰਟ ਵਿਚ ਹਰਾ ਕੇ 6000 ਡਾਲਰ ਬੋਝੇ ਪਾਏ ਅਤੇ ਪਤਨੀ ਤੇ ਨਵ ਜੰਮੇ ਪੁੱਤਰ ਨੂੰ ਟੈਕਸੀ ਤੇ ਬਿਠਾ, ਭਰਾ ਦੇ ਘਰ ਲੈ ਆਇਆ। ਉਸ ਦਿਨ ਤੋਂ ਦੌਲਤ ਤੇ ਸ਼ੋਹਰਤ ਉਹਦੇ ਪਿੱਛੇ ਲੱਗ ਤੁਰੀ। ਪਹਿਲੀ ਜਿੱਤ ਨਾਲ ਹੀ ਉਸ ਦਾ ਨਾਂ ਪੈ ਗਿਆ 'ਟਾਈਗਰ ਜੀਤ ਸਿੰਘ'।

ਉਹਦਾ ਪਿੰਡ ਸੁਜਾਪੁਰ ਬੇਸ਼ਕ ਸਾਡੇ ਪਿੰਡ ਚਕਰ ਦੇ ਨੇੜੇ ਹੀ ਹੈ ਪਰ ਮੈਂ ਉਸ ਨੂੰ 2006 ਤੱਕ ਨਹੀਂ ਸਾਂ ਮਿਲਿਆ। ਸਾਡਾ ਪਹਿਲਾ ਮੇਲ ਵੈਨਕੂਵਰ (ਕੈਨੇਡਾ) ਵਿਚ ਇਕ ਦੋਸਤ ਦੇ ਘਰ ਅਤੇ ਦੂਜਾ ਮੇਲ ਫਰਿਜ਼ਨੋ (ਅਮਰੀਕਾ) ਦੇ ਕਬੱਡੀ ਮੇਲੇ ਵਿਚ ਹੋਇਆ। ਮੈਂ ਉਥੇ ਕੁਮੈਂਟਰੀ ਕਰਨ ਜਾਣਾ ਸੀ, ਉਸ ਨੇ ਮੁੱਖ ਮਹਿਮਾਨ ਬਣ ਕੇ ਆਉਣਾ ਸੀ। ਮੈਂ ਟੋਰਾਂਟੋ ਤੋਂ ਵਾਸ਼ਿੰਗਟਨ ਡੈਲਿਸ ਤਕ ਬੋਬੀ ਜਹਾਜ਼ ਫੜਿਆ। ਜਦ ਉਹ ਉਪਰ ਉਠਿਆ ਤਾਂ ਯੱਕੇ ਵਾਂਗ ਹਿਲੋਰੇ ਖਾਣ ਲੱਗਾ। ਨਿੱਕੇ ਜਹਾਜ਼ਾਂ ਨਾਲ ਅਜਿਹਾ ਹੁੰਦਾ ਹੀ ਹੈ। ਹੇਠਾਂ ਟੋਰਾਂਟੋ ਦੀਆਂ ਰੱਖਾਂ ਦੇ ਰੰਗ ਬਦਲਦੇ ਦਿਖਾਈ ਦਿੱਤੇ। ਪਤਝੜ ਦੇ ਰੰਗਾਂ ਦੀ ਆਪਣੀ ਬਹਾਰ ਸੀ। ਉਪਰ ਬੱਦਲ ਮੰਡਰਾ ਰਹੇ ਸਨ। ਜਹਾਜ਼ ਬੱਦਲਾਂ ਵਿਚ ਦੀ ਉਪਰ ਨਿਕਲਿਆ ਤਾਂ ਹੇਠਾਂ ਬੱਦਲ ਰੂੰ ਦੇ ਗੋੜਿਆਂ ਵਾਂਗ ਵਿਛੇ ਦਿਖਾਈ ਦੇਣ ਲੱਗੇ। ਉਪਰ ਸੂਰਜ ਚਮਕ ਰਿਹਾ ਸੀ, ਹੇਠਾਂ ਬੱਦਲ ਲਿਸ਼ਕ ਰਹੇ ਸਨ।ਬਾਰੀ ਵਿਚ ਦੀ ਦੇਖਦਿਆਂ ਸਾਰੀ ਕਾਇਨਾਤ ਲਿਸ਼ਕੀ ਪੁਸ਼ਕੀ ਦਿਸ ਰਹੀ ਸੀ। ਜਹਾਜ਼ ਥਰਥਰਾ ਰਿਹਾ ਸੀ ਤੇ ਮੇਰੀ ਕਲਮ ਕਾਗਜ਼ ਉਤੇ ਦ੍ਰਿਸ਼ ਨੋਟ ਕਰਦੀ ਕੰਬ ਰਹੀ ਸੀ। 22 ਅਕਤੂਬਰ 2006 ਨੂੰ ਕੈਲੀਫੋਰਨੀਆ ਦੇ ਪੰਜਾਬੀਆਂ ਦਾ ਮੁਹਾਣ ਫਰਿਜ਼ਨੋ ਦੇ ਸਟੇਡੀਅਮ ਵੱਲ ਸੀ। ਕਾਰਾਂ ਮਿਰਜ਼ੇ ਦੀਆਂ ਬੱਕੀਆਂ ਬਣੀਆਂ ਜਾਂਦੀਆਂ ਸਨ। ਉਨਾਂ ਵਿਚ ਗੀਤ ਗੂੰਜ ਰਹੇ ਸਨ। 'ਮਿੱਤਰਾਂ ਦੀ ਛਤਰੀ ਤੋਂ ਉੱਡ ਕੇ ਅੰਬਰਾਂ ਤੇ ਲਾਉਨੀ ਏਂ ਉਡਾਰੀਆਂ' ਤੇ 'ਦੇ ਲੈ ਗੇੜਾ, ਲੈ ਲੈ ਗੇੜਾ' ਹੋਈ ਜਾ ਰਹੀ ਸੀ। ਰੇਡੀਓ ਹੋਸਟ ਆਸ਼ਾ ਸ਼ਰਮਾ ਤੇ ਮੱਖਣ ਬਰਾੜ ਵੀ ਪਹੁੰਚ ਗਏ ਸਨ। ਸਟੇਜ ਦੀ ਮਲਕਾ ਆਸ਼ਾ ਸ਼ਰਮਾ ਸਿਤਾਰਿਆਂ ਵਾਲਾ ਸੂਟ ਪਾਈ ਦਰਸ਼ਕਾਂ ਨੂੰ ਹਸਾ ਰਹੀ ਸੀ- 'ਹੱਸ ਕੇ ਨਾ ਲੰਘ ਵੈਰੀਆ, ਮੇਰੀ ਸੱਸ ਭਰਮਾਂ ਦੀ ਮਾਰੀ'। ਘੱਟ ਮੱਖਣ ਬਰਾੜ ਵੀ ਨਹੀਂ ਸੀ ਕਰ ਰਿਹਾ, ਕਹਿ ਰਿਹਾ ਸੀ, 'ਬੀਬੀ ਦੀ ਬੋਲ ਬਾਣੀ ਸੱਤਾਂ ਹਲਾਂ ਜਿੰਨੀ ਕਮਾਈ ਕਰੀ ਜਾਂਦੀ ਐ!'

ਖੇਡ ਮੇਲਾ ਜੋਬਨ ਤੇ ਸੀ ਜਦੋਂ ਟਾਈਗਰ ਜੀਤ ਸਿੰਘ ਮੈਦਾਨ ਵਿਚ ਆਇਆ। ਮੈਂ ਮਾਈਕ ਤੋਂ ਸਵਾਗਤੀ ਸ਼ਬਦ ਕਹੇ। ਸਵਾ ਛੇ ਫੁੱਟ ਉੱਚੇ ਪਹਿਲਵਾਨ ਨੇ ਪ੍ਰਬੰਧਕਾਂ ਨਾਲ ਸਟੇਡੀਅਮ ਦਾ ਚੱਕਰ ਲਾਉਂਦਿਆਂ ਦਰਸ਼ਕਾਂ ਨੂੰ ਖੁੱਲੇ ਦਰਸ਼ਨ ਦਿੱਤੇ। ਉਸ ਨੇ ਕੰਨ ਉਤੇ ਗਿੱਠ ਕੁ ਦਾ ਲੜ ਛੱਡ ਕੇ ਚੀਰਾ ਬੰਨਿਆ ਹੋਇਆ ਸੀ ਤੇ ਸ਼ੌਕੀਨ ਐਨਕਾਂ ਲਾਈਆਂ ਹੋਈਆਂ ਸਨ। ਉਂਗਲਾਂ ਵਿਚ ਛਾਪਾਂ ਚਮਕ ਰਹੀਆਂ ਸਨ। ਉਹ ਖ਼ਾਸ ਅੰਦਾਜ਼ ਵਿਚ ਸੱਜਾ ਹੱਥ ਤੇ ਪਹਿਲੀ ਉਂਗਲ ਉਠਾ ਕੇ ਦਰਸ਼ਕਾਂ ਦਾ ਅਭਿਨੰਦਨ ਕਰ ਰਿਹਾ ਸੀ। ਨਾਲ ਦੀ ਨਾਲ ਮੱਖਣ ਬਰਾੜ ਟੋਟਕੇ ਸੁਣਾਈ ਜਾਂਦਾ ਸੀ- ਆਪਣਾ ਪੰਜਾਬ ਹੋਵੇ...। ਮੈਂ ਮੱਖਣ ਨੂੰ ਬਥੇਰਾ ਕਿਹਾ ਕਿ ਉਹ ਉਸ ਚੀਜ਼ ਦਾ ਨਾਂ ਨਾ ਲਵੇ ਜਿਹੜੀ ਦਰਸ਼ਕਾਂ ਨੂੰ ਕਾਰਾਂ ਦੀਆਂ ਡਿੱਕੀਆਂ ਵੱਲ ਤੋਰ ਦੇਵੇ ਪਰ ਉਹ ਨਾ ਹੀ ਟਲਿਆ ਤੇ ਕਹਿਣ ਲੱਗਾ, ਪੀਂਦਾ ਉਹ ਵੀ ਜੋ ਘਰੋਂ ਤੰਗ ਹੁੰਦਾ ਪਰ ਚੜਦੀ ਓਸ ਨੂੰ ਜਿਹੜਾ ਮਲੰਗ ਹੁੰਦਾ! ਤਦ ਤਕ 'ਅੰਮ੍ਰਿਤਸਰ ਟਾਈਮਜ਼' ਦਾ ਸੰਪਾਦਕ ਦਲਜੀਤ ਸਿੰਘ ਸਰਾਂ ਵੀ ਖੇਡ ਮੇਲੇ ਵਿਚ ਪੁੱਜ ਚੁੱਕਾ ਸੀ। ਅਖ਼ਬਾਰ ਦਾ ਤਾਜ਼ਾ ਅੰਕ 'ਕਬੱਡੀ ਵਿਸ਼ੇਸ਼ ਅੰਕ' ਸੀ ਜਿਸ ਦਾ ਮਹਿਮਾਨ ਸੰਪਾਦਕ ਮੈਨੂੰ ਬਣਾਇਆ ਗਿਆ ਸੀ। ਉਸ ਵਿਚ ਕਬੱਡੀ ਦੀ ਖੇਡ, ਕਬੱਡੀ ਮੇਲੇ, ਪੱਛਮੀ ਮੁਲਕਾਂ ਵਿਚ ਕਬੱਡੀ, ਕਬੱਡੀ ਦੇ ਨਾਮਵਰ ਖਿਡਾਰੀ, ਕਬੱਡੀ ਦੀ ਕੁਮੈਂਟਰੀ ਕਲਾ, ਕਬੱਡੀ ਨੂੰ ਡਰੱਗ ਦਾ ਜੱਫਾ, ਸਟਾਰ ਖਿਡਾਰੀ ਬਲਵਿੰਦਰ ਫਿੱਡਾ, ਹਰਜੀਤ ਬਾਜਾਖਾਨਾ, ਦੇਵੀ ਦਿਆਲ, ਕਬੱਡੀ ਦੇ ਦ੍ਰਿਸ਼ ਤੇ ਕਬੱਡੀ ਦੇ ਗੋਰੇ ਕਾਲੇ ਖਿਡਾਰੀਆਂ ਬਾਰੇ ਲੇਖ ਸ਼ਾਮਲ ਸਨ। ਇੱਕ ਲੇਖ ਮੇਰੇ ਨਾਲ ਖੁੱਲੀਆਂ ਗੱਲਾਂ ਦਾ ਸੀ ਜਿਸ ਦੇ ਅਖ਼ੀਰ ਵਿਚ ਮੈਂ ਆਖਿਆ ਸੀ- ਕੋਈ ਦਿਨ ਖੇਡ ਲੈ ਮੌਜਾਂ ਮਾਣ ਲੈ ਤੈਂ ਉਡ ਜਾਣਾ ਓਏ ਬੱਦਲਾ ਧੂੰਦ ਦਿਆ। ਉਸ 'ਕਬੱਡੀ ਅੰਕ' ਨੂੰ ਕਬੱਡੀ ਮੇਲੇ ਵਿਚ ਕੁਸ਼ਤੀਆਂ ਦੇ 'ਕਿੰਗ ਆਫ਼ ਕਿੰਗਜ਼' ਟਾਈਗਰ ਜੀਤ ਸਿੰਘ ਨੇ ਢਾਈ ਕਿੱਲੋ ਦੇ ਪਹਿਲਵਾਨੀ ਹੱਥਾਂ ਨਾਲ ਰਿਲੀਜ਼ ਕੀਤਾ।

ਸੁਰਿੰਦਰਪ੍ਰੀਤ ਸਿੰਘ ਦੀ ਕਿਤਾਬ ਦਾ ਤਤਕਰਾ ਹੈ: ਅਚਾਨਕ ਮਿਲੀ ਪਹਿਲੀ ਕਾਮਯਾਬੀ, ਟਾਈਗਰਾਂ ਦਾ ਪਿਛੋਕੜ, ਟਾਈਗਰ ਦੇ ਧਰਮ ਭਾਈ ਸ. ਦਰਸ਼ਨ ਸਿੰਘ, ਪਹਿਲਵਾਨ ਬਣਨ ਦਾ ਸ਼ੌਕ ਕਿਵੇਂ ਪੈਦਾ ਹੋਇਆ? ਟਾਈਗਰ ਦਾ ਪਰਿਵਾਰ ਸਹਿਤ ਕੈਨੇਡਾ ਜਾਣਾ, ਕੈਨੇਡਾ ਦੀ ਪਹਿਲੀ ਫੇਰੀ ਤੋਂ ਬਾਅਦ ਦੇਸ਼ ਵਾਪਸੀ, ਕੈਨੇਡਾ ਦਾ ਤਜਰਬਾ ਭਾਰਤ ਵਿਚ ਅਜ਼ਮਾਉਣ ਦੇ ਯਤਨ, ਟਾਈਗਰ ਤੇ ਸੁਖਜੀਤ ਦਾ ਵਿਆਹ, ਦੁਨੀਆਦਾਰੀ ਨਾਲ ਵਾਸਤਾ, ਮੰਜ਼ਿਲ ਮਿਲ ਜਾਣ ਤੋਂ ਬਾਅਦ, ਫੁੱਲ ਵੀ ਤੇ ਕੰਡੇ ਵੀ, ਕੌਮਾਂਤਰੀ ਪ੍ਰਸਿੱਧੀ, ਮੈਂ ਟਾਈਗਰ ਹਾਂ, ਟਾਈਗਰ ਜੀਤ ਸਿੰਘ 'ਜਪਾਨ', ਪਾਕਿਸਤਾਨ ਵਿਚ ਵੀ ਹੀਰੋ, ਗੁਰਜੀਤ ਸਿੰਘ ਦੇ ਟਾਈਗਰ ਅਲੀ ਸਿੰਘ ਬਣਨ ਦੀ ਕਹਾਣੀ, ਘਰ-ਪਰਿਵਾਰ, ਕਾਰੋਬਾਰ ਤੇ ਮੌਜੂਦਾ ਰੁਝੇਵੇਂ।

ਪੇਸ਼ ਹਨ ਪੁਸਤਕ ਦੇ ਕੁਝ ਅੰਸ਼:

ਕੁਦਰਤ ਨੇ ਦੁਨੀਆ ਦੀ ਸਿਰਜਣਾ ਕਰਦੇ ਸਮੇਂ ਜਿਵੇਂ ਕੈਨੇਡਾ ਦੀ ਧਰਤੀ ਲਈ ਆਪਣੇ ਸਾਰੇ ਹੀ ਖ਼ਜ਼ਾਨੇ ਖੋਲ ਦਿੱਤੇ ਸਨ। ਝੀਲਾਂ, ਪਹਾੜਾਂ, ਨਦੀਆਂ, ਹਰੇ ਭਰੇ ਮੈਦਾਨਾਂ ਵਾਲਾ ਉਹ ਦੇਸ਼ ਖ਼ੂਬਸੂਰਤੀ ਵਿਚ ਆਪਣੀ ਮਿਸਾਲ ਆਪ ਹੀ ਹੈ। ਪਿੱਛੋਂ ਯੂਰਪ ਤੋਂ ਜਾ ਕੇ ਉਥੇ ਵੱਸ ਗਏ ਲੋਕਾਂ ਨੇ ਆਪਣੇ ਉਚਤਮ ਤਕਨੀਕੀ ਗਿਆਨ ਨਾਲ ਉਸ ਨੂੰ ਹੋਰ ਵੀ ਸਜਾ ਸੰਵਾਰ ਲਿਆ ਹੈ। ਕੈਨੇਡਾ ਦੀਆਂ ਸੜਕਾਂ, ਲੋਕਾਂ ਦੇ ਘਰ, ਵਿਉਪਾਰਕ ਤੇ ਪ੍ਰਬੰਧਕੀ ਇਮਾਰਤਾਂ, ਗਲੀਆਂ, ਬਾਜ਼ਾਰ, ਗੱਲ ਕੀ ਹਰ ਚੀਜ਼ 'ਚੋਂ ਸੁੰਦਰਤਾ ਵਿਖਾਈ ਦਿੰਦੀ ਹੈ। ਕੈਨੇਡਾ ਦੀ ਨਵਉਸਾਰੀ ਵਿਚ ਗ਼ਦਰੀ ਬਾਬਿਆਂ ਤੋਂ ਲੈ ਕੇ ਬਾਅਦ ਵਿਚ ਪਹੁੰਚੇ ਬੇਅੰਤ ਪੰਜਾਬੀਆਂ ਨੇ ਵੀ ਆਪਣਾ ਪੂਰਾ ਯੋਗਦਾਨ ਪਾਇਆ ਹੈ। 1960 ਤੋਂ ਬਾਅਦ ਤਾਂ ਹਰ ਇਕ ਪੰਜਾਬੀ ਦਾ ਪਹਿਲਾ ਸੁਫ਼ਨਾ ਕੈਨੇਡਾ ਵਸ ਜਾਣ ਦਾ ਹੀ ਬਣ ਗਿਆ।

1971 ਦੀ ਗੱਲ ਹੈ। ਖ਼ੂਬਸੂਰਤ ਕੈਨੇਡਾ ਦੇ ਸੋਹਣੇ ਸ਼ਹਿਰ ਟੋਰਾਂਟੋ ਦੇ ਇਕ ਹਸਪਤਾਲ ਦੀ ਸਾਫ਼ ਸੁਥਰੀ ਤੇ ਸੁੰਦਰ ਦਿੱਖ ਵਾਲੀ ਬਿਲਡਿੰਗ ਵੱਲ ਸੋਹਣਾ ਸੁਨੱਖਾ, ਉੱਚੀ ਲੰਮੀ ਕਾਠੀ ਵਾਲਾ ਪੰਜਾਬੀ ਗੱਭਰੂ ਛੋਹਲੇ ਕਦਮੀਂ ਵਧ ਰਿਹਾ ਸੀ। ਅਸਲ ਵਿਚ ਦੋ ਦਿਨ ਪਹਿਲਾਂ ਉਸ ਦੀ ਆਪਣੇ ਵਰਗੀ ਸੋਹਣੀ ਸੁਨੱਖੀ ਵਹੁਟੀ ਨੇ ਆਪਣੀ ਪਹਿਲੀ ਔਲਾਦ, ਚੰਨ ਜਿਹੇ ਪੁੱਤਰ ਨੂੰ ਜਨਮ ਦਿੱਤਾ ਸੀ ਤੇ ਅੱਜ ਉਨਾਂ ਨੂੰ ਹਸਪਤਾਲੋਂ ਛੁੱਟੀ ਮਿਲਣੀ ਸੀ... ਹਸਪਤਾਲ ਦਾ ਬਿੱਲ 94 ਡਾਲਰ ਸੀ ਤੇ ਦਵਾਈਆਂ ਆਦਿ ਦੇ ਖਰਚੇ ਪਾ ਕੇ ਸਵਾ ਸੌ ਡਾਲਰ ਚਾਹੀਦੇ ਸਨ ਜਦਕਿ ਉਹਦੀ ਜੇਬ ਵਿਚ ਸਿਰਫ਼ ਛੇ ਡਾਲਰ ਸਨ... ਮਾਈਕ ਫੜੀ ਖੜੇ ਅਨਾਊਂਸਰ ਕੋਲ ਪੁੱਜ ਕੇ ਪੰਜਾਬ ਦੇ ਉਸ ਸ਼ੇਰ ਪੁੱਤਰ ਨੇ ਅਚਾਨਕ ਹੀ ਆਪਣੀਆਂ ਮਜ਼ਬੂਤ ਬਾਹਵਾਂ ਅਸਮਾਨ ਵੱਲ ਚੁੱਕ ਕੇ ਸ਼ੇਰ ਵਾਂਗ ਭਬਕ ਮਾਰੀ, ਮੈਂ ਕਰੂੰ ਇਸ ਕਿੰਗ ਜੌਨੀ ਦਾ ਮੁਕਾਬਲਾ। ਇਹ ਸੁਣਦਿਆਂ ਇਕ ਵਾਰੀ ਤਾਂ ਖ਼ਾਮੋਸ਼ੀ ਛਾ ਗਈ। ਦਰਸ਼ਕ ਹੈਰਾਨੀ ਨਾਲ ਉਸ ਵੱਲ ਦੇਖਣ ਲੱਗੇ। ਅਨਾਊਂਸਰ ਨੇ ਪੁੱਛਿਆ, 'ਤੁਹਾਡੀ ਤਾਰੀਫ਼ ਸ਼੍ਰੀ ਮਾਨ ਜੀ?' 'ਮੈਂ ਕਿੰਗ ਆਫ਼ ਕਿੰਗਜ਼ ਜਗਜੀਤ ਸਿੰਘ ਹਾਂਸ' ਅਨਾਊਂਸਰ ਨੇ ਅਨਾਊਂਸ ਕੀਤਾ, 'ਕਿੰਗ ਜੌਨੀ ਵੈਲਵੇਲਾਇਨ ਦਾ ਮੁਕਾਬਲਾ ਹੁਣ ਕਿੰਗ ਆਫ਼ ਕਿੰਗਜ਼ ਜੀਤ ਸਿੰਘ ਕਰੇਗਾ।'

...ਜੀਤ ਸਿੰਘ ਨੇ ਆਪਣੇ ਉਸਤਾਦ ਨੂੰ ਯਾਦ ਕਰਦਿਆਂ ਸ਼ੇਰ ਵਾਂਗ ਦਹਾੜ ਮਾਰੀ ਤੇ ਆਪਣੇ ਕਿਸਮ ਦਾ ਭਰਪੂਰ ਵਾਰ ਜੌਨੀ ਤੇ ਕਰ ਦਿੱਤਾ। ਹਾਥੀ ਵਰਗਾ ਭਾਰੀ ਭਰਕਮ ਜੌਨੀ ਕਿਸੇ ਵੱਢੇ ਹੋਏ ਭਾਰੇ ਰੁੱਖ ਵਾਂਗ ਰਿੰਗ ਵਿਚ ਡਿੱਗ ਪਿਆ। ਰੈਫਰੀ ਨੇ ਉਹਦੇ ਕੰਨ ਕੋਲ ਮੂੰਹ ਲਿਜਾ ਕੇ ਪੁੱਠੀ ਗਿਣਤੀ ਸ਼ੁਰੂ ਕਰ ਦਿੱਤੀ ਪਰ ਉਹ ਉਠ ਨਾ ਸਕਿਆ। ਆਖ਼ਰ ਸਮਾਂ ਪੂਰ ਹੋਣ ਤੇ ਉਹ ਜੀਤ ਸਿੰਘ ਵੱਲ ਮੁੜਿਆ ਤੇ ਉਸ ਦੀ ਬਾਂਹ ਫੜ ਕੇ ਉਤਾਂਹ ਚੁੱਕ ਦਿੱਤੀ। ਪ੍ਰਬੰਧਕਾਂ ਵੱਲੋਂ ਜੀਤ ਸਿੰਘ ਹਾਂਸ ਨੂੰ ਜੇਤੂ ਬੈਲਟ ਦੇਣ ਨਾਲ ਛੇ ਹਜ਼ਾਰ ਡਾਲਰ ਵਿਚੋਂ ਦੋ ਸੌ ਡਾਲਰ ਟੈਕਸ ਕੱਟ ਕੇ ਬਾਕੀ ਰਕਮ ਨਗਦ ਦੇ ਦਿੱਤੀ ਗਈ। ਉਧਰ ਅਖ਼ਬਾਰਾਂ ਦੇ ਫੋਟੋਗਰਾਫਰ ਤੇ ਟੀ.ਵੀ. ਵਾਲੇ ਧੜਾ ਧੜ ਉਹਦੀਆਂ ਫੋਟੋ ਖਿੱਚਣ ਲੱਗੇ। ਕਈਆਂ ਕਲੱਬਾਂ ਦੇ ਪ੍ਰਤੀਨਿਧ ਉਸ ਨੂੰ ਆਪਣੀ ਕਲੱਬ ਵੱਲੋਂ ਕੁਸ਼ਤੀਆਂ ਲੜਨ ਲਈ ਲੱਖਾਂ ਡਾਲਰ ਸਾਲਾਨਾ ਦੀਆਂ ਪੇਸ਼ਕਸ਼ਾਂ ਦੇ ਨਾਲ ਬੰਗਲਾ, ਕਾਰ ਆਦਿ ਦੀ ਸਹੂਲਤ, ਮੁਫ਼ਤ ਹਵਾਈ ਸਫ਼ਰ ਦੀ ਸੁਵਿਧਾ ਤੇ ਫਾਈਵ ਸਟਾਰ ਹੋਟਲਾਂ ਵਿਚ ਠਹਿਰਾਉਣ ਦੀਆਂ ਪੇਸ਼ਕਸ਼ਾਂ ਕਰਨ ਲੱਗੇ। ਪੈਸਾ ਹੁਣ ਟਾਈਗਰ ਜੀਤ ਸਿੰਘ ਪਹਿਲਵਾਨ ਦੀ ਪ੍ਰਾਬਲਮ ਨਹੀਂ ਸੀ ਰਹਿ ਗਿਆ। ਉਸ ਨੂੰ ਜਪਾਨ ਦੇ ਅਮੀਰ ਕਲੱਬ ਨੇ ਖਰੀਦ ਲਿਆ ਜਿਥੇ ਉਸ ਨੇ ਹੈਵੀਵੇਟ ਦੇ ਮੰਨੇ ਦੰਨੇ ਪਹਿਲਵਾਨ ਇਚੀਮਾ ਨੂੰ ਹਰਾ ਦਿੱਤਾ। 1972 ਤੋਂ ਸ਼ੁਰੂ ਹੋਇਆ ਜਿੱਤਾਂ ਦਾ ਦੌਰ 1975-76 ਵਿਚ ਜੋਬਨ 'ਤੇ ਪੁੱਜ ਗਿਆ। 1975 ਵਿਚ ਟੋਕੀਓ ਵਿਚ ਉਸ ਨੇ ਵਿਸ਼ਵ ਚੈਂਪੀਅਨਸ਼ਿਪ ਜਿੱਤ ਲਈ। 1980 ਵਿਚ ਪਾਕਿਸਤਾਨ ਜਾ ਝੰਡੇ ਗੱਡੇ। ਪਾਕਿਸਤਾਨ ਦੇ ਸਦਰ ਜਨਰਲ ਜ਼ਿਆ-ਉਲ-ਹੱਕ ਨੇ ਉਸ ਨੂੰ ਖਾਣੇ ਤੇ ਸੱਦਿਆ। ਪਾਕਿਸਤਾਨੀ ਭਰਾਵਾਂ ਨੇ ਉਸ ਨੂੰ ਤੋਹਫਿਆਂ ਨਾਲ ਲੱਦ ਦਿੱਤਾ। ਅਜੀਬ ਰਿਸ਼ਤਾ ਹੈ ਭਾਰਤ-ਪਾਕਿ ਦੀ ਦੋਸਤੀ ਤੇ ਦੁਸ਼ਮਣੀ ਦਾ!

**ਟਾਈਗਰ ਅਲੀ ਸਿੰਘ**

ਟਾਈਗਰ ਜੀਤ ਸਿੰਘ ਦਾ ਸਭ ਤੋਂ ਵੱਡਾ ਲੜਕਾ ਹੈ ਗੁਰਜੀਤ ਸਿੰਘ ਹਾਂਸ। ਉਸ ਨੂੰ ਵੀ ਬਾਪ ਵਰਗਾ ਪਹਿਲਵਾਨ ਬਣਨ ਦੀ ਚੇਟਕ ਲੱਗ ਗਈ। ਟਾਈਗਰ ਦੀ ਦੋਸਤੀ ਮੁੱਕੇਬਾਜ਼ੀ ਦੇ ਸ਼ਹਿਨਸ਼ਾਹ ਮੁਹੰਮਦ ਅਲੀ ਨਾਲ ਵੀ ਸੀ। ਇਕ ਵਾਰ ਮੁਹੰਮਦ ਅਲੀ ਉਨਾਂ ਦੇ ਘਰ ਆਇਆ ਹੋਇਆ ਸੀ। ਟਾਈਗਰ ਨੇ ਗੁਰਜੀਤ ਨੂੰ ਪੁੱਛਿਆ, 'ਵਿੱਕੀ ਤੂੰ ਰੈਸਲਰ ਬਣਨਾ?' 'ਹਾਂ ਡੈਡੀ।' 'ਬੇਟੇ ਅਲੀ ਅੰਕਲ ਸੰਸਾਰ ਦੇ ਮਹਾਨ ਮੁੱਕੇਬਾਜ਼ ਹਨ। ਆ ਇਨਾਂ ਤੋਂ ਅਸ਼ੀਰਵਾਦ ਲੈ।' ਤਦੋਂ ਗੁਰਜੀਤ ਅਗਾਂਹ ਵਧਿਆ ਤੇ ਮੁਹੰਮਦ ਅਲੀ ਦੇ ਪੈਰਾਂ ਨੂੰ ਹੱਥ ਲਾ ਕੇ ਕਿਹਾ, 'ਮੈਂ ਵੀ ਪਹਿਲਵਾਨ ਬਣਨਾ ਚਾਹੁੰਦਾ ਹਾਂ ਅੰਕਲ। ਮੈਨੂੰ ਅਸ਼ੀਰਵਾਦ ਦਿਓ ਤੇ ਰੈਸਲਿੰਗ ਦੇ ਗੁਰ ਸਿਖਾਓ।'

ਮੁਹੰਮਦ ਅਲੀ ਦਾ ਆਪਣਾ ਕੋਈ ਪੁੱਤਰ ਨਹੀਂ ਸੀ, ਕੇਵਲ ਧੀਆਂ ਸਨ। ਗੁਰਜੀਤ ਨੇ ਜਦੋਂ ਪੈਰੀਂ ਹੱਥ ਲਾ ਕੇ ਬੇਨਤੀ ਕੀਤੀ ਤਾਂ ਮੁਹੰਮਦ ਅਲੀ ਦੀਆਂ ਅੱਖਾਂ ਸਿੰਮ ਆਈਆਂ। ਭਰੀਆਂ ਅੱਖਾਂ ਨਾਲ ਉਸ ਨੇ ਗੁਰਜੀਤ ਨੂੰ ਬਾਹਾਂ ਵਿਚ ਲੈ ਲਿਆ, 'ਜ਼ਰੂਰ ਮੇਰੇ ਬੱਚੇ! ਤੂੰ ਸੰਸਾਰ ਦਾ ਇਕ ਨੰਬਰ ਰੈਸਲਰ ਬਣੇਂਗਾ। ਤੇਰੇ ਪਿਤਾ ਵਾਂਗ ਮੇਰਾ ਅਸ਼ੀਰਵਾਦ ਵੀ ਸਦਾ ਤੇਰੇ ਨਾਲ ਰਹੇਗਾ। ਮੇਰੇ ਪਾਸ ਜੋ ਵੀ ਗੁਰ ਹਨ, ਤੈਨੂੰ ਜ਼ਰੂਰ ਦਿਆਂਗਾ।'

ਫਿਰ ਉਸ ਨੇ ਟਾਈਗਰ ਨੂੰ ਕਿਹਾ ਸੀ, 'ਟਾਈਗਰ ਬ੍ਰਦਰ, ਮੇਰੇ ਕੋਈ ਪੁੱਤਰ ਨਹੀਂ। ਅੱਜ ਤੋਂ ਇਹ ਬੱਚਾ ਤੇਰਾ ਹੀ ਨਹੀਂ, ਮੇਰਾ ਵੀ ਬੇਟਾ ਹੈ। ਮੈਂ ਇਸ ਨੂੰ ਮਹਾਨ ਰੈਸਲਰ ਬਣਾਵਾਂਗਾ। ਮੇਰੀ ਬੇਨਤੀ ਐ ਮੇਰਾ ਨਾਂ ਵੀ ਇਸ ਬੱਚੇ ਦੇ ਨਾਂ ਨਾਲ ਜੋੜ ਦੇ।'

ਪਰਿਵਾਰ ਨੇ ਪਿਤਾ ਜਗਜੀਤ ਸਿੰਘ ਦਾ 'ਟਾਈਗਰ', ਕੋਚ ਮੁਹੰਮਦ ਅਲੀ ਦਾ 'ਅਲੀ' ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਬਖ਼ਸ਼ਿਆ 'ਸਿੰਘ' ਜੋੜ ਕੇ ਉਸ ਦਾ ਨਾਂ ਰੱਖਿਆ 'ਟਾਈਗਰ ਅਲੀ ਸਿੰਘ' ਜਿਸ ਨੇ ਟਾਈਗਰ ਜੀਤ ਸਿੰਘ ਵਾਂਗ ਹੀ ਫਰੀ ਸਟਾਈਲ ਕੁਸ਼ਤੀਆਂ ਵਿਚ ਧੁੰਮਾਂ ਪਾਈਆਂ।

## ਕਿਸਾਨੀ ਬਚਾਉਣ ਲਈ...

ਇਥੇ ਅਸੀਂ ਆਪਣਾ ਇਕ ਹੋਰ ਮਹੱਤਵਪੂਰਨ ਦ੍ਰਿਸ਼ਟੀਕੋਣ ਵੀ ਸਪੱਸ਼ਟ ਕਰਨਾ ਲਾਜ਼ਮੀ ਸਮਝਦੇ ਹਾਂ ਕਿ ਸ਼ਬਦ 'ਕਿਸਾਨ' ਤੋਂ ਸਾਡਾ ਭਾਵ ਕੇਵਲ ਜ਼ਮੀਨ ਦੇ ਮਾਲਕ ਕਿਸਾਨ ਦਾ ਹੀ ਨਹੀਂ ਹੈ ਸਗੋਂ ਖੇਤੀਬਾੜੀ ਕਿੱਤੇ ਨਾਲ ਕਿਸੇ ਵੀ ਪੱਖ ਤੋਂ ਜੁੜਿਆ ਹੋਇਆ ਕੋਈ ਵੀ ਵਿਅਕਤੀ ਚਾਹੇ ਉਹ ਮੁਜ਼ਾਰਾ ਹੋਵੇ, ਸਾਂਝੀਦਾਰ ਹੋਵੇ, ਬਟਾਈਦਾਰ ਹੋਵੇ, ਸੀਰੀ ਹੋਵੇ, ਖੇਤ ਮਜ਼ਦੂਰ ਹੋਵੇ, ਦਿਹਾੜੀਦਾਰ ਹੋਵੇ ਜਾਂ ਹੋਰ ਵੀ ਕਿਸੇ ਰੂਪ ਵਿਚ ਖੇਤੀ ਕਿੱਤੇ ਨਾਲ ਜੁੜਿਆ ਵਿਅਕਤੀ ਸਾਡੀ ਵਿਚਾਰਧਾਰਕ ਸਮਝ ਅਨੁਸਾਰ ਕਿਸਾਨ ਹੈ ਅਤੇ ਕਿਸਾਨ ਦੇ ਇਹ ਸਾਰੇ ਰੂਪ ਕਿਸਾਨ ਲਹਿਰ ਦੇ ਅਨਿੱਖੜਵੇਂ ਹਿੱਸੇ ਹਨ।

ਭਾਰਤ ਦੇ ਖੇਤੀ ਸੈਕਟਰ ਦੇ ਮੁੱਦਿਆਂ ਸਬੰਧੀ ਇਕ ਹੋਰ ਮਹੱਤਵਪੂਰਨ ਅਤੇ ਪ੍ਰਵਾਨਿਤ ਸਥਾਪਨਾ ਅਤੇ ਹਕੀਕਤ ਇਹ ਵੀ ਹੈ ਕਿ ਸਾਡਾ ਦੇਸ਼ ਬਹੁਤ ਹੀ ਵਿਸ਼ਾਲ ਹੈ। ਏਨੇ ਵਿਸ਼ਾਲ ਦੇਸ਼ ਦੇ ਵੱਖ-ਵੱਖ ਭਾਗਾਂ ਦੀਆਂ ਵੱਖ-ਵੱਖ ਸਮੱਸਿਆਵਾਂ ਹਨ। ਇਸ ਲਈ ਦੇਸ਼ ਦੀ ਕਿਸਾਨੀ ਨੂੰ ਲਾਮਬੰਦ ਕਰਨ ਲਈ ਹਰ ਥਾਂ ਇਕੋ ਜਿਹੇ ਮੁੱਦਿਆਂ ਨੂੰ ਆਧਾਰ ਨਹੀਂ ਬਣਾਇਆ ਜਾ ਸਕਦਾ। ਵੱਖ-ਵੱਖ ਖੇਤਰਾਂ ਦੇ ਵੱਖ-ਵੱਖ ਮੁੱਦਿਆਂ ਨੂੰ ਸਮਝਣਾ ਅਤੇ ਉਠਾਉਣਾ ਪਵੇਗਾ।

ਖੇਤੀ ਦੇ ਪਛੜੀ ਰਹਿਣ ਕਾਰਨ 1947 ਤੋਂ ਬਾਅਦ ਵੀ ਸਾਡਾ ਦੇਸ਼ ਅਨਾਜ ਵਾਸਤੇ ਅਮਰੀਕਾ, ਕੈਨੇਡਾ, ਆਸਟਰੇਲੀਆ ਵਰਗੇ ਦੇਸ਼ਾਂ ਦਾ ਮੁਥਾਜ ਹੀ ਰਿਹਾ ਹੈ। ਸਾਮਰਾਜਵਾਦੀ ਦੇਸ਼ਾਂ ਤੋਂ ਅਨਾਜ ਪ੍ਰਾਪਤ ਕਰਨ ਲਈ ਭਾਰਤ ਨੂੰ ਪੀ.ਐਲ.-480 ਵਰਗੀਆਂ ਸ਼ਰਮਨਾਕ ਅਤੇ ਗੋਡੇ ਟੇਕੂ ਸ਼ਰਤਾਂ ਪ੍ਰਵਾਨ ਕਰਨੀਆਂ ਪੈ ਰਹੀਆਂ ਸਨ। 1960ਵਿਆਂ ਦੇ ਦੂਸਰੇ ਅੱਧ ਵਿਚ ਭਾਰਤ ਦੀਆਂ ਹਾਕਮ ਜਮਾਤਾਂ ਨੇ ਅਨਾਜ ਦੀ ਥੁੜ ਨੂੰ ਪੂਰਾ ਕਰਨ ਲਈ ਜਗੀਰਦਾਰੀ ਢਾਂਚੇ ਨੂੰ ਖ਼ਤਮ ਕੀਤਿਆਂ ਬਗੈਰ ਹੀ ਖੇਤੀਬਾੜੀ ਖੇਤਰ ਵਿਚ ਪੂੰਜੀਵਾਦੀ ਨੀਤੀਆਂ ਲਾਗੂ ਕਰਨ ਦਾ ਪ੍ਰੋਗਰਾਮ ਉਲੀਕਿਆ। ਇਸ ਪ੍ਰੋਗਰਾਮ ਨੂੰ ਹਰੇ ਇਨਕਲਾਬ ਦਾ ਲੁਭਾਵਣਾ ਨਾਂਅ ਦਿੱਤਾ ਗਿਆ। ਇਸ ਤਹਿਤ ਪੰਜਾਬ, ਹਰਿਆਣਾ, ਪੱਛਮੀ ਉੱਤਰ ਪ੍ਰਦੇਸ਼, ਰਾਜਸਥਾਨ ਦੇ ਪੰਜਾਬ ਨਾਲ ਲਗਦੇ ਇਲਾਕੇ ਅਤੇ ਦੱਖਣ ਵਿਚ ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕਰਨਾਟਕਾ, ਮਹਾਰਾਸ਼ਟਰ ਆਦਿ ਪ੍ਰਾਂਤਾਂ ਦੇ ਉਨਾਂ ਇਲਾਕਿਆਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਜਿਥੇ ਬਾਕੀ ਭਾਰਤ ਦੇ ਮੁਕਾਬਲਤਨ ਵੱਧ ਸਿੰਚਾਈ ਸਹੂਲਤਾਂ ਉਪਲਬਧ ਸਨ। ਇਨਾਂ ਖੇਤਰਾਂ ਲਈ ਖੇਤੀ ਮਸ਼ੀਨਰੀ ਟਰੈਕਟਰ, ਥਰੈਸ਼ਰ, ਕੰਬਾਈਨਾਂ ਆਦਿ ਉਪਲਬਧ ਕਰਵਾਈਆਂ ਗਈਆਂ। ਨਵੇਂ ਬੀਜ, ਨਵੀਆਂ ਖਾਦਾਂ, ਕੀੜੇਮਾਰ ਤੇ ਨਦੀਨ ਨਾਸ਼ਕ ਦਵਾਈਆਂ ਆਦਿ ਦੀਆਂ ਸਹੂਲਤਾਂ ਦਿੱਤੀਆਂ ਜਾਣ ਲੱਗੀਆਂ।

**ਹਰਾ ਇਨਕਲਾਬ ਤੇ ਕਿਸਾਨ**

ਘੱਟੋ-ਘੱਟ ਸਹਾਇਕ ਕੀਮਤ ਅਤੇ ਫ਼ਸਲਾਂ ਦੀ ਸਰਕਾਰੀ ਖ਼ਰੀਦ ਦੀਆਂ ਪ੍ਰਣਾਲੀਆਂ ਲਾਗੂ ਕੀਤੀਆਂ ਗਈਆਂ। ਖੇਤੀ ਖੇਤਰ ਲਈ ਜ਼ਿਆਦਾ ਫੰਡ ਖਰਚੇ ਜਾਣ ਲੱਗੇ ਅਤੇ ਸਬਸਿਡੀਆਂ ਦਿੱਤੀਆਂ ਜਾਣ ਲੱਗੀਆਂ। ਨਤੀਜੇ ਵਜੋਂ ਅਨਾਜ ਦੀ ਪੈਦਾਵਾਰ ਵਿਚ ਭਾਰੀ ਵਾਧਾ ਹੋਣ ਲੱਗਾ ਅਤੇ ਦੇਸ਼ ਅਨਾਜ ਦੇ ਖੇਤਰ ਵਿਚ ਆਤਮਨਿਰਭਰ ਹੋਣਾ ਸ਼ੁਰੂ ਹੋ ਗਿਆ। ਇਨਾਂ ਖੇਤਰਾਂ ਦੇ ਕਿਸਾਨਾਂ ਦੀ ਆਰਥਿਕ ਹਾਲਤ ਵੀ ਪਹਿਲਾਂ ਦੇ ਮੁਕਾਬਲੇ ਸੁਧਰਨੀ ਸ਼ੁਰੂ ਹੋ ਗਈ। ਪਰ ਹਰੇ ਇਨਕਲਾਬ ਦੇ ਇਸ ਦੌਰ ਦੇ ਡੇਢ ਦੋ ਦਹਾਕਿਆਂ ਦੌਰਾਨ ਹੀ ਨਵੀਆਂ ਸਮੱਸਿਆਵਾਂ ਪੈਦਾ ਹੋਣੀਆਂ ਸ਼ੁਰੂ ਹੋ ਗਈਆਂ। ਸਰਕਾਰੀ ਸਹਾਇਤਾ, ਸਹੂਲਤਾਂ, ਸਬਸਿਡੀਆਂ ਆਦਿ ਦਾ ਵੱਡਾ ਹਿੱਸਾ ਵੱਡੇ ਭੂਮੀਪਤੀਆਂ ਅਤੇ ਅਮੀਰ ਕਿਸਾਨਾਂ ਨੂੰ ਹੀ ਮਿਲਿਆ। ਛੋਟੇ ਕਿਸਾਨਾਂ ਨੂੰ ਸਮੇਂ ਦੇ ਹਾਣ ਦੇ ਹੋਣ ਲਈ ਖੇਤੀ ਵਿਚ ਵਧੇਰੇ ਪੂੰਜੀ ਨਿਵੇਸ਼ ਕਰਨਾ ਪਿਆ। ਇਹ ਪੂੰਜੀ ਪ੍ਰਾਪਤ ਕਰਨ ਲਈ ਉਨਾਂ ਨੂੰ ਕਰਜ਼ਿਆਂ ਦਾ ਸਹਾਰਾ ਲੈਣਾ ਪਿਆ।

(ਚਲਦਾ...)

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**